ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# "ਮੁੱਢਲੀ ਬੇਨਤੀ"

(ਪਹਿਲੀ ਅਡੀਸ਼ਨ ਦੀ)

ਮੇਰੇ ਪੂਜਨੀਕ ਪਿਤਾ, ਸ਼੍ਰੀਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ, ਜਿਵੇਂ ਆਪਣੇ ਕਮਾਲੀਏ ਵਾਸ ਵਿਚ ਹਰ ਰੋਜ਼ ਸਵੇਰੇ ਆਪਣੇ ਡੇਰੇ ਦੇ ਧਾਰਮਕ ਦੀਵਾਨ ਵਿਚ ਸਦਾ ਗੁਰਬਾਣੀ ਦੀ ਕਥਾ ਕੀਤਾ ਕਰਦੇ ਸਨ, ਉਸੇ ਤਰ੍ਹਾਂ, ਪਾਕਿਸਤਾਨ ਬਣਨ ਪਿਛੋਂ ਕਮਾਲੀਏ ਤੋਂ ਆ ਕੇ ਪਟਿਆਲੇ ਨਿਵਾਸ ਰੱਖਕੇ ਬੀ ਆਪਣਾ ਇਹ ਨੇਮ ਪਾਲਦੇ ਰਹੇ। ਸੰਨ ੧੯੪੯–੧੯੫੦ ਵਿਚ ਆਪ ਨੇ ਆਪਣੇ ਟਿਕਾਣੇ ਸ੍ਰੀ ਜਪੁਜੀ ਸਾਹਿਬ ਜੀ ਦੀ ਕਥਾ ਆਰੰਭ ਕੀਤੀ, ਜੋ ਲਗਾਤਾਰ ਕਈ ਮਹੀਨੇ ਚਲਦੀ ਰਹੀ। ਪਾਰ ਪੰਜ ਪ੍ਰੇਮੀ ਸੱਜਣਾਂ ਨੂੰ ਚਾਉ ਆਇਆ ਕਿ ਇਸ ਕਥਾ ਨੂੰ ਨਾਲੋ ਨਾਲ ਲਿਖਿਆ ਜਾਵੇ ਤੇ ਹਿੰਮਤ ਕਰਕੇ ਉਹਨਾਂ ਨੇ ਇਹ ਉਦਮ ਸਿਰੇ ਚੜ੍ਹਾ ਲਿਆ। ਉਹਨਾਂ ਦੇ ਸ਼ੁਭ ਨਾਮ ਹਨ:–

੧. ਸੰਤ ਬਲਵੰਤ ਸਿੰਘ ਜੀ।
੨. ਭਾਈ ਭਗਤ ਸਿੰਘ ਜੀ, ਐਮ. ਏ.।
੩. ਬੀਬੀ ਇਕਬਾਲ ਕੌਰ ਜੀ, ਐਮ. ਏ., ਬੀ. ਟੀ.।
੪. ਸ: ਜਸਵੰਤ ਸਿੰਘ ਜੀ।
੫. ਸ: ਅਵਤਾਰ ਸਿੰਘ ਜੀ।

ਏਹਨਾਂ ਪੰਜਾਂ ਪ੍ਰੇਮੀਆਂ ਦੀ ਘਾਲ ਨੂੰ ਮੇਲਕੇ ਇਕ ਖਰੜਾ ਤਿਆਰ ਕੀਤਾ ਗਿਆ ਤੇ ਫਿਰ ਪ੍ਰੇਮੀਆਂ ਦੀ ਉਤਕੰਠਾ ਨੂੰ ਮੁੱਖ ਰੱਖ ਕੇ ਛਪਵਾ ਦਿਤਾ ਗਿਆ ਹੈ।

ਸਤਿਕਾਰ ਜੋਗ ਪੂਜਨੀਕ ਪਿਤਾ ਜੀ ਦੀ ਰਸਨਾ ਦੁਆਰਾ ਕਥਾ ਤਾਂ ਹੁਣ ਸ਼ਰਵਣ ਕਰ ਸਕਣੀ ਅਸੰਭਵ ਹੈ, ਪਰ ਇਹ ਜਪੁਜੀ ਕਥਾ ਦਾ ਸੰਖੇਪ ਪੁਸਤਕਾਕਾਰ ਕੁਝ ਨਾ ਕੁਝ ਉਹਨਾਂ ਦੀ ਮਿਹਰ

ਭਾਸ਼ਣੀ ਦਾ ਆਭਾਸ ਦੇ ਜਾਏਗਾ ਤੇ ਪ੍ਰੇਮੀ ਪਾਠਕ ਇਸ ਤੋਂ ਲਾਹਾ ਜ਼ਰੂਰ ਮਾਣ ਸਕਣਗੇ।

ਕਥਾ ਚੂੰਕਿ ਸਾਰੀ ਇਕ ਦਿਨ ਵਿਚ ਹੀ ਨਹੀਂ ਮੁੱਕੀ ਸਗੋਂ ਅਨੇਕ ਦਿਨਾਂ ਵਿਚ ਲਗਾਤਾਰ ਚਲਦੀ ਰਹੀ ਹੈ, ਇਸ ਲਈ ਕਈ ਥਾਈਂ ਪਾਠਕਾਂ ਨੂੰ ਕੋਈ ਕੋਈ ਖਿਆਲ ਯਾ ਬਚਨ ਦੁਬਾਰਾ ਆਏ ਮਿਲਣਗੇ, ਇਹ ਹੋਣਾ ਸੁਭਾਵਕ ਹੈ। ਕਥਾ ਵੇਲੇ ਸਾਹਮਣੇ ਬੈਠੇ ਸ਼ੋਤੇ ਨੂੰ ਹਰ ਗਲ ਦਾ ਵੱਧ ਤੋਂ ਵੱਧ ਗਿਆਨ ਦੇਣਾ ਤੇ ਅੱਗਾ ਪਿਛਾ ਮੇਲਣਾ ਉੱਤਮ ਕਥਾਕਾਰ ਜੀ ਦਾ ਕਰਤੱਵ ਹੋਇਆ ਕਰਦਾ ਹੈ ਤੇ ਓਹ ਇਹ ਨਹੀਂ ਕਿਹਾ ਕਰਦਾ ਕਿ ਅਮਕੀ ਗਲ ਦੀ ਵਿਆਖਯਾ ਮੈਂ ਅੱਗੇ ਕਰ ਚੁਕਾ ਹਾਂ। ਭਾਵੇਂ ਐਸੀਆਂ ਕਈ ਥਾਵਾਂ ਵਿਚ ਅਸੀ ਪੁਨਰੁਕਤੀਆਂ ਕਮ ਕੀਤੀਆਂ ਹਨ ਪਰ ਫਿਰ ਬੀ ਥੋੜਾ ਬਹੁਤ ਜ਼ਰੂਰ ਐਸਾ ਮਸਾਲਾ ਪਾਠਕ ਨੂੰ ਮਿਲੇਗਾ ਤੇ ਆਸ ਹੈ ਉਹ ਪੁਨਰੁਕਤੀ ਖਟਕੇਗੀ ਨਹੀਂ।

ਆਪਣੇ ਵਲੋਂ ਯਤਨ ਕੀਤਾ ਗਿਆ ਹੈ ਕਿ ਸੰਤਾਂ ਦੇ ਮੁਖ ਅਰਵਿੰਦ ਦੇ ਲਫਜ਼ ਹੀ ਦਿਤੇ ਜਾਣ, ਪਰ ਕਿਸੇ ਵੇਲੇ ਲਿਖਣਹਾਰ ਦੀ ਕਲਮ ਸਤਿਕਾਰ ਯੋਗ ਕਥਾਕਾਰ ਜੀ ਦੇ ਲਫਜ਼ਾਂ ਦੇ ਨਾਲ ਨੱਸ ਨਹੀਂ ਸਕਿਆ ਕਰਦੀ, ਤਦ ਉਸ ਨੂੰ ਆਪਣੇ ਲਫਜ਼ਾਂ ਵਿਚ ਉਹਨਾਂ ਦੇ ਕਥਨ ਦੇ ਭਾਵ ਸੰਖੇਪ ਕਰਕੇ ਦੇਣੇ ਪੈਂਦੇ ਹਨ। ਇਸ ਲਈ ਜੇ ਕਿਸੇ ਥਾਵੇਂ ਕੋਈ ਭੁੱਲਾਂ ਚੁਕਾਂ ਪ੍ਰਤੀਤ ਹੋਣ ਤਾਂ ਉਹ ਲੇਖਕਾਂ ਦੀਆਂ ਖਿਆਲ ਕੇ ਗੁਣੀ ਜਨ ਸੁਧਾਈ ਲਈ ਸੂਚਨਾ ਭੇਜ ਕੇ ਦਾਸ ਨੂੰ ਧੰਨਵਾਦੀ ਬਨਾਉਣ ਦੀ ਕ੍ਰਿਪਾਲਤਾ ਕਰਨ।

ਦਾਸ-ਕਰਤਾਰ ਸਿੰਘ
ਕਮਾਲੀਏ ਵਾਲਾ।

—o—

ਛਾਪਕ :—ਨੂਰ ਪ੍ਰੈਸ ਨਜ਼ਜ਼ੀਕ ਆਰੀਆ ਸਮਾਜ ਪਟਿਆਲਾ।



ਜਨਮ ੧੯੩੯ ਬਿ: (ਕਮਾਲੀਆ)]  [ਦੇਹਾਂਤ ੨੦੦੭ ਬਿ: (ਪਟਿਆਲਾ)

# ਸ੍ਰੀਮਾਨ ਸੰਤ ਸੰਗਤ ਸਿੰਘ ਜੀ

## ਕਮਾਲੀਏ ਵਾਲੇ

ੴ ਵਾਹਿਗੁਰੂ ਜੀ ਕੀ ਫਤਹ ॥

# ਜਾਣ-ਪਛਾਣ

"ਇਹ ਜਪੁ ਕਰਤੇ ਪੁਰਖ ਕਾ, ਸਚ ਨਾਨਕ ਕੀਆ ਬਖਾਨ ॥
ਜਗਤ ਉਧਾਰਣ ਕਾਰਨੇ, ਧੁਰੋਂ ਹੋਇਆ ਫੁਰਮਾਨ ॥"

ਮਹਾਨ ਸੂਝ ਵਾਲੇ ਗੁਰਮੁਖਾਂ ਦੇ ਬਚਨ ਸੁਣਦੇ ਰਹੇ ਹਾਂ, ਕਿ ਸ੍ਰੀ ਮੂਲ-ਮੰਤ੍ਰ ਸ੍ਰੀ ਜਪੁਜੀ ਸਾਹਿਬ ਦਾ ਵਿਸਤਾਰ ਹੈ ਤੇ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ-ਮਯ ਬਾਣੀ ਸ੍ਰੀ ਜਪੁਜੀ ਦੀ ਤਸ਼ਰੀਹ ਹੈ। ਜਿਸ ਸਤਿਗੁਰ ਦੇ ਪਿਆਰੇ ਨੇ ਇਸ ਅਗਾਧ ਬਾਣੀ ਨੂੰ ਸਮਝਣਾ ਹੈ, ਉਸ ਲਈ ਸ੍ਰੀ ਜਪੁਜੀ ਸਾਹਿਬ ਦੀ ਇਕ ਇਕ ਤੁਕ ਦੀ ਡੂੰਘਾਈ ਵਿਚ ਜਾਣਾ ਅਤਿ ਹੀ ਜ਼ਰੂਰੀ ਹੈ। ਇਸ ਗਲ ਦੀ ਪੂਰਤੀ ਇਹ ਪੁਸਤਕ ਗੁਰੂ ਮਿਹਰ ਨਾਲ ਕਰੇਗੀ। ਇਸ ਵਿਚ ਇਕ ਇਕ ਤੁਕ ਦੀ ਵਿਆਖਿਆ, ਵਿਸਤਾਰ ਅਤੇ ਸਰਲ ਅਖਰਾਂ ਵਿਚ ਭਾਸ਼ਨ ਰੂਪ ਕਰਕੇ ਦਿੱਤੀ ਗਈ ਹੈ। ਸਤਿਗੁਰ ਜੀ ਦੀ ਬਾਣੀ ਦੇ ਰਸੀਏ ਇਸ ਨੂੰ ਪੜ੍ਹਕੇ ਅਕਹਿ ਰਸ ਮਾਨਣਗੇ।



ਇਹ ਪੁਸਤਕ ਸ੍ਰੀ ਜਪੁਜੀ ਕਥਾ ਜਨਵਰੀ, ਸੰਨ ੧੯੫੯ ਵਿਚ ਛਪੀ ਸੀ। ਸੰਗਤਾਂ ਵਿਚ ਇਸ ਅਮੋਲਕ ਪੁਸਤਕ ਦੀ ਇਤਨੀ ਤਰ-ਤੀਬਰ ਇਕਕਾਂਖਸ਼ਾ ਹੋਈ ਕਿ ਥੋੜੇ ਜਿਹੇ ਸਮੇਂ ਵਿਚ ਇਸ ਪੋਥੀ ਦਾ ਛਪਿਆ ਸਟਾਕ ( Stock ) ਖਤਮ ਹੋ ਗਿਆ। ਇਥੋਂ ਤਕ ਪਤਾ ਲੱਗਾ ਕਿ ਪ੍ਰੇਮੀ ਅਸਲ ਲਾਗਤ ਤੋਂ ਵੀ ਚਾਰ

ਗੁਣਾ ਲਾਗਤ ਦੇ ਕੇ ਇਕ ਦੂਜੇ ਤੋਂ ਇਹ ਪੁਸਤਕ ਲੈਂਦੇ ਦੇਂਦੇ ਰਹੇ। ਕਈ ਅਸਥਾਨਾਂ ਤੇ ਇਸ ਪੋਥੀ ਦੀ ਸੰਗਤਾਂ ਵਿਚ ਬਕਾਇਦਾ ਕਥਾ ਵਾਚੀ ਗਈ। ਸਮਾਂ ਲੰਘ ਗਿਆ। ਹੁਣ ਦੂਜੀ ਐਡੀਸ਼ਨ ਛਪ ਕੇ ਤਿਆਰ ਹੋ ਗਈ ਹੈ। ਇਸ ਪੋਥੀ ਵਿਚ ਇਤਨਾ ਅਮੋਲਕ ਤੇ ਦੁਰਲਭ ਗੁਰਮਤ ਦਾ ਖਜ਼ਾਨਾ ਹੈ ਜਿਸ ਨੂੰ ਦੇਖ ਕੇ, ਸੁਣ ਕੇ, ਪਾਠਕ ਅਤੇ ਸੋਤਾ ਕ੍ਰਿਤ ਕ੍ਰਿਤ ਹੋ ਜਾਂਦੇ ਹਨ। ਇਸ ਸ੍ਰੀ ਜਪੁਜੀ ਕਥਾ ਦੇ ਵਕਤਾ ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਕਮਾਲੀਏ ਵਾਲੇ ਹਨ। ਉਨ੍ਹਾਂ ਦੀ ਵਿਦਿਆ ਤੇ ਆਤਮ ਰਸ ਦੇ ਨਿਰਮਲ ਪ੍ਰਭਾਵਾਂ ਤੋਂ ਅਜੇ ਵੀ ਸੋਤੇ ਉਨ੍ਹਾਂ ਦਾ ਨਾਮ ਸੁਣ ਕੇ ਅਸ਼ ਅਸ਼ ਕਰ ਉਠਦੇ ਹਨ। ਗੁਰ-ਸੰਗਤਾਂ ਵਿਚ ਅਤੇ ਖਾਲਸਾ ਪੰਥ ਦੇ ਮਹਾਨ ਸ਼ਮਾਗਮਾਂ ਵਿਚ ਉਨ੍ਹਾਂ ਦੀ ਕਥਾ ਤਕਰੀਬਨ ੫੦ ਸਾਲ ਸੋਤਿਆਂ ਦੀ ਖਿਚ ਦਾ ਕਾਰਨ ਬਣੀ ਰਹੀ। ਕੀ ਪੰਥ ਦੇ ਅਦੁੱਤੀ ਵਿਦਵਾਨ ਤੇ ਕੀ ਆਮ ਸੰਗਤਾਂ ਉਨ੍ਹਾਂ ਦੀ ਕਥਾ ਨੂੰ ਸੁਣ ਕੇ ਮਸਤ ਅਲਮਸਤ ਹੁੰਦੀਆਂ ਸਨ। ਉਨ੍ਹਾਂ ਦਾ ਧੁਰ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦੇ ਸਿਦਕ ਦੇ ਨਾਲ ਲਬਾ-ਲਬ ਪੂਰਤ ਸੀ।

'ਸੁਭਰ ਭਰੇ ਪ੍ਰੇਮ ਰਸ ਰੰਗਿ ।।' [ਸੁਖਮਨੀ, ਪੰਨਾ ੨੯੬

ਉਨ੍ਹਾਂ ਨੂੰ ਸਤਿਗੁਰ ਦੀ ਬਾਣੀ ਵਿਚੋਂ ਸਤਿਗੁਰ ਦੀ ਜੋਤ ਦੇ ਦਰਸ਼ਨ ਹੁੰਦੇ ਸਨ। ਉਹ ਸਦਾ ਹੀ ਇਸ ਨਿਰਮਲ ਜੋਤੀ ਨੂੰ ਦੇਖ ਕੇ ਖੀਵੇ ਹੁੰਦੇ ਸਨ।

੨

ਸ੍ਰੀ ਸੰਤ ਜੀ ਮਹਾਰਾਜ ਦੇ ਮਨ ਵਿਚ ਸ੍ਰੀ ਜਪੁਜੀ ਸਾਹਿਬ ਦਾ ਕਿਤਨਾ ਸਤਿਕਾਰ ਤੇ ਡੂੰਘਾ ਪਿਆਰ ਸੀ, ਜੋ ਉਨ੍ਹਾਂ ਦੇ ਇਕ ਇਕ ਅੱਖਰ ਵਿਚੋਂ ਝਲ ਝਲ ਕੇ ਪੈ ਰਿਹਾ ਹੈ। "ਸਾਧ ਸੰਗਤ ਜੀ!

ਬ੍ਰਹਮੰਡ ਦੀ ਪਾਤਸ਼ਾਹੀ ਕੋਈ ਦੇ ਦੇਵੇ, ਸਵਰਗ ਦੇ ਦੇਵੇ, ਪਰ ਸ੍ਰੀ ਜਪੁਜੀ ਸਾਹਿਬ ਦਾ ਵੱਟਾ ਨਾ ਕਰਨਾ। ਪੁਨ ਖੀਣ ਹੋਣ ਤੇ ਸਵਰਗਾਂ ਵਿਚੋਂ ਧਕੇ ਮਾਰ ਕੇ ਕੱਢ ਦੇਣਗੇ। ਧੰਨ ਗੁਰਬਾਣੀ ਹੈ, ਧੰਨ ਨਾਮ ਹੈ, ਸਾਰੇ ਜਪਾਂ ਦਾ ਸਾਹਿਬ ਜਪੁ ਸਾਹਿਬ, ਇਹ ਸੱਚੀ ਦਰਗਾਹ ਦਾ ਸਰਟੀਫਿਕੇਟ ਹੈ। ਇਸ ਵਿਚ ਆਗਿਆ ਲਿਖੀ ਹੈ:– 'ਮੰਨੈ ਮਾਰਗਿ ਠਾਕ ਨ ਪਾਇ ॥' ਰਬ ਦੀ ਦਰਗਾਹ ਪੁੱਜਣ ਦਾ ਨਗਾਰਾ ਹੈ 'ਸਬਦ ਨੀਸਾਣ ਬਜਾਇਓ ॥' ਜੁਗੋ ਜੁਗ ਝੁਲਦੇ ਰਹਿਣ ਅਰ ਆਪ ਝੁਲਾਉਂਦੇ ਰਹੋ। ਜਪੁਜੀ ਸਾਹਿਬ, ਗੁਰੂ ਨਾਨਕ ਸਾਹਿਬ ਦਾ ਸ਼ਾਹੀ ਝੰਡਾ ਹੈ।" (ਪੰਨਾ ੧੭੫)

ਅੱਗੇ ਜਾ ਕੇ ਆਪ ਦਸਦੇ ਹਨ, "ਸਾਧ ਸੰਗਤ ਜੀਓ ! ਸ੍ਰੀ ਜਪੁਜੀ ਸਾਹਿਬ ਰਾਜਮੰਤ, ਆਤਮ ਗਿਆਨ, ਅਕਾਲ ਪੁਰਖ ਦੀ ਜੋਤੀ ਤੋਂ ਪ੍ਰਗਟ ਹੋਇਆ ਹੈ :—

'ਮਨ ਓਇ ਦਿਨਸ ਧੰਨਿ ਪਰਵਾਨਾਂ ॥
ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾ ॥
[ ਸਾਰਗ ਮਹਲਾ ੫, ਪੰਨਾ ੧੨੧੩

ਹੇ ਮੇਰੇ ਮਨ ! ਉਹ ਦਿਨ ਪਰਵਾਨ ਹੈ। ਵਾਹਿਗੁਰੂ ਜੀ ਆਖਣਗੇ, ਬੱਚਾ, ਪ੍ਰਵਾਨ ਹੈ ਅਜ ਦਾ ਦਿਨ ਜਿਸ ਦਿਨ ਤੂੰ ਜਪੁਜੀ ਸਾਹਿਬ ਦਾ ਪਾਠ ਕੀਤਾ ਹੈ। ਨਾਲੇ ਸੰਗਤ ਹੈ, ਨਾਲੇ ਗਿਆਨ ਹੈ, ਇਹ ਆਤਮ ਜੀਵਨ ਹੈ। ਇਸ ਦੇ ਵਿਚ ਪ੍ਰਕਾਸ਼ ਹੈ, ਸੂਰਜ ਜਿਹਾ ਨਾ, ਚੰਦ੍ਰਮਾ ਜਿਹਾ ਨਾ, ਪਰ ਆਤਮ ਪ੍ਰਕਾਸ਼ ਹੈ। ਜਿਸ ਤੋਂ ਸੂਰਜ ਚੰਦ੍ਰਮਾ ਪ੍ਰਕਾਸ਼ ਪਾਉਂਦੇ ਹਨ। ਇਹ ਅਰਸ਼ੀ ਵਿਦਿਆ ਹੈ। ਕੌਣ ਬਿਆਨ ਕਰੇ ?" (ਪੰਨਾ ੨੯੭)



ਹੁਣ ਇਹ ਦੂਜੀ ਐਡੀਸ਼ਨ ਛਪੀ ਹੈ। ਇਸ ਵਿਚ ਆਵਸ਼ਿਅਕ ਸੁਧਾਈ ਕਰ ਦਿੱਤੀ ਗਈ ਹੈ। ਸਤਿਗੁਰ ਜੀ ਦੀ ਬਾਣੀ ਦੀਆਂ ਤੁਕਾਂ ਦੇ ਪੰਨੇ ਵੀ ਨਾਲ ਲਗਾ ਦਿਤੇ ਹਨ। ਜਾਦਗਾਰੀ ਟ੍ਰਸਟ

ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਕਮਾਲੀਏ ਵਾਲਿਆਂ ਵਲੋਂ ਇਹ ਛੇਵੀਂ ਪੁਸਤਕ ਛਪੀ ਹੈ। ਠੀਕ ਗੁਰਮਤ-ਅਨੁਸਾਰ ਪ੍ਰਚਾਰ ਕਰਨ ਵਾਲੇ ਸਿਖ ਪ੍ਰਚਾਰਕਾਂ ਲਈ ਇਹ ਪੁਸਤਕ ਮਾਨੋ ਚਾਨਣ ਮੁਨਾਰੇ ਦਾ ਕੰਮ ਦੇਵੇਗੀ।

ਇਸ ਪੁਸਤਕ ਦੇ ਪਰੂਫ ਪੜ੍ਹਨ ਅਤੇ ਸੁਧਾਈ ਕਰਨ ਵਿਚ ਬੀਬੀ ਰਾਜਵੰਤ ਕੌਰ ਜੀ B.Sc., B.Ed, ਬੀਬੀ ਇੰਦਰਜੀਤ ਕੌਰ M.A. ਤੇ ਭਾਈ ਪ੍ਰਕਾਸ਼ ਸਿੰਘ ਜੀ ਮਾਡਲ-ਟਾਊਨ ਵਾਲਿਆਂ ਨੇ ਪੂਰਨ ਘਾਲ ਨਾਲ ਸਮਾਂ ਕੱਢ ਕੇ ਸੇਵਾ ਕੀਤੀ ਕਰਾਈ ਹੈ। ਟ੍ਰਸਟ ਇਨ੍ਹਾਂ ਦਾ ਅਤਿਅੰਤ ਧੰਨਵਾਦੀ ਹੈ ਤੇ ਅਗੋਂ ਵੀ ਆਸ ਰਖਦਾ ਹੈ ਕਿ ਇਹ ਗੁਰਮਤ ਅਨੁਸਾਰ ਛਪੀਆਂ ਪੁਸਤਕਾਂ ਦੀ ਸੇਵਾ ਮਨੋਂ ਤੇ ਤਨੋਂ ਪੂਰੀ ਲਗਨ ਤੇ ਮਨ ਦੇ ਡੂੰਘੇ ਪਿਆਰ ਨਾਲ ਕਰਦੇ ਰਹਿਣਗੇ।

ਮੇਰੇ ਸਾਹਿਬ ਸ੍ਰੀ ਗੁਰੂ ਕਰਤਾ ਹਰਰਾਇ ਸਾਹਿਬ ਜੀ, ਸ਼ਾਹਿਬ ਸ੍ਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਪੂਰਨ-ਗੁਰ-ਜਯੋਤੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਤਯ-ਪੁਰਸ਼ ਇਨ੍ਹਾਂ ਦੇ ਮਨ ਦੇ ਨਿਸ਼ਕਾਮ ਡੂੰਘੇ, ਅਤੇ ਪਵਿਤ੍ਰ ਭਾਵਾਂ ਨੂੰ ਦਰ-ਪ੍ਰਵਾਨ ਕਰਨ ਤੇ ਸਦਾ ਹੀ ਮੇਹਰ ਦ੍ਰਿਸ਼ਟੀ ਨਾਲ ਨਿਵਾਜਦੇ ਰਹਿਣ।

'ਨਾਨਕ ਨਦਰੀ ਨਦਰਿ ਨਿਹਾਲ'

ਗੁਰੂ ਸਵਾਰੀ ਸਾਧ ਸੰਗਤ ਦੀ ਪਵਿਤ੍ਰ
ਆਸੀਸਾਂ ਦਾ ਸਦਾ ਹੀ ਮਾਂਗਤ,
ਕਰਤਾਰ ਸਿੰਘ ਕਮਾਲੀਏ ਵਾਲਾ।

੭੬ ਬੀ, ਮਾਡਲ-ਟਾਊਨ,
ਪਟਿਆਲਾ।
੨੪ ਜਨਵਰੀ, ਸੰਨ ੧੯੭੮

# ਜਪੁਜੀ ਕਥਾ

## ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈ ਭੰ ਗੁਰਪ੍ਰਸਾਦਿ ॥

## ਜਪੁ ॥

ਇਹ ਮਹਾਂ ਮੰਤ੍ਰ ਸ੍ਰੀ ਜਪੁਜੀ ਸਾਹਿਬ ਗੁਰੂ ਬਾਬੇ ਨਾਨਕ ਜੀ ਦਾ ਉਚਾਰਣ ਕੀਤਾ ਹੋਇਆ ਹੈ। ਇਸ ਦਾ ਜੋ ਨਿਤ ਨੇਮ ਨਾਲ ਪਾਠ ਕਰਦਾ ਹੈ, ਗੁਰ ਬਾਬਾ ਜੀ ਓਸ ਦੇ ਅੰਗ ਸੰਗ ਰਹਿੰਦੇ ਹਨ। ਇਸ ਵਿਚ ਗੁਰੂ ਬਾਬੇ ਜੀ ਦਾ ਆਪਾ ਹੈ, ਇਹ ਬਾਬੇ ਜੀ ਦਾ ਨਿਜ ਸਰੂਪ ਹੈ। ਸਿਖ ਮਾਤ੍ਰ ਲਈ ਜ਼ਰੂਰੀ ਹੈ ਕਿ ਹਰੇਕ ਸਿਖ ਇਸ ਦਾ ਰੋਜ ਪਾਠ ਕਰਕੇ ਪ੍ਰਸ਼ਾਦ ਛਕੇ।

ਦੇਸ਼ਾਂ ਦੇਸ਼ਾਂਤਰਾਂ ਨੂੰ ਤਾਰਦੇ, ਫੇਰੀਆਂ ਲਾਂਦੇ, ਜਦੋਂ ਗੁਰੂ ਬਾਬਾ ਜੀ ਸ੍ਰੀ ਕਰਤਾਰ ਪੁਰ ਸਾਹਿਬ ਆ ਟਿਕੇ, ਤਦੋਂ ਇਥੇ ਹੀ ਧਰਮਸਾਲ ਬੱਧੀ, ਨਗਰ ਵਸਾਇਆ, ਸਤਿਸੰਗ ਇਸਥਿਤ ਕੀਤਾ, ਮਾਨੋਂ ਧਰਤੀ ਤੇ ਸਚਖੰਡ ਬਣਾ ਦਿਤਾ। ਭਾਈ ਗੁਰਦਾਸ ਜੀ ਦਸਦੇ ਹਨ :—

"ਧਰਮਸਾਲ ਕਰਤਾਰ ਪੁਰ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦ ਸੁਣਾਇਆ" ॥ [ਵਾਰ ੨੪-੧

ਬਾਬਾ ਜੀ ਨੇ 'ਸਤਿ ਸਰੂਪ' ਦਾ ਨਾਮ 'ਸਤਿਨਾਮੁ' ਰਖ ਕੇ ਸੰਗਤਾਂ ਪਾਸੋਂ ਜਪਾਇਆ, ਅਰ ਗੁਰ ਸ਼ਬਦ, ਗੁਰ ਮੰਤ੍ਰ 'ਵਾਹਿਗੁਰੂ'

ਦ੍ਰਿੜ ਕਰਾਇਆ :—

"ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ ॥" [ਵਾਰ ੧੩-੨

ਹਾਂ, ਬਾਬੇ ਨੇ ਕਰਤਾਰ ਪੁਰ ਵਿਚ ਸ਼ਬਦ ਦਾ ਅਖੱਟ ਲੰਗਰ ਲਗਾ ਦਿਤਾ, ਨਾਲ ਹੀ ਅੰਨ ਪਾਣੀ ਦਾ ਲੰਗਰ ਬੀ ਅਤੁੱਟ ਚਲਾ ਦਿਤਾ ਇਸ ਕਾਰਜ ਦਾ ਪ੍ਰਬੰਧਕ 'ਬਾਬਾਣੈ ਘਰਿ ਜਾਨਣੁ ਲਹਿਣਾ' [ਵਾਰ ੨੪-੬] ਸ਼੍ਰੀ ਲਹਿਣਾ ਜੀ ਨੂੰ ਥਾਪਿਆ ।

ਸਭ ਸੰਗਤਾਂ ਤੇ ਖਟ ਦਰਸ਼ਨ ਓਥੇ ਆ ਕੇ ਟਿਕਦੇ ਸਨ । ਬੈਰਾਗੀਆਂ ਦੀ ਇਕ ਜਮਾਤ ਇਕ ਦਿਨ ਇਥੇ ਆ ਗਈ, ਬਾਬਾ ਲਹਿਣਾ ਜੀ ਨੇ ਪ੍ਰਸ਼ਾਦਿ ਪਾਣੀ ਦੀ ਸੇਵਾ ਪੁੱਛੀ, ਤਾਂ ਬੈਰਾਗੀਆਂ ਆਖਿਆ :—'ਅਸੀਂ ਸੇਵਾ ਲੈਣ ਜਾਂ ਕਰਾਉਣ ਨਹੀਂ ਆਏ, ਅਸੀਂ ਤਾਂ ਦਰਸ਼ਨ ਲਈ ਆਏ ਹਾਂ'। ਸ਼੍ਰੀ ਲਹਿਣਾ ਜੀ ਨੇ ਕਹਿਆ: 'ਦੋਵੇਂ ਚੀਜ਼ਾਂ ਪ੍ਰਾਪਤ ਹੋਣਗੀਆਂ,ਦਰਸ਼ਨ ਬੀ ਤੇ ਭੋਜਨ ਬੀ'। ਬੈਰਾਗੀਆਂ ਨੇ ਕਹਿਆ: 'ਸਤਿ ਬਚਨ, ਪਰ ਭੋਜਨ ਅਸਾਂ ਆਪਣੇ ਹੱਥੀਂ ਸਜਾਣਾ ਹੈ ।' ਜੋ ਉਹਨਾਂ ਮੰਗਿਆਂ, ਸੁੱਕਾ ਸੀਧਾ, ਸਭ ਸ਼੍ਰੀ ਲਹਿਣਾ ਜੀ ਨੇ ਪੁਚਾ ਦਿਤਾ :—

'ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥'

[ਸਿਰੀ ਰਾਗ ਮ: ੧, ਪੰਨਾ ੭੨

ਬੈਰਾਗੀਆਂ ਦੇ ਮਹੰਤ ਨੇ ਪੁੱਛਿਆ : 'ਸ਼੍ਰੀ ਲਹਿਣਾ ਜੀਓ ! ਇਹ ਜੋ ਬਾਬੇ ਗੁਰੂ ਨਾਨਕ ਦਾ ਨਵਾਂ ਸਿਖੀ ਮਤ ਹੈ, ਇਸ ਵਿਚ ਬੀਜ ਮੰਤ੍ਰ, ਨਾਮ ਮੰਤ੍ਰ, ਗੁਰ ਸੰਤ੍ਰ, ਮੂਲ ਮੰਤ੍ਰ, ਮਾਲਾ ਮੰਤ੍ਰ ਆਦਿ ਕੀ ਕੀ ਹਨ ?'ਤਾਂ ਸ਼੍ਰੀ ਲਹਿਣਾ ਜੀ ਨੇ ਉੱਤ੍ਰ ਦਿੱਤਾ ਕਿ ਬੀਜ ਮੰਤ੍ਰ ਹੈ '੧ਓ' :—

'ਬੀਜ ਮੰਤ੍ਰ ਲੈ ਹਿਰਦੈ ਰਹੈ ॥' [ਰਾਮਕਲੀ ਬਣੀ ਜੀ, ਪੰਨਾ ੯੭੪

ਸਨਾਤਨ ਮਤ ਵਿਚ ਬੀਜ ਮੰਤ੍ਰ ਓਮ ਤੋਂ ਹੈ, ਪਰ ਸਾਡੇ ਇਥੇ '੧ਓ' ਹੈ, ਪਰ ਸਾਡਾ 'ਓ' ਇਕ ਦਾ ਵਾਚਕ ਹੈ :—

"ਓਅੰਕਾਰਿ ਬ੍ਰਹਮਾ ਉਤਪਤਿ ॥" [ਦਖਣੀ ਓਅੰਕਾਰ, ਪੰਨਾ ੯੨੯

ਸਨਾਤਨ ਮਤ ਵਾਲੇ ਓਮ ਦੇ ਵਿਚ 'ਅ', 'ਉ', 'ਮ' ਸ਼ਾਮਲ ਦੱਸਦੇ ਹਨ। 'ਅ' ਦਾ ਅਰਥ ਲੈਂਦੇ ਹਨ ਬ੍ਰਹਮਾ, 'ਉ' ਦਾ ਵਿਸ਼ਨੂੰ, ਤੇ 'ਮ' ਦਾ ਅਰਥ ਸ਼ਿਵ; ਇਉਂ ਇਹ ਤਿੰਨੇ ਦੇਵਤੇ ਇਸ ਵਿਚ ਪ੍ਰਕਾਸ਼ਦੇ ਮੰਨਦੇ ਹਨ। ਪਰ ਇਹ ਤਿੰਨਾਂ ਦਾ ਉਪਾਸ਼ਕ ਨਹੀਂ। ਅਰਥ ਭੀ ਅਨੰਤ ਹਨ, ਤੇ ਉਪਾਸ਼ਨਾ ਭੀ ਅਨੰਤ, ਪਰ ਸਭ ਦਾ ਬੀਜ ਮੂਲ ਇਕ ਹੈ, ਸਾਡਾ ਬੀਜ ਮੰਤ੍ਰ ਇਕ ਦਾ ਵਾਚਕ ਹੈ :—

"ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥"

[ਓਅੰਕਾਰ-੮ ਪੰਨਾ ੯੩੦

ਬੈਰਾਗੀਆਂ ਨੇ ਨਮਸਕਾਰ ਕੀਤੀ ਤੇ ਮਹਿਮਾ ਕੀਤੀ ਕਿ ਗੁਰੂ ਨਾਨਕ ਦੇ ਮਤ ਦਾ ਕੈਸਾ ਉੱਤਮ ਬੀਜ ਮੰਤ੍ਰ ਹੈ, ਜੋ ਨਿਰ-ਵਿਵਾਦ ਹੈ; ਜਿਸ ਵਿਚ ਕੋਈ ਝਗੜਾ ਨਹੀਂ। ਸਭ ਮਤਾਂ ਦਾ ਮੂਲ, ਜੋ 'ਓਮ' ਸੀ, ਓਸ ਦੇ ਪਹਿਲੇ ਏਕਾ ਲਗਾ ਕੇ ਤਿੰਨਾਂ ਦਾ ਨਹੀਂ ਪਰ ਏਕੇ ਦਾ ਵਾਚਕ ਕਰ ਦਿਤਾ ਹੈ।

ਫਿਰ ਸ੍ਰੀ ਲਹਿਣਾ ਜੀ ਨੇ ਫ਼ੁਰਮਾਇਆ :--

ਨਾਮ ਮੰਤ੍ਰ 'ਸਤਿ ਨਾਮ' ਹੈ। ਵਾਹਿਗੁਰੂ ਦੇ ਜਿਤਨੇ ਨਾਮ ਹੈਨ ਸਭ ਮੰਤ੍ਰ ਹੈਨ, ਪਰ 'ਵਾਹਿਗੁਰੂ' ਦਾ ਨਾਮ ਸਤਿਨਾਮ ਸਭ ਤੋਂ ਉੱਚਾ ਹੈ। ਸਾਰੇ ਮੰਤ੍ਰਾਂ ਦਾ ਮੁੱਖ ਸਤਿਨਾਮ ਹੈ :--

"ਕਿਰਤਮ ਨਾਮ ਕਥੈ ਤੇਰੇ ਜਿਹਬਾ ॥
ਸਤਿ ਨਾਮੁ ਤੇਰਾ ਪਰਾ ਪੂਰਬਲਾ ॥"

[ਮਾਰੂ ਸੋਹਲੇ ਮਹਲਾ ੫, ਪੰਨਾ ੧੦੮੩

ਇਹ ਗੱਲ ਸੁਣਕੇ ਬੈਰਾਗੀਆਂ ਨੇ ਫੇਰ ਸ੍ਰੀ ਲਹਿਣਾ ਜੀ ਤੋਂ ਪੁਛਿਆ :--'ਸਤਿ ਨਾਮ' ਦਾ 'ਸਤਿ' ਕਿਸ ਦਾ ਵਾਚਕ ਹੈ? ਮੀਮਾਂਸਾ ਨੇ ਤਾਂ ਕਰਮ ਨੂੰ ਸਤਿ ਕਹਿਆ ਹੈ, ਸਾਂਖ ਨੇ ਪੁਰਖ ਪ੍ਰਕ੍ਰਿਤੀ ਨੂੰ ਸਤਿ ਮੰਨਿਆ ਹੈ, ਤੇ ਕਿਸੇ ਦਰਸ਼ਨ ਨੇ ਪ੍ਰਮਾਣ ਨੂੰ ਵੀ ਸਤਿ ਕਿਹਾ ਹੈ। ਗੁਰੂ ਬਾਬੇ ਨਾਨਕ ਦੇ ਮਤ ਵਿਚ 'ਸਤਿ' ਕੀ ਹੈ?

ਸ੍ਰੀ ਲਹਿਣਾ ਜੀ ਨੇ ਉਤਰ ਦਿੱਤਾ :-

'ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' [ਸ੍ਰੀ ਜਪੁਜੀ, ਪੰਨਾ ੧

'ਸਤਿ' ਉਹ ਹੈ ਜੋ ਆਦਿ ਵਿਚ ਬੀ ਸਚ ਸੀ, ਜੁਗਾਂ ਦੇ ਆਦਿ ਵਿਚ ਬੀ ਸਚ ਸੀ, ਹੁਣ ਬੀ ਸਚ ਹੈ ਤੇ ਅਗੋਂ ਬੀ ਸਦਾ ਸੱਚ ਰਹੇਗਾ। ਬੈਰਾਗੀ ਸੰਤ ਸੁਣਕੇ ਕ੍ਰਿਤ ਕਿਤ ਹੋਏ। ਇਸ ਇਕ ਨੂੰ ਸਾਫ ਤੇ ਸਿਧ ਸਤਿ ਹੀ ਕਰਦਾ ਹੈ। ਸੋ ਅਸਚਰਜ ਹੋ ਗਏ, ਨੈਣਾਂ ਵਿਚ ਜਲ ਆ ਗਿਆ ਅਤੇ ਗੁਰੂ ਨਾਨਕ ਜੀ ਦੇ ਦਰ ਤੇ ਮੱਥਾ ਟੇਕਣ ਲੱਗ ਗਏ ਕਿ ਇਹ ਘਰ ਕਿਸ ਕਮਾਲ ਦਰਜੇ ਦਾ ਹੈ।

ਆਹਾ ! ਪਹਾੜਾਂ ਦੀਆਂ ਖਾਣਾਂ ਤੋਂ ਹੀਰੇ ਕੱਢਕੇ ਤਲੀ ਤੇ ਰਖ ਦਿਤੇ ਹਨ :- 'ਗੁਹਜ ਰਤਨ ਵਿਚਿ ਲੁਕਿ ਰਹੇ
ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥'
[ਗਉ; ਵਾਰ ਮ: ੪, ਪੰਨਾ ੩੦੬

ਸਭ ਨੂੰ ਅਨੰਦ ਦੇਣ ਵਾਲਾ ਇਹ ਮਾਰਗ ਹੈ। ਇਹ ਘਰ ਹੀ ਤਾਂ ਅਨੰਦ ਵਾਲਾ ਹੈ :--

'ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥' [ਗਉੜੀ ਮ: ੫, ਪੰਨਾ ੧੮੬

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕਲਗੀਧਰ ਪਾਤਸਾਹ ਜੀ ਨੇ ਇਕ ਸਿਖ ਨੂੰ ਇਕ ਗ੍ਰੰਥੀ ਸਿੰਘ ਦੇ ਸਪੁਰਦ ਕਰਕੇ ਹੁਕਮ ਦਿੱਤਾ ਕਿ ਇਸ ਨੂੰ ਗੁਰਮੁਖੀ ਪੜ੍ਹਾਓ, ਅਰ ਗੁਰਬਾਣੀ ਕੰਠ ਕਰਾਓ। ਉਸ ਨੇ ਸ੍ਰੀ ਅਨੰਦ ਸਾਹਿਬ ਪੜ੍ਹਨਾ ਸ਼ੁਰੂ ਕੀਤਾ, ਪਹਿਲੀ ਤੁਕ ਪੜ੍ਹਕੇ ਹੀ ਉਹ ਮੁੜਕੇ ਉਸ ਗ੍ਰੰਥੀ ਪਾਸ ਪੜ੍ਹਨ ਨਾ ਆਇਆ। ਕੁਝ ਦਿਨ ਪਾਕੇ ਜਦ ਸਤਿਗੁਰੂ ਜੀ ਨੂੰ ਇਸ ਗਲ ਦਾ ਪਤਾ ਲਗਾ ਤਾਂ ਢੂੰਡ ਲਿਆਂਦਾ, ਹਾਜ਼ਰ ਹੋਇਆ ਦਰਸ਼ਨ ਕਰਕੇ ਨਿਮਗਨ ਹੋ ਗਿਆ। ਪੁੱਛਿਆ : ਕਿਉਂ ਬਈ ਇਕ ਦਿਨ ਪੜ੍ਹਕੇ ਫਿਰ ਕਿਉਂ ਪੜ੍ਹਨ ਨਹੀਂ ਆਇਆ ? ਤਾਂ ਉਸ ਨੇ

ਜਵਾਬ ਦਿੱਤਾ:— "ਮਹਾਰਾਜ ! ਜਿਸ ਕਾਰਜ ਲਈ ਪੜ੍ਹਨਾ ਸ਼ੁਰੂ ਕੀਤਾ ਸੀ ਉਹ ਪੂਰਨ ਹੋ ਗਿਆ ਹੈ । ਦੋਵੇਂ ਪਦਾਰਥ 'ਸਤਿਗੁਰੂ' ਤੇ 'ਅਨੰਦ' ਪ੍ਰਾਪਤ ਹੋ ਗਏ ਜਨ, ਹੋਰ ਕਿਸੇ ਸ਼ੈ ਦੀ ਲੋੜ ਹੁਣ ਬਾਕੀ ਰਹੀ ਹੀ ਨਹੀਂ"—

'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥'

[ਰਾਮ: ਮ: ੩ ਅਨੰਦ, ਪੰਨਾ ੯੧੭

ਜਿਥੇ ਸਤਿ ਹੈ ਓਥੇ ਚਿਤ ਹੈ:-

ਸੁਅਸਤਿ ਆਥਿ ਬਾਣੀ ਬਰਮਾਉ ॥
ਸਤਿ ਸੁਹਾਣੁ ਸਦਾ ਮਨਿ ਚਾਉ ॥ [ਜਪੁਜੀ ਪੰਨਾ ੪

ਜੋ ਸਤਿ, ਚਿਤ, ਅਨੰਦ ਹੈ, ਓਸ ਦਾ ਨਾਮ ਹੈ 'ਸਤਿਨਾਮੁ' । ਸੋ, ਗੁਰੂ ਬਾਬੇ ਨੇ ਜਪਾਇਆ ਹੈ ਸਤਿਨਾਮੁ।

ਗੁਰੂ ਬਾਬੇ ਜੀ ਦਾ 'ਮੂਲ ਮੰਤ੍ਰ' ਕੀ ਹੈ ?

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥"

ਜਿਸ ਵਿਚ ਸਿਰਫ ਇਕ ਦਾ ਹੀ ਵਰਣਨ ਹੈ ।

ਬਾਬਾ ਜੀ ਤਿੰਨ ਦਿਨ ਵੇਈਂ ਨਦੀ ਵਿਚ ਸਮਾਧਿ ਇਸਥਿਤ ਰਹੇ, ਨਵਾਬ ਦੌਲਤ ਖਾਂ ਭੀ ਵਿਛੋੜੇ ਵਿਚ ਰੋ ਪਿਆ। ਅਨੰਤ ਤਰੱਦਦ ਕੀਤੇ ਪਰ ਬਾਬਾ ਜੀ ਹੱਥ ਨਾ ਆਏ। ਓਹ ਡੁਬੇ ਤਾਂ ਨਹੀਂ ਸਨ ਓਹ ਤਾਂ ਜਗ-ਤਾਰਕ ਸਨ। ਤਿੰਨ ਦਿਨ ਵੇਈਂ ਨਦੀ ਵਿਚੋਂ ਜਾਕੇ ਵਾਹਿਗੁਰੂ ਜੀ ਪਾਸ ਬਾਬਾ ਜੀ ਗਏ ਸੇ। ਓਥੇ ਅਕਾਲ ਪੁਰਖ ਵਹਿਗੁਰੂ ਨਾਲ ਮੇਲ ਹੋਇਆ। ਸ੍ਰੀ ਵਹਿਗੁਰੂ ਜੀ ਨੇ ਆਖਿਆ-ਤੇਰਾ ਨਾਮ ਮੈਂ ਨਵਾਂ ਰੱਖਣਾ ਹੈ। ਮਾਪਿਆਂ ਦਾ ਨਾਂ ਸ੍ਰੀ 'ਨ ਨਕ' ਹੈ ਨਾ ! ਪਰ ਮੈਂ ਨਵਾਂ ਰੱਖਣਾ ਹੈ। ਮੈਂ ਪਾਰਬ੍ਰਹਮ ਪਰਮੇਸ਼ਰ, ਤੂੰ ਗੁਰੂ ਪਰਮੇਸ਼ਰ। ਹੇ ਨਾਨਕ ! ਜਿਸ ਪਰ ਤੇਰੀ ਮਿਹਰ ਓਸ ਪਰ ਮੇਰੀ ਮਿਹਰ, ਜਿਸ ਪਰ ਮੇਰੀ ਨਦਰ ਤਿਸ ਪਰ ਤੇਰੀ ਨਦਰ।' ਭਾਈ ਨੰਦ ਲਾਲ ਜੀ

ਨੇ ਕਿਹਾ ਸੁਹਣਾ ਕਿਹਾ ਹੈ:-

'ਕਿ ਮਨਮ ਦਰ ਤੋ ਗ਼ੈਰ ਤੋ ਕਸ ਨੇਸਤ ।
ਹਰ ਚਿਹ ਖਾਹਮ ਕੁਨਮ ਹਮਾ ਅਦਲੇਸਤ । [ਤੁਸੀਂ ਸਨ

ਅਰਥਾਤ-ਵਾਹਿਗੁਰੂ ਨੇ ਕਿਹਾ ਕਿ ਮੈਂ ਤੇਰੇ ਵਿਚ ਵਸਦਾ ਹਾਂ ਹੋਰ ਕੋਈ ਨਹੀਂ, (ਤੇਰੇ ਰਾਹੀਂ) ਜੋ ਕੁਝ ਮੈਂ ਚਾਹਾਂਗਾ, ਕਰਾਂਗਾ ਤੇ ਉਹ ਨਿਆਂ (ਠੀਕ) ਹੋਵੇਗਾ ।

ਕਲਗੀਧਰ ਪਾਤਸ਼ਾਹ ਫੁਰਮਾਉਂਦੇ ਹਨ:-

'ਹਰਿ ਹਰਿ ਜਨ ਦੁਇ ਏਕ ਹੈਂ ਬਿਬਿ ਬਿਚਾਰ ਕਛੁ ਨਾਹਿ ॥
[ਪਾ: ੧੦

ਗੁਰੂ ਬਾਬਾ ਜੀ ਨੂੰ ਅਕਾਲ ਪੁਰਖ ਨੇ ਵਰ ਦਿੱਤਾ:-

"ਤੈਨੂੰ ਦੋ ਜਹਾਨਾਂ ਦਾ ਗੁਰੂ ਬਣਾਇਆ, ਸਭ ਦਾ ਗੁਰੂ ।" ਤਾਹੀਓਂ ਤਾਂ ਅੱਕ ਦੀਆਂ ਖੱਖੜੀਆਂ ਅੰਮ੍ਰਿਤ ਬਣ ਗਈਆਂ, ਰੇਤ ਛੁਹਾਰੇ ਹੋ ਗਏ, ਤੱਤੇ ਕੜਾਹੇ ਠਰ ਗਏ, ਤੇ ਰਾਖਸ਼ ਦੇਵਤੇ ਬਣ ਗਏ । "ਤੂੰ ਮੈਂ, ਮੈਂ ਤੂੰ ਹੋ ਗਿਆ ਹੈਂ":--

ਸਰਬ ਸੀਲ ਮਮੰ ਸੀਲੰ ਸਰਬ ਪਾਂਵਨ ਮਮ ਪਾਵਨਹ ॥
ਸਰਥ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ ॥੩੫
[ਸਲੋਕ ਸਹਸ: ਮ: ੫, ਪੰਨਾ ੧੩੫੭

ਗੁਰੂ ਬਾਬੇ ਨੇ ਪਾਰਬ੍ਰਹਮ ਪਰਮੇਸ਼ਰ ਅਗੇ ਹੱਥ ਜੋੜਕੇ ਕਿਹਾ ਕਿ ਆਪ ਬਖਸ਼ੀਸ਼ ਕਰੀਏ ਕਿ ਕੀ ਮਾਰਗ ਦੱਸਣਾ ਹੈ ? ਕ ਉਪਦੇਸ਼ ਦ੍ਰਿੜਾਣਾ ਹੈ ? ਵਹਿਗੁਰੂ ਜੀ ਵਲੋਂ ਧੁਨੀ ਹੋਈ:--

"੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥"

ਇਸ ਵਿਚ ੩੫ ਅੱਖਰ, ੧੨ ਲੱਛਣ ਹਨ । ਲੱਛਣ ਦ ਅਰਥ ਹੈ ਚਿੰਨ, ਅਥਵਾ ਨਿਸ਼ਾਨੀ । ਬਾਰਾਂ ਵਿਚੋਂ ੮ ਵਿਧੀ ਮੁ ਹਨ, ੪ ਨਿਖੇਧੀ ਮੁੱਖ ਹਨ । ਵਿਧੀ ਮੁੱਖ ਤੇ ਨਿਖੇਧੀ ਮੁੱਖ ਕੀਹ ਹੁੰ

ਹਨ ? ਜੈਸੇ ਸੂਰਜ ਵਿਚ ਧੁਪ, ਕਿਰਣਾਂ, ਤੱਪਸ਼, ਗਰਮੀ ਇਹ ਵਿੱਧੀ ਮੁੱਖ ਹਨ ਤੇ ਅੰਧੇਰਾ ਤਾਰੇ ਛਿਪਣੇ, ਇਹ ਨਿਖੇਧੀ ਮੁੱਖ ਹਨ। ਭਾਵ ਓਹ ਇਕ ਹੈ, ਸਤਿ ਹੈ, ਕਰਤਾ ਹੈ, ਸਭ ਦਾ ਮਾਲਕ ਹੈ, ਭੈ ਤੋਂ ਰਹਿਤ ਹੈ, ਤਾਂ ਤੇ ਨਿਰਭਉ ਹੈ, ਵੈਰ ਨਹੀਂ ਤਾਂ ਤੇ ਨਿਰਵੈਰ ਹੈ, ਮੌਤ ਤੇ ਸਮਾਂ ਦੋਨੋ ਨਹੀਂ, ਤਾਂ ਤੋ ਅਕਾਲ ਮੂਰਤਿ ਹੈ।

ਸਾਰੀ ਉਤਪਤੀ ਤੇ ਸਭ ਪਰਲੋ ਦਾ ਕਾਰਨ ਕਾਲ ਹੀ ਹੈ ਨਾਂ ?

'ਕਾਲ ਪਾਇ ਬ੍ਰਹਮਾ ਬਪੁ ਧਰਾ ॥' [ਪਾ: ੧੦

ਤਥਾ—'ਕਾਲ ਕੇ ਬਨਾਏ ਸਭੈ ਕਾਲ ਹੀ ਚਬਾਹਿਂਗੇ ॥' [ਪਾ: ੧੦

ਸਭ ਮੂਰਤੀਆਂ ਕਾਲ ਵਿਚ ਹਨ, ਪਰ ਇਹ ਅਕਾਲ ਹੈ। ਕਾਲ ਦਾ ਖੰਡਨ ਕਰਨ ਵਾਲਾ ਅਕਾਲ ਹੈ। ਕਾਲ ਦਾ ਵੀ ਕਾਲ ਹੈ। ਜਿਵੇਂ ਮਰਦਾ ਨਹੀਂ ਤਿਵੇਂ ਜਨਮਦਾ ਭੀ ਨਹੀਂ, ਤਾਂ ਤੇ ਅਜੂਨੀ ਹੈ :—

"ਬਿਨੁ ਕਰਤਾਰ ਨਾ ਕਿਰਤਮ ਮਾਨਉ ॥
ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸੁਰ ਜਾਨਉ ॥"
[ਪਾ: ੧੦

ਨ ਭੈ ਹੈ, ਨ ਵੈਰ ਹੈ, ਨ ਕਾਲ ਹੈ, ਨ ਜਨਮ ਹੈ: ਇਹ ੪ ਨਿਖੇਧੀ ਮੁੱਖ ਲੱਛਣ ਹੈਨ। ਤੇ ੮ ਵਿਧੀ ਮੁਖ ਲੱਛਣ ਇਹ ਹਨ, ਜਿਨ੍ਹਾਂ ਵਿਚ ਉਸ ਦਾ ਸ੍ਵਰੂਪ ਬਿਆਨ ਕੀਤਾ ਹੈ:—(੧) ਉਹ ਇਕ ਹੈ (੨) ਉਹ ਓਅੰਕਾਰ ਹੈ (੩) ਸਤਿ ਹੈ (੪) ਨਾਮੁ ਹੈ।

'ਨਾਮ' ਲੱਖਤਾ ਵਿਚ ਆ ਸਕਦਾ ਹੈ। ੧ਓ ਜੋ ਸਤਿ ਹੈ, ਸੋ ਲੱਖਤਾ ਵਿਚ ਨਹੀਂ :—

'ਨਾਮ ਕੇ ਧਾਰੇ ਆਗਾਸ ਪਾਤਾਲ ॥' [ਗਉੜੀ ਮ: ੫ ਸੁਖਮਨੀ, ਪੰਨਾ ੨੮੪

ਸਭ ਦਾ ਲਖਾਇਕ ਕੌਣ ? ਨਾਮ। ਤਾਂ ਤੇ :-

'ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ'
ਕਰ ਕੇ ਨਾਮ ਜਪੀਏ। [ਸ੍ਰੀ ਜਪੁਜੀ ਪੰਨਾ ੭

(੫) ਕਰਤਾ ਹੈ, (੬) ਪੁਰਖ ਹੈ, ਅਰ ਕੈਸਾ ਹੈ ? (੭) ਸੈਭੰ

ਖ਼ੁਦ ਬਖ਼ੁਦ ਰੌਸ਼ਨ ਹੈ, ਸ੍ਵੈਯੰ ਪ੍ਰਕਾਸ਼ ਹੈ। ਖਟ ਜੋਤੀ ਦੀ ਉ
ਲੋੜ ਨਹੀਂ। ਸੁਤੇ ਸਿਧ ਪ੍ਰਕਾਸ਼ ਵਿਚ ਹੈ, (੮) ਗੁਰੂ ਰੂਪ ਧਾਰ
ਸਭ ਨੂੰ (ਪ੍ਰਸਾਦਿ) ਅਨੰਦ ਦੇ ਰਿਹਾ ਹੈ :-

"ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥"

[ਵਾਰ ਮਲਾਰ ਮ: ੧, ਪੰਨਾ ੧੨੭

ਅਨੰਤ ਕਿਰਨਾਂ ਦਾ ਕੇਂਦਰ ਹੈ ਸੂਰਜ। ਸਾਰੇ ਗੁਰੂ ਗ੍ਰੰਥ
ਸਾਹਿਬ ਜੀ ਦਾ ਇਹ ਕੇਂਦਰ ਹੈ। ਇਸ ਵਿਚ ਵ ਹਿਗੁਰੂ ਦੇ
ਸਰੂਪ ਬਿਆਨ ਕੀਤਾ ਹੈ।

ਮਾਲਾ ਮੰਤ੍ਰ--"੧ ਓ ਸਤਿਨਾਮੁ ਵਾਹਿਗੁਰੂ"
ਗੁਰ ਮੰਤ੍ਰ-"ਵਾਹਿਗੁਰੂ":-"ਬਦ ਕਤੇਬ ਅਗੋਚਰਾ
ਵਾਹਿਗੁਰੂ ਗੁਰ ਸਬਦੁ ਸੁਣਾਇਆ ॥" [ਭਾ: ਗੁ: ਵਾਰ ੧੨-੧

'ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ ॥" (ਵਾਰ ੧੩-੨
ਇਹ ਸੁਣ ਕੇ ਬੈਰਾਗੀਆਂ ਨੇ ਕਿਹਾ ਕਿ ਐਸੇ ਪਰਮ ਗੁਰਦੇ
ਦੇ ਦਰਸ਼ਨ ਕਰਾਉ। ਸੋ ਸਾਰੀ ਮੰਡਲੀ ਤੇ ਸੰਤ ਜਨ ਫੁੱਲਾਂ ਦੀਆ
ਮਾਲਾ ਲੈ ਕੇ ਨਿੰਮ੍ਰਤਾ ਸਹਿਤ ਗੁਰੂ ਬਾਬਾ ਜੀ ਨੂੰ ਮਿਲਨ ਚਲੇ
ਤੇ ਬਾਬਾ ਜੀ ਦੇ ਪ੍ਰਤੱਖ ਦਰਸ਼ਨ ਕਰਕੇ ਡੰਡੌਤ ਬੰਦਨਾ ਕੀਤੀ:-

'ਗੁਰਮੁਖਿ ਜਨਮ ਸਕਾਰਥਾ ਗੁਰ ਸਿਖ ਮਿਲਿ ਗੁਰ ਸਰਣੀ
ਆਇਆ ॥.....ਸਤਿਗੁਰੁ ਪੁਰਖ ਦਇਆਲ ਹੋਇ
ਵਾਹਿਗੁਰੂ ਸਚੁ ਮੰਤ੍ਰ ਸੁਣਾਇਆ ॥" [ਭਾ; ਗੁ: ਵਾਰ ੧੧-੩

ਗੁਰਬਾਣੀ ਦਾ ਵਿਚਾਰ ਕਰਨਾ ਸਿਖ ਦਾ ਪਰਮ ਧਰਮ ਹੈ :
"ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥"

[ਸਲੋਕ ਵਾਰਾਂ ਤੇ ਵਧੀਕ ਮ: ੪, ਪੰਨਾ ੧੪੨੨

ਪੁਨਾ :-'ਗੁਰਮੁਖ ਜਨਮੁ ਸਕਾਰਥਾ ਗੁਰਬਾਣੀ ਪੜਿ ਸਮ
ਸੁਣੈਹੀ ॥'

[ਭਾ: ਗੁ: ਵਾਰ ੧-੩

ਪੜ੍ਹਨਾ, ਫਿਰ ਪੜ੍ਹਨੇ ਨੂੰ ਸੁਣਨਾ ਅਥਵਾ ਵੀਚਾਰ ਕਰਨੀ, ਬਾਬਤ ਕਿਆ ਕਹਿਣਾ ਹੈ :--

'ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ ॥'

[ਸਿਰੀ ਰਾਗ ਮਃ ੫ ਛੰਤ, ਪੰਨਾ ੯੧

ਧੰਨ ਸਤਿਗੁਰ, ਧੰਨ ਗੁਰਬਾਣੀ ਤੇ ਧੰਨ ਸਿਖ।

## ਮੂਲ ਮੰਤ੍ਰ ਦਾ ਵੀਚਾਰ

੧੨ ਵਿਸ਼ੇਸ਼ਣ ੩੫ ਅੱਖਰ ਰੂਪ ਇਹਦੇ ਵਿਚ ਹੈਨ। ਉਸ ਦਾ ਵਜੂਦ. ਭਾਵ ਸਰੂਪ, ਕੀ ਹੈ? ਉਸ ਦਾ ਸਰੂਪ ਸਤਿ ਹੈ, ਹਸਤੀ ਹੈ। ਅੱਖਾਂ ਵਾਲਿਆਂ ਲਈ ਸੂਰਜ ਦੇ ਲਈ ਲੈਕਚਰ ਦੀ ਲੋੜ ਨਹੀਂ। ਮੂਲ ਮੰਤ੍ਰ ਦੇ ਸਰੂਪ ਵਿਚ, ਮਨ. ਬੁਧੀ, ਚਿਤ ਦੀ ਗੰਮਤਾ ਨਹੀਂ। ਜੋ ਕੁਛ ਸੁਣਾਂਵਾਂਗੇ ਸਰੂਪ ਨਹੀਂ ਪਰ ਲਛਣ ਬਣ ਜਾਏਗਾ।

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥"

[ਦੱਖਣੀ ਓਅੰਕਾਰੁ, ਪੰਨਾ ੯੩੫

ਬੱਚੇ ਨੂੰ ਹੁੰਡੀ ਦਾ ਕੀ ਪਤਾ? ਉਸ ਨੂੰ ਉਸ ਕਾਗਜ਼ ਦਾ ਗਿਆਨ ਨਹੀਂ। ਬਾਣੀ ਦੁਰਲਭ ਚੀਜ਼ ਹੈ। ਇਸ ਵਿਚ ਮਨ ਕਰਕੇ, ਰਸਨਾ ਕਰਕੇ, ਕੰਨਾਂ ਕਰਕੇ ਪ੍ਰਵੇਸ਼ ਕਰਨਾ ਹੈ।

ਸਤਿ ਇਸ ਦਾ ਸਰੂਪ ਹੈ। ਸਰੂਪ ਦਾ ਬਿਆਨ ਕਰਨਾ ਲੱਛਣ ਹੈ। ਸਤਿ ਦੀ ਕਥਾ ਨਹੀਂ ਹੋ ਸਕਦੀ। ਸਤਿ ਵਿਚ ਬੋਲਾਂਗੇ ਨਹੀਂ, ਇਹ ਅਨੁਭਵ ਦੀ ਚੀਜ਼ ਹੈ। ਮਨ ਦੇ ਫੁਰਨੇ ਰੋਕ ਕੇ ਅੰਦਰ ਅਨੁਭਵ ਕਰਨ ਨਾਲ ਪਤਾ ਲਗ ਜਾਏਗਾ।

ਸੈਭੰ ਹੈ; ਖ਼ੁਦ ਬਖ਼ੁਦ ਰੌਸ਼ਨ ਹੈ; ੧ਓ ਦਾ ਲਖਾਇਕ ਹੈ, ਸਤਿ ਓਸਦਾ ਨਿਜ ਸਰੂਪ ਹੈ। ਸਤਿ ਦੀ ਹਸਤੀ ਅਨੁਭਵ ਕਰਾਂਗੇ, ਪਰ ਬੋਲ ਨਹੀਂ ਸਕਾਂਗੇ। ਕਰਤਾ ਵਿਚ, ਪੁਰਖ ਵਿਚ, ਓ ਵਿਚ, ਤਾਂ

ਬੋਲ ਸਕਾਂਗੇ ਪਰ ਸਤਿ ਦੀ ਵਿਆਖਿਆ ਨਹੀਂ ਹੋ ਸਕਦੀ ।

"ਜਿਸੁ ਰਸੁ ਆਇਆ ਸੋਈ ਜਾਨੈ ॥
ਪੇਖਿ ਪੇਖਿ ਮਨ ਮਹਿ ਹੈਰਾਨੈ ॥" [ਪ੍ਰਭਾਤੀ ਮਹਲਾ ੫, ਪੰਨਾ ੧੩੩

ਸਤਿ ਦੇ ਨਾਲ ਸੈਭੰ ਦਾ ਸੰਬੰਧ ਹੈ । ਲਾਈਟਾਂ (Lights) ਛੇ ਮੰਨੀਆਂ ਜਾਂਦੀਆਂ ਹਨ, ਅਕਲ ਭੀ ਇਕ ਰੌਸ਼ਨੀ ਹੈ । ਪੰਜ ਰੌਸ਼ਨੀਆਂ ਬਾਹਰ ਦੀਆਂ ਹਨ, ਇਕ ਅੰਦਰ ਦੀ ਹੈ । ਆਤਮ ਜੀਵਨ ਇਕ ਖ਼ਮੀਰੀ ਜੀਵਨ ਹੈ :--

"ਮਨੁ ਸੋਇਆ ਮਾਇਆ ਬਿਸਮਾਦਿ ॥" [ਗਉ: ਮ: ੫, ਪੰਨਾ ੧੮੨

ਸੰਤਾਂ, ਮਹਾਂ ਪੁਰਖਾਂ ਦੀ ਸੰਗਤ ਤੋਂ ਮਨ ਜਾਗਦਾ ਹੈ, ਬਾਣੀ ਮਿਠੀ ਲਗਦੀ ਹੈ :--

ਗੁਰ ਉਪਦੇਸ ਜਾਹਿ ਮਨ ਲਾਗਾ ।
ਕੋਟ ਜਨਮ ਕੋ ਸੋਵਤਿ ਜਾਗਾ ॥੨੪॥
ਮਨ ਜਾਗੇ ਕੀ ਇਹੀ ਨਿਸਾਨੀ ।
ਪ੍ਰਿਯ ਲਾਗਹਿ ਉਰ ਗੁਰ ਕੀ ਬਾਨੀ ।
ਧੰਨ ਸਿਖ ਜਿਨ ਕੇ ਉਰ ਭਾਈ ।
ਸਮ ਸਲਿਤਾ ਮਨ ਮੀਨ ਬਨਾਈ ॥੨੫॥
ਪਰਮ ਸਿੱਖ ਜਿਨ ਕੋ ਮਨ ਕਾਨਨ ।
ਬਿਚਰਹਿ ਨਿਤ ਗੁਰ ਸਬਦੁ ਪੰਚਾਨਨ ।
ਤਾਰੋ ਭਰਮ ਭਿਰਯੋ ਨਿਤ ਡੋਲਹਿ ।
ਗੁਰ ਬਾਨੀ ਤਾਰੀ ਸੰਗ ਖੋਲਹਿ ॥੨੬॥
ਜਿਸਕੇ' ਭਾਗ ਪੂਰਬਲੇ ਜਾਗਹਿ ।
ਗੁਰਬਾਣੀ ਤਿਸ ਮੀਠੀ ਲਾਗਹਿ ।
ਬਿਨਾ ਭਾਗ ਤੇ ਲਖਹਿ ਨ ਕੋਈ ।
ਕਿਮ ਕਲਿ ਬਿਖੈ ਪਾਇ ਗਤਿ ਸੋਈ ॥੨੭॥

[ਗੁ: ਪ੍ਰ: ਸੂ: ਚਾਸ ੧੦-੨੧

ਪਰ--'ਜਾਗਤ ਸੋਵਤ ਬਹੁ ਪੂਕਾਰ ॥' [ਬਸੰਤ ਕਬੀਰ ਜੀ, ਪੰਨਾ ੧੧੯੪

ਇਕ ਡਾਕਟਰ ਦੀ ਦੁਕ ਨ ਤੇ ਇਕ ਮਰੀਜ਼ ਆਇਆ। ਉਸ ਅਭਿਆਸੀ ਦਾ ਚਿਤ ਉਥੇ ਆ ਕੇ ਇਕਾਗਰ ਹੋ ਗਿਆ। ਕਈ ਮਰੀਜ਼ ਆਂਦੇ ਜਾਂਦੇ ਰਹੇ, ਪਰ ਉਸ ਦੇ ਨੇਤ੍ਰ ਨਾ ਖੁੱਲ੍ਹੇ, ਕਿੰਨਾਂ ਚਿਰ ਜੁੜਿਆ ਰਿਹਾ :--

'ਕਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓਹੈ ਢਾਰਿ ॥'

[ਦੇਵਗੰਧਾਰੀ ਮ: ੪, ਪੰਨਾ ੫੨੮

"ਉਸਤਤਿ ਨਿੰਦਾ ਦੋਊ ਤਿਆਗੈ ਖੰਜੈ ਪਦੁ ਨਿਰਬਾਨਾ ॥"

[ਗਉੜੀ ਮ: ੯, ਪੰਨਾ ੨੧੯

ਮਰੀਜ਼ ਰਾਜ਼ੀ ਹੋ ਗਿਆ, ਰੋਗ ਚਲਾ ਗਿਆ :--

"ਰੋਗੁ ਗਇਆ ਪ੍ਰਭ ਆਪਿ ਗਵਾਇਆ ॥
ਨੀਦ ਪਈ ਸੁਖ ਸਹਜ ਘਰੁ ਆਇਆ ॥"

[ਬਿਲਾਵਲ ਮ: ੫: ਪੰਨਾ ੮੦੭

'ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥' [ਸੁਖਮਨੀ ਮ: ੫, ਪੰਨਾ ੨੬੩

ਸੋ, ਸਤਿ ਜੋ ਹੈ, ਸੈਭੰ ਹੈ, ਖ਼ੁਦ ਬਖ਼ੁਦ ਰੋਸ਼ਨ ਹੈ। ਅੱਵਲ ਤਾਂ ਫੁਰਨਾ ਫੁਰੇ ਹੀ ਨਾ, ਜੇ ਫੁਰੇ ਤਾਂ,ਬੱਸ:'ਸਤਿ ਨਾਮ'। ਜੋ ਇਨ੍ਹਾਂ ਅੱਖਾਂ ਨਾਲ ਦੇਖੀ ਜਾ ਸਕਦੀ ਹੈ, ਉਧ ਰੱਬ ਦੀ ਜੋਤ ਨਹੀਂ ਹੋ ਸਕਦੀ :—

"ਅੰਤਰਿ ਅਲਖੁ ਨ ਜਾਈ ਲਖਿਆ ॥
ਨਾਮੁ ਰਤਨੁ ਲੈ ਗੁਝਾ ਰਖਿਆ ॥" [ਮਾਝ ਮ: ਪੰਪ ਨਾ ੧੩੦
ਓਹੁ ਵੇਖੈ ਓਨਾ ਨਦਰਿ ਨ ਆਵੈ.....॥" [ਜਪੁਜੀ, ਪੰਨਾ ੭

ਉਹ ਵੇਖਦਾ ਹੈ ਸਭ ਨੂੰ, ਪਰ ਓਸ ਨੂੰ ਬ੍ਰਹਮਾ ਬਿਸ਼ਨ ਬੀ ਨਹੀਂ ਦੇਖ ਸਕਦੇ।

ਸੋ, ਸਾਧ ਸੰਗਤ ਜੀ ! ਇਹ ਮੂਲ ਮੰਤ੍ਰ ਪੈਂਤੀ ਅਖਰ ਸਰਬ ਦਾ ਆਧਾਰ ਹੈ। ਸੂਰਜ ਚੰਦਰਮਾਂ ਅੱਖਾਂ ਵਿਚ ਨਹੀਂ ਆ ਸਕਦੇ, ਪਰ ਜਿਤਨਾ ਦੇਖਣ ਦੀ ਸ਼ਕਤੀ ਹੈ, ਉਤਨੀ ਰੌਸ਼ਨੀ ਮਿਲ ਸਕਦੀ

ਹੈ। ਇਕ ਅੱਖਰ ਭੀ ਜੇ ਮਨ ਵਿਚ ਵਸ ਗਿਆ, ਅਸੀਂ ਨਿਹਾਲ ਹੋ ਜਾਵਾਂਗੇ।

'ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥'

[ਗਉੜੀ ਬਾਵਨ ਅਖਰੀ ਮ: ੫, ਪੰਨਾ ੨੬੧

ਸਤਿ ਦਾ ਦਰਸ਼ਨ ਯਾ ਨਿਸ਼ਾਨੀ ਕੀ ਹੈ ? ਮਾਇਆਧਾਰੀ ਲਈ ਮਾਇਆ ਸਤਿ ਹੈ, ਗਪਾਂ ਸਤਿ ਹਨ, ਨਿੰਦਿਆ ਸਤਿ ਹੈ, ਪਰ ਉਹ ਬਾਣੀ ਨੂੰ ਸਤਿ ਨਹੀਂ ਲਖ ਸਕਦਾ। ਉਸ ਨੇ ਮੂਲਮੰਤ੍ਰ ਅਥਵਾ ਰੱਬ ਨੂੰ ਕੀ ਲਖਣਾ ਹੈ ? ਉਹ ਸਤਿਸੰਗ ਵਿਚ ਆਏਗਾ ਹੀ ਨਹੀਂ, ਜੇ ਆਵੇਗਾ ਤਾਂ ਗਿਣਤੀਆਂ ਵਿਚ ਹੀ ਲਗਾ ਰਹੇਗਾ, ਅਰ ਫਿਰ ਆਖੇਗਾ, ਸਵਾਦ ਨਹੀਂ ਆਇਆ।

"ਜਿਨਕੇ ਚਿਤ ਕਠੌਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥
ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥"

[ਗਉ: ਵਾਰ ਮ: ੪, ਪੰਨਾ ੩੧੪

ਕਿਉਂਕਿ ਉਹ ਦਾਤ ਵਿਚ ਫਸਿਆ ਹੈ, ਪਰ ਸੰਗਤ ਵਿਚ ਦਾਤੇ ਦਾ ਵਰਣਨ ਹੈ। ਇਕ ਕੀੜੀ ਨੇ ਦੂਸਰੀ ਕੀੜੀ ਨੂੰ ਆਖਿਆ "ਆ ਭੈਣ ! ਮੈਨੂੰ ਮਿਸਰੀ ਦਾ ਪਹਾੜ ਮਿਲਿਆ ਹੈ, ਆ ਰਲ ਖਾਈਏ।" ਉਹ ਕੀੜੀ ਉਸ ਦੇ ਨਾਲ ਚੱਲ ਪਈ ਤੇ ਮਿਸਰੀ ਦੇ ਡਲੇ ਪਾਸ ਪਹੁੰਚੀ, ਤੇ ਪਹਿਲੀ ਨੂੰ ਪੁੱਛਣ ਲੱਗੀ:' ਭੈਣ ! ਮੈਨੂੰ ਤਾਂ ਮਿਸਰੀ ਦੇ ਪਹਾੜ ਵਿਚੋਂ ਕੋਈ ਸਵਾਦ ਨਹੀਂ ਆ ਰਿਹਾ"। ਤਾਂ ਪਹਿਲੀ ਕੀੜੀ ਕਹਿਣ ਲੱਗੀ ਕਿ ਤੇਰੇ ਮੂੰਹ ਵਿਚ ਤਾਂ ਲੇਦਨਾ ਪਿਆ ਹੋਇਆ ਦਿੱਸਦਾ ਹੈ, ਜੇ ਇਸ ਨੂੰ ਕੱਢੇਂ ਤਾਂ ਹੀ ਸਵਾਦ ਆਵੇ:- "ਇਹ ਰਸ ਛਾਡੇ ਉਹ ਰਸ ਆਵਾ॥

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥" [ਗਉ: ਬਾ:ਅ: ਕਬੀਰ,ਪੰਨਾ ੩੪੮

"ਜਿਨਿ ਚਾਖਿਆ ਸੋਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ॥" [ਸਿਰਠਿ ਮ: ੧ ਅਸਟ, ਪੰਨਾ ੯੩੫

ਜਿਥੇ ਕਾਮ ਹੈ, ਕ੍ਰੋਧ ਹੈ, ਉਥੇ ਸਤਿ ਭੀ ਨਾਲ ਬੈਠਾ ਹੈ, ਅਰ ਜੋ ਸਤਿ ਹੈ, ਸ੍ਵਯੰ ਪ੍ਰਕਾਸ਼ ਹੈ :—

"ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥" [ਪਾ: ੧੦

ਨਿਸਦਿਨ ਅਨਾਸ ਦਾ ਅਰਥ ਹੈ, ਜਿਹੜਾ ਕਦੇ ਨਾਸ਼ ਨਾ ਹੋਵੇ । ਅਨਭਉ ਪ੍ਰਕਾਸ=ਜਿਸ ਦਾ ਰਾਤ ਦਿਨ ਪ੍ਰਕਾਸ਼ ਹੈ । ਬਾਕੀ ਸਭ ਰੌਸ਼ਨੀਆਂ: ਚੰਦ, ਸੂਰਜ, ਤਾਰੇ, ਬਿਜਲੀ, ਅਗਨੀ, ਬੁਧੀ ਵੀ ਨਾਸ਼ ਹੋ ਜਾਣ ਵਾਲੀਆਂ ਹਨ :--

"ਝਿਲਮਿਲ ਝਿਲਕੈ ਚੰਦੁ ਨ ਤਾ ॥
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥" [ਮਾਰੂ ਮ: ਪੰਨਾ ੧੦੩੩

ਇਹ ਜੋਤੀ ਬਿਜਲੀ ਵਾਂਗ ਨਹੀਂ, ਚੰਦ ਅਤੇ ਤਾਰੇ ਵਾਂਗ ਵੀ ਨਹੀਂ :-

"ਅਕਥੀ ਕਥਉ ਚਿਹਨੁ ਨਹੀ ਕੋਈ
ਪੂਰਿ ਰਹਿਆ ਮਨਿ ਭਾਇਦਾ ॥" [ਮਾਰੂ ਸੋਲ: ਮ: ੧. ਪੰਨਾ ੧੦੩੩

ਲੋਹੇ ਨੂੰ ਦੰਦ ਨਹੀਂ ਚਬ ਸਕਦੇ, ਅਕਥ ਨੂੰ ਬਿਆਨ ਕਿਵੇਂ ਕਰੀਏ:-

'ਨਾਨਕ ਕਥਨਾ ਕਰੜਾ ਸਾਰੁ ॥' [ਜਪੁਜੀ, ਪੰਨਾ ੮
'ਕਥਨਾ ਕਥੀ ਨ ਆਵੈ ਤੋਟਿ ॥' [ਜਪੁਜੀ, ਪੰਨਾ ੨

ਉਹ ਮਹਿਦੂਦ ਨਹੀ, ਇਕ ਟਿਕਾਣੇ ਵਿਚ ਹੱਦ ਬੰਦ ਨਹੀਂ -

'ਪੂਰਿ ਰਹਿਆ ਮਨਿ ਭਾਇਦਾ ॥' [ਮਾਰੂ ਸੋਲ: ਮਹਲਾ ੧, ਪੰਨਾ ੧੦੩੩

"ਜਿਮੀ ਜਮਾਨ ਕੇ ਬਿਖੇ ਸਮਸਤ ਏਕ ਜੋਤ ਹੈ ॥
ਨ ਘਾਟ ਹੈ, ਨ ਬਾਢ ਹੈ, ਨ ਘਾਟ ਬਾਢ ਹੋਤ ਹੈ ॥"
[ਅਕਾਲ ਉਸਤਤ-੧੬੬

ਸਰਬ ਬ੍ਰਹਮੰਡਾਂ ਦਾ ਗੁਰੂ ਭੀ ਹੈ, ਔਰ ਪ੍ਰਸਾਦਿ ਭੀ ਹੈ, ਅਰਥਾਤ ਅਨੰਦ ਸਰੂਪ ਹੈ । ਸਦਾ ਸਚਿਦਾਨਦ ; ਸਦਾ ਹੈ, ਚੇਤਨ ਹੈ, ਅਨੰਦ ਹੈ, ਹਮੇਸ਼ਾ ਚੇਤਨ ਹੈ, ਹਮੇਸ਼ਾ ਅਨੰਦ ਵਿਚ ਹੈ । ਇਤਰ ਲੋਕ ਵਿਵਾਹ ਵੇਲੇ ਅਨੰਦ ਹੁੰਦੇ ਹਨ, ਗਮੀਂ ਵੇਲੇ ਨਹੀਂ, ਖੱਟੀ ਵੇਲੇ

ਆਨਦ, ਘਾਟੇ ਵੇਲੇ ਨਹੀਂ । ਪਰ ਇਹ ਹੈ:-

'ਤ੍ਰਿਕਾਲੰ ਅਬਧਜੰ ਸਾ ਸਤਜੰ ॥'

'ਹੈ ਤੂ ਹੈ ਤੂ ਹੋਵਨਹਾਰ ॥' [ਤਿਲੰਗ ਮ: ੫ ਪੰਨਾ ੭

'ਆਦਿ ਸਚੁ ਜੁਗਾਦਿ ਸਚੁ ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' [ਜਪੁਜੀ, ਪੰਨਾ

''ਸਾਹਿਬੁ ਮੇਰਾ ਏਕੋ ਹੈ ॥

ਏਕੋ ਹੈ ਭਾਈ ਏਕੋ ਹੈ ॥'' [ਆਸਾ ਮ: ੧ ਪੰਨਾ ੩

ਇਸੇ ਦੀ ਸਤਯਾ ਨਾਲ ਪੈਰ ਟੁਰਦੇ, ਹੱਥ ਹਿਲਦੇ, ਅੱਖ ਤੱਕਦੀਆਂ ਹਨ :—

''ਜਿਹ ਪ੍ਰਸਾਦਿ ਹਸਤ ਕਰ ਚਲਹਿ ॥'' [ਸੁਖਮਨੀ, ਪੰਨਾ ੨੭

ਇਹ ਸਤਯਾ ਹੀ ਚੇਤਨ ਹੈ, ਅਨੰਦ ਹੈ ਸਦਾ ਅਨੰਦ ਹੈ :—

'ਹਰਖ ਅਨੰਤ ਸੋਗ ਨਹੀ ਬੀਆ ॥

ਸੋ ਘਰੁ ਗੁਰਿ ਨਾਨਕ ਕਉ ਦੀਆ ॥' [ਗਉੜੀ ਮ: ੫, ਪੰਨਾ ੧੯੬

ਸੁਖ ਦੁਖ ਦਾ ਗਿਆਨ ਸਮਾਨ ਚੇਤਨਤਾ ਨੂੰ ਹੈ, ਅਨੰਦ ਦ ਗਿਆਨ ਨਹੀਂ । ਇਹ ਸੁਖ ਸਤਿ ਸੁਖ ਹੈ । ਮੂਲ ਮੰਤ੍ਰ ਦਾ ਅਨੰਦ ਪ੍ਰਮਾਤਮਾ ਦਾ ਰੂਪ ਹੈ :—

''ਸੁਅਸਤਿ ਆਥਿ ਬਾਣੀ ਬਰਮਾਉ ॥

ਸਤਿ ਸੁਹਾਣੁ ਸਦਾ ਮਨਿ ਚਾਉ ॥'' [ਜਪੁਜੀ, ਪੰਨਾ ੪

'ਸਤਿ ਸੁਹਾਣੁ' ਦਾ ਅਰਥ ਹੈ ਅਸਚਰਜ, ਚੇਤਨ ਅਰ 'ਸਦਾ ਚਾਉ' ਦਾ ਅਰਥ ਹੈ ਸਦਾ ਅਨੰਦ । ਪੂੰਜ ਉਹ ਸਦਾ ਸੂਰਜ ਪ੍ਰਕਾਸ਼ ਹੈ, ਇਸ ਦ ਪ੍ਰਕਾਸ਼ ਸਦਾ ਹੀ ਇਕ ਰਸ ਹੈ ।

ਮੂਲ ਮੰਤ੍ਰ ਵਿਚ ਪਰਮਾਤਮਾ ਦਾ ਸਰੂਪ ਹੈ, ਇਹਦੇ ਅਰ ਸੀਸ ਟਿਕਿਆ ਰਹੇ, ਸਦਾ ਹੀ ਨੱਕ ਰਗੜਦੇ ਰਹੀਏ, ਬਸ 'ਤੂੰਹੀ ਤੂੰਹੀ' :—

'ਜਲਨ ਤੂਹੀ ਥਲਨ ਤੂਹੀ ॥' [ਪ੍ਰ: ੧੦

'ਅਸਤਿ ਏਕੁ ਦਿਗਰ ਕੁਈ ॥
ਏਕੁ ਤੁਈ ਏਕੁ ਤੁਈ ॥'ਵਾਰ ਮਾਝ ਮ: ੧, ਪੰਨਾ ੧੪੪

'ਅਨਿਕ ਰੂਪ ਰੰਗ ਭੋਗ ਰਸੈ ॥
ਗੁਰਮੁਖਿ ਨਾਮੁ ਨਿਮਖ ਰਿਦੈ ਵਸੈ ॥'[ਰਾਮਕਲੀ ਮ:੫, ਪੰਨਾ ੯੬੦

ਹੁਣ ਦੇਖਣਾ ਇਹ ਹੈ ਕਿ ਸਤਿ, ਚਿਤ, ਆਨੰਦ ਵਿਚ ਨਿਸ਼ਾਨੀਆਂ ਕਿਹੜੀਆਂ ਹਨ ?

'ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥'[ਸੁਖਮਨੀ,ਪੰਨਾ ੨੬੦

ਉਸ ਵਿਚ ਕਈ ਲਛਣ ਐਸੇ ਹੈਨ, ਜੋ ਉਸ ਤੋਂ ਅਲੱਗ ਹੈਨ, ਪਰ ਉਸਦਾ ਗਿਆਨ ਜਣਾਂਦੇ ਹਨ। ਇਨ੍ਹਾਂ ਦਾ ਨਾਮ ਹੈ ਸੱਤ ਲਛਣ, ਯਥਾ:-ਕਰਤਾ, ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ ਹੈ। ਕਰਤਾ ਹੈ, ਜਦ ਚਾਹੁੰਦਾ ਹੈ ਸਮੇਟ ਲੈਂਦਾ ਹੈ :—

'ਖੇਲੁ ਸੰਕੋਚੈ ਤਉ ਨਾਨਕ ਏਕੈ ॥' [ਸੁਖਮਨੀ, ਪੰਨਾ ੨੬੨

ਸਾਡੇ ਵਿਚੋਂ ਸੁਪਨਾ ਉਪਜ ਕੇ ਸਾਡੇ ਵਿਚ ਲੀਨ ਹੋ ਗਿਆ। ਸੁਪਨੇ ਵਿਚ ਸਾਨੂੰ ਸੁਪਨੇ ਦਾ ਗਿਆਨ ਨਹੀਂ, ਪਰ ਉਸ ਨੂੰ ਸਭ ਗਿਆਨ ਹੈ। ਉਹਦੀ ਜਗਤ ਰਚਨਾ ਗਿਆਨ ਵਿਚ ਹੈ, ਸਾਡਾ ਸੁਪਨਾ ਅਗਿਆਨ ਵਿਚ ਹੈ। ਸੁਪਨੇ ਵਿਚ ਗੰਗਾ ਨ੍ਹਾਂਦਾ ਹੈ, ਪਰ ਕਪੜੇ ਕੋਈ ਨਹੀਂ ਭਿਜਦੇ। ਸੋ, ਸਭ ਫੁਰਨੇ ਮੁਕਾ ਕੇ ਟਿਕੀਏ:-

'ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥' [ਫੁਨਹੇ ਮ: ੫, ਪੰਨਾ ੧੩੬੨

ਜੇ ਫੁਰਨਾ ਨਾ ਰੁਕੇ ਤਾਂ ਫਿਰ ਗੁਰ ਮੰਤ੍ਰ ਦੇ ਜਾਪ ਵਿਚ ਲਗੇ। ਜਦ ਇਕ ਸੁਰ ਹੋ ਜਾਵੇਗਾ, ਬਿਰਤੀ ਇਕਾਗਰ ਹੋ ਜਾਵੇਗੀ, ਤਦ ਫਿਰ ਸਤਿ ਦਾ ਝਲਕਾ ਵੱਜੇਗਾ। ਪਰਮਾਤਮਾ ਦਾ ਸਰੂਪ, ਨਿਜ ਰੂਪ, ਮਨ, ਬੁਧੀ, ਇੰਦਰੀਆਂ ਤੋਂ ਪਰੇ ਹੈ: ਸਤਿ, ਚਿਤ, ਆਨੰਦ ਹੈ। ਉਸ ਵਿਚ ਜੋ ਇਛਾ ਹੈ ਅਰ ਸੰਕਲਪ ਹੈ, ਇਹ ਜਗਤ ਅਥਵਾ ਸ੍ਰਿਸ਼ਟੀ ਦਾ ਮੂਲ ਹੈ। ਸਜਾਤੀ ਵਿਜਾਤੀ ਭੇਦ ਤੋਂ ਰਹਿਤ ਹੈ।

ਜਦੋਂ ਵਾਹਿਗੁਰੂ ਚਾਹੁੰਦਾ ਹੈ ਕਿ ਮੈਂ ਜਗਤ ਉਤਪਤੀ ਕਰਾਂ ਤਦੋਂ ਓਅੰਕਾਰ ਦੀ ਧੁਨੀ ਹੁੰਦੀ ਹੈ:—

'ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥' [ਮਾਰੂ ਮ: ੫, ਪੰਨਾ ੧੦੦੬

'ਕੀਤਾ ਪਸਾਉ ਏਕੋ ਕਵਾਉ ॥' [ਜਪੁਜੀ, ਪੰਨਾ ੩

'ਏਕ ਕਵਾਵੈ ਤੇ ਸਭਿ ਹੋਆ ॥' [ਮਾਰੂ ਮ: ੫, ਪੰਨਾ ੧੦੦੩

ਇਹ 'ਕੀਤਾ ਪਸਾਉ ਏਕੋ ਕਵਾਉ' ਦਾ ਅਰਥ ਕੀਤਾ ਹੈ। ਓਅੰਕਾਰਿ ਇਹ ਆਦਿ ਸ਼ਬਦ ਹੈ। ਜਗਤ ਕਰਤੇ ਦਾ ਨਿੰਜ ਨਾਮ ਹੈ। ਜੋ ਓਅੰਕਾਰਿ ਦਾ ਪੱਲਾ ਪਕੜੇਗਾ ਉਹ '੧ ਓ' ਨੂੰ ਪ੍ਰਾਪਤ ਹੋਵੇਗਾ। ਜੈਸੇ ਉਸ ਦਾ ਨਾਮ ਸਤਿ ਹੈ, ਤੈਸੇ ਸਰੂਪ ਸਤਿ ਹੈ। ਉਹ ਸਤਿ ਸਰੂਪ ਹੈ। ਜਦ ਸਤਿ ਸਰੂਪ ਦਾ ਗਿਆਨ ਹੋ ਗਿਆ:

'ਸਤਿ ਸਰੂਪੁ ਰਿਦੈ ਜਿਨਿ ਮਾਨਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥' [ਸੁਖਮਨੀ, ਪੰਨਾ ੨੮੫

ਜਿਸ ਨੇ ਮੂਲ ਨੂੰ ਪਛਾਣ ਲਿਆ, ਉਸ ਨੇ ਸਤਿ ਨੂੰ ਪਛਾਣ ਲਿਆ। ਜਗਤ ਸਤਿ ਤੋਂ ਹੋਇਆ ਹੈ, ਸਤਿ ਵਿਚ ਲੀਨ ਹੋ ਜਾਏਗਾ। ਅਰ ਜੋ ਸਤਿ ਦਾ ਉਪਾਸ਼ਕ ਹੈ ਸੋ ਭੀ ਸਤਿ ਹੈ :—

'ਨਾਮ ਸਤਿ ਸਤਿ ਧਿਆਵਨਹਾਰ ॥' [ਸੁਖਮਨੀ, ਪੰਨਾ ੨੮੫

'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰ ਹੋਸੀ ॥[' [ਮਾਰੂ ਡਖਣੇ ਮ. ੫ ਪੰਨਾ ੧੧੦੦

'ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥' [ਓਅੰਕਾਰਪੰਨਾ ੯੩

ਭਾਵੇਂ ਕੋਈ ਪਾਪੀ ਹੈ, ਪੁੰਨੀ ਹੈ, ਨੀਚ ਹੈ, ਉੱਚ ਹੈ, ਅਵਤਾਰ ਹੈ, ਪੈਗ਼ੰਬਰ ਹੈ, ਕੋਈ ਭੀ ਹੈ, ਜਦ ਕਿ ਉਹ ਸਤਿ ਵਿਚੋਂ ਆਇਆ ਹੋਇਆ ਹੈ, ਉਹ ਸਤਿ ਦੀ ਅੰਸ਼ ਹੈ। ਇਸ ਲਈ ਉਸ ਦਾ ਹੱਕ ਹੈ ਕਿ ਸਤਿ ਵਿਚ ਪਹੁੰਚੇ। ਉਸ ਦਾ ਰਸਤਾ ਕੀ ਹੈ ? ਨਾਮ ! ਓਹ ਨਾਮ ਕੀ ਹੈ ? ੧ਓ, ਸਤਿਨਾਮੁ।*ਸਤਿ ਰੂਪ ਨਾਮ ਦੇ ਹਨ:

'ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ ॥'

[ਭਾ: ਗੁ: ਵਾਰ ੨੪-੧

*ਸਤਿ ਰੂਪੁ ਸਤਿਨਾਮੁ ਸਤੁ ਸੰਤੋਖੁ ਧਰਿਓ ਉਰਿ ॥ [ਸਵ: ਮ: ੫ ਕੇ, ਪੰਨਾ ੧੪੦

ਇਸ ਵਿਚ ਸਾਰੇ ਨਾਮ ਇਕਤ੍ਰ ਹੋ ਗਏ ਹਨ ।

ਉਹ,ਜੋ ਵਾਹਿਗੁਰੂ ਹੈ,ਓਅੰਕਾਰਿ ਦੁਆਰਾ ਸ੍ਰਿਸ਼ਟੀ ਉਤਪੰਨ ਕਰਕੇ, ਸਤਿ ਰੂਪ ਹੋ ਕਰਕੇ ਬਿਰਾਜਮਾਨ ਹੈ। ਉਸ ਦੀ ਸਤਿਆ ਹੀ ਕਾਰਜ ਕਰ ਰਹੀ ਹੈ । ਪ੍ਰਥਮ ਸਰੂਪ ਲਕੜੀ ਹੈ, ਫਿਰ ਅੰਗਾਰੇ ਬਣ ਜਾਣਗੇ, ਫਿਰ ਸੁਆਹ, ਫਿਰ ਖ਼ਾਕ । ਬ੍ਰੂਟੇ ਜਦ ਖ਼ਾਕ ਜਜ਼ਬ ਕਰਨਗੇ, ਫਿਰ ਬ੍ਰੂਟੇ ਬਣ ਜਾਣਗੇ । ਰਚਨਾਂ ਦੇ ਸਰੂਪ ਤਾਂ ਬਦਲਦੇ ਰਹੇ ਪਰ'ਹੈ' ਕਿਤੇ ਨਹੀਂ ਗਈ, ਅਸਲ ਵਸਤੂ 'ਹੈ' ਹੀ ਹੈ । ਮ੍ਰਿਤੂ 'ਹੈ' ਵਿਚ ਵੀ 'ਹੈ' ਹੀ ਹੈ:-

'ਹੈ ਕਰਿ ਕੈ ਓਹਿ ਕਰੇਨਿ ॥' [ਵਾਰਾਂ ਤੇ ਵਧੀਕ ਮ: ੧,ਪੰਨਾ ੧੪੧੦

'ਹੈ' ਹੀ ਤਾਂ ਵਾਹਿਗੁਰੂ ਹੈ । ਇਸ ਨੂੰ ਚੰਬੜ ਜਾਉ । ਫੁਰਨਾ ਰੋਕ ਕੇ ਜਦ ਲੀਨ ਹੋ ਜਾਉਗੇ ਤਾਂ ਸਾਨੂੰ ਪ੍ਰਤੀਤ ਹੋਵੇਗਾ ਕਿ 'ਹੈ' ਤਾਂ ਕੋਈ ਚੀਜ਼ ਹੈ । ਨਾਸਤੀ ਤੋਂ ਕਿਵੇਂ ਕੁਛ ਹੋ ਸਕਦਾ ਹੈ ? ੧ਓ ਜੋ ਹੈ ਸਤਿ ਹਸਤੀ ਹੈ, ੧ ਹੈ, ਓ ਸਤਿ ਹੈ ਫਿਰ ਨਾਮ ਭੀ ਸਤਿ ਹੈ । ਨਾਮ ਅਭਿਆਸੀ ਭੀ ਸਤਿ ਹੈ । 'ਸਤਿ ਸੇਵਦਾਰ' ਹੋ ਗਿਆ । ਪੂਜਾ ਕੀਤੀ, ਸਤਿ ਸਰੂਪ ਹੋ ਗਿਆ । ਸਤਿ ਤੋਂ ਆਇਆ ਹੈ, ਇਸ ਲਈ ਸ਼ਤਿ ਦਾ ਅਧਿਕਾਰੀ ਹੈ ਸਤਿ ਵਿਚ ਜਾਣੇ ਦਾ, ਤੇ ਅਸਤਿ ਨੂੰ ਕੱਟਕੇ ਸਤਿ ਵਿਚ ਪਹੁੰਚਾਉਣ ਵਾਲਾ ਨਾਮ ਹੈ । ਜੋ ਨਾਮ ਜਪੇਗਾ ਅਸਲ ਸਤਿ ਨੂੰ ਪਹੁੰਚੇਗਾ । ਉਹ ਜੋ ਨਾਮ ਹੈ, ਸਤਿ ਹੈ, ਉਹ ਕਰਤਾ ਹੈ, ਸਰਬ ਬ੍ਰਹਮੰਡਾਂ ਦਾ ਕਰਤਾ ਹੈ । ਕਰਤਾ ਦੇ ਤਿੰਨ ਲਛਣ ਹਨ:—

(੧) ਇਛਾ, (੨) ਗਿਆਨ, (੩) ਕਿਰਤ (ਕ੍ਰਿਤੀ) ।

(੧) ਇਛਾ—ਜੋ ਕੰਮ ਕਰਨਾ ਚਾਹੁੰਦਾ ਹੈ, ਜਿਵੇਂ ਸੋਨੇ ਦੇ ਗਹਿਣੇ ਤੇ ਕਿਸੇ ਦਾ ਦਿਲ ਕਰਨਾ । ਸਾਡੀ ਇੱਛਾ ਅਰ ਉਸ ਦੀ ਇੱਛਾ ਇਕ ਨਹੀਂ, ਬੱਦਲ ਨਾਲ ਅਸੀਂ ਤਾਂ ਭਿੱਜ ਜਾਵਾਂਗੇ ਪਰ ਕਦੀ ਆਕਾਸ਼ ਵੀ ਭਿੱਜਿਆ ਹੈ ? ਜੈਸੇ ਬੱਦਲ ਅਕਾਸ਼ ਨੂੰ ਨਹੀਂ ਪੁੰਹ

ਸਕਦਾ ਜੈਸੇ ਅਕਾਸ਼ ਕਦੇ ਮੈਲਾ ਨਹੀਂ ਹੋਇਆ । ਘਟਾ ਘਨਘੋਰ ਨਾਲ ਅਕਾਸ਼ ਕਦੀ ਨਹੀਂ ਭਿੱਜਿਆ । ੯੬ ਕਰੋੜ ਬੱਦਲ ਹੈ :-

'ਛਿਨਵੈ ਕਰੋੜੀ ਮੇਘ ਮਾਲਾ ਪਾਣੀ ਹਾਰੀਆ ॥'

[ਮਲਾਰ ਨਾਮਦੇਵ, ਪੰਨਾ ੧੨੯੨

ਉਸ ਵਿਚ ਇੱਛਾ ਵਿਕਾਰਵਤੀ ਨਹੀਂ । ਇੱਛਾ ਚੇਤਨ ਵਿਚ ਹੁੰਦੀ ਹੈ । ਅਪਣੀ ਇੱਛਾ ਵਿਚ ਉਹ ਇਤਨਾ ਸਮਰਥ ਹੈ :—

'ਹਰਨ ਭਰਨ ਜਾਕਾ ਨੇਤ੍ਰ ਫੋਰੁ ॥' [ਸੁਖਮਨੀ, ਪੰਨਾਂ ੨੮੪

'ਖਿਨ ਮਹਿ ਅਵਰ ਖਿਨੈ ਮਹਿ ਅਵਰਾ
ਅਚਰਜ ਚਲਤ ਤੁਮਾਰੇ ॥' [ਸੋਰਠਿ ਮ· ੫, ਪੰਨਾ ੬੧੩

(੨) ਗਿਆਨ—ਕਿਸੇ ਕੰਮ ਦੇ ਕਰਨ ਲਈ ਕੀ ਕੀ ਪਦਾਰਥ ਚਾਹੀਦੇ ਹਨ, ਇਹ ਕਿਸ ਤਰ੍ਹਾਂ ਬਣੇਗਾ, ਇਸ ਨੂੰ ਗਿਅ ਨ ਆਖਦੇ ਹਨ । ਜਿਸ ਤਰ੍ਹਾਂ ਸੁਨਿਆਰੇ ਨੂੰ ਗਿਆਨ ਹੈ ਕਿ ਫਲਾਣੇ ਗਹਿਣੇ ਲਈ ਇਤਨਾ ਸੋਨਾ ਹੋਵੇ, ਅਥਵਾ ਇਹ ਸਮੱਗਰੀ ਹੋਵੇ ਤਦ ਇਸ ਤੋਂ ਲੋੜੀਂਦੀ ਚੀਜ਼ ਬਣਦੀ ਹੈ ।

(੩) ਕਿਰਤ—ਪੂਰਸ਼ਾਰਥ—ਸੋ ਰਚਨਾ ਬਣ ਗਈ । ਇਹ ਤਿੰਨ ਚੀਜ਼ਾਂ ਜਿਸ ਵਿਚ ਹਨ ਉਹ ਕਰਤਾ ਹੈ । ਪਰ ਉਹ ਕਰਤਾ ਕਿਸੀ ਸਮਿੱਗਰੀ ਦੀ ਜ਼ਰੂਰਤ ਨਹੀਂ ਰਖਦਾ, ਤਾਂ ਤੇ ਪੁਰਖ ਹੈ । ਇਹ ਹੀ ਕਮਾਲ ਹੈ । ਸੁਨਿਆਰੇ ਨੂੰ ਸਮੱਗਰੀ ਦੀ ਜ਼ਰੂਰਤ ਹੈ, ਕੁੰਮ੍ਹਿਆਰ ਨੂੰ ਲੋੜ ਹੈ ਮਿਟੀ, ਕੂੜਾ ਗੋਬਰ ਆਦਿਕ ਦੀ, ਪਰ ਇਹ ਉਹ ਕਰਤਾ ਨਹੀਂ:'ਨਮੋ ਤਾਨ ਤਾਨੇ' 'ਨਮੋ ਭਾਨ ਭਾਨੇ' ਹੈ :-

'ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥ [ਗੌਂਡ ਮ: ੫, ਪੰਨਾ ੮੬੩

ਇਸ ਨੂੰ ਸਮਿਗਰੀ ਦੀ ਲੋੜ ਨਹੀਂ । ਇਹ ਤਾਂ ਈਸ਼ਵਰ ਹੈ । ਕਰਨਾ, ਨਾ ਕਰਨਾ ਅਥਵਾ ਅੰਨਥਾ ਕਰਨ ਵਿਚ ਜੋ ਸਮੱਰਥਤਾ ਰਖਦਾ ਹੋਵੇ ਸੋ ਈਸ਼ਵਰ ਹੈ । ਚਾਹੇ ਤਾਂ ਸੂਰਜ ਨੂੰ

'ਪ੍ਰਮਾਣੰ' ਵਿਚ, ਤੇ 'ਪ੍ਰਮਾਣੰ' ਨੂੰ ਸੁਰਜ ਵਿਚ ਬਦਲ ਦੇਵੇ:—

'ਖਿਨ ਮਹਿ ਥਾਪਿ ਉਥਾਪਨ ਹਾਰਾ ॥' [ਸੁਖਮਨੀ, ਪੰਨਾ ੨੭੬

ਇਸ ਦੀ ਕੀਮਤ ਨਹੀਂ ਪਾਈ ਜਾਂਦੀ। ਇਥੇ ਤਾਂ 'ਹੁਕਮ ਰਜਾਈ' ਚਲਣਾ ਹੈ। ਇਸ ਲਈ ਉਸ ਦੀ ਰਜ਼ਾ ਵਿਚ ਹੀ ਚਲਣਾ ਚਾਹੀਦਾ ਹੈ। ਰਜ਼ਾ ਤੋਂ ਉਕਿਆ, ਫਿਰ ਢੱਠਾ:—

'ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥'

[ਆਸਾ ਮ: ੫, ਪੰਨਾ ੪੦੦

ਜੋ ਰਜ਼ਾ ਮੰਨੇਗਾ, ਸੋ ਸੁਖ ਪਾਏਗਾ। ਇੰਜਨ ਲਾਈਨ ਪਰ ਤੁਰਦਾ ਜਾਏਗਾ ਤਾਂ ਅਪਣੇ ਟਿਕਾਣੇ ਪੁੱਜ ਜਾਏਗਾ। ਜੇ ਲਾਂਭੇ ਹੋਇਆ, ਤਾਂ ਉਹ ਉਲਟ ਜਾਏਗਾ।

'ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ'॥ [ਜਪੁਜੀ, ਪੰਨਾ ੭

ਇਸ ਹਾਕਮ ਦਾ ਕੀਤਾ ਕੋਈ ਨਹੀਂ ਉਲਟ ਸਕਦਾ। ਇਹ ਹੋਇਆ 'ਪੁਰਖੁ'।

ਇਹ ਮੂਲ ਮੰਤ੍ਰ ਦੇ ੬ ਸਰੂਪ ਹਿਰਦੇ ਵਿਚ ਧਾਰੇ, ਫਿਰ ਪ੍ਰਾਪਤੀ ਸਤਿ, ਚਿਤ, ਆਨੰਦ ਦੀ। ਫੁਰਨਾ ਨਾ ਫੁਰਨ ਦੇਵੇ, ਜੇ ਫੁਰ ਜਾਏ (ਕਿਉਂਕਿ ਮਨ ਦਾ ਸੁਭਾਵ ਹੈ) ਤਾਂ ਕੋਈ ਬਾਤ ਨਹੀਂ। ਮੱਛੀ ਜਲ ਦੇ ਉਰਵਾਰ ਅਥਵਾ ਪਾਰ, ਹੇਠਾਂ ਜਾਂ ਉਪਰ ਰਹੇ ਤਾਂ ਕੋਈ ਬਾਤ ਨਹੀ, ਗੁਰ ਮੰਤ੍ਰ ਦੇ ਸਿਮਰਨ ਵਿਚ ਲਗਾ ਰਹੇ, ਪਹਿਰਾ ਇਸ ਤੇ ਦੇਣ ਦੀ ਲੋੜ ਹੈ;—

'ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥
ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥'

[ਭੈਰਉ ਮ: ੩, ਪੰਨਾਂ ੧੧੩੨

'ਮਨ ਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥
ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥'

[ਸੂਹੀ ਵਾਰ ਮ: ੩, ਪੰਨਾ ੭੮੭

ਏਕੇ ਵਿਚ ਹੀ ਇਸਥਿਤ ਹੋਣਾ ਹੈ :—

'ਜਿਨਿ ਜਾਪਿਆ ਤਿਸ ਕਉ ਬਲਿਹਾਰ ॥' [ਤਿਲੰਗ ਮ: ੫, ਪੰਨਾ ੭੨੪

ਸੰਸਾਰ ਸਾਗਰ ਦੇ ਤਰਣੇ ਲਈ ਅਭਿਆਸ ਚਾਹੀਏ। ਅਭਿਆਸ ਦੀ ਜੁਗਤ ਕੀ ਹੈ? ਇਕੋ ਹੀ ਰਾਹ ਹੈ, ਮਨ ਦੇ ਫੁਰਨੇ ਨੂੰ ਮਨ ਵਿਚ ਹੀ ਲੀਨ ਕਰ ਦੇਵੇ, ਭਉਜਲ ਤਰ ਜਾਏਗਾ। ਜੇਕਰ ਫੁਰਨਾ ਨਾ ਰੁਕੇ ਫਿਰ ਨਾਮ ਵਿਚ ਲਗ ਜਾਏ :—

'ਮਨਸਾ ਮਨਹਿ ਸਮਾਇ ਲੈ ਭਉਜਲੁ ਸਚਿ ਤਰਣਾ ॥
ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ ॥'

[ਆਸਾ ਮ: ੧, ਪੰਨਾ ੪੧੯

ਜੇ ਫਿਰ ਵੀ ਮਨ ਫੁਰਨੇ ਤੋਂ ਨਾ ਰੁਕੇ ਤਾ ਉਸ ਦਇਆਲੂ ਵਾਹਿਗੁਰੂ ਜੀ ਦੀ ਸ਼ਰਨ ਡਿਗ ਪਵੇ, ਸ਼ਰਨ ਪਏ ਦੀ ਲਾਜ ਬਾਬਾ ਜੀ ਨੂੰ ਹੈ :—

'ਸਰਨਿ ਪਰੇ ਕੀ ਰਾਖੁ ਦਇਆਲਾ ॥' [ਗਉ: ਬਾ: ਅਖ:, ਪੰਨਾ ੨੬੦

ਇਕ ਵਿਚ ਬ੍ਰਿਤੀ ਦਾ ਲੀਨ ਹੋਣਾ ਉਨਮਨ ਅਵਸਥਾ ਨੂੰ ਹਾਸਲ ਕਰਨਾ ਹੈ। ਇਹ ਲਫ਼ਜ਼ ਮਾੜ੍ ਨਹੀਂ, ਇਹ ਤਾਂ :—

'ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥
ਤਬਲ ਬਾਜ ਬੀਚਾਰ ਸਬਦਿ ਸੁਣਾਇਆ ॥
ਇਕ ਹੋਏ ਅਸਵਾਰ ਇਕਨਾ ਸਾਖਤੀ ॥
ਇਕਨੀ ਬਧੇ ਭਾਰ ਇਕਨਾ ਤਾਖਤੀ ॥'

[ਵਾਰ ਮਾਝ ਮ: ੧, ਪੰਨਾ ੧੪੨

'ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥' [ਸੁਖਮਨੀ: ਪੰਨਾ ੨੮੬

ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਛੇਵੇਂ ਪਾਤਸ਼ਾਹ :—

'ਹਮ ਅਜ਼ ਫਕਰ ਹਮ ਸਲਤਨਤ ਨਾਮਵਰ ॥
ਬਫੁਰਮਾਨਿਓ ਜੁਮਲਾ ਜ਼ੇਰੋ ਜ਼ਬਰ ॥' [ਭਾਈ ਨੰਦ ਲਾਲ

ਬਾਦਸ਼ਾਹ ਤੇ ਫਕੀਰੀ ਵਿਚ ਉਘੇ ਤੇ ਜਿਨ੍ਹਾਂ ਦੇ ਹੁਕਮ ਹੇਠ

ਹੇਠਲੇ ਤੇ ਉਪਰਲੇ ਸਭੇ ਹਨ, ਉਹ ਇਕ ਸਮੇਂ ਸ਼ਿਕਾਰ ਚੱਲੇ। ਉਸ ਸਮੇਂ ਇਕ ਸਿਖ ਭੀ ਨਾਲ ਹੈਸੀ। ਰਸਤੇ ਵਿਚ ਉਸ ਸਿਖ ਨੂੰ ਆਗਿਆ ਹੋਈ ਖੜੇ ਰਹਿਨ ਦੀ। ਵਾਪਸੀ ਤੇ ਸਾਹਿਬ ਪਾਤਸ਼ਾਹ ਕੁਦਰਤ ਨਾਲ ਹੋਰ ਹੀ ਰਸਤੇ ਚਲੇ ਗਏ। ਉਹ ਗੁਰੂ ਕਾ ਸਿਖ ਹੁਕਮ ਅਨੁਸਾਰ ਤਿੰਨ ਦਿਨ ਓਥੇ ਖੜਾ ਰਿਹਾ। ਅੰਮ੍ਰਿਤ ਵੇਲੇ ਪਾਤਸ਼ਾਹ ਜੀ ਨੂੰ ਖਿੱਚ ਪਈ, ਆਪ ਹੀ ਅੰਮ੍ਰਿਤ ਵੇਲੇ ਸਵਾਰ ਹੋਕੇ ਉੱਠ ਭੱਜੇ, ਆਹਾ ! ਜਿਵੇਂ ਰੋਂਦੇ ਬੱਚੇ ਦੀ ਅਵਾਜ਼ ਸੁਣ ਕੇ ਮਾਂ ਦੌੜਦੀ ਹੈ, ਤੇ ਆਪ ਜਾ ਕੇ ਛਾਤੀ ਨਾਲ ਲਾ ਲੈਂਦੀ ਹੈ, ਇੰਝ ਸਾਹਿਬਾਂ ਪਾਸੋਂ ਇੰਤਜ਼ਾਰ ਨਾ ਹੋ ਸਕੀ, ਭੱਜ ਕੇ ਗਏ, ਜਾ ਮੱਥਾ ਚੁੰਮਿਆਂ, ਮੂੰਹੋਂ ਆਖਿਆ: 'ਧੰਨ ਸਿਖੀ'। ਇਹ ਗੁਰੂ ਬਾਬੇ ਦੀ ਸਿਖੀ ਹੈ। ਇਸ ਫੁਲਵਾੜੀ ਨੂੰ ਗੁਰੁ ਨਾਨਕ ਪਾਤਸ਼ਾਹ ਅਕਾਲ ਪੁਰਖ ਦੀ ਸਮਝਦੇ ਸੇ।

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥'

ਸਿਖ ਨੂੰ ਨਾਲ ਲਿਆਂਦਾ, ਪ੍ਰਸ਼ਾਦ ਛਕਾਇਆ, ਅਸੀਸ ਦਿੱਤੀ: ਤੇਰੀ ਘਾਲ ਪ੍ਰਵਾਨ ਹੋਈ। ਇਹ ਅੱਖਰ ਸਨ ਕੋਈ ਜਾਦੂ ਸੀ, ਕਪਾਟ ਖੁਲ ਗਏ। 'ਖੜਾ ਰਹੋ' ਇਸ ਵਿਚ ਸਭ ਕੁਛ ਸੀ।

'ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥'
'ਸਾਵਧਾਨ ਏਕਾਗਰ ਚੀਤ ॥' [ਸੁਖਮਨੀ, ਪੰਨਾ ੨੯੫

**ਫਲ ਕੀ ?**

'ਮੁਖ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ ॥'
[ਵਾਰ ਗਉ: ਮ: ੫, ਪੰਨਾ ੬੨੦

'ਅਮਲੀ ਅਮਲੁ ਨ ਛਡਨੀ ਹੁਇ ਬਹਿਨਿ ਇਕਠੇ ॥'
[ਭਾ: ਗੁ: ਵਾਰ ੨੭-੨

ਬਦ ਆਦਮੀ ਬਦੀ ਨਹੀਂ ਛਡਦੇ, ਸਿਖ ਕਿਵੇਂ ਨਾਮ ਬਾਣੀ ਛੱਡ ਦੇਵੇ ? ਇਹ ਤਾਂ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ।

'ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥'

[ਗਉੜੀ ਵਾਰ ਮਃ ੫, ਪੰਨਾ ੩੨੦

ਇਹ ਨਾਮ ਬਾਣੀ ਹੀ ਜਨਮ ਮਰਨ ਦੀ ਟੇਕ ਹੈ। ਫਲ ਕੀ ਹੈ ? ਮੁੱਖ ਉੱਜਲਾ ਅਰ ਸਦਾ ਸੁਖ। ਬਾਹਰ ਤਾਂ ਕਰਤਾਰ ਦੀ ਰਚਨਾ ਹੈ। ਪਰ ਦੁਖ ਕਲੇਸ਼ ਸਭ ਮਨ ਵਿਚ ਹਨ, ਪਰ ਮਨ :-

'ਮਨੁ ਅਸਾਧੁ ਸਾਧੈ ਜਨੁ ਕੋਈ ॥' [ਧਨਾਃ ਮਃ ੩, ਪੰਨਾ ੬੬੫

ਤਥਾ:—'ਗੁਰਮੁਖਿ ਬਾਣੀ ਅਘੜੁ ਘੜਾਵੈ॥' [ਸਿਧ ਗੋਸ਼ਟਿ, ਪੰਨਾ ੯੪੧

ਦਾਰਾ ਸ਼ਕੋਹ ਦਿੱਲੀ ਦਾ ਬਾਦਸ਼ਾ ਵੇਦਾਂ ਦਾ ਜਾਣੂੰ ਸੀ। ਹਿੰਦੂ ਅਤੇ ਮੁਸਲਮਾਨ ਫਕੀਰਾਂ ਦੀ ਸੁਹਬਤ ਕਰਦਾ ਸੀ। ਆਤਮ ਜੀਵਨ ਵਿਚ ਜਾਗ ਚੁਕੇ ਮਹਾਂ ਪੁਰਸ਼ਾਂ ਦਾ ਸਤਿਸੰਗ ਕਰਦਾ ਸੀ, ਅਤੇ ਸ਼ਰਅ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਸੀ। ਸੂਫੀ ਅਤੇ ਵੇਦਾਂਤ ਦੀ ਰੰਗਣ ਨੇ ਉਸ ਦੇ ਮਨ ਵਿਚ ਖੁਲ੍ਹ-ਦਿਲੀ ਪਾ ਦਿਤੀ ਸੀ। ਉਸ ਦਾ ਇਕ ਗ਼ੁਲਾਮ ਸੀ 'ਮੁਲ ਖਰੀਦੀ ਲਾਲਾ ਗੋਲਾ' ਜੋ ਦਾਰਾ ਸ਼ਕੋਹ ਨੂੰ ਅਤਿ ਹੀ ਪਿਆਰ ਕਰਦਾ ਹੈਸੀ, ਤੇ ਕਹਿੰਦਾ ਸੀ 'ਐ ਬਾਦਸ਼ਾਹ ਸਲਾਮਤ! ਤੂੰ ਮੁਲਕ ਦਾ ਬਾਦਸ਼ਾਹ ਹੈਂ, ਤੂੰ ਫਕੀਰਾਂ ਬੇਨਵਾਵਾਂ ਦੇ ਤਕੀਆ ਤੇ ਨਾ ਜਾਇਆ ਕਰ, ਤੈਨੂੰ ਉਥੋਂ ਕੀ ਮਿਲਦਾ ਹੈ ? ਤੇ ਦਾਰਾ ਸ਼ਕੋਹ ਅਗੋਂ ਆਖ ਦੇਂਦਾ ਸੀ:'ਅੱਛਾ ਬਤਾਏਂਗੇ'। ਉਹ ਫਿਰ ਪੁੱਛਦਾ ਸੀ ਤੇ ਬਾਦਸ਼ਾਹ ਕਹਿ ਦੇਂਦਾ ਸੀ: 'ਬਤਾਏਂਗੇ'। ਸਮੇਂ ਦਾ ਚੱਕਰ ਚਲਿਆ। ਔਰੰਗਜ਼ੇਬ ਨੇ ਇਕ ਭਰਾ ਨੂੰ ਕਤਲ ਕਰ ਦਿਤਾ, ਇਕ ਨੂੰ ਜ਼ਹਿਰ ਦਿੱਤੀ, ਇਕ ਨੂੰ ਗ੍ਰਿਫਤਾਰ ਕੀਤਾ, ਤੇ ਦਾਰਾ ਸ਼ਕੋਹ ਆਪਣੀ ਜਾਨ ਬਚਾਉਣ ਲਈ ਨੱਸ ਗਿਆ। ਨਾਲ ਗ਼ੁਲਾਮ ਹੈ। ਤਿੰਨ ਦਿਨ ਦੇ ਸਫਰ ਦੇ ਬਾਦ ਬਾਦਸ਼ਾਹ ਭੁੱਖ ਕਰਕੇ ਆਤੁਰ ਹੋ ਗਿਆ, ਸਰੀਰ ਵਿਚ ਚੱਲਣ ਦੀ ਸੱਤਿਆ ਨਾ ਰਹੀ, ਗ਼ੁਲਾਮ ਨੇ ਕਿਹਾ ਕਿ ਇਹ ਸੋਨੇ ਦੀ ਮੁਹਰ ਲੈ ਜਾ ਅਤੇ ਪਿੰਡ ਵਿਚੋਂ ਖਾ

ਪੀਣ ਦੀ ਰਸਦ ਲੈ ਆ। ਗ਼ੁਲਾਮ ਅੱਖਾਂ ਵਿਚ ਹੰਝੂ ਭਰਦਾ ਪਿੰਡ ਵਲ ਤੁਰ ਪਿਆ, ਇਧਰ ਬਾਦਸ਼ਾਹ ਸੋਚਣ ਲਗਾ ਕਿ ਗ਼ੁਲਾਮ ਦੇ ਆਉਣ ਵਿਚ ਸਮਾਂ ਲਗੇਗਾ ਤੇ ਉਸ ਦੇ ਆਉਣ ਤੋਂ ਪਹਿਲਾਂ ਮੈਂ ਅੱਗ ਬਾਲ ਰਖਾਂ। ਉਸ ਨੇ ਲਕੜਾਂ ਕੱਠੀਆਂ ਕੀਤੀਆਂ। ਕਿਤੇ ਅੱਗ ਦੀ ਮੇਂਡਣ ਧੁਖਦੀ ਸੀ, ਚੁੱਕ ਲਿਆਂਦੀ ਤੇ ਜੋੜ ਕੇ ਫੂਕਾਂ ਮਾਰਨ ਲਗਾ। ਬਾਦਸ਼ਾਹ ਨੇ ਕਦੇ ਅਗ ਬਾਲੀ ਨਹੀਂ ਸੀ! ਸੋ, ਦਾੜ੍ਹੇ ਤੇ ਖ਼ਾਕ ਪੈ ਗਈ, ਦਾੜ੍ਹਾ ਫੂਕਾਂ ਮਾਰਦੇ ਮਿਟੀ ਨਾਲ ਭਰ ਗਿਆ। ਗ਼ੁਲਾਮ ਆਇਆ, ਤੱਕਿਆ ਤੇ ਰੋ ਪਿਆ। ਦਾਰਾ ਸ਼ਕੋਹ ਨੇ ਕਹਿਆ,ਰੋਂਦਾ ਕਿਉਂ ਹੈ?' ਤਾਂ ਗ਼ੁਲਾਮ ਨੇ ਕਿਹਾ 'ਐ ਬਾਦਸ਼ਾਹ ਸਲਾਮਤ! ਰੋਂਦਾ ਹਾਂ ਉਸ ਸਮੇਂ ਨੂੰ ਜਦੋਂ ਮੈਂ ਰੋਕਦਾ ਸਾਂ ਕਿ ਫਕੀਰਾਂ ਦੀ ਸੁਹਬਤ ਨਾ ਕੀਤਾ ਕਰੋ, ਇਹ ਫਕੀਰਾਂ ਦੀ ਸੁਹਬਤ ਦਾ ਫਲ ਮਿਲਿਆ ਹੈ।' ਬਾਦਸ਼ਾਹ ਦੇ ਮੱਥੇ ਤੇ ਤਿਊੜੀ ਚੜ੍ਹ ਗਈ ਖੰਜਰ ਤੇ ਹੱਥ ਗਿਆ, ਰੋਹ ਭਰੀ ਨਜ਼ਰ ਨਾਲ ਤੱਕਕੇ ਕਹਿਣ ਲਗਾ ਕਿ ਗ਼ੁਲਾਮ ਅਗਰ ਤੂੰ ਮੇਰਾ ਦਿਲੀ ਪਿਆਰਾ ਨਾ ਹੁੰਦਾ ਤਾਂ ਹੁਣੇ ਹੀ ਮੈਂ ਖੰਜਰ ਦੇ ਨਾਲ ਤੇਰੀ ਜੀਭ ਕੱਟ ਲੈਂਦਾ, ਸੁਣ! ਰਾਜ ਜਾ ਚੁਕਾ ਹੈ, ਹਕੂਮਤ ਮੁੱਕ ਗਈ ਹੈ, ਬੇਗਮ ਮਰ ਚੁਕੀ ਹੈ, ਮੇਰਾ ਅੰਤ ਭਿਆਨਕ ਦਿੱਸ ਰਿਹਾ ਹੈ, ਪਰ ਸੰਤਾਂ ਦੀ ਸੁਹਬਤ ਦਾ ਫਲ ਇਹ ਹੈ ਕਿ ਮੇਰਾ ਮਨ ਮਹਾਨ ਸ਼ਾਂਤ ਹੈ, ਮੇਰੇ ਚਿਤ ਵਿਚ ਕਿੰਚਿਤ ਦੁਖ ਨਹੀਂ:— 'ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥'

[ਸੋਰਠਿ ਮ: ਪ ਪੰਨਾ ੬੧੪

ਸਰੂਪ ਤਾਂ ਸਤਿ, ਚੇਤਨ, ਅਨੰਦ ਮਯ ਹੈ 'ਸਤਿ ਸੁਹਾਣੁ ਸਦਾ ਮਨਿ ਚਾਉ'। ਸਤਿ ਦੇ ਖਿਆਲ ਵਿਚ ਬ੍ਰਿਤੀ ਜਦ ਇਸਥਿਤ ਹੋ ਜਾਏ ਤਾਂ ਲਿਵ, ਧਿਆਨ, 'ਵਾਸ਼ਨਾ-ਅਭਾਵ, ਪੂਰਨ ਪ੍ਰੇਮ ਦੀ ਪ੍ਰਾਪਤੀ, ਤੇ ਪ੍ਰੀਤਮ ਹਾਜ਼ਰ ਨਾਜ਼ਰ ਹੋ ਜਾਂਦਾ ਹੈ:—

'ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ ॥' [ਸੋਰਠਿ ਰਵਿਦਾਸ ਜੀ, ਪੰਨਾ ੬੫੮

ਜਿਵੇ' ਇਸਤ੍ਰੀ ਦਾ ਸੁਹਾਗ ਪਤੀ ਤੋਂ ਬਿਨਾ ਨਹੀਂ, ਇਵੇਂ ਲਿਵ ਬਿਨਾਂ ਸਿਖ ਨਹੀਂ। ਬਿਰਖ ਦਾ ਸਾਰ ਅੰਮ੍ਰਿਤ ਫਲ ਹੈ, ਇਸਤ੍ਰੀ ਅਤੇ ਗ੍ਰਿਹਸਤ ਦਾ ਸਾਰ ਸੰਤਾਨ ਹੈ, ਇਵੇਂ ਪਰਮਾਰਥ ਦਾ ਸਾਰ ਲਿਵ ਹੈ। ਲਿਵ-ਲੀਨ ਹੋਣਾ ਵਾਹਿਗੁਰੂ ਦੀ ਹਾਜ਼ਰੀ ਹੈ, ਸਾਰੇ ਸਾਧਨਾਂ ਦਾ ਤੱਤ ਲਿਵ ਹੈ। ਲਿਵ ਦੇ ਵਿਚ ੪ ਚੀਜ਼ਾਂ ਹਨ:—(੧) ਧਿਆਨ, (੨) ਪੂਰਨ ਪ੍ਰੇਮ, (੩) ਵਾਸ਼ਨਾ ਦਾ ਘਟਣਾ, (੪) ਪ੍ਰੀਤਮ ਦਾ ਸਾਹਮਣੇ ਯਾ ਅੰਗ ਸੰਗ ਪ੍ਰਤੀਤ ਹੋਣਾ, ਤੇ ਏਕਾ (ਰਬ) ਐਉਂ ਸ਼ੂੰਨ ਨਹੀਂ ਚੇਤਨ ਅਨੁਭਵ ਹੁੰਦਾ ਹੈ। ਸੋ ਉਹ ਵਾਹਿਗੁਰੂ ਇਕ ਹੈ, ਓਅੰਕਾਰਿ ਭੀ ਹੈ, ਇੱਛਾ ਪ੍ਰਬੱਲ ਹੈ, ਇਹ ਓਅੰਕਾਰ ਸ਼ਬਦ, ਜਗਤ ਉਤਪਤੀ ਕਰਦਾ ਹੈ। ਓਅੰਕਾਰ ਦੀ ਧੁਨੀ ਤੋਂ ਬ੍ਰਹਮੰਡ ਸਜ ਗਿਆ। ਜਿਵੇਂ ਸਰੂਪ ਸਤਿ ਹੈ, ਤਿਵੇਂ ਨਾਮ ਭੀ ਸਤਿ ਹੈ, ਫਿਰ ਨਾਮ ਅਭਿਆਸੀ ਭੀ ਸਤਿ ਹੈ। ਕਰਤਾ ਤਾਂ ਸੁਤੰਤਰ ਹੈ, ਉਸ ਨੂੰ ਸਹਾਇਤਾ ਦੀ ਲੋੜ ਨਹੀਂ, ਸਰਬ ਸਮਰਥ ਹੈ:-

'ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥'

[ਬਿਹਾਗੜਾ ਮਹਲਾ ੯, ਪੰਨਾ ੫੩੭

ਉਹ ਜਗਤ ਨੂੰ ਉਤਪਤ ਕਰਕੇ ਉਸ ਤੋਂ ਅਲੱਗ ਨਹੀਂ, ਉਸ ਵਿਚ ਆਪ ਇਸਥਿਤ ਹੈ। ਹਲਵਾਈ ਤੋਂ ਮਠਿਆਈ ਬਣ ਗਈ, ਉਹ ਉਸ ਵਿਚ ਖ਼ੁਦ ਇਸਥਿਤ ਨਹੀਂ। ਕੀਤੇ ਵਿਚ ਕਰਤਾ ਨਹੀ, ਪਰ ਇਹ ਇਕੋ ਹੀ ਲਾਸ਼ਰੀਕ ਵਾਹਿਗੁਰੂ ਹੈ, ਜੋ ਆਪਣੀ ਕ੍ਰਿਤ ਵਿਚ ਆਪ ਵੀ ਸ਼ਾਮਲ ਹੈ:-

'ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ ॥ [ਆਸਾ ਮ: ੪, ਸੋ ਪੁਰਖੁ ਪੰਨਾ ੩੪੮

ਅੰਡਜ ਵਿਚ, ਜੇਰਜ ਵਿਚ, ਸੇਤਜ ਵਿਚ, ਉਤਭੁਜ ਵਿਚ*

---

*ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ ਏਕੁ ਪੁਰਖੁ ਮੈਂ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥ [ਸੋਰਠਿ ਮ: ੧, ਪੰਨਾ ੫੯੬

ਹਿਮਾਲੀਆ ਵਿਚ, ਕੱਖ ਵਿਚ, ਜਿਥੇ ਭੀ ਜਾਈਏ:-

'ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ।।'

[ਵਾਰ ਬਿਲਾ: ਮ: ੪-੫, ਪੰਨਾ ੮੫੧

ਸਾਡੇ ਜਾਣ ਤੋਂ ਪਹਿਲਾਂ ਹੀ ਉਹ ਉਥੇ ਹੈ, ਕਿਉਂਕਿ ਉਹ ਵਿਆਪਕ ਹੈ :—

'ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ।।
ਜਿਹਿ ਧਿਰਿ ਦੇਖਾ ਤਿਹ ਧਿਰਿ ਮਉਜੂਦੁ ।।'

[ਵਾਰ ਸਿਰੀ ਰਾਗੁ ਮ: ੧-੪, ਪੰਨਾ ੯੩

ਪੁਰਖੁ ਪੁਰਖੱਤ੍ਵ ਸੰਜੁਗਤ ਹੈ, ਉਹ ਭੈ ਤੋਂ ਰਹਿਤ ਹੈ; ਨਿਰਭਉ ਹੈ । ਭੈ ਦੂਜੇ ਤੋਂ ਹੁੰਦਾ ਹੈ :—

'ਏਕੇ ਕਉ ਨਾਹੀ ਭਉ ਕੋਇ ।।' [ਬਿਲਾਵਲ ਮ: ੧–੩, ਪੰਨਾ ੭੯੬

ਉਸ ਨੂੰ ਭੈ ਨਹੀਂ, ਕਿਉਂਕਿ ਉਹ ਇੱਕੋ ਇਕ ਹੈ :—

'ਕਉਣੁ ਡਰੈ ਡਰੁ ਕਿਸਕਾ ਹੋਇ ।।'

[ਬਿਲਾਵਲੁ ਮਹਲਾ ੩ ਅਸ਼ਟ:-੨, ਪੰਨਾ ੮੪੨

ਉਹ ਨਿਰਵੈਰ ਹੈ। ਉਹ ਦ੍ਵੈਸ਼ ਕਿਸ ਨਾਲ ਕਰੇ ?

'ਖੇਲੁ ਸੰਕੋਚੈ ਤਉ ਨਾਨਕ ਏਕੈ ।।' [ਸੁਖਮਨੀ ੨੧-੭, ਪੰਨਾ ੨੯੨

ਇਕ ਨੂੰ ਅਸਥਾਪਨ ਕਰਕੇ ਭੈ ਨਹੀਂ; ਵੈਰ ਨਹੀਂ, ਉਸ ਦੀ ਮੂਰਤ, ਵਜੂਦ, ਹਸਤੀ, ਨਿਰਗੁਣ ਭੀ ਹੈ ਸਰਗੁਣ ਭੀ ਹੈ :—

'ਨਿਰਗੁਨੁ ਆਪਿ ਸਰਗੁਨੁ ਭੀ ਓਹੀ ।।' [ਸੁਖਮਨੀ ੧੮-੮ ਪੰਨਾ ੨੮੭

ਉਸ ਦੀ ਹਸਤੀ ਜਾਂ ਵਜੂਦ ਕਾਲ ਤੋਂ ਰਹਿਤ ਹੈ। ਭੂਤ, ਭਵਿੱਖਤ, ਵਰਤਮਾਨ ਕਾਲ ਦੀ ਹੱਦ ਵਿਚ ਹਨ, ਪਰ ਉਹ ਅਕਾਲ ਹੈ: ਤਾਂ ਤੇ ਅਜੋਨੀ ਹੈ, ਜੈਸੇ ਉਹ ਮਰਦਾ ਨਹੀਂ ਤੈਸੇ ਜਨਮਦਾ ਭੀ ਨਹੀਂ; ਉਸ ਦਾ ਕਾਰਨ ਨਹੀਂ, ਤਾਂ ਤੇ ਅੰਤ ਭੀ ਨਹੀਂ। ਉਸ ਦੀ ਹਸਤੀ ਕਾਇਮ ਕਰਨ ਵਾਸਤੇ ੪ ਵਿਸ਼ੇਸ਼ਨ ਹਨ :—

(੧) ਨਿਰਭਉ=ਭਉ ਨਹੀਂ, ਅਭੈ ਹੈ ।

(੨) ਨਿਰਵੈਰ=ਵੈਰ ਨਹੀਂ, ਫਿਰ ਹੈ ਕੀ? ਪ੍ਰੇਮ ਹੈ, ਅਨੁਰਾਗ ਹੈ।

(੩) ਅਕਾਲ ਮੂਰਤਿ=ਜਨਮ ਮਿਰਤੂ ਤੋਂ ਰਹਿਤ ਹੈ, ਕਿਉਂਕਿ ਉਸਦਾ ਕੋਈ ਕਾਰਨ ਨਹੀਂ :—

'ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥' [ਜਪੁਜੀ, ਪੰਨਾ ੨

(੪) ਸੈਭੰ=ਆਪਣੇ ਆਪ ਰੋਸ਼ਨ ਹੈ।

ਜੋ ਹੁਣ ਇਸ ਦਾ ਜਪ ਕਰੇਗਾ, ਇਸ ਦੀ ਸਲਾਮੀ ਵਿਚ ਆਏਗਾ, ਉਹ ਗੁਰਮੁਖ ਸਿਖ ਹੈ।

'ਜਪੁ'=ਜਪੁ ਦਾ ਭਾਵ ਇਕ ਤਾਂ ਇਹ ਹੈ ਕਿ ਇਸ ਬਾਣੀ ਦਾ ਨਾਮ ਜਪੁਜੀ ਸਾਹਿਬ ਹੈ। ਦੂਜਾ ਇਸ ਦਾ ਨਾਮ ਹੈ ਜਪੁ ਨੀਸਾਣੁ=ਨੀਸਾਣੁ ਦਾ ਅਰਥ ਹੈ ਨਗਾਰਾ। ਇਹ ਕਰੋੜਾਂ ਬ੍ਰਹਮੰਡਾਂ ਵਿਚ ਬ੍ਰਹਮ ਵਿਦਿਆ ਦਾ ਨਗਾਰਾ ਖੜਕ ਰਿਹਾ ਹੈ। ਤੀਸਰਾ ਇਹ ਜਪ ਜੋ ਹੈ, ਇਹ ਅਕਾਲ ਪੁਰਖੁ ਦਾ ਨੀਸਾਣੁ (ਝੰਡਾ) ਹੈ। ਨੀਸਾਣੁ ਦਾ ਚੌਥਾ ਅਰਥ ਹੈ ਚਿੰਨ੍ਹ 'ਨਦਰੀ ਕਰਮਿ ਪਵੈ ਨੀਸਾਣੁ'। ਜਿਸ ਨੂੰ ਇਸ ਦੀ ਚਿੰਨ੍ਹ ਪੈਂਦਾ ਹੈ ਉਹ ਅਗੇ ਜਾ ਕੇ ਧੱਕੇ ਨਹੀਂ ਖਾਂਦਾ, ਧਰਮ ਰਾਜ ਦੇ ਦੂਤ ਨਹੀਂ ਰੋਕ ਸਕਦੇ; ਉਸ ਪਰ ਵਾਹਿਗੁਰੂ ਜੀ ਦੀ ਬਖਸ਼ਿਸ਼ ਦਾ ਚਿੰਨ੍ਹ ਹੋਵੇਗਾ। ਲੋਕ, ਪ੍ਰਲੋਕ ਸਾਰੇ ਖੰਡਾਂ ਵਿਚ ਇਹ ਚਿੰਨ੍ਹ ਹੈ।

ਜਦ ਜਾਪ ਕਰੇਗਾ ਇਹ ੪ ਚੀਜ਼ਾਂ ਅੰਦਰ ਆ ਜਾਸਨ :—

(੧) ਅਭੈ ਹੋ ਜਾਏਗਾ।

(੨) ਨਿਰਵੈਰ ਹੋ ਜਾਏਗਾ। ਆਤਸ਼ੀ ਸ਼ੀਸ਼ੇ ਵਿਚ ਜਿਵੇਂ ਸੂਰਜ ਦੀ ਕਿਰਨ ਪ੍ਰਤਿਬਿੰਬਤ ਹੁੰਦੀ ਹੈ, ਇੰਝ ਨਿਰਭੈਤਾ ਅਰਥਾਤ ਅਭੈਤਾ ਪ੍ਰਵੇਸ਼ ਕਰੇਗੀ :—

'ਨਿਰਭਉ ਜਪੈ ਸਗਲ ਭਉ ਮਿਟੈ ॥' [ਸੁਖਮਨੀ ੨੨-੭, ਪੰਨਾ ੨੯੩

'ਜੋਗੀ ਕਉ ਕੈਸਾ ਡਰੁ ਹੋਇ ॥' [ਗਉੜੀ ਮ: ੧ ਅਸ਼ਟ:-੭, ਪੰਨਾ ੨੨੩

'ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥'

[ਸਲੋਕ ਕਬੀਰ—੧੮੦, ਪੰਨਾ ੧੩੧੪

ਸੂਰਜ ਦੇ ਸਾਹਮਣੇ ਅੰਧੇਰਾ ਕਿਥੇ ? ਰਾਤ ਕਿੱਥੇ ? ਜਿਤਨਾ ਸਾਡੇ ਵਿਚ ਭੈ ਹੈ ਉਤਨਾ ਹੀ ਵਿਛੜੇ ਪਏ ਹਾਂ :—

'ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ॥'

[ਸੂਹੀ ਛੰਤ ਮ: ੪, ੨-੨ ਪੰਨਾ ੭੭੩

ਇਹ ਉਨ੍ਹਾਂ ਦੀ ਗੱਲ ਹੈ ਜਿਨ੍ਹਾਂ ਰੱਬ ਨਾਲ ਆਤਮਾ ਦੀ ਸ਼ਾਦੀ ਕਰਨੀ ਹੈ। ਜਦ ਅਸੀਂ ਜਪ ਕਰਾਂਗੇ, ਸਾਡੇ ਵਿਚ ਅਭੈਤਾ ਆਵੇਗੀ। ਜਪੁਜੀ ਦੇ ਪਾਠੀ ਦੇ ਨੇੜੇ ਜਿੰਨ ਅਥਵਾ ਭੂਤ ਨਹੀਂ ਆਂਵਦੇ:—

'ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਾ ਜੋਹਈ ਤਿਤੁ ਚਾਖੁ ਨ ਲਾਗੈ ॥'

[ਬਿਲਾਵਲ ਮ: ੫--੬੮, ਪੰਨਾ ੮੧੭

ਨਿਰਭਉ ਨੇ ਬਣਾਇਆ ਕੀ ? ਅਭੈ। ਅਰ ਨਿਰਵੈਰ ਦਾ ਅਰਥ ਹੈ ਪ੍ਰੇਮ :—

'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥'

[ਧਨਾ: ਮ: ੫-੩ ਪੰਨਾ ੬੭੧

ਸੈਦ ਖਾਂ ਮੈਦਾਨੇ ਜੰਗ ਵਿਚ ਸ੍ਰੀ ਕਲਗੀਧਰ ਜੀ ਦਾ ਦਰਸ਼ਨ ਪਾ ਕੇ ਨਿਰਵੈਰ ਹੋ ਗਿਆ ਸੀ :—

'ਹਕ ਹਕ ਅੰਦੇਸ਼ ਗੁਰ ਗੋਬਿੰਦ ਸਿੰਘ ॥' [ਭਾਦੀ ਨੰਦ ਲਾਲ

'ਜਨਮ ਮਰਣ ਦੁਹਹੂ ਮਹਿ ਨਾਹੀ ॥' [ਸੂਹੀ ਮਹਲਾ ੫-੫੪, ਪੰਨਾ ੭੪੯

ਅਜੂਨੀ='ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥' [ਸੁਖਮਨੀ ੧੮-੬, ਪੰਨਾ ੨੮੭

'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੱਖ ਦੁਆਰ ॥'

[ਮਲਾਰ ਅਸਟ: ਮ: ੧-੧, ਪੰਨਾ ੧੨੭੫

ਇਹ ਪਾਕ ਜ਼ਾਤ ਹੈ, ਅਦੁੱਤੀ ਵਸਤੂ ਹੈ।

'ਏਕੋ ਜਪਿ ਏਕੋ ਸਾਲਾਹਿ ॥' [ਸੁਖਮਨੀ ੧੯-੮, ਪੰਨਾ ੨੮੯

'ਦਰ ਮਜ਼ਹਬੇ ਮਾ ਗ਼ੈਰ ਪਰੱਸਤੀ ਨ ਕੁਨੰਦ ॥' [ਭਾ: ਨੰਦ ਲਾਲ

ਇਸ ਇੱਕ ਦੇ ਪ੍ਰਤਾਪ ਨਾਲ ਜਨਮ ਮਰਨ ਮਿਟ ਜਾਏਗਾ। ਇਕ ਦੀ ਉਪਾਸ਼ਨਾ ਕਰਦਾ ਨਿਰਭਉ ਹੋ ਜਾਏਗਾ ਸਰਬ ਭੈ ਤੋਂ। ਦੂਤਾਂ ਦਾ, ਦੁਸ਼ਮਨਾਂ ਦਾ, ਜੂਨਾਂ ਦਾ, ਮੌਤ ਦਾ ਭੈ ਦੂਰ ਹੋ ਜਾਏਗਾ, ਅਰ ਫਿਰ ਨਿਰਵੈਰ ਬਣ ਜਾਏਗਾ :—

'ਨਿਰਭਉ ਜਪੈ ਸਗਲ ਭਉ ਮਿੱਟੈ ॥' [ਸੁਖਮਨੀ ੨੨-੭, ਪੰਨਾ ੨੯੩

'ਜਹ ਅਨਭਉ ਤਹ ਭੈ ਨਹੀਂ ਜਹ ਭਉ ਤਹ ਹਰਿ ਨਾਹਿ ॥'

[ਸਲੋਕ ਕਬੀਰ ੧੮੦, ਪੰਨਾ ੧੩੭੪

ਫਿਰ ਨਿਰਵੈਰ ਸਦਾ ਸਖੀ ਹੋ ਜਾਏਗਾ। ਨਿਰਵੈਰਤਾ ਦਾ ਭਾਵ ਪਕਾ ਲੈਣ ਤੇ ਵੈਰੀ ਵੀ ਸੱਜਣ ਹੋ ਜਾਏਗਾ :--

ਵਵਾ ਵੈਰੁ ਨ ਕਰੀਐ ਕਾਹੂ ॥
ਘਟ ਘਟ ਅੰਤਰਿ ਬਹਮ ਸਮਾਹੂ ॥
ਵੈਰ ਵਿਰੋਧ ਮਿਟੇ ਤਿਹ ਮਨ ਤੇ ॥
ਹਰਿ ਕੀਰਤਨੁ ਗੁਰਮਖਿ ਜੁ ਸੁਨਤੇ ॥

[ਗਉ: ਮ: ੫ ਬਾਵਨ ਅ:-੪੬, ਪੰਨਾ ੨੫੯

ਵੈਰ=ਉਹ ਦੁਸ਼ਮਨੀ ਜੋ ਆਪ ਕੀਤੀ ਯਾ ਬਨਾਈ ਜਾਵੇ। ਵਿਰੋਧ=ਜੋ ਬਾਪ ਦਾਦੇ ਤੋਂ ਆ ਰਿਹਾ ਹੋਵੇ। ਸੋ ਪਿਛਲੇ ਖਾਨਦਾਨੀ ਅਤੇ ਸੁਭਾਵਕ ਵੈਰ ਸਭ ਮਿਟ ਜਾਂਦੇ ਹਨ :—

'ਬੀਰਾ ਆਪਨ ਬੁਰਾ ਮਿਟਾਵੈ ॥
ਤਾਹੂ ਬੁਰਾ ਨਿਕਟਿ ਨਹੀ ਆਵੈ ॥' [ਬਾਂਵਨ ਅ:-੩੬, ਪੰਨਾ ੨੫੮

ਸ਼ਬਦ ਓਅੰਕਾਰਿ ਤੋਂ ਹੀ ਸਭ ਉਤਪਤੀ ਹੈ :—

'ਓਅੰਕਾਰਿ ਬ੍ਰਹਮਾ ਉਤਪਤਿ ॥' [ਰਾਮ: ਮ: ੧-ਓਅੰਕਾਰ ਪੰਨਾ ੯੨੯

'ਕੀਤਾ ਪਸਾਉ ਏਕੋ ਕਵਾਉ ॥' [ਜਪੁਜੀ-੧੧, ਪੰਨਾ ੩

ਮੂਲ ਮੰਤ੍ਰ ਇਹ ਸ਼ਬਦ ਹੈ :—

'ਉਪਰਿ ਚਰਨ ਤਲੈ ਅਕਾਸੁ ॥
ਘਟ ਮਹਿ ਸਿੰਧੁ ਕੀਓ ਪਰਗਾਸੁ'॥ [ਰਾਮਕਲੀ ਮਹਲਾ ੫-੫੪, ਪੰਨਾ ੯੦੦

ਓਅੰਕਾਰਿ ਦੇ ੧੨ ਨਾਮ ਹਨ, ਵੇਦ ਵਿਚ ਭੀ ੧੨ ਹੀ ਬਿਆਨ ਹੈਨ :--

'ਏਕ ਕਵਾਵੈ ਤੇ ਸਭਿ ਹੋਆ ॥' [ਮਾਰੂ ਮਃ ੫-੧੭, ਪੰਨਾ ੧੦੦੩

'ਓਅੰਕਾਰਿ ਆਦਿ ਕਥਨੀ ਅਨਾਦਿ ॥ [ਪਾਤਸ਼ਾਹੀ ੧੦

ਜੋ ਜਿਸ ਦੀ ਉਪਾਸ਼ਨਾ ਕਰਦਾ ਹੈ ਉਹ ਉਸੇ ਨੂੰ ਪ੍ਰਾਪਤ ਹੁੰਦਾ ਹੈ ਤਾਂ ਤੇ ਓਅੰਕਾਰ ਦੀ ਉਪਾਸ਼ਨਾ ਨਾਲ ੧ ਓ ਨੂੰ ਪ੍ਰਾਪਤ ਹੋ ਜਾਈਦਾ ਹੈ ਤੂੰ ਜੇ ਨਿਰਭਉ ਨਿਰਵੈਰ ਨੂੰ ਜਪੇਂਗਾ, ਨਿਰਭਉ ਨਿਰਵੈਰ ਹੋ ਜਾਏਂਗਾ । ਇਹ ਕਰਮ ਬੀਜ ਹੈ :--

'ਇਹੁ ਤਨੁ ਧਰਤੀ ਬੀਜੁ ਕਰਮਾ ਕਰੋ
ਸਲਿਲ ਆਪਾਉ ਸਾਰਿੰਗ ਪਾਣੀ ॥' [ਸਿਰੀ: ਮ:੧-੨੬ ਪੰਨਾ ੨੩

'ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥'

[ਵਾਰਾਂ ਤੇ ਵਧੀਕ ਸਲੋਕ ਮ: ੩-੪੧, ਪੰਨਾ ੧੪੧੭

ਇਹ ਸਰੀਰ ਧਰਤੀ ਹੈ, ਸ਼ੁਭ ਵਾਸ਼ਨਾ ਅਰ ਭਾਵਨਾ ਇਹ ਬੀਜ ਹੈ, ਬਾਣੀ ਦਾ ਪਾਠ, ਨਾਮ ਦਾ ਸਿਮਰਨ, ਭਗਤੀ ਇਹ ਅੰਮ੍ਰਿਤ ਬੀਜਣਾ ਹੈ । ਪਰ ਜੋ ਕੁਕਰਮ ਕਰ ਰਹੇ ਹਨ, ਉਹ ਅੱਕ ਬੀਜ ਰਹੇ ਹਨ :—

'ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ ॥

[ਸ਼ਲੋਕ ਫਰੀਦ—੫੬ ਪੰਨਾ ੧੩੮੧

ਉੱਤਮ ਪੁਰਸ਼ ਬਗੀਚੇ ਲਾਂਦੇ ਹਨ, ਅੱਕ ਪੁਟ ਦਿੰਦੇ ਹਨ । ਨਿੰਦਿਆਂ ਸ਼ਿਕਾਇਤ ਨਹੀਂ :—

'ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥'

[ਸੂਹੀ ਮ: ੩-ਅਸ਼ਟ:-੩, ਪੰਨਾ ੭੫੫

'ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕੂੰਧੁ ਚੰਡਾਲੁ ॥'

[ਸਿਰੀ ਰਾਗ ਮ; ੧-੪ ਪੰਨਾ ੧੫

ਸੋ, ਮੰਦੇ ਕੰਮਾਂ ਤੋਂ ਦੂਰ ਰਹੀਏ, ਸੁਕਰਮ ਕਰੀਏ, ਨੇਕ ਕਰਨੀ ਕਰੀਏ, ਜਿਵੇਂ ਰਾਵੀ ਨਦੀ ਦੇ ਕਿਨਾਰੇ ਤੇ ਬਾਬਾ ਜੀ ਦੇ

ਸਮੇਂ ਦੋਦੇ ਜੱਟ ਨੇ ਕੀਤਾ ਸੀ।

ਟਿਕ ਰਹੇ ਹੈਨ ਪਾਤਸ਼ਾਹ ਰਾਵੀ ਨਦੀ ਦੇ ਕਿਨਾਰੇ ਤੇ ਅੰਮ੍ਰਿਤ ਵੇਲੇ ਦੇ ਸਮੇਂ ਹੋ ਰਿਹਾ ਹੈ ਰੱਬੀ ਕੀਰਤਨ। ਉਧਰੋਂ ਭਾਈ ਦੋਦੇ ਦੀ ਘਰ ਵਾਲੀ ਘੜਾ ਭਰਨ ਆਈ। ਤੱਕਿਆ ਸੋਹਣੀਆਂ ਮੂਰਤਾਂ ਨੂੰ ਤਾਂ ਠੰਡ ਪੈ ਗਈ। ਚਿਤ ਕੀਤਾ ਸੇਵਾ ਕਰਾਂ।

'ਅਭੈ ਨਿਰੰਜਨ ਪਰਮ ਪਦੁ ਤਾਕਾ ਭੀਖਕੁ ਹੋਇ ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥

[ਵਾਰਾਂ ਤੇ ਵਧੀਕ ਮ: ੩-੨ ਪੰਨਾ ੧੪੧੩

'ਜਗ ਭੋਗ ਨਈਵੇਦ ਲਖ ਗੁਰਮੁਖਿ ਮੁਖਿ ਇਕੁ ਦਾਣਾ ਪਾਇਆ ॥'

[ਭਾਈ ਗੁਰਦਾਸ, ਵਾਰ ੭-੧੩

ਲੈ ਆਈ ਦੁੱਧ ਦਾ ਮਟਕਾ, ਧਰ ਦਿੱਤੀ ਭੇਟ, ਪਿਆਰੇ ਨੈਣਾਂ ਵਾਲਿਆਂ ਨੂੰ ਕੀਤੀ ਬੇਨਤੀ : "ਹੇ ਨਾਥ ! ਦੁੱਧ ਛਕੋ।" ਸੁਹਣੇ ਨੈਣਾਂ ਵਾਲੇ ਨੇ ਤੱਕੇ ਨੈਣ ਤੇ ਕਰ ਦਿੱਤਾ "ਨਦਰੀ ਨਦਰਿ ਨਿਹਾਲ", ਹੋ ਗਈ ਭੇਟਾ ਦਰ ਪ੍ਰਵਾਨ, ਤੇ ਅਰਦਾਸੇ ਵਿਚ ਹੋਈ ਬੇਨਤੀ ਕਿ 'ਏਕ ਦੇ ਅਨੇਕ' ਹੋਣ। ਇਸ ਨੇਕੀ ਦਾ ਇਹ ਫਲ ਮਿਲਿਆ ਕਿ ਅੱਜ ਦੋਦੇ ਦੀ ਸੰਤਾਨ ਦੇ ਪਾਸ ਗਾਈਆਂ ਤੇ ਮੱਝੀਆਂ ਦੇ ਮੰਗੂ ਚਰ ਰਹੇ ਹਨ :—

'ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ ॥'

[ਭਾਈ ਗੁਰਦਾਸ ਜੀ ਵਾਰ ੬—੧੫

ਸੁਤੇ ਪ੍ਰਕਾਸ਼ ਹੈ, ਅਨੰਦ ਘਨ ਹੈ। ਕਰਤੱਵ ਕੀ ਹੈ ? ਕਰਤਾ ਪੁਰਖ ਹੈ ! ਭੈ ਨਹੀਂ, ਵੈਰ ਨਹੀਂ, ਮ੍ਰਿਤੂ ਨਹੀਂ, ਅਕਾਲ ਮੂਰਤ ਹੈ। ਜੰਮਦਾ ਨਹੀਂ, ਅਜੂਨੀ ਹੈ। ਉਹ ਹੈ ਕੀ ? ਇਕ ਹੈ, ਜਦੋਂ ਸਰਗੁਣ ਹੋਣਾ ਚਾਹੇ ਤਾਂ ਓਅੰਕਾਰਿ ਦੀ ਧੁਨੀ ਨਿਕਲਦੀ ਹੈ, ਬ੍ਰਹਮੰਡ ਰਚਿਆ ਜਾਂਦਾ ਹੈ। ਫਿਰ ਸਤਿ ਹੈ, ਨਾਮ ਭੀ ਸਤਿ ਹੈ, ਕਰਤਾ ਹੈ, ਪਰ ਕ੍ਰਿਤ ਵਿਚ ਵਿਆਪਕ ਹੈ ਕਿਉਂਕਿ ਪੁਰਖੁ ਹੈ :—

ਪਸਰਿਓ ਆਪਿ ਹੋਇ ਅਨਤ ਤਰੰਗ ॥ [ਸੁਖਮਨੀ ਪੰਨਾ ੨੭੫

ਘੜੇ ਵਿਚ ਘੁਮਿਆਰ ਨਹੀਂ, ਜ਼ੇਵਰ ਵਿਚ ਸੁਨਿਆਰ ਨਹੀਂ, ਪਰ ਇਹ ਅਪਣੇ ਰਚੇ ਪਸਾਰੇ ਵਿਚ ਆਪ ਬੈਠਾ ਹੈ।

ਸਾਨੂੰ ਲੋੜ ਹੈ, ਭੈ ਤੋਂ ਪਾਰ ਹੋਈਏ। ਭੈ ਤੋਂ ਪਾਰ ਕਿਵੇਂ ਹੋਈਦਾ ਹੈ ? ਅਭੈ ਦੇ ਨੇੜੇ ਹੋਣ ਨਾਲ। ਸੋ, ਜੋ ਕੋਈ ਵਾਹਿਗੁਰੂ ਜੀ ਦੇ ਨੇੜੇ ਜਾਵੇਗਾ, ਉਹ ਅਭੈ ਹੋ ਜਾਏਗਾ। ਜਦ ਨਿਰਵੈਰ ਦੀ ਸ਼ਰਨ ਵਿਚ ਜਾਵਾਂਗੇ, ਕੋਈ ਵੈਰ ਰਹਿਣ ਹੀ ਨਹੀਂ ਲਗਾ। ਸਾਡੀ ਕੀ ਹਾਲਤ ਹੋ ਜਾਏਗੀ ?

'ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥ [ਕਾਨੜਾ ਮ: ੫-੮, ਪੰਨਾ ੧੨੯੯

ਇਕ ਦਰਖਤ ਦਾ ਦੂਜੇ ਦਰਖਤ ਪਰ ਅਸਰ ਪੈਂਦਾ ਹੈ। ਚੰਦਨ ਦਾ ਅਸਰ ਨਿੰਮ ਤੇ ਪਵੇ ਤਾਂ ਉਹ ਨਿੰਮ ਚੰਦਨ ਹੋ ਜਾਂਦਾ ਹੈ। ਫਿੱਕਾ ਪਾਣੀ ਗੰਨੇ ਦੀ ਸਗਤ ਕਰਕੇ ਮਿੱਠਾ ਹੋ ਗਿਆ ਹੈ। ਜੋ ਨਿਰਭਉ ਦੀ ਸੰਗਤ ਕਰੇਗਾ, ਨਿਰਭਉ ਹੋ ਜਾਏਗਾ :—

'ਕਉਣੁ ਡਰੈ ਡਰੁ ਕਿਸ ਕਾ ਹੋਇ ॥' [ਬਿਲਾਵਲ ਮ: ੩ ਅਸਟ:-੨ ਪੰਨਾ ੮੪੨

ਡਰ ਅਨੇਕ ਹਨ, ਬੀਮਾਰੀ, ਕਲੇਸ਼, ਰੋਗ ਇਤਆਦਿਕ ਡਰ ਹਨ, ਉਹ ਸਾਰੇ ਬਿਲਾ ਜਾਣਗੇ। ਭੈ ਦਾ ਦੂਜਾ ਪਾਸਾ ਅਭੈ ਹੈ, ਨਿਰਵੈਰ ਦਾ ਦੂਜਾ ਪਾਸਾ ਪ੍ਰਿਜਤਾ ਹੈ ਅਰ ਮਿਤ੍ਰ ਦਾ ਦੂਜਾ ਪਾਸਾ ਅਕਾਲ ਅਜੂਨੀ ਹੈ। ਬੀਮਾਰੀ ਦਾ ਡਰ, ਮੌਤ ਦਾ ਡਰ, ਸ਼ਤਰੂ ਦਾ ਡਰ, ਬਚੇ ਦੇ ਮਰਨ ਦਾ ਡਰ, ਅਦਿ ਜੋ ਸੱਤ ਪ੍ਰਕਾਰ ਦਾ ਡਰ ਹੈ, ਸਭ ਤੋਂ ਅਭੈ ਹੋ ਜਾਏਗਾ। ਜੋ ਨਿਰਭਉ ਦੀ ਉਪਾਸ਼ਨਾ ਕਰੇਗਾ, ਉਹ ਨਿਰਭਉ, ਨਿਰਵੈਰ, ਅਜੂਨੀ ਹੋ ਜਾਏਗਾ। ਇਹ ਪਦ ਕੌਣ ਨਹੀਂ ਚਾਹੁੰਦਾ ? ਰਾਮ, ਕ੍ਰਿਸ਼ਨ, ਅਰਜਨ ਸਭ ਚਾਹੁੰਦੇ ਹਨ, ਇਹ ਤਾਂ ਮੋਖ ਹੈ, ਸਹਿਜ ਪਦ ਹੈ :—

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥'

[ਸਲੋਕ ਮਹਲਾ ੯, ਪੰਨਾ ੧੪੨੭

ਉਸ ਦੇ ਲਛਣ ਤੇ ਵਜੂਦ ਕੀ ਹਨ ? ਜ਼ਾਤ ਕੀਹ ? ਸਫਾਤ ਕੀਹ ? ਉਸ ਦੀ ਜ਼ਾਤ ੧ ਓ, ਵ ਸਤਿ ਹੈ, ਅਰ ਉਸ ਦੇ ਸਫਾਤ ਏਹ ਹਨ :—

'ਅਕਾਲ ਮੂਰਤਿ, ਅਜੂਨੀ, ਨਿਰਭਉ..... ।'

ਸਾਧ ਸੰਗਤ ਜੀਓ ! ਨਿਰੰਕਾਰ ਲੱਭਦਾ ਨਹੀਂ, ਸਾਕਾਰ ਦੇ ਅਸੀਂ ਉਪਾਸ਼ਕ ਨਹੀਂ, ਸਾਡੇ ਪੱਲੇ ਤਾਂ ਸ਼ਬਦ ਹੈ, ਅਤੇ ਸ਼ਬਦ ਹੀ ਜੀਵਨ ਹੈ ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੂੰ ਜਦੋਂ ਤੋਪ ਦਾ ਗੋਲਾ ਵੱਜਾ ਤੇ ਜਾਣਿਆ ਕਿ ਅੰਤ ਸਮਾਂ ਹੈ, ਤਾਂ ਕਿਹਾ ਕਿ ਰਾਗੀਆਂ ਨੂੰ ਬੁਲਾਓ। ਤਾਂ ਪਿਆਰੇ ਕਹਿਣ ਲਗੇ ਕਿ ਵਾਜੇ ਜੋੜੀ ਤਾਂ ਵੈਰੀ ਲੁੱਟਕੇ ਲੈ ਗਏ ਹੈਨ, ਹੁਣ ਕੀਰਤਨ ਕਿਵੇਂ ਕਰੀਏ ? ਤਾਂ ਉਹ ਕਹਿਣ ਲਗੇ ਕਿ ਸ਼ਬਦ ਤਾਂ ਕਿਸੇ ਨਹੀਂ ਲੁੱਟ ਲਿਆ ! ਤੁਸੀਂ ਸ਼ਬਦ ਹੀ ਸੁਣਾਓ, ! ਸੋ ਸਾਡਾ ਸਬੰਧ ਅਤੇ ਨਾਤਾ ਤ ਸ਼ਬਦ ਨਾਲ ਹੀ ਹੈ :—

'ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ।।' [ਸੋਰਠਿ ਅਸਟ: ਮ:੧, ਪੰਨਾ ੬੩੫

'ਥਾਪਿਆ ਨ ਜਾਇ ਕੀਤਾ ਨ ਹੋਇ ।।
ਆਪੇ ਆਪਿ ਨਿਰੰਜਨੁ ਸੋਇ ।।' [ਜਪੁਜੀ, ਪੰਨਾ ੨

ਹਾਂ, ਮੂਰਤਾਂ ਅਤੇ ਅਵਤਾਰਾਂ ਦੇ ਅਸੀਂ ਉਪਾਸ਼ਕ ਨਹੀਂ ਅਸੀਂ ਤਾਂ 'ਆਪੇ ਆਪਿ ਨਿਰੰਜਨੁ ਸੋਇ' ਦੇ ਉਪਾਸ਼ਕ ਹਾਂ :—

'ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ।।
[ਓਅੰਕਾਰ-ਵ, ਪੰਨਾ ੯੩੦

(੧) ਉਹ ਏਕ ਕੀ ਹੈ ? ਉਹ ਸਤਿ ਹੈ, ਚੇਤਨ ਹੈ, ਆਨੰਦ ਸਰੂਪ ਹੈ ।

(੨) ਉਹ ਕਰਦਾ ਕੀ ਹੈ ? ਉਹ ਓਅੰਕਾਰਿ ਦੀ ਧੁਨ ਕਰਦਾ ਹੈ ਤੇ ਕ੍ਰੋੜਾਂ ਬ੍ਰਹਮੰਡ ਪੈਦਾ ਕਰ ਦੇਂਦਾ ਹੈ ।

(੩) ਉਸ ਵਿਚ ਕੀ ਹੈ ? ਨਾਮ, ਕਰਤਾ ਹੈ, ਪੁਰਖੁ, ਸੈਭੰ ।
(੪) ਉਹਦੇ ਵਿਚ ਕੀ ਨਹੀਂ ਹੈ ? ਭੈ, ਵੈਰ, ਮੌਤ ਤੇ ਜਨਮ ।
(੫) ਉਹਦਾ ਮਾਰਗ ਕੀ ਹੈ? ਮਾਰਗ ਹੈ: ਜਪੁ ।

ਕਈਆਂ ਨੇ ਸਰਬ ਵਿਆਪਕ ਮੰਨਕੇ ਫੇਰ ਕਿਹਾ ਹੈ, ਕਿ ਕਲਮੇ ਤੋਂ ਪਰੇ ਜੋ ਹਨ, ਸੋ ਕਾਫਰ ਹਨ । ਕਾਫਰ ਤਾਂ ਉਹ ਹੁੰਦਾ ਹੈ ਜਿਸ ਦੇ ਕਰਮ ਕਾਫਰ ਹੋਣ :—

'ਪੁਛਣ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ॥
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ ॥'

[ਭਾਈ ਗੁਰਦਾਸ, ਵਾਰ ੧-੩੩

ਰਵਿਦਾਸ ਜੀ ਤਾਂ ਚਮਾਰ ਸਨ, ਅਰ ਬਾਲਮੀਕ ਪੰਡਤ, ਦੋਵੇਂ ਪਰਵਾਨ ।

ਇਕ ਤਾਂ 'ਏਕਾ' ਹੈ, ਨੰਬਰ ਭੀ । ਓਅੰਕਾਰਿ ਇਸ ਵਾਸਤੇ ਕਹਿਆ ਹੈ ਕਿ ਉਸ ਵਿਚ ਜਗਤ ਰਚਨਾਂ ਦੀ ਤਾਕਤ ਭੀ ਹੈ:—

'ਏਕਾ ਏਕੰਕਾਰੁ ਲਿਖਿ ਦੇਖਾਲਿਆ ॥
ਊੜਾ ਓਅੰਕਾਰੁ ਪਾਸਿ ਬਹਾਲਿਆ ॥' ਭਾਈ ਗੁਰਦਾਸ ਵਾਰ ੩-੧੫

ਇਸ ਏਕੇ ਤੋਂ ਮਤਲਬ ਨੰਬਰ ਨਹੀਂ, ਏਕੇ ਦਾ ਮਤਲਬ ਹੈ ਸ੍ਰੀ ਵਾਹਿਗੁਰੂ । ਓਅੰਕਾਰਿ ਤੋਂ ਹੀ ਬ੍ਰਹਮੰਡ ਰਚੇ ਜਾਂਦੇ ਹਨ, ਇਕ ਇਕਾਂਗ ਸੰਸਾ ਪੈਦਾ ਨਹੀਂ ਕਰ ਸਕਦਾ, ਇਸ ਕਰਕੇ—ਏਕੇ ਵਿਚ ਸੰਸਾ ਨਹੀਂ । ਪੁਰਾਣ ਜਦੋਂ ਓਮ ਆਖਦੇ ਹਨ, ਤਦੋਂ ਉਨ੍ਹਾਂ ਦਾ ਅਰਥ, ਅਕਾਰ, ਉਕਾਰ, ਮਕਾਰ ਤੋਂ ਬ੍ਰਹਮਾ, ਵਿਸ਼ਨੂੰ, ਤੇ ਸ਼ਿਵ ਹੈ। ਇਸ ਵਾਸਤੇ ਏਥੇ ਨਾਲ 'ਸਤਿ' ਕਿਹਾ ਹੈ, ਕਿਉਂਕਿ ਬ੍ਰਹਮਾ, ਵਿਸ਼ਨੂੰ'ਸਤਿ' ਨਹੀਂ ਹਨ। ਉਨ੍ਹਾਂ ਦੀ ਭੀ ਉਮਰ ਦਾ ਅੰਦਾਜ਼ਾ ਹੈ :-

'ਕਾਲ ਪਾਇ ਬ੍ਰਹਮਾ ਬਪੁ ਧਰਾ ॥
ਕਾਲਿ ਪਾਇ ਸਿਵਜੂ ਅਵਤਰਾ ॥'

[ਚੌਪਈ, ਪਾ: ੧੦

ਕਾਲ, ਸਮਾਂ, ਟਾਈਮ, ਇਨ੍ਹਾਂ ਤਿੰਨਾਂ ਵਿਚ ਹੈ । ਵਾਹਿਗੁਰੂ

ਇਕ ਹੈ, ਫਿਰ ਓਅੰਕਾਰ ਹੈ, ਅੱਰ ਸਤਿ ਹੈ :--

'ਦਰ ਮਜ਼ੂਬੇ ਮਾਂ ਗ਼ੈਰ ਪਰੱਸਤੀ ਨ ਕੁਨੰਦ' [ਭਾਈ ਨੰਦ ਲਾਲ

'ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ
ਸਵਾਰਿ ॥ ਤਾ ਕੋ ਅੰਤੁ ਨ ਜਾਈ ਲਖਣਾ ਆਵਤ
ਜਾਤ ਰਹੈ ਗੁਬਾਰਿ ॥ [ਗੂਜਰੀ ਮਃ ੧-੨ ਪੰਨਾ ੪੯੬

ਜੋ ਉਤਪੰਨ ਹੋਇਆ ਹੈ, ਜ਼ਰੂਰ ਮਰੇਗਾ, ਇਸ ਵਾਸਤੇ ਗੁਰੂ ਨਾਨਕ ਦਾ ਰੱਬ ਹੈ :--

'ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥' [ਜਪੁਜੀ, ਪੰਨਾ ੨

ਹੁੱਛਾ, ਜੇ ਸਤਿ ਹੈ ਤਾਂ 'ਨਾਮ' ਨਾਲ ਉਚਾਰਨ ਦੀ ਕੀ ਲੰਡ ਸੀ ? ਫੁਰਮਾਂਦੇ ਹਨ :--ਕਿ ਭਾਈ ਸਤਿ ਤਾਂ ਪ੍ਰਮਾਣੂ ਭੀ ਹਨ। ਗੌਤਮ ਜੀ ਲਿਖਦੇ ਹਨ ਕਿ ਇਕ ਪ੍ਰਮਾਣੂ ਦੇ ਉਲਟਣ ਕਰਕੇ ਸਾਰਾ ਜਗਤ ਪਰਲੈ ਹੋ ਸਕਦਾ ਹੈ, ਸਮੁੰਦਰ ਸੁੱਕ ਜਾਣਗੇ, ਸ੍ਰਿਸ਼ਟੀ ਖਤਮ ਹੋ ਜਾਏਗੀ; ਪ੍ਰਮਾਣੂ ਤੋਂ ਉਤਪਤੀ ਹੈ ਜਗਤ ਦੀ, ਜਗਤ ਉਤਪਤਿ ਹੁੰਦਾ ਹੈ, ਫ਼ਿਰ ਨਸ਼ਟ ਹੁੰਦਾ ਹੈ। ਇਸ ਲਈ ਪ੍ਰਮਾਣੂ ਸਤਿ ਹੈ। ਇਸ ਲਈ ਸਤਿ ਨੂੰ ਪੜ੍ਹਕੇ ਯਾ ਦੇਖ ਕੇ ਕੋਈ ਪ੍ਰਮਾਣੂ ਨਾ ਸਮਝ ਲਵੇ, ਸੋ 'ਨਾਮ' ਨਾਲ ਅੰਕਤ ਕੀਤਾ ਹੈ, ਕਿ ਪ੍ਰਮਾਣੂ 'ਨਾਮ' ਨਹੀਂ, ਤਾ ਜੋ ਭੁਲੇਖਾ ਨਾ ਰਹੇ। 'ਸਤਿ' ਪ੍ਰਮਾਣੂ ਦੇ ਖੰਡਨ ਲਈ 'ਨਾਮ' ਨਾਲ ਕਿਹਾ ਹੈ। 'ਪ੍ਰਮਾਣੂ' ਕਹਿਣ ਨਾਲ ਮੁਕਤੀ ਨਹੀਂ ਪਰ 'ਨਾਮ' ਸਿਮਰਨ ਨਾਲ :--

'ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥' [ਸੁਖਮਨੀ, ਪੰਨਾ ੨੬੨

'ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥...
ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥'

[ਭੈਰਉ ਮਹਲਾ ੫ ਅਸਟ:, ਪੰਨਾ ੧੧੫੫

ਏਸ ਵਾਸਤੇ ਨਾਮ ਸਤਿ ਹੈ। ਜੋ ਨਾਮ ਦਾ ਪੱਲਾ ਪਕੜੇਗਾ ਉਹ ਸਿੱਧਾ ਨਾਮੀ ਵਿਚ ਸਮਾਵੇਗਾ:--

'ਨਾਨਕ ਨਾਮੁ ਨ ਛੋਡੈ ਸਾਧਨ ਨਾਮਿ ਸਹਜਿ ਸਮਾਣੀਆ ॥'

[ਗਉੜੀ ਛੰਤ ਮ: ੧, ਪੰਨਾ ੨੪੨

ਸੂਰਜ ਦੀਆਂ ਕਿਰਨਾਂ ਸਾਡੇ ਸਾਰੇ ਕੰਮ ਸਵਾਰਕੇ ਫਿਰ ਸੂਰਜ ਵਿਚ ਲੀਨ ਹੋ ਜਾਂਦੀਆਂ ਹਨ:—

'ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥' [ਸੁਖਮਨੀ ਪੰਨਾ ੨੬੩

ਜੋ ਨਾਮ ਦਾ ਪੱਲਾ ਪਕੜੇਗਾ ਉਹ ਸਿੱਧਾ ਵਾਹਿਗੁਰੂ ਵਿਚ ਜਾਏਗਾ।

ਹਛਾ ਜੀ! ਫਿਰ ਨਾਮ ਹੀ ਕਹਿ ਦੇਂਦੇ, 'ਕਰਤਾ' ਕਹਿਣ ਦੀ ਕੀ ਲੋੜ ਸੀ ? ਤਾਂ ਮਹਾਰਾਜ ਨੇ ਫੁਰਮਾਇਆ ਕਿ ਨਾਮ ਅਨੰਤ ਹਨ, ਇਸ ਕਰਕੇ ਵਿਤ੍ਰੇਕ ਕਰਨ ਲਈ 'ਕਰਤਾ' ਕਹਿਆ ਹੈ। ਤਾਂ ਫਿਰ ਪੁਛਿਆ 'ਪੁਰਖ' ਕਹਿਣ ਦੀ ਕੀ ਲੋੜ ਸੀ ? ਤਾਂ ਬਾਬਾ ਜੀ ਕਹਿਆ ਕਿ ਕਰਤਾ ਬ੍ਰਹਮਾਂ ਨੂੰ ਵੀ ਕਿਹਾ ਹੈ, ਅਰ ਕਰਤਾ ਮੇਮਾਂਸਾ ਰਿਖੀ ਨੇ ਕਰਮ ਨੂੰ ਲਿਖਿਆ ਹੈ:—

'ਅੰਨ ਅੰਨ ਤੇ ਹੋਤ ਹੈ, ਮਾਸ ਮਾਸ ਤੇ ਹੋਇ।
ਤਿਉ ਮਾਨੁਖ, ਮਨੁੱਖ ਤੇ, ਕਰਮ ਹੀ ਕਰਤਾ ਹੋਇ।'

ਪਰ ਕਰਮ ਸਮਰੱਥਾ ਵਾਲਾ ਨਹੀਂ, ਕਰਮ ਇਕ ਦੇਸੀ ਹੈ ਵਿਆਪਕ ਨਹੀਂ, ਉਸ ਵਿਚ ਪੁਰਸ਼ਾਰਥ ਨਹੀਂ। ਪੁਰਖ ਇਸ ਲਈ ਕਿਹਾ ਹੈ, ਕਿ ਪੁਰਖ ਦਾ ਅਰਥ ਹੈ ਸਰਬ ਵਿਆਪਕ। ਪਰ ਮਹਾਰਾਜ ! ਅਕਾਸ਼ ਵੀ ਸਰਬ ਵਿਆਪਕ ਹੈ ? ਮਹਾਰਾਜ ਨੇ ਫੁਰਮਾਇਆ : ਇਹ ਠੀਕ ਹੈ, ਪਰ ਅਕਾਸ਼ ਭੀ ਵਿਚ ਹੈ:—

'ਡਰਪੈ ਧਰਤਿ ਅਕਾਸੁ ਨਖ੍ਰਤ੍ਰਾ ਸਿਰ ਊਪਰਿ ਅਮਰੁ ਕਰਾਰਾ ॥

[ਮਾਰੂ ਮ: ੫-੧, ਪੰਨਾ ੯੯੮

ਪਰ ਸਰਬ ਵਿਆਪਕ ਨਿਰਭੈ ਹੈ।

ਤਾਂ ਮਹਾਰਾਜ ! ਸ਼ੇਰ ਭੀ ਨਿਰਭੈ ਹੈ ? ਹੇ ਭਾਈ ! ਸ਼ੇਰ

ਨਿਡਰ ਤਾਂ ਹੋ ਸਕਦਾ ਹੈ, ਪਰ ਨਿਰਵੈਰ ਨਹੀਂ, ਉਹ ਵਾਹਿਗੁਰੂ 'ਨਿਰਵੈਰ' ਹੈ।

ਤਾਂ ਮਹਾਂਰਾਜ ! ਨਿਰਵੈਰ ਤਾਂ ਰਿਸ਼ੀ ਮੁਨੀ ਸੰਤ ਵੀ ਹੁੰਦੇ ਹਨ ? ਗੌਤਮ ਰਿਸ਼ੀ ਵੀ ਨਿਰਵੈਰ ਸੀ।

ਹਾਂ ਭਾਈ! ਉਹ ਨਿਰਵੈਰ ਤਾਂ ਹੋ ਸਕਦੇ ਹਨ, ਪਰ 'ਅਕਾਲ ਮੂਰਤ' ਨਹੀਂ ਹਨ। ਜੋ ਕਦੀ ਮਰਦਾ ਨਹੀਂ ਤੇ ਨਾ ਹੀ ਸਮੇਂ ਦੀ ਹੱਦ ਵਿਚ ਹੈ। ਪੁਰਾਣਾਂ ਵਾਲੇ ਆਖਦੇ ਹਨ ਕਿ ਅਗਸਤ ਰਿਸ਼ੀ ਨਿਰਵੈਰ ਸੀ ਪਰ ਉਹ ਅਕਾਲ ਨਹੀਂ ਸੀ।

ਪਰ ਮਹਾਂਰਾਜ ! ਸੰਸਕਾਰ ਅਤੇ ਪ੍ਰਮਾਣੂ ਭੀ ਅਮਰ ਹਨ ਓਹ ਵੀ ਤਾਂ ਨਹੀਂ ਮਰਦੇ, ਓਹ ਅਮਰ ਹਨ? ਪਰ ਭਾਈ! ਉਹ ਅਜੂਨੀ ਨਹੀਂ ਹਨ, ਅਰ ਜੂਨਾਂ ਦੇ ਕਾਰਨ ਹਨ।

ਮਹਾਂਰਾਜ ! ਸੂਰਜ ਨੂੰ ਅਜੂਨੀ ਮੰਨਦੇ ਹਨ ? ਮਹਾਰਾਜ ਫੁਰਮਾਇਆ : ਇਸ ਅਜੂਨੀ ਤੋਂ ਮਤਲਬ ਮੇਰਾ ਸੂਰਜ ਨਹੀਂ, ਕਿਉਂਕਿ ਇਹ ਜੜ ਹੈ ਤੇ ਆਪਣੇ ਆਪ ਪ੍ਰਕਾਸ਼ ਮਯ ਨਹੀਂ। ਮੇਰਾ ਇਸ਼ਾਰਾ ਵਾਹਿਗੁਰੂ ਦੀ ਤਰਫ ਹੈ, ਜੋ ਸੁਤੇ ਸਿਧ ਪ੍ਰਕਾਸ਼ ਹੈ। ਚੰਦ੍ਰਮਾ ਤੇ ਸੂਰਜ ਤਾਂ ਮਸ਼ਾਲਚੀ ਹਨ:—

'ਨਮੋ ਸੂਰਜ ਸੂਰਜੇ ॥' [ਪਾ: ੧੦

ਚਿਤ ਨੂੰ ਸ਼ਾਂਤੀ ਚੰਦਰਮਾਂ ਨਹੀਂ ਦੇ ਸਕਦਾ, ਪਰ ਉਹ 'ਸੈਭੰ' ਹੈ ਸੁਤੇ ਸਿਧ ਪ੍ਰਕਾਸ਼ ਹੈ, ਖ਼ੁਦ ਬਖ਼ੁਦ ਚੇਤਨ ਹੈ, ਜੋ ਸੰਤਾਂ ਦੀ ਸਦਾ ਰਹਿਨੁਮਾਈ ਕਰਦਾ ਹੈ, ਅਗਿਆਨ ਨੂੰ ਦੂਰ ਕਰਦਾ ਹੈ।

ਨਹ ਸੀਤਲੰ ਚੰਦ੍ ਦੇਵਹ ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ਨਾਨਕ
ਸੀਤਲੰ ਸਾਧ ਸ੍ਵਜਨਹ ॥੩੬॥ [ਸਲੋਕ ਸਹਸ: ਮ: ੫, ਪੰਨਾ ੧੩੫੭

'ਤੁਹੀ ਰਹਿਨੁਮਾਓ, ਤੁਹੀ ਦਿਲਕੁਸ਼ਾ।
ਤੁਹੀ ਦਸਤਗੀਰ ਅੰਦਰ ਹਰ ਦੋ ਸਿਰਾ।'

ਮੁਰਝਾਏ ਦਿਲ ਨੂੰ ਖਿੜਾਨ ਵਾਲਾ ਤੂੰ ਹੈ। ਹੇ ਵਾਹਿਗੁਰੂ

ਜੀ ਤੂੰ ਹੀ ਸੰਤਾਂ ਨਾਲ ਗੱਲਾਂ ਕਰਦਾ ਹੈ:—

'ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥' [ਰਾਮਕਲੀ ਮ: ੫, ਪੰਨਾ ੮੬੪

ਹੇ ਵਾਹਿਗੁਰੂ ਜੀ ਤੂੰ ਹੈ :--

'ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥' [ਜਾਪੁ ਪਾ: ੧੦

ਅਕਾਲ ਪੁਰਖ ਖ਼ੁਦ ਬਖ਼ੁਦ ਰੌਸ਼ਨ ਹੈ :—

'ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥' [ਮਾਰੂ ਮ: ੧, ਪੰਨਾ ੧੦੩੩

ਉਹ ਅਕੱਥ ਹੈ, ਉਹ ਸੈਭੰ ਹੋ ਕੇ ਗੁਰੂ ਭੀ ਹੈ :—

'ਆਦਿ ਅੰਤ ਏਕੈ ਅਵਤਾਰਾ ॥
ਸੋਈ ਗੁਰੂ ਸਮਝੀਅਹੁ ਹਮਾਰਾ ॥' [ਪਾ: ੧੦

ਤੂੰ ਚੇਲਾ ਕਿਸ ਦਾ ਹੈਂ ?

'ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ ॥' [ਸਿਧ ਗੋਸ਼ਟ-੪੩, ਪੰਨਾ ੯੪੨

ਉੱਤਰ ਹੈ :—

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰ ਮਿਲਿਆ ਸੋਈ ਜੀਉ॥ ਸੋਰਠਿ ਮ:੧-੧੧, ਪੰਨਾ ਪਦ੍ਦ

ਇਕ ਅਰਥ ਤੋਂ ਬਾਦ ਦੂਜੇ ਦੀ ਅਕਾਂਖਿਆ (ਇੱਛਾ) ਹੈ ਅਰ ਫਿਰ ਸਾਰਿਆਂ ਨਾਲੋਂ ਅਲੱਗ ਕਰਕੇ ਦਿਖਾ ਦਿੱਤਾ ਹੈ:-

'ਕੋਟਿਕ ਇੰਦ੍ਰ ਕਰੇ ਜਿਹਕੇ ਕਈ ਕੋਟ ਉਪਿੰਦ੍ਰ ਬਨਾਇ ਖਪਾਯੋ। ਦਾਨਵ ਦੇਵ ਫਨਿੰਦ੍ਰ ਧਰਾਧਰ ਪਛ ਪਸੂ ਨਹਿ ਜਾਤਿ ਗਨਾਯੋ। ਆਜ ਲਗੇ ਤਪ ਸਾਧਤ ਹੈ ਸਿਵ ਊ ਬ੍ਰਹਮਾ ਕਛੁ ਪਾਰ ਨ ਪਾਯੋ। ਬੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ'॥੧੭॥[ਤੇਤੀ ਸਵਯੇ ਪਾ: ੧੦

ਗੁਰੂ ਦੇ ਵਿਚ ਦੋ ਅੱਖਰ ਹਨ। 'ਗੁ' ਤੇ 'ਰੂ'। 'ਗੁ' ਦਾ ਅਰਥ ਹੈ ਅੰਧੇਰਾ, 'ਰੂ' ਦਾ ਅਰਥ ਹੈ ਰੌਸ਼ਨੀ। ਜੋ ਭ ਰਮ ਰੂਪੀ ਅੰਧੇਰਾ ਦੂਰ ਕਰਕੇ ਗਿਆਨ ਦੀ ਰੋਸ਼ਨੀ ਕਰ ਦੇਵੇ, ਸੋ 'ਗੁਰੂ' ਹੈ। ਗੁਰੂ ਕਲਿਆਨ

ਦਾ ਮਾਰਗ ਦਿਖਾਉਣ ਵਾਲਾ ਹੈ, ਇਲਹਾਮ ਬਖਸ਼ਣ ਵਾਲਾ ਹੈ। ਸ੍ਰੀ ਕਲਗੀਧਰ ਜੀ ਨੂੰ ਸ੍ਰੀ ਅਕਾਲ ਪੁਰਖ ਜੀ ਸੱਦਕ ਆਖਦੇ ਹਨ—

'ਮੈਂ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਿਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਇ ॥'
ਕਬੁਧ ਕਰਨ ਤੇ ਲੋਕ ਹਟਾਇ ॥੨੯॥ [ਬਚਿਤ੍ ਨਾਟਕ ਪਾ: ੧੦

ਉਹ ਕੇਵਲ ਗੁਰੂ ਹੀ ਨਹੀਂ, ਬਲਕਿ (ਪ੍ਰਸਾਦਿ) ਅਨੰਦ ਸਰੂਪ ਹੈ, ਕਿਰਪਾ ਹੈ, ਬਖਸ਼ਿਸ਼ ਹੈ ਅਤੇ ਸਾਰੇ ਸੁਵਾਦਾਂ ਤੋਂ ਪਰੇ ਹੈ:—

'ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥' [ਗਉੜੀ ਕਬੀਰ

ਇਸ ਨੂੰ ਰਿਸ਼ੀ ਮੁਨੀ ਨਹੀ ਸਮਝ ਸਕਦੇ, ਬਸ ਉਪਾਸ਼ਨਾ ਹੀ ਕਰਦੇ ਹਨ :—

'ਸਤਿਗੁਰ ਅਪਨੇ ਕਉ ਬਲਿਹਾਰੈ ॥
ਛੋਡਿ ਨ ਜਾਈ ਸਰਪਰ ਤਾਰੈ ॥' [ਗਉੜੀ ਮ: ੫, ਪੰਨਾ ੧੮੭

ਮੰਤ੍ਰ ਦੇ ਤਿੰਨ ਅੰਗ ਹੁੰਦੇ ਹਨ :—

(੧) ਦੇਵਤਾ, (੨) ਰਿਸ਼ੀ, ਤੇ (੩) ਛੰਦ ।

(੧) ਦੇਵਤਾ—ਦੇਵਤਾ ਉਹ ਹੈ ਜਿਸ ਦਾ ਮੰਤ੍ਰ ਵਿਚ ਬਿਆਨ ਹੋਵੇ । ਇਸ ਮਹਾਂ ਮੰਤ੍ਰ ਦਾ ਦੇਵਤਾ 'ਸਤਿਨਾਮ ਵਾਹਿਗੁਰੂ' ਹੈ । ਜੋ ਇਸ ਮੂਲ ਮੰਤ੍ਰ ਵਿਚ ਨਿਸਚਾ ਰਖੇਗਾ, ਉਹ ਮੁਕਤ ਹੋ ਜਾਏਗਾ । ਜਿਸ ਆਤਮਾ ਵਿਚ ਇਹ ਪ੍ਰਵੇਸ਼ ਕਰੇਗਾ, ਉਥੇ ਨਿਰਭੈਤਾ ਆ ਜਾਵੇਗੀ :—

'ਨਿਰਭਉ ਜਪੈ ਸਗਲ ਭਉ ਮਿਟੈ ॥' [ਸੁਖਮਨੀ, ਪੰਨਾ ੨੯੩

ਤੇ ਫਿਰ ਨਿਰਵੈਰਤਾ :—

ਤੂੰ ਨਿਰਵੈਰ ਸੰਤ ਤੇਰੇ ਨਿਰਮਲ ॥ ਮਾਝ ਮਹਲਾ ੫, ਪੰਨਾ ੧੦੮

'ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥'

[ਕਾਨੜਾ ਮਹਲਾ ੫, ਪੰਨਾ ੧੨੯੬

ਸੰਗਤ ਦਾ ਪਹਿਲਾ ਅਸਰ ਇਹ ਹੀ ਹੈ ਜੋ ਇਨਸਾਨ ਦੀ ਆਤਮਾ ਨਿਰਵੈਰ ਹੋ ਜਾਂਦੀ ਹੈ:—

'ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥

[ਕਾਨੜਾ ਮਹਲਾ ੫, ਪੰਨਾ ੧੨੯੯

ਅਰ:—'ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਦਾ ਕਦੇ ਨ ਹੋਵੀ ਭਲਾ ॥

[ਗਉੜੀ ਵਾਰ ਮ: ੪, ਪੰਨਾ ੩੦੮

ਧੰਨ ਉਹ ਦੇਹੀ ਹੈ ਜਿਸ ਦੇ ਅੰਦਰ ਜਪੁਜੀ ਸਾਹਿਬ, ਸੁਖਮਨੀ ਸਾਹਿਬ ਵਸਦੇ ਹਨ:—

'ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖ ਕਹੀਐ ਰਾਮੁ ॥
ਦੇਹੀ ਕਿਸ ਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮੁ ॥੧੧੦॥

[ਸਲੋਕ ਕਬੀਰ, ਪੰਨਾ ੧੩੧੦

ਜਿਸ ਹਿਰਦੇ ਵਿਖੇ ਨਿਰਵੈਰਤਾ ਹੈ ਉਹ ਮਹਾਂ ਪੁਰਖ ਹੈ:—
'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥'

[ਧਨਾਸਰੀ ਮ: ੫-੩, ਪੰਨਾ ੬੭੧

ਮਹਾਤਮਾਂ ਬੁਧ ਜੀ ਜਾ ਰਹੇ ਸਨ ਕਿ ਇਕ ਆਦਮੀ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ ਤੇ ਦੋ ਮੀਲ ਤਕ ਗਾਲ੍ਹਾਂ ਕਢਦਾ ਨਾਲ ਚਲਾ ਗਿਆ। ਚੇਲਿਆਂ ਨੇ ਕਿਹਾ:—'ਮਹਾਂਰਾਜ ! ਉਹ ਆਦਮੀ ਆਪ ਨੂੰ ਗਾਲ੍ਹਾਂ ਕਢਦਾ ਰਿਹਾ ਪਰ ਅਸੀਂ ਆਪ ਦੇ ਹੁਕਮ ਅਨੁਸਾਰ ਸ਼ਾਂਤ ਰਹੇ।' ਬੁਧ ਜੀ ਨੇ ਕਹਿਆ:--'ਹੁਣ ਉਹ ਚਲਾ ਗਿਆ ਹੈ?' 'ਹਾਂ ਜੀ।' ਤਾਂ ਮਹਾਤਮਾ ਕਹਿਣ ਲਗੇ 'ਉਸ ਨੇ ਹਮ ਕੋ ਕੋਈ ਚੀਜ਼ ਦੇਨੀ ਚਾਹੀ, ਹਮ ਨੇ ਨਹੀਂ ਲੀ, ਇਸ ਲੀਏ ਵੋਹ ਉਸ ਕੇ ਪਾਸ ਹੀ ਵਾਪਸ ਲੌਟ ਗਈ, ਨਾ ਹਮ ਨੇ ਉਸ ਕੀ ਗਾਲੀਂ ਲੀ ਨਾਂ ਵੈਰ ਲੀਆ।'

ਆਪੇ ਬੀਜਿ ਆਪੇ ਹੀ ਖਾਹੁ ॥

[ਜਪੁਜੀ, ਪਨਾ ੪

ਇਹ ਹੈ ਮਹਾਂ ਮੰਤ੍ਰ। ਦੇਵਤਾ ਤਾਂ ਅਕਾਲ ਪੁਰਖੁ ਹੈ, ਨਿਰਭਉ

ਹੈ, ਨਿਰਵੈਰ ਹੈ, ਅਕਾਲ ਮੂਰਤ ਹੈ। ਮੱਖ ਦੇ ਨਾਲ ਸੰਬੰਧ ਹੈ ਅਕਾਲ ਮੂਰਤ ਦਾ; ਅਜੂਨੀ ਹੈ :—

'ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥
ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥

[ਸੂਹੀ ਮਹਲਾ ੩, ਪੰਨਾ ੭੫੬

'ਲਖ ਚਉਰਾਸੀਹ ਜੋਨਿ ਫਿਰਹਿ ॥
ਗੋਬਿੰਦ ਲੋਕ ਨਹੀਂ ਜਨਮਿ ਮਰਹਿ ॥' ਗਉੜੀ ਮਹਲਾ ੫, ਪੰਨਾ ੨੧੧

ਇਹ ਕੇਵਲ ਮੁਕਤੀ ਹੈ ਜੋ ਮਰਕੇ ਮਿਲਣੀ ਹੈ, ਪਰ ਜੀਵਦਿਆਂ ਹੀ ਪ੍ਰਾਪਤ ਹੈ, ਜੀਵਤੁ ਕਾਲ ਵਿਚ:—

'ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥'

[ਆਸਾ ਕਬੀਰ ਜੀ, ਪੰਨਾ ੪੮੦

ਸਤਿਗੁਰ ਨੇ ਆਪ ਇਸ ਦੀ ਭਗਤੀ ਕੀਤੀ ਹੈ, ਇਸ ਉਦੇਸ਼ ਲਈ ਹੀ ਸਾਰੀ ਬਾਣੀ ਹੈ।

(੨) ਰਿਸ਼ੀ-ਰਿਸ਼ੀ ਕੌਣ ਹੈ ? ਧੰਨ ਗੁਰੂ ਨਾਨਕ ਦੇਵ ਜੀ, ਜਿਸ ਦੇ ਰਾਹੀਂ ਸਾਨੂੰ ਮੂਲ ਮੰਤ੍ਰ ਮਿਲਿਆ ਹੈ। ਇਸ ਮੰਤ੍ਰ ਦਾ ਦ੍ਰਿਸ਼ਟਾ ਕੌਣ ਹੈ ? ਅਰਥਾਤ ਦੇਖਿਆ ਕਿਸ ਨੇ ਹੈ ? ਧੰਨ ਗੁਰੂ ਨਾਨਕ। ਬਿਆਸ ਭਗਵਾਨ ਲਿਖਦੇ ਹਨ: ਇਹ ਪੂਰਨ ਬ੍ਰਹਮ ਹੈ:—

'ਗੁਣ ਗਾਵੈ ਮੁਨਿ ਬ੍ਰਿਾਸੁ ਜਿਨਿ ਬੇਦ ਬ੍ਰਾਕਰਣ ਬੀਚਾਰਿਆ ॥'

[ਸਵ: ਮਾ: ੧ ਕੇ-੯, ਪੰਨਾ ੧੩੯੦

'ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥'

[ਸਵ: ਮ: ੧ ਕੇ-੬, ਪੰਨਾ ੧੩੯੦

ਜਿਥੋਂ ਇਹ ਮੰਤ੍ਰ ਆਇਆ ਹੈ ਓਥੇ ਲੈ ਜਾ ਸਕਦਾ ਹੈ:—

'ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥'

[ਰਾਮਕਲੀ ਵਾਰ ਮਾ: ੫-੧, ਪੰਨਾ ੯੫੭

ਓਹਦੀ ਕ੍ਰਿਪਾ ਬਿਨਾਂ ਰੱਬ ਨਹੀਂ ਮਿਲਣਾ, ਅਸਾਂ ਅੰਨ੍ਹਿਆਂ ਲਈ ਇਹ ਅੰਜਨ ਹੈ, ਜਿਸ ਨਾਲ ਕਿ ਰੱਬ ਨੂੰ ਪ੍ਰਤੱਖ ਦੇਖ

ਸਕਦੇ ਹਾਂ :--

'ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥'

[ਸੁਖਮਨੀ ੨੩-੧, ਪੰਨਾ ੨੯੩

'ਬਾਹਰਿ ਢੂਢਨ ਤੇ ਛੂਟਿ ਪਰੇ
ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥' ਮਾਰੂ ਮ: ੫, ਪੰਨਾ ੧੦੦੨

ਉਨ੍ਹਾਂ ਦੀ ਬੜੀ ਭਾਰੀ ਮਿਹਰ ਹੈ ਜੋ ਇਹ ਮਹਾਂ ਮੰਤ੍ਰ ਸਾਨੂੰ ਬਖਸ਼ਿਆ। ਪ੍ਰਦੇਸ ਗਏ ਪੁੱਤਰ ਦੇ ਕਪੜੇ ਵੇਖ ਕੇ ਮਾਂ ਰੋਣ ਬਹਿ ਜਾਂਦੀ ਹੈ। ਪੁੱਤਰ ਯਾਦ ਆ ਜਾਂਦਾ ਹੈ; ਇਹ ਤਾਂ ਮੰਤ੍ਰ ਹੈ ਇਸ ਨੂੰ ਵੇਖ ਕੇ, ਪੜ੍ਹ ਕੇ, ਗੁਰੂ ਨੇੜੇ ਦਿਸਦਾ ਹੈ। ਮਾਂ ਪਿਉ ਬਚਿਆਂ ਵਾਸਤੇ ਕੀ ਕੁਝ ਨਹੀਂ ਕਰਦੇ? ਓਹ ਪਾਲਦੇ ਹਨ, ਪਿਆਰ ਕਰਦੇ ਹਨ, ਪੜ੍ਹਾਂਦੇ ਹਨ, ਤੇ ਇਹ ਹੋਇਆ ਆਪ ਧੰਨ ਗੁਰੂ ਨਾਨਕ:--

'ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ ॥' [ਭੈਰਉ ਮਹਲਾ ੫, ਪੰਨਾ ੧੧੪੪

ਮੰਤ੍ਰ ਨੂੰ ਸਿਧ ਕਰਨ ਲਈ ੬ ਨਿਯਮ ਮੰਨੇ ਜਾਂਦੇ ਹਨ:—

(੧) ਇਸ਼ਨਾਨ। (੨) ਇਕਾਂਤ ਅਸਥਾਨ। (੩) ਬਾਣੀ ਦਾ ਮੌਨ। (੪) ਮੰਤ੍ਰ ਦੇ ਦੇਵਤੇ ਦਾ ਧਿਆਨ ਤੇ ਰਿਸ਼ੀ ਦਾ ਚਿੰਤਨ। (੫) ਦੀਰਘ ਕਾਲ। (੬) ਸ਼ਰਧਾ ਅਰ ਪ੍ਰੇਮ। ਇਸ ਤੋਂ ਉਪਰੰਤ ੧੦ ਵਿਘਨ ਭੀ ਹਨ, ਜਿਨ੍ਹਾਂ ਤੋਂ ਬਚਣਾ ਚਾਹੀਏ।

(ਏਹ ਵੇਰਵੇ ਅੱਗੇ ਆਉਣਗੇ)

ਪਹਿਲੇ ਗੁਰੂ ਦਾ ਧਿਆਨ ਕਰਨਾ, ਕਿਉਂਕਿ ਗੁਰੂ ਤੋਂ ਬਿਨਾਂ ਦੇਵਤਾ ਨਹੀਂ ਮਿਲ ਸਕਦਾ, ਗੁਰੂ ਦੀ ਕ੍ਰਿਪਾ ਹੋਣ ਨਾਲ ਅੰਦਰ ਦੀਆਂ ਅਖੀਆਂ ਖੁੱਲ੍ਹਣਗੀਆਂ ਤੇ ਵਾਹਿਗੁਰੂ ਜੀ ਦੇ ਦਰਸ਼ਨ ਹੋਣਗੇ:—

'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰੁ ॥'

[ਵਾਰ ਆਸਾ ਮੁ: ੩, ਪੰਨਾ ੪੬੨

ਜੋ ਇਸ ਮੂਲ ਮੰਤ੍ਰ ਨੂੰ ਗੁਰੂ ਕਾ ਧਿਆਨ ਧਰਕੇ ਜਪੇਗਾ ਉਸ ਦੇ ਗੁਰੂ ਅੰਗ ਸੰਗ ਹੋਵੇਗਾ:—

'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥

[ਆਸਾ ਮਹਲਾ ੫, ਪੰਨਾ ੩੯੪

'ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾਕੇ ਕਾਰਜ ਪੂਰਾ ॥' [ਸੁਖਮਨੀ ੨੨-੭ ਪੰਨਾ ੨੯੩

੩. ਛੰਦ—ਮੰਗਲ ਛੰਦ ਵਿਚ ਮੰਤ੍ਰ ਹੈ ।

ਮੂਲ ਮੰਤ੍ਰ ਕੀ ਹੈ ? ਕਰਤੱਵ ਕੀ ਹੈ ? ਫਲ ਕੀਹ ਹੈ ? ਮਾਰਗ ਕੀ ਹੈ ?

ਮਾਰਗ ਜਪ ਹੈ: —

'ਨਾਮੁ ਵਿਸਾਰਿ ਚਲਹਿ ਅਨ ਮਾਰਗਿ
ਅੰਤਕਾਲਿ ਪਛੁਤਾਹੀ ॥ [ਭੈਰਉ ਅਸਟ ਮ: ੧, ਪੰਨਾ ੧੧੫੩

ਵਾਹਿਗੁਰੂ ਜੀ ਦੇ ਦਰਬਾਰ ਵਿਚ ਨਾਮ ਬਿਨਾ ਕੁਛ ਪ੍ਰਵਾਨ ਨਹੀਂ :—

'ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ
ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥
ਰਹਾਉ ॥ ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ ॥ [ਗਉੜੀ ਮਹਲਾ ੫, ਪੰਨਾ ੨੧੬

ਜਪ ਦੇ ਤਿੰਨ ਸਰੂਪ ਹਨ:—

(੧) ਮਾਨਸਕ=ਮਨ ਨਾਲ ।
(੨) ਉਪਾਸੂ=ਕੰਠ ਨਾਲ, ਹੋਠਾਂ ਨਾਲ ਮੱਧਮ ।
(੩) ਵਾਚਕ=ਉੱਚੀ ਧੁਨੀ ਨਾਲ ਸਾਜ਼ ਲੈ ਕੇ ।

ਕੀਰਤਨ ਆਦਿ, ਰਸਨਾ ਨਾਲ । ਜਿਸ ਪੁਰਸ਼ ਨੂੰ ਜੈਸਾ ਸੁਆਦ ਆਵੇ, ਜੈਸਾ ਰਸ ਆਵੇ, ਤੈਸਾ ਹੀ ਠੀਕ ਹੈ । ਜਪ ਕਰਨ ਦਾ ਮਾਰਗ ਹੈ ਗੁਰ ਪ੍ਰਸਾਦਿ, ਭਾਵ ਗੁਰੂ ਦੀ ਕਿਰਪਾ ਨਾਲ ਜਪੁ

ਯਾ ਗੁਰੂ ਦੁਆਰਾ ਜਪੁ। ਅਸੀਂ ਕ੍ਰਿਤ ਹਾਂ ਤੇ ਉਹ ਕਰਤਾ ਹੈ। ਅਸੀਂ ਕਰਤਾ ਕੋਲੋਂ ਟੁੱਟੇ ਹਾਂ ਤੇ ਦੁਖ ਪਾ ਰਹੇ ਹਾਂ। ਗੁਰੂ ਕਿਰਪਾ ਕਰਕੇ ਵਿਛੜੇ ਨੂੰ ਮੇਲ ਦੇਂਦਾ ਹੈ। ਹੁਣ ਉਸ ਦੇ ਮਿਲਣ ਦਾ ਮਾਰਗ ਹੈ ਨਾਮ, ਤੇ ਨਾਮ ਨੂੰ ਜਪਨਾ ਹੈ ਜੀਭ ਨਾਲ :—

'ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥'

[ਵਾਰ ਮਾਰੂ ਮਹਲਾ ੧, ਪੰਨਾ ੧੦੯੧

'ਜੈਸੇ ਗਾਇ ਕਾ ਬਾਛਾ ਛੂਟਲਾ ॥
ਥਨ ਚੋਖਤਾ ਮਾਖਨੁ ਘੂਟਲਾ ॥' [ਨਾਮ ਦੇਵ ਗੋਂਡ, ਪੰਨਾ ੮੭੪

'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥'

[ਧਨਾਸਰੀ ਮਹਲਾ ੪, ਪੰਨਾ ੬੭੦

ਸੋ, ਜਪ ਦਾ ਸਬੰਧ ਹੈ ਗੁਰਪ੍ਰਸਾਦਿ ਨਾਲ, ਭਾਵ, ਗੁਰ ਪ੍ਰਸਾਦਿ ਜਪੁ। ਹੁਣ ਜਪੁ ਦੇ ਨਾਲ ਕੁਛ ਰਹਿਤ ਹੈ, ਅਰਥਾਤ ਕੁਛ ਕਰਨਾ ਤੇ ਕੁਛ ਨਿਸ਼ੇਧੀ ਭਾਵ ਜੋ ਨਹੀਂ ਕਰਨਾ ਹੈ। ਨਿਸ਼ਾਨਾ ਏਹ ਰਖਣਾ ਹੈ :—

'ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ।'

[ਸਿਰੀ ਰਾਗੁ ਮਹਲਾ ੫, ਪੰਨਾ ੫੧

ਜਪਣ ਵਿਚ ੧੦ ਵਿਘਨ ਹਨ : ਚਾਰ ਜੀਭ ਦੇ, ਤਿੰਨ ਸ਼ਰੀਰ ਦੇ ਤੇ ਤਿੰਨ ਮਨ ਦੇ।

ਚਾਰ ਜੀਭ ਦੇ ਵਿਘਨ ਏਹ ਹਨ :—

(੧) ਕਠੋਰਤਾ=ਕਰੜੀ ਜ਼ੁਬਾਨ ਨਾਲ ਬੋਲਣਾ, ਗਾਲ੍ਹਾਂ ਦੇਣੀਆਂ :—

'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥'

[ਵਾਰ ਆਸਾ ਮਃ ੧, ਪੰਨਾ ੪੭੩

(੨) ਨਿੰਦਿਆ=ਪਰ ਨਿੰਦਾ ਪਰਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥' [ਸਿਰੀ ਰਾਗ ਮਹਲਾ ੧, ਪੰਨਾ ੧੫

(੩) ਝੂਠ=ਕੂੜੁ ਬੋਲਿ ਮੁਰਦਾਰੁ ਖਾਇ ॥'

[ਮਾਝ ਵਾਰ ਮਃ ੧, ਪੰਨਾ ੧੪੦

(੪) ਚੁਗਲੀ= 'ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁ
ਕਢਿ ਨ ਸਕੈ ਓਸ ਦਾ ਕਾਲਾ ਭਇਆ ॥' [ਵਾਰ ਗਉੜੀ ਪ, ਪੰਨਾ ੩੦੮

ਤਿੰਨ ਸ਼ਰੀਰ ਦੇ ਦੋਸ਼ ਹਨ :—

(੧) ਚੋਰੀ= 'ਚੋਰ ਕੀ ਹਾਮਾ ਭਰੇ ਨ ਕੋਇ ॥
[ਧਨਾਸਰੀ ਮ: ੧, ਪੰਨਾ ੬੬੨

(੨) ਪਰ ਇਸਤ੍ਰੀ ਖਿੱਚ= 'ਪਰ ਨਾਰੀ ਕੀ ਸੇਜ ਭੂਲ ਸੁਪਨੈ
ਹੂੰ ਨ ਜਈਓ ॥' [ਪਾਤਸਾਹੀ ੧੦

(੩) ਅਹਿੰਸਾ= 'ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ
ਦਇਆ ਨਹੀਂ ਪਾਲੀ ॥' [ਸਾਰੰਗ ਪਰਮਾਨੰਦ, ਪੰਨਾ ੧੨੫੩

ਤਿੰਨ ਮਨ ਦੇ ਵਿਘਨ ਹੈਨ :—

(੧) ਪਰਾਇਆ ਬੁਰਾ ਚਿਤਵਣਾ = 'ਪਰ ਕਾ ਬੁਰਾ ਨ ਰਾਖਹੁ
ਚੀਤ ॥' [ਆਸਾ ਮ: ੫ ਪੰਨਾ ੩੮੬

(੨) ਕਪਟ= 'ਕਪਟਿ ਕੀਤੈ ਹਰਿ ਪੁਰਖੁ ਨ ਭੀਜੈ
ਨਿਤ ਵੇਖੈ ਸੁਣੈ ਸੁਭਾਇ ॥' [ਵਾਰ ਗੂਜਰੀ ਮ: ੩, ਪੰਨਾ ੫੧੨

ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥
[ਆਸਾ ਸੇਖ ਫਰੀਦ, ਪੰਨਾ ੪੮੮

(੩) ਈਰਖਾ= ਦੂਸਰੇ ਦੇ ਧਨ, ਪੁੱਤਰ, ਇਸਤ੍ਰੀ ਨੂੰ ਵੇਖ ਕੇ ਸੜਨਾ:-
'ਅਹਿਰਖ ਵਾਦੁ ਨ ਕੀਜੈ ਰੇ ਮਨ ॥
ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥' [ਆਸਾ ਕਬੀਰ ਜੀ, ਪੰਨਾ ੪੭੮

ਸੋ, ਇਹ ੧੦ ਵਿਘਨ ਹਨ ਜੋ ਜੀਭ, ਸ਼ਰੀਰ, ਮਨ ਵਿਚ ਵਰਤ ਰਹੇ ਹਨ। ਇਨ੍ਹਾਂ ਵਿਚੋਂ ਇਕ ਇਕ ਵਿਘਨ ਜਪ ਦੇ ਵਿਚ ਰੁਕਾਵਟ ਪਾਂਦਾ ਹੈ, ਅਤੇ ਸੰਸਾਰ ਦੀ ਵਰਤੋਂ ਵਿਚ ਦੁਖ ਦਾ ਕਾਰਣ ਹੈ। ਪਹਿਲੀ ਲਓ ਕਠੋਰਤਾ :—

ਇਕ ਗੁਰੂ ਕਾ ਸਿਖ ਗਿਰਾਂ ਵਿਚ ਰਹਿੰਦਾ ਸੀ ਉਸ ਦੇ ਮਨ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਯਾਤਰਾ ਦਾ ਸੰਕਲਪ

ਹੋਇਆ। ਉਸ ਨੇ ਆਪਣੇ ਗਵਾਂਢੀ ਨੂੰ ਕਹਿਆ ਕਿ ਮੇਰੀ ਦੁਕਾਨ ਦਾ ਖਿਆਲ ਰਖੀਂ ਮੈਂ ਗੁਰ ਦਰਬਾਰ ਚਲਿਆ ਹਾਂ। ਉਹ ਕਹਿਣ ਲਗਾ, 'ਮੈਨੂੰ ਭੀ ਲੈ ਚਲ'। ਸਿਖ ਕਹਿਣ ਲਗਾ: ਤੇਰਾ ਸੁਭਾ ਕਠੋਰ ਹੈ ਤੂੰ ਕਿਤੇ ਪੁਆੜਾ ਨਾ ਪਾ ਬੈਠੀਂ ! ਉਸ ਨੇ ਕਿਹਾ, ਤੂੰ ਫਿਕਰ ਨਾ ਕਰ; ਸੋ ਇਕਠੇ ਜਾਣ ਦਾ ਫੈਸਲਾ ਹੋ ਗਿਆ ਤੇ ਦੋਨੋਂ ਚੱਲ ਪਏ, ਰਸਤੇ ਵਿਚ ਇਕ ਦਿਨ ਕੁਵੇਲ ਹੋ ਗਈ। ਉਹ ਗੁਰਮੁਖ ਕਹਿਣ ਲਗਾ 'ਕਿ ਭਾਈ ਤੂੰ ਪਿੰਡ ਵਿਚ ਜਾਕੇ ਆਟਾ ਲੈ ਕੇ ਰੋਟੀਆਂ ਪਕਵਾ ਲਿਆ'। ਕਹਿਣ ਲਗਾ : 'ਬਹੁਤ ਅਛਾ'। ਸੰਧਿਆ ਦਾ ਸਮਾਂ ਸੀ, ਪਿੰਡ ਵਿਚ ਪੁਜਾ. ਇਕ ਘਰ ਵਿਚ ਜਾ ਵੜਿਆ, ਮਾਈ ਨੂੰ ਕਹਿਣ ਲਗਾ :'ਸਾਨੂੰ ਪ੍ਰਸ਼ਾਦੇ ਤਿਆਰ ਕਰ ਦਿਉ।' ਮਾਈ ਕਹਿਣ ਲਗੀ : 'ਸਤਿ ਬਚਨ'। ਨੌਂਹ ਨੂੰ ਬੁਲਾਇਆ, ਉਸ ਨੇ ਆਟਾ ਗੁੰਨ੍ਹਆਂ। ਤੰਦੂਰ ਤਾਉਣ ਲੱਗੀ, ਤਾਂ ਉਹ ਪੁੱਛਣ ਲੱਗਾ 'ਮਾਈ ਇਹ ਕੌਣ ਹੈ ?' ਮਾਈ ਨੇ ਕਿਹਾ : 'ਮੇਰੀ ਨੌਂਹ ਹੈ'। 'ਮਾਈ ! ਇਸ ਦੀ ਆਯੂ ਤਾਂ ਬਹੁਤ ਛੋਟੀ ਹੈ, ਤੁਹਨੂੰ ਕੀ ਧਾੜ ਪਈ ਸੀ ਇਸ ਦੀ ਸ਼ਾਦੀ ਕਰਨ ਦੀ।' ਮਾਈ ਚੁਪ ਕਰ ਗਈ। ਕਹਿਣ ਲੱਗਾ : 'ਮਾਈ ਜੇਕਰ ਤੇਰੇ ਪੁੱਤ੍ਰ ਨੂੰ ਕੁਛ ਹੋ ਜਾਏ ਤਾਂ ਇਹ ਵਿਚਾਰੀ ਸਦਾ ਲਈ ਵਿਧਵਾ ਹੋ ਜਾਏਗੀ, ਇਹ ਤੁਸਾਂ ਕੀ ਕੀਤਾ ? ਮਾਈ ਨੂੰ ਗੁੱਸਾ ਆਇਆ ਤੇ ਉਸ ਨੇ ਉਸ ਦੇ ਸਾਹਵੇ ਵਿਚ ਗੁੱਧਾ ਆਟਾ ਪਾ ਦਿਤਾ ਤੇ ਕਿਹਾ: 'ਚਲਾ ਜਾਹ।' ਆਟਾ ਲੈ ਕੇ ਵਾਪਸ ਆ ਗਿਆ, ਤੇ ਗੁਰਮੁਖ ਨੂੰ ਕਹਿਣ ਲੱਗਾ ਕਿ ਇਹ ਨਗਰੀ ਬਹੁਤ ਦੁਸ਼ਟਾਂ ਦੀ ਹੈ। ਉਸ ਪੁੱਛਿਆ: 'ਕੀ ਗਲ ਹੈ ?' ਕਹਿਣ ਲੱਗਾ 'ਇਹ ਤੱਕੋ ਆਟਾ ਚੋਂਦਾ ਚੋਂਦਾ ਲੈ ਆਇਆ ਹਾਂ।' ਗੁਰਮੁਖ ਸਮਝ ਗਿਆ। ਉਸ ਨੇ ਕਹਿਆ: 'ਲਿਆ ਆਟਾ ਮੈਨੂੰ ਦਹ'। ਆਟਾ ਲੈ ਕੇ ਚੱਲ ਪਿਆ। ਕੁਦਰਤ ਨਾਲ ਉਸੇ ਹੀ ਘਰ ਪਹੁੰਚਿਆ ਜਿਥੇ ਉਹ ਗਿਆ ਸੀ। ਦਰਵਾਜ਼ਾ ਖੜਕਾਇਆ 'ਮਾਈ ਨੇ ਪੁਛਿਆ ਕੌਣ ਹੈ ?' ਕਹਿਣ ਲੱਗਾ:'ਪਰਦੇਸੀ'। ਉਸ ਨੇ ਕਹਿਆ 'ਅੱਗੇ ਵੀ ਪ੍ਰਦੇਸੀ ਆਇਆ

ਸੀ,ਗਾਲ੍ਹਾਂ ਕੱਢ ਗਿਆ ਹੈ, ਮੈਂ ਬੂਹਾ ਨਹੀਂ ਖੋਲ੍ਹਦੀ।' ਗੁਰਮੁਖ ਨੇ
ਕਹਿਆ:' ਮਾਈ ਜੀ ! ਪੰਜੇ ਉਂਗਲੀਆਂ ਇਕੋ ਜਿਹੀਆਂ ਨਹੀਂ
ਹੁੰਦੀਆਂ, ਤੁਸੀਂ ਦਰਵਾਜ਼ਾ ਖੋਲੋ' । ਮਾਈ ਨੇ ਦਰਵਾਜ਼ਾ ਖੋਲ੍ਹਿਆ
ਤਾਂ ਗੁਰਮੁਖ ਨੇ 'ਸਤਿ ਕਰਤਾਰ' ਕਹਿਆ । ਕਹਿਣ ਲੱਗਾ: 'ਹੇ
ਮਾਤਾ ਜੀ ! ਅਸੀਂ ਗੁਰ ਦਰਸ਼ਨਾਂ ਨੂੰ ਚਲੇ ਹਾਂ ਤੇ ਹੁਣ ਕੁਵੇਲ
ਹੋਈ ਹੈ, ਆਗਿਆ ਦਿਓ ਤਾਂ ਮੈਂ ਪ੍ਰਸ਼ਾਦੇ ਪਕਾ ਲਵਾਂ'। ਮਾਈ ਨੇ
ਕਿਹਾ:'ਔਹ ਤੰਦੂਰ ਹੈ, ਪਕਾ ਲਓ ।' ਗੁਰਮੁਖ ਨੇ ਆਟਾ ਦਰੁਸਤ
ਕਰਨਾ ਸ਼ੁਰੂ ਕੀਤਾ ਤੇ ਨਾਲ ਹੀ ਰਹਿਰਾਸ ਸਾਹਿਬ ਜੀ ਦਾ ਪਾਠ
ਆਰੰਭ ਕਰ ਦਿੱਤਾ । ਮਾਈ ਸਮਝ ਗਈ ਕਿ ਰਹਿਰਾਸ ਦਾ ਪਾਠ ਹੋ
ਰਿਹਾ ਹੈ । ਉਸ ਨੇ ਕਹਿਆ: ਤੁਸੀਂ ਮੰਜੀ ਤੇ ਬੈਠੋ, ਪਾਠ ਕਰੋ ਤੇ
ਅਸੀਂ ਪ੍ਰਸ਼ਾਦੇ ਤਿਆਰ ਕਰ ਦਿੰਦੇ ਹਾਂ । ਗੁਰਮੁਖ ਮੰਜੀ ਤੇ ਬੈਠ ਕੇ
ਪਾਠ ਕਰਨ ਲੱਗਾ ਤੇ ਮਾਈ ਤੇ ਮਾਈ ਦੀ ਨੂੰਹ ਪ੍ਰਸ਼ਾਦੇ ਤਿਆਰ
ਕਰਨ ਲੱਗੀਆਂ । ਪਿੰਡ ਵੀ ਇਕੱਠਾ ਹੋ ਗਿਆ, ਗੁਰਮੁਖ ਦਾ ਬੜਾ
ਸਤਿਕਾਰ ਹੋਇਆ ਤੇ ਬਹੁਤ ਸਾਰੇ ਪ੍ਰਸ਼ਾਦ ਆਏ ਜੋ ਨਾਲ ਚੁੱਕ
ਕੇ ਮਾਈ ਦੇ ਪੁੱਤਰਾਂ ਨੇ ਪੁਚਾਏ । ਜਿਸ ਵੇਲੇ ਦੂਸਰੇ ਸਾਥੀ ਨੇ
ਤੱਕਿਆ ਤਾਂ ਹੈਰਾਨ ਹੋ ਗਿਆ । ਪੁੱਛਣ ਲੱਗਾ: 'ਇਹ ਤਾਂ ਦੁਸ਼ਟ
ਦਾ ਪਿੰਡ ਸੀ ਇਥੋਂ ਇਹ ਚੀਜ਼ਾਂ ਕਿਵੇਂ ਮਿਲੀਆਂ ?' ਕਹਿਣ
ਲੱਗੇ: ਇਹ ਸੁਭਾਵ ਦਾ ਫਰਕ ਹੈ, ਕਠੋਰਤਾ ਤੇ ਨਰਮ ਮ੍ਰਿਦੁ
ਵਚਨਾਂ ਦਾ ਅਸਰ ਹੈ। ਸੋ, ਉਸ ਸ਼ਾਮ ਤੋਂ ਉਸਨੇ ਵੀ ਆਪਣਾ
ਸੁਭਾਵ ਬਦਲ ਲਿਆ :—

'ਸਾਧ ਸੰਗਿ ਮਿਟਿ ਜਾਤ ਬਿਕਾਰ ॥
ਸਭ ਤੇ ਊਚ ਏਹੋ ਉਪਕਾਰ ॥' [ਗਉੜੀ ਮ: ੫-੧੬੯, ਪੰਨਾ ੧੮੭

ਗੁਰੂ ਨਾਨਕ ਦੇਵ ਜੀ ਜਿਸ ਤੇ ਖੁਸ਼ੀ ਕਰਨ ਉਸ ਨੂੰ
ਜਪੁ ਮਿਲਦਾ ਹੈ :—

'ਨਾਮ ਵਡਾਈ ਜਨੁ ਸੋਭਾ ਪਾਏ ॥'
ਕਰਿ ਕਿਰਪਾ ਜਿਸੁ ਆਪਿ ਦਿਵਾਏ ॥' [ਗਉੜੀ ਮ: ੫, ਪੰਨਾ ੧੮੭

ਭਾਵ ਵਾਹਿਗੁਰੂ ਜੀ ਸਤਿਗੁਰ ਜੀ ਨੂੰ ਪ੍ਰੇਰਦੇ ਹਨ, ਤਦ ਗੁਰੂ ਦੀ ਕ੍ਰਿਪਾ ਹੁੰਦੀ ਹੈ । ਤਦ ਮੰਤ੍ਰ ਮਿਲਦਾ ਹੈ, ਫਿਰ ਨਿਯਮ ਤੇ ਵਿਧੀ ਸਹਿਤ ਜਪ ਕਰੇ ਤਾਂ ਸਿੱਧੀ ਹੁੰਦੀ ਹੈ, ਸਮੱਗਰੀ ਕੀ ਹੈ ?

(੧) ਇਸ਼ਨਾਨ—ਸਰੀਰ ਦੀ ਸ਼ੁਧੀ ਤੇ ਨਾਲ ਹੀ ਬਸਤ੍ਰਾਂ ਦੀ ਸ਼ੁਧੀ :—

'ਜੀਅਹੁ ਨਿਰਮਲ ਬਾਹਰਹੁ ਨਿਰਮਲ ॥' [ਅਨੰਦ ਪੰਨਾ ੯੧੬

'ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥'

[ਜਪੁਜੀ ਪੰਨਾ ੪

'ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥'

[ਸੋਰਠਿ ਮਹਲਾ ੫ ਪੰਨਾ ੬੧੧

ਵਸਤ੍ਰ, ਸ਼ਰੀਰ, ਆਸਨ, ਅਸਥਾਨ ਇਨ੍ਹਾਂ ਦੀ ਪਵਿਤ੍ਰਤਾ ।

(੨) ਏਕਾਂਤ ਅਸਥਾਨ—ਸੁਰਤ ਦੀ ਇਕਾਗ੍ਰਤਾ ਤੇ ਵਿਘਨਾਂ ਤੋਂ ਰਖਯਾ ਲਈ ਏਕਾਂਤ ਵਿਚ ਜਪ ਬੜਾ ਸੁਖਦਾਈ ਹੈ ।

(੩) ਮੌਨ—ਜਪੁ ਦੇ ਵਕਤ ਬੋਲੇ ਨਾ, ਬਾਣੀ ਦਾ ਮੌਨ ਚਾਹੀਏ, ਜੇ ਅਤਿ ਜ਼ਰੂਰੀ ਕੋਈ ਕੰਮ ਪ ਜਾਵੇ ਤਾਂ ਇਸ਼ਾਰੇ ਨਾਲ ਕਰ ਲਵੇ ।

(੪) ਮੰਤ੍ਰ ਦੇ ਅਰਥ ਦਾ ਚਿੰਤਨ, ਉਸ ਦੇ ਦੇਵਤੇ 'ਵਾਹਿਗੁਰੂ' ਦਾ ਧਿਆਨ ਤੇ ਚਿੰਤਨ । ਦੇਵਤਾ ਦੇ ਲੱਛਣ ?

ੴ ਸਤਿ ਗੁਰਪ੍ਰਸਾਦਿ ॥

ਰਿਸ਼ੀ ਦਾ ਧਿਆਨ–ਜਿਸ ਨੇ ਮੰਤ੍ਰ ਦਿਤਾ ਤੇ ਪ੍ਰਗਟ ਕੀਤਾ ਉਸ ਦਾ ਧਿਆਨ:—

'ਗੁਰ ਮੂਰਤਿ ਸਿਉ ਲਾਇ ਧਿਆਨੁ ॥'

ਏਹਾ ਊਹਾ ਪਾਵਹਿ ਮਾਨ ॥' [ਗਉੜੀ ਮਹਲਾ ੫, ਪੰਨਾ ੧੯੨

ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਨੇ ਮਾਲਵੇ ਵਿਚ ਸਵਾ ਲਖ ਜਪੁਜੀ ਸਾਹਿਬ ਦਾ ਪਾਠ ਕੀਤਾ, ਦਮਦਮੇ ਸਾਹਿਬ ਦੀ ਧਰਤੀ, ਰੇਤਲਾ ਟਿਬਾ, ਏਮਨਾਬਾਦ ਭੀ ਕੀਤਾ, ਸ੍ਰੀ ਕੀਰਤ

ਪੁਰ ਭੀ ਕੀਤਾ । ਹੇ ਰੇਤ ਦੇ ਟਿਬੇ ! ਤੂੰ ਧੰਨ ਹੈ, ਜਿਥੇ ਮੇਰਾ ਬਾਬਾ ਬੈਠ ਗਿਆ । ਸ੍ਰੀ ਬਾਬਾ ਜੀ ਨੇ ਬੜਾ ਚਿਰ ਮੂਲ ਮੰਤ੍ਰ ਦੀ ਕਮਾਈ ਕਰਕੇ ਸਾਨੂੰ ਇਹ ਬਖਸ਼ਿਆ:—

'ਰੇਤੁ ਅਕੁ ਆਹਾਰ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿਆਈ ॥'

[ਭਾਈ ਗੁਰਦਾਸ ਵਾਰ ੧-੨੪

ਇਤਨਾ ਜਪ ਤਪ ਕਰਕੇ ਸਾਨੂੰ ਬਖਸ਼ਿਆ **ਜਪੁ ਸਾਹਿਬ** ।

ਜਪੁ ਸਾਹਿਬ ਕੀ ਹੈ ? ਇਹ ਸਚ ਦੀ ਕਥਾ ਹੈ, ਵਿਆਖਿਆ ਹੈ :—

'ਚਰਨ ਸਤਿ ਸਤਿ ਪਰਸਨਹਾਰ' ॥' ਸੁਖਮਨੀ, ਪੰਨਾ ੨੮੫

ਗੁਰਬਾਣੀ ਭੀ ਸਤਿ, ਸੁਰਤ ਭੀ ਸਤਿ । ਜਿਵੇਂ ਭਠੀ ਵਿਚ ਪੈਕੇ ਸੋਨਾ ਚਮਕ ਉਠਦਾ ਹੈ, ਤਿਵੇਂ ਭਜਨਵਾਨ ਪੁਰਖਾਂ ਦਾ ਸ਼ਰੀਰ ਭੀ ਦਗਦਗ ਕਰ ਉਠਦਾ ਹੈ। 'ਜੋਗ ਅਗਨਿ ਮਯ ਸ਼ਰੀਰਮ'।

ਦੇਵਤਾ ਦੇ ਸਾਥ ਗੁਰੂ ਦਾ ਭੀ ਧਿਆਨ ਚਾਹੀਏ:—

'ਜੋ ਇਛੈ ਸੋਈ ਫਲੁ ਪਾਏ ॥' ਧਨਾਸਰੀ ਮਹਲਾ ੧, ਪੰਨਾ ੬੬੧

'ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ ॥'

[ਬਿਲਾਵਲ ਕਬੀਰ ਜੀ, ਪੰਨਾ ੮੫੬

ਚਾਰ ਪਦਾਰਥ ਹਨ : 'ਧਰਮ, ਅਰਥ, ਕਾਮ, ਮੋਖਸ਼ ।'

'ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥'

[ਰਾਮਕਲੀ ਮਹਲਾ ੧, ਪੰਨਾ ੮੭੬

'ਸੁਨਿ ਮਨ ਅਕਥ ਕਥਾ ਹਰਿ ਨਾਮ ॥' [ਬੈਰਾੜੀ ਮਹਲਾ ੪, ਪੰਨਾ ੭੧੬

'ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥'

[ਪ੍ਰਭਾਤੀ ਮਹਲਾ ੪, ਪੰਨਾ ੧੩੩੭

'ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਥਰੁ ਮੁਕਤਿ ਜਨਾਵੈਗੋ ॥'

[ਕਾਨੜਾ ਮਹਲਾ ੪, ਪੰਨਾ ੧੩੧੦

ਗੁਰੂ ਬਾਬੇ ਨੇ ਅਪਣੀ ਕਮਾਈ ਦੀ ਕਲਾ, ਵਾਹਿਗੁਰੂ ਦੀ

ਦਇਆ ਤੇ ਅਪਣਾ ਨਿਜ ਸਰੂਪ ਇਸ ਵਿਚ ਰਖਿਆ ਹੈ।

(੫) ਦੀਰਘ ਕਾਲ, ਲੰਬਾ ਅਰਸਾ—ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥ [ਗਉੜੀ ਕਬੀਰ ਜੀ, ਪੰਨਾ ੩੪੦

(੬) ਨਿਰੰਤਰ ਸ਼ਰਧਾ —ਆਦਮੀ ਦੀ ਬ੍ਰਿਤੀ ਅਸਤਿ ਜਗਤ ਤੋਂ ਉਠ ਕੇ ਸਤਿ ਵਿਚ ਚਲੀ ਜਾਂਦੀ ਹੈ। ਅੰਦਰ ਜੋਤ ਜਗਮਗ ਕਰ ਉਠਦੀ ਹੈ, ਤੇ ਜੋ ਫਲ ਚਾਹੀਏ ਸੋਈ ਮਿਲਦਾ ਹੈ।

ਜਦੋਂ ਇਕ ਵਿਚ ਬ੍ਰਿਤੀ ਲੀਨ ਹੁੰਦੀ ਹੈ, ਤਦ ਇਕੋ ਹੀ ਰਹਿ ਜਾਂਦਾ ਹੈ। ਅੰਤਰ ਬਾਹਰ ਇਕ ਹੀ ਦਿੱਸਦਾ ਹੈ, ਦੁਜਾਇਗੀ ਮਿਟ ਜਾਂਦੀ ਹੈ। ਗਹਿਣੇ ਤਾਂ ਅਨੇਕ ਹਨ ਪਰ ਸੋਨਾ ਇਕ ਹੈ। ਏਕ ਦੇ ਰੂਪ ਤਾਂ ਅਨੰਤ ਹਨ ਪਰ ਉਹ ਏਕ ਹੀ ਹੈ :—

'ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥' [ਪਾਤਸ਼ਾਹੀ ੧੦

ਨਿਕੇ ਜਿਹੇ ਬੀਜ ਤੋਂ ਬੋਹੜ ਪੈਦਾ ਕਰ ਦੇਣਾ, ਕਤਰਾ ਆਬ ਤੋਂ ਇਸ ਦੇਹੀ ਦੀ ਰਚਨਾ ਕਰ ਦੇਣੀ :—

'ਜਿਹ ਪ੍ਰਸਾਦਿ ਆਰੰਗ ਕੰਚਨ ਦੇਹੀ ॥' [ਸੁਖਮਨੀ

ਹੇ ਪਾਤਸ਼ਾਹ ! ਸੁੰਦਰ ਦੇਹ ਬਖਸ਼ੀ ਜੇ, ਸਤਿਸੰਗ ਵੀ ਬਖਸ਼ੋ, ਸਫਲ ਹੋਵੇ :—

"ਸਫਲ ਹੋਤ ਇਹ ਦੁਰਲਭ ਦੇਹੀ ॥
ਜਾਕਉ ਸਤਿਗੁਰ ਮਇਆ ਕਰੇਹੀ ॥' [ਕਾਨੜਾ ਮ: ੫, ਪੰਨਾ ੧੨੯੬

ਅਥਵਾ—'ਕਰ ਕਰਿ ਟਹਲ ਰਸਨਾ ਗੁਣ ਗਾਵਉ ॥
ਚਰਨ ਠਾਕੁਰ ਕੈ ਮਾਰਗਿ ਧਾਵਉ ॥' [ਗਉੜੀ ਮ: ੫, ਪੰਨਾ ੧੯੦

ਆਹਾ ! ਕੈਸੀ ਅਮੋਲਕ ਦੇਹੀ ਹੈ :—

'ਮਾਨਸ ਜਨਮ ਅਮੋਲਕੁ ਪਾਇਓ ॥' [ਗਉੜੀ ਮ: ੯, ਪੰਨਾ ੨੧੬

ਇਹ ਤਾਂ ਹੀਰੇ ਜੈਸਾ ਹੈ। ਜੁਤੀ ਤਾਂ ਮੁੱਲ ਤੋਂ ਮਿਲ ਜਾਏਗੀ, ਪਰ ਪੈਰ ਕਿਥੋਂ ? ਐਨਕਾਂ ਤਾਂ ਡਾਕਟਰ ਪਾਸੋਂ ਮਿਲ ਜਾਣਗੀਆਂ, ਪਰ ਨੇਤ੍ਰ ਕਿਥੋਂ ? ਕਮੀਜ਼ ਤਾਂ ਮਿਲ ਜਾਏਗੀ, ਪਰ

ਸ਼ਰੀਰ ਕਿਥੋਂ ? ਹੇ ਦਾਤਾ ਜੀ ! ਆਪ ਦੀ ਬਹੁਤ ਬਖਸ਼ੀਸ਼ ਹੈ। ਅਖੇਲ ਖੇਲਾਂ ਨੂੰ ਖੇਲ ਕੇ ਫਿਰ ਆਪ ਇਕ ਹੋ ।

ਇਸ ਮੂਲ ਮੰਤ੍ਰ ਦੀ ਧੁਨੀ ਵਿਚ ਧਿਆਨ ਲਾਉਣਾ ਚਾਹੀਦਾ ਹੈ। ਏਹੀ ਧਿਆਨ ਲਾਣ ਨਾਲ ਸਤਿਗੁਰ ਅਪਣੇ ਆਪ ਸਰੂਪ ਪ੍ਰਗਟ ਕਰੇਗਾ :—

'ਸਤਿਗੁਰ ਬਚਨ ਬਚਨ ਹੈ ਸਤਿਗੁਰ
ਪਾਧਰੁ ਮੁਕਤਿ ਜਨਾਵੈਗੋ ॥' [ਕਾਨੜਾ ਮ: ੪, ਪੰਨਾ ੧੩੧੦

ਹਾਂ, ਇਹ ਸ੍ਰਿਸ਼ਟੀ ਸਭ ਓਅੰਕਾਰ ਤੋਂ ਪ੍ਰਗਟ ਹੋਈ ਹੈ, ਫਿਰ ਇਸ ਵਿਚ ਆਪ ਇਸਥਿਤ ਹੈ। ਜਲ ਤੋਂ ਉਪਜਿਆ ਤਰੰਗ ਜਲ ਤੋਂ ਭਿੰਨ ਨਹੀਂ, ਸਭ ਵਿਖੇ ਵਿਆਪਕ ਓਅੰਕਾਰ ਹੈ। ੪ ਹਿੱਸਿਆਂ ਵਿਚ ਓਅੰਕਾਰ ਪ੍ਰਗਟ ਕੀਤਾ ਹੈ ।

ਇਕ ਨਦੀ ਹੈ, ਜਿਸ ਦਾ ਨਾਮ ਹੈ ਨਰਬਦਾ, ਉਸ ਦੇ ਕਿਨਾਰੇ ਪਰ ਇਕ ਮੰਦਰ ਹੈ, ਜਿਸ ਦਾ ਨਾਮ ਓਅੰਕਾਰਿ ਮੰਦਰ ਹੈ ! ਸਾਹਿਬ ਸਤਿਗੁਰ ਨਾਨਕ ਦੇਵ ਜੀ ਉਥੇ ਗਏ । ਇਕ ਪੰਡਤ ਉਥੇ ਬੱਚਿਆਂ ਨੂੰ ਪੜ੍ਹਾ ਰਿਹਾ ਸੀ । ਦਰਸ਼ਨ ਕੀਤੇ, ਪੰਡਤ ਦਾ ਚਿਤ ਸ਼ਾਂਤ ਹੋ ਗਿਆ । ਬੰਦਨਾ ਕੀਤੀ, ਸਤਿਕਾਰ ਕੀਤਾ । ਬਾਬੇ ਪੁਛਿਆ, 'ਇਹ ਕਿਸ ਦਾ ਮਦਰ ਹੈ ?' ਬੇਨਤੀ ਕੀਤੀ, 'ਜੀ ਇਹ ਓਅੰਕਾਰ ਦਾ ਮੰਦਰ ਹੈ ।' ਮਹਾਂਰਾਜ ਪੁਛਿਆ, 'ਓਅੰਕਾਰਿ ਕਹਾਂ ਹੈ ? ਇਹ ਤੋ ਮੂਰਤੀ ਹੈ, ਘਰ ਹੈ, ਸਮਗਰੀ ਹੈ। ਓਅੰਕਾਰਿ ਇਹ ਅੱਖਰ ਹੈ, ਜਿਸ ਕਾ ਇਹ ਨਾਮ ਹੈ ਵੋਹ ਕਹਾਂ ਹੈ ?' ਪੰਡਤ ਬੋਲਿਆ: 'ਮਹਾਂਰਾਜ ! ਉਸਕਾ ਦਰਸ਼ਨ ਹਮ ਨੇ ਨਹੀਂ ਪਾਇਆ।' ਬਾਬਾ ਜੀ ਨੇ ਕਿਹਾ, 'ਜਬ ਉਸ ਕੋ ਜਾਨਤਾ ਨਹੀਂ ਤੋ ਇਸ ਭਉਜਲ ਕੋ ਕੈਸੇ ਤਰੇਗਾ ? ਇਸ ਭਉਜਲ ਮੇਂ ਕਈ ਡੂਬੇ ਹੈਂ, ਕਈ ਗੋਤੇ ਖਾ ਰਹੇ ਹੈਂ, ਕਈ ਡੂਬਨੇ ਵਾਲੇ ਹੈਂ ।

ਓਅੰਕਾਰ ਸ਼ਬਦ ਹੈ, ਵਾਚਕ ਹੈ, ਵਾਚਯ ਇਸਦਾ 'ਸਤਿਨਾਮ ਵਾਹਿਗੁਰੂ' ਹੈ । ਸਾਧ ਸੰਗਤ ਜੀ ! ਇਹ ਦਿਬ ਦਰਸ਼ਨ ਹੈ। ਏਕਾ

ਭੀ ਸਤਿ ਹੈ, ਜੋ ਓਅੰਕਾਰ ਹੈ ਉਹ ਵੀ ਸਤਿ ਹੈ। ਜੋ ਸਤਿ ਹੈ ਉਹ ਓਅੰਕਾਰ ਹੈ ਤੇ ਜੋ ਓਅੰਕਾਰ ਹੈ ਉਹ ਇਕ ਹੈ। ਜਦ ਬ੍ਰਿਤੀ ਇਕਾਗਰ ਹੋ ਕੇ ਇਕ ਵਿਚ ਟਿਕ ਜਾਂਦੀ ਹੈ ਤਾਂ ਅੰਤਰ ਬਾਹਰ ਇਕ ਹੀ ਉਹਨਾਂ ਨੂੰ ਨਜ਼ਰ ਆਉਂਦਾ ਹੈ, ਕਿਉਂਕਿ ਇਕ ਦੀ ਖਾਸੀਅਤ ਹੈ ਕਿ ਉਸ ਵਿਚ ਦੂਜਾ ਨਹੀਂ, ਤੇ ਦੂਈ ਮਿਟ ਜਾਂਦੀ ਹੈ ਪਰ ਇਹ ਦਾਤ ਧਿਆਨ ਕਰਕੇ ਪ੍ਰਾਪਤ ਹੁੰਦੀ ਹੈ।

ਸੋ, ਗੁਰੂ ਬਾਬੇ ਨੇ ਪੰਡਤ ਨੂੰ ਕਿਹਾ, 'ਤੂੰ ਇਕ ਓਅੰਕਾਰ ਦਾ ਧਿਆਨ ਧਰ। ਇਤਨੇ ਵਿਚ ਪੰਡਤ ਦੀ ਭੈਣ ਆ ਗਈ, ਉਸ ਨੇ ਵੀ ਦਰਸ਼ਨ ਕਰਕੇ ਡੰਡੌਤ ਕੀਤੀ। ਦੇਵੀ, ਜੋ ਸ਼ਾਸਤ੍ਰ ਵੇਤਾ ਸੀ, ਪ੍ਰਫੁੱਲਤ ਹੋਈ ਤੇ ਕਹਿਣ ਲਗੀ, 'ਭਗਵਨ ! ਇਹ ਮੰਦਰ ਨਰਬਦੇਸ਼ੁਰ ਮਹਾਂ ਦੇਵ ਕਾ ਹੈ।' ਮਹਾਂਰਾਜ ਕਹਿਣ ਲਗੇ, 'ਹੇ ਦੇਵੀ ! ਓਅੰਕਾਰ ਕੋ ਜਾਨਤੀ ਹੈ ? ਇਹ ਤੋ ਮੂਰਤੀ ਹੈ: ਮੰਦਰ ਹੈ, ਅੱਖਰ ਹੈ, ਇਹ ਭੀ ਸਤਿ ਹੈ ,ਪਰ ਉਸ ਕੋ ਭੀ ਦੇਖਤੀ ਹੈ ?'

ਆਹਾ ! ਪਹਾੜਾਂ ਵਿਚ ਸੋਨਾ ਭੀ ਹੈ, ਚਾਂਦੀ ਭੀ ਹੈ, ਕੋਲਾ ਭੀ ਜਨਮਾਂ ਜਨਮਾਂ ਦਾ ਪਿਆ ਹੈ ਕਾਲਾ, ਅਗਨੀ ਦੀ ਸ਼ਰਨ ਆਂਦਿਆਂ ਤਤਕਾਲ ਜੀਵਨ ਬਦਲ ਗਿਆ। ਮਨ ਤਾਂ ਕੀਹ, ਸ਼ਰੀਰ ਭੀ ਜਗਮਗ ਕਰ ਉਠਦਾ ਹੈ। ਅਭਿਆਸੀ ਦੀ ਬਿਰਤੀ ਇਕ ਵਿਚ ਟਿਕੀ ਤਾਂ ਸਰੀਰ ਜਗਮਗਾ ਉਠਿਆ। ਕੰਡਾ ਰਾਖਸ਼, ਸਜਣ ਠਗ, ਸਭ ਫਰਿਸ਼ਤੇ ਹੋ ਗਏ, ਪ੍ਰੇਮ ਦੀ ਅਗਨੀ ਆ ਗਈ, ਜੀਵਨ ਬਦਲ ਗਿਆ:—

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ'।।[ਰਾਮਕਲੀ ਸਿਧ ਗੋਸਟਿ,ਪੰਨਾਂ ੯੪੦

ਉਪਦੇਸ਼ ਦੇਣ ਵਾਲੇ ਮਹਾਤਮਾਂ ਤਾਂ ਅਨੰਤ ਹੈਨ ਪਰ ਛੁਹ ਦੇਕੇ ਜੀਵਨ ਬਦਲ ਦੇਣ ਵਾਲੇ ਦੁਰਲਭ। ਬੀਜ ਵਿਚ ਹੀ ਦਰਖਤ ਦਾ ਸਭ ਕੁਛ ਇਸਥਿਤ ਹੈ। ਐਸੇ ਓਅੰਕਾਰ ਸ਼ਬਦ ਵਿਚ ਸਭ ਕੁਛ ਇਸਥਿਤ ਹੈ। ਜਦ ਤਕ ਅਭਿਆਸ ਓਅੰਕਾਰ ਦਾ ਤਦ ਤਕ

ਸ਼ਾਂਤੀ, ਫਿਰ ਖਿੰਡਾਉ ਹੈ:-- 'ਓਅੰਕਾਰ ਆਦਿ ਮੈ ਜਾਨਾ ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥'
[ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੦

ਹੇ ਪੰਡਤ, ਤੂੰ ਨਹੀਂ ਜਾਣਿਆ ਕਿ ਓਅੰਕਾਰ ਆਦਿ ਹੈ, ਇਹ ਲਿਖਕੇ ਮੇਟ ਦੇਣ ਵਾਲਾ ਸਿਰਫ ਅੱਖਰ ਨਹੀਂ । ਤੂੰ ਲਖਿਆ ਨਹੀਂ ਮੈਂ ਇਸ ਨੂੰ ਲਖਿਆ ਹੈ ਤੇ ਜਾਣਿਆ ਹੈ । ਇਕ ਪਾਸੇ ਸਤਿ ਹੈ, ਦੂਜੇ ਪਾਸੇ ਏਕਾ ਹੈ ਤੇ ਓਅੰਕਾਰ ਦਰਮਿਆਨ ਵਿਚ ਹੈ। ਓਅੰਕਾਰ ਨੇ ਸ੍ਰਿਸ਼ਟੀ ਉਤਪੰਨ ਕੀਤੀ ਹੈ, ਇਹ ਵੀ ਓਅੰਕਾਰ ਦਾ ਸਰੂਪ ਹੈ ਤੇ ਓਅੰਕਾਰ ਪਰੀਪੂਰਨ ਹੈ, ਜਿਵੇਂ ਜਲ ਦੀਆਂ ਲਹਿਰਾਂ ਜਲ ਦਾ ਹੀ ਰੂਪ ਹਨ:--

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥
[ਮਾਰੂ ਮ: ੫-੧੭, ਪੰਨਾ ੧੦੦੩

ਕਾਲ ਬਣਾਕੇ, ਫਿਰ ਦੇਸ ਬਣਾਕੇ 'ਕਾਲ ਪਾਇ ਬ੍ਰਹਮਾ ਬਪੁ ਧਰਾ' ਫਿਰ ਖੰਡ, ਦੀਪ ਰਚੇ। ਇਹ ਭਾਰਤ ਖੰਡ, ਜੰਬੂ ਦੀਪ, ਹੇ ਦੇਵੀ ! ਹੇ ਬ੍ਰਾਹਮਣੀ:--

'ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥'[ਰਾਮ: ਮ: ੧ ਓਅੰਕਾਰ, ਪੰਨਾ ੯੨੯

ਓਅੰਕਾਰਿ ਦੀ ਉਪਾਸ਼ਨਾ ਨਾਲ ਉਧਾਰ ਹੋਏਗਾ । ਬਾਬਾ ਜੀ ਨੇ ਓਅੰਕਾਰ ਬਾਣੀ ਉਚਾਰੀ ਅਰ ਉਸ ਵਿਚ ਦੱਸਿਆ:--

'ਓਅੰਕਾਰਿ ਸਬਦਿ ਉਧਰੇ ॥' [ਪੰਨਾ ੯੩੦

ਇਹ ਓਅੰਕਾਰ ਜਦੋਂ ਤ੍ਰਿਕੁਟੀ ਵਿਚ ਜਾਂਦਾ ਹੈ :--

ਕਕਾ ਕਿਰਣਿ ਕਮਲ ਮਹਿ ਪਾਵਾ ॥
ਸਸਿ ਬਿਗਾਸ ਸੰਪਟ ਨਹੀ ਆਵਾ ॥
[ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੦

ਹਿਰਦਾ ਕੰਵਲ ਖਿੜਾਉਣ ਲਈ ਓਅੰਕਾਰ ਸੂਰਜ ਵਤ ਹੈ, ਪਰਵਾਰ ਅਰ ਮਾਇਆ ਇਹ ਚੰਦਰਮਾ ਹੈ ਤੇ ਹਿਰਦੇ ਰੂਪੀ ਕੰਵਲ ਨੂੰ ਮੁੰਦ ਦਿੰਦਾ ਹੈ। ਪਰ ਸਾਡੇ ਪਾਸ ਓਅੰਕਾਰ ਸੂਰਜ ਹੈ। ਓਅੰਕਾਰਿ ਚਾਰ ਸਰੂਪਾਂ ਵਿਚ ਹੈ-ਅ, ਉ, ਮ ਅਰ ਅਰਧ ਮਾਤ੍ਰਾਂ।

'ਓਅੰ ਸਾਧ ਸਤਿਗੁਰ ਨਮਸਕਾਰੰ ॥'

[ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੦

'ਓਅੰ ਪ੍ਰਿਅ ਪ੍ਰੀਤਿ ਚੀਤ ਪਹਿਲਰੀਆ ॥'

[ਸਾਰੰਗ ਮਹਲਾ ੫, ਪੰਨਾ ੧੨੧੩

੧. (ਅ) ਵੈਰਾਟ ਈਸ਼ਵਰ=ਵਿਸ਼ੂ ਜੀਵ, ਸਥੂਲ ਸ਼ਰੀਰ, ਜਾਗ੍ਰਤ ਅਵਸਥਾ, ਅਸਥਾਨ-ਨੇਤ੍ਰ: ਅਸਥੂਲ ਸ਼ਰੀਰ ਪੰਝੀ (੨੫) ਪ੍ਰਕਿਰਤੀਆਂ ਤੋਂ ਬਣਿਆ ਹੈ।

੨. (ਉ) ਹਿਰਨ ਗਰਭ ਈਸ਼ਵਰ=ਤੇਜਸ੍ਹ ਜੀਵ, ਲਿੰਗ ਯਾ ਸੂਖਮ ਸ਼ਰੀਰ, ਅਵਸਥਾ-ਸੁਪਨ। ਅਸਥਾਨ-ਪੁਰਾਤਤ ਨਾੜੀ ਕੰਠ ਵਿਚ। ਪੁਰਾਤਤ ਨਾਮੀ ਨਾੜੀ ਕੰਠ ਵਿਚ ਹੈ ਜੋ ਵਾਲ ਦਾ ਵੀ ਛੇਵਾਂ ਹਿੱਸਾ ਹੈ।

ਲਿੰਗ ਸਰੀਰ ੧੭ ਤੱਤਾਂ ਦਾ ਬਣਿਆ ਹੈ। (੫ ਪ੍ਰਾਣ, ੫ ਕਰਮ, ੫ ਗਿਆਨ ਇੰਦਰੇ ਤੇ ਇਕ ਮਨ ਤੇ ਦੂਸਰੀ ਬੁਧੀ)। ਸ਼ੁਧ ਬੁਧੀ ਇਸਦੀ ਇਸਤ੍ਰੀ ਹੈ, ਇਹ ਆਪਣੇ ਪ੍ਰਕਾਸ਼ ਨਾਲ ਸੁਪਨਾ ਵੇਖ ਲੈਂਦਾ ਹੈ ਇਸ ਨੂੰ ਕਿਸੇ ਰੌਸ਼ਨੀ ਦੀ ਲੋੜ ਨਹੀਂ।

੩, (ਮ) ਮਾਇਆ ਪਤਿ ਈਸ਼ਵਰ=ਪ੍ਰਾਗ ਜੀਵ, ਕਾਰਨ ਸਰੀਰ, ਅਵਸਥਾ-ਸੁਖੋਪਤੀ, ਸਥਾਨ-ਹਿਰਦਾ। 'ਅ','ਉ' 'ਮ' ਪ੍ਰਤੱਖ ਹਨ ਅਰਧ ਮਾਤ੍ਰਕਾ ਗੁਪਤ ਹੈ। ਅਰ ਅਰਧ ਮਾਤ੍ਰਾ ਜੋ ਹੈ ਚੰਦਰਮਾਂ ਦੀ ਸ਼ਕਲ ਦੀ ਹੈ।

ਨੋਟ—ਪ੍ਰਾਣ, ਅਪਾਨ, ਸਮਾਨ; ਵਿਆਨ, ਉਦਿਆਨ ਪੰਜ ਪ੍ਰਾਣ ਇੰਦਰੇ ਹਨ।

ਅਰਧ ਚੰਦਰਕਾ ਆਤਮਾ ਹੈ ਜੋ ਅੰਦਰ ਹੈ। ਇਹ ਹੀ ਬ੍ਰਹਮ

ਸਰੂਪ ਹੈ।

'ਆਤਮਾ ਦੇਉ ਪੂਜੀਐ ਗੁਰ ਕੈ ਸਹਿਜ ਸੁਭਾਇ ॥'

[ਵਾਰ ਸਿਰੀ ਰਾਗ ਮ: ੩-੧੨, ਪੰਨਾ ੮੭

'ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥'

[ਗੋਂਡ ਮਹਲਾ ੫-੨੧, ਪੰਨਾ ੮੬੮

'ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥'

[ਗਉੜੀ ਮਹਲਾਂ ੫-੧੬੧, ਪੰਨਾ ੧੯੮

ਸ਼ਹਿਨਸ਼ਾਹ ਆਤਮਾ ਦਾ ਇਹ ਸਰੀਰ ਮੰਦਰ ਹੈ। ਇਸ ਨੂੰ ਸਾਫ ਤੇ ਨਿਰਮਲ ਰਖਣਾ ਹੈ, ਕੋਈ ਪਾਪ: ਚੋਰੀ, ਯਾਰੀ, ਪਰ-ਇਸਤ੍ਰੀ, ਜੁਆ, ਸਿਨਮਾ ਥੋਟਰ ਦੀਆਂ ਨੀਵੀਆਂ ਰੁਚੀਆਂ ਦਾ ਦਾਗ਼ ਨਹੀਂ ਲਗਣ ਦੇਣਾ :—

'ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ' ॥੬॥

[ਸ਼ਲੋਕ ਫਰੀਦ, ਪੰਨਾ ੧੩੭੮

'ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ' ॥੫੬॥

[ਸ਼ਲੋਕ ਫਰੀਦ, ਪੰਨਾ ੧੩੮੧

ਸੰਪੂਰਨ ਜੋ ਬ੍ਰਹਮੰਡ ਹੈ ਪਿੰਡ ਇਸ ਦਾ ਹਿੱਸਾ ਹੈ।

"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥'

[ਧਨਾਸਰੀ ਪੀਪਾ ਜੀ, ਪੰਨਾ ੬੯੫

ਅਥਵਾ:—'ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥
ਮਾਨ ਸਰੋਵਰਿ ਕਰਿ ਇਸਨਾਨੁ ॥'

[ਭੈਰਉ ਕਬੀਰ ਜੀ, ਪੰਨਾ ੧੧੬੨

ਇਸ ਲਈ ਪਿੰਡ ਦਾ ਵਿਚਾਰ ਕਰਨਾ ਮਾਨੋ ਬ੍ਰਹਮੰਡ ਦਾ ਵੀਚਾਰ ਕਰਨਾ ਹੈ। ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਦੇ ਮਿਲਣ ਦੀ ਇਛਾ ਹੈ ਉਨ੍ਹਾਂ ਲਈ ਇਹ ਮੂਲ ਮੰਤ੍ਰ ਰਤਨ ਹੈ। ਪਿੰਡ ਅਰ ਬ੍ਰਹਮੰਡ ਓਅੱਕਾਰ ਤੋਂ ਉਤਪੰਨ ਹੋਇਆ ਹੈ, ਮੁਢ ਤੋਂ ਲੈਕੇ ਸਾਰਾ

ਬ੍ਰਿਛ ਬੀਜ ਵਿਚ ਸੰਪੂਰਨ ਹੈ। ਇਸੇ ਤਰ੍ਹਾਂ :—

'ਪੰਚ ਤਤੁ ਮਿਲਿ ਕਾਇਆ ਕੀਨੀ ॥' [ਮਾਰੂ ਮ: ੧, ਪੰਨਾ ੧੦੩੦

ਪੰਜਾਂ ਤੱਤਾਂ ਦੀ ਕਾਇਆਂ ਰੂਪ ਜੋ ਪਿੰਡ ਹੈ ਇਸ ਵਿਚ ਮਾਨੋ ਬ੍ਰਹਮੰਡ ਹੈ।

੪ ਅਵਸਥਾ ਓਅੰਕਾਰ ਦੀਆਂ, ੪ ਬ੍ਰਹਮੰਡ ਦੀਆਂ ਤੇ ੪ ਹੀ ਜੀਵ ਦੀਆਂ ਹਨ।

'ਓਅੰਕਾਰ ਆਦਿ ਮੈ ਜਾਨਾ ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥'

[ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੦

ਇਹ ਅੱਖਰ ਭੀ ਹੈ, ਵਰਨ ਭੀ ਹੈ, ਸਰੂਪ ਭੀ ਹੈ, ੪ ਹਿੱਸੇ ਹੈ ਤੇ ਅਰਥ ਭੀ ੪ ਵਿਭਾਗਾਂ ਵਿਚ ਹੈ:--

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥ ੫ ॥ ਪੰਨਾ ੯੩੦
ਇਸੁ ਏਕੇ ਕਾ ਜਾਣੈ ਭੇਉ ॥, ਆਪੇ ਕਰਤਾ ਆਪੇ ਦੇਉ ॥੯॥

[ਦਖਣੀ ਓਅੰਕਾਰੁ, ਪੰਨਾ ੯੩੦

ਕਰਤਾ ਅਰ ਦਓ ਨੂੰ ਜੋ ਲਖ ਲਏਗਾ ਉਹ ਇਸ ਭੇਤ ਨੂੰ ਲਖ ਲਏਗਾ:--

'ਨਾਨਕ ਏਕੁ ਸਮਾਈ ॥'

ਭਗਵਾਨ ਰਾਮਚੰਦ੍ਰ ਤੇ ਸੀਤਾ ਜੀ ਬਨਵਾਸ ਨੂੰ ਗਏ, ਅਗੇ ਸੰਤ ਆਸ਼੍ਰਮ ਆ ਗਿਆ। ਉਥੇ ਅਚਰਜ ਦੇਖਿਆ: ਸ਼ੇਰ ਭੀ ਹੈ, ਬਕਰੀ ਭੀ ਹੈ, ਨਿਰਵੈਰਤਾ ਵਰਤ ਰਹੀ ਹੈ। ਸ੍ਰੀ ਦਰਬਾਰ ਸਾਹਿਬ ਜੀ ਜਦ ੧੨ ਮਿਸਲਾਂ ਵਾਲੇ ਸਰਦਾਰ ਮਿਲਦੇ ਸਨ ਪ੍ਰਕਰਮਾਂ ਵਿਚ, ਤਾਂ ਜੱਫੀਆਂ ਪਾਕੇ, ਸਭ ਵੈਰ ਮਿਟਾ ਦੇਂਦੇ ਸਨ। ਜੋ ਨਿਰਵੈਰ ਨਹੀਂ, ਉਹ ਨਿਰਭਉ ਨਹੀਂ, ਜੋ ਨਿਰਭਉ ਨਹੀਂ, ਉਹ ਨਿਰਵੈਰ ਨਹੀਂ। ਉਸ ਕੁਟੀ ਵਿਚ ਅਗਸਤ ਰਿਸ਼ੀ ਜੀ ਰਹਿੰਦੇ ਸਨ, ਤਿਨ੍ਹਾਂ ਦੀ ਵਹੁਟੀ ਅਨੁਸੂਯਾ ਤੇ ਦਤਾਤ੍ਰੇਯ ਤਿਨ੍ਹਾਂ ਦਾ ਪੁੱਤਰ ਸੀ। ਅਨੁਸੂਯਾ ਸੀਤਾ ਜੀ ਨੂੰ ਵੇਖਕੇ ਰੋ ਪਈ:--

'ਛਿਨ ਮਹਿ ਰਾਉ ਰੰਕ ਕਉ ਕਰਈ ॥' [ਬਿਹਾਗੜਾ ਮ: ੯, ਪੰਨਾ ਪਤ੭

ਸੀਤਾ ਨੂੰ ਛਾਤੀ ਨਾਲ ਲਾਇਆ, ਪਿਆਰ ਕੀਤਾ ਤੇ ਕਿਹਾ: "ਬੱਚੀ ਕੋਈ ਕਰਮ ਚੱਕਰ ਹੈ, ਜਦ ਮਿਟ ਜਾਏਗਾ, ਤਦ ਰਾਜ ਦੀ ਪ੍ਰਾਪਤੀ ਹੋ ਜਾਏਗੀ:--

ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥'

[ਸਲੋਕ ਵਾਰਾਂ ਤੇ ਵਧੀਕ ਮ: ੫, ਪੰਨਾ ੧੪੨੪

ਬੱਚੀ ਮੈਂ ਇਕ ਵਚਨ ਤੈਨੂੰ ਦੇਣਾ ਹੈ:-

'ਮਾਤ ਪਿਤਾ ਭ੍ਰਾਤਾ ਹਿਤਕਾਰੀ ॥
ਮਿਤ ਪ੍ਰਦ ਦੇਹਿ ਸਭ ਰਾਜਕੁਮਾਰੀ ॥
ਅਮਿਤ ਦਾਨ ਭੁਰਤਾ ਵੈ ਦੇਈ ॥
ਅਧਮ ਸੋ ਨਾਰ ਜੋ ਸੇਵ ਨ ਤੇਈ ॥'

ਜਿਵੇਂ ਮਹਾਰਾਜਾ ਦਾ ਰਾਜ ਦਰਬਾਰ ਜਾਣੇ ਦਾ ਹੋਰ ਵਕਤ, ਅੰਤਹਪੁਰ ਦਾ ਹੋਰ, ਸੌਣ ਦਾ ਹੋਰ, ਪੁੱਤ੍ਰ ਰਾਜਾ ਤਾਂ ਇਕੋ ਹੈ:--

ਏਕ ਕ੍ਰਿਸਨੰ ਤ ਸਰਬ ਦੇਵਾ ਦੇਵ ਦੇਵਾਤ ਆਤਮਹ ॥

[ਸਲੋਕ ਸਹਸਕ੍ਰਿਤੀ ਮ: ੧, ਪੰਨਾ ੧੩੫੩

ਬ੍ਰਹਮ ਹੈ ਆਤਮਾ ਰਾਮ, ਐਸੇ ਇਹ ਪਿੰਡ ਦਰਬਾਰ ਹੈ। ਜਾਗ੍ਰਤ, ਸ੍ਵਪਨ, ਸੁਖੋਪਤ ਵਿਚ ਇਹ ਆਤਮਾ ਤਾਂ ਇਕੋ ਹੈ ਚੇਤਨ ਦੇਵ ਵਾਹਿਗੁਰੂ ਜੀ ਆ ਬੈਠੇ ਹਨ, ਇਹ ਵਾਹਿਗੁਰੂ ਜੀ ਦ ਜਾਨਸ਼ੀਨ ਹੈ:—

'ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪ ॥'

[ਗੌਂਡ ਮਹਲਾ ੫-੨੧, ਪੰਨਾ ੮

ਇਸ ਮਹਲ ਸਰੀਰ ਵਿਚ ਨਿਵਾਸ ਕਰ ਰਿਹਾ ਹੈ। ਧੰਨ
'ਸੋ ਤਨੁ ਨਿਰਮਲ ਜਿਤ ਉਪਜੈ ਨ ਪਾਪੁ ॥ ਗਾਉੜੀ ਮਹਲਾ ੫-
'ਹਰਿ ਮੰਦਰੁ ਏਹੁ ਸਰੀਰੁ ਹੈ ॥' [ਪ੍ਰਭਾਤੀ ਮਹਲਾ ੩, ਪੰਨਾ ੧੩

ਆਤਮਾ ਪਰਮਾਤਮਾ ਏਕੋ ਰੂਪ ਹੈ। ਤਾਂਤੇ ਇਸ ਮਹਲ ਨਿਰਮਲ ਰਖਣਾ ਹੈ; ਚੋਰੀ, ਯਾਰੀ, ਪਾਪਾਂ ਤੋਂ ਬਚਾਣਾ ਹੈ।

ਤਾਂ ਆਤਮ ਦੇਵ ਸ਼ਹਿਨਸ਼ਾਹ ਦਾ ਸ਼ਰੀਰ ਮਹਲ ਹੈ ਅਰ ਜੋ ਇਸ ਮਹਲ ਨੂੰ ਖ਼ਰਾਬ ਕਰਦੇ ਹਨ:—

ਹਰਿ ਹਰਿ ਤਿਨਕਾ ਦਰਸੁ ਨ ਕਰੀਅਹੁ ॥ [ਵਡਹੰਸੁ ਮਹਲਾ ੪, ਪੰਨਾ ੫੭੪

'ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ ਮੈ ਨ ਕਰਉ ਦਰਸਨਾ ॥'

[ਭੈਰਉ ਨਾਮਦੇਉ, ਪੰਨਾ ੧੧੯੩

ਗੁਰਮੁਖ ਦਾ ਮੇਲ, ਸਾਧ ਦਾ ਸੰਗ, ਨਾਮ ਦਾ ਰੰਗ, ਭਜਨ ਦਾ ਪ੍ਰਤਾਪ, ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ 'ਸਤਿਨਾਮ ਸ੍ਰੀ ਵਾਹਿਗੁਰੂ' ।

ਆਤਮਾ ਇੰਦਰ ਹੈ, ਬੁਧੀ ਇੰਦਰਾਣੀ ਹੈ । ਸੂਖਮ ਸ਼ਰੀਰ ਵਿਚ ਪੁਰੀ ਤਤ ਨਾਮਾ ਨਾੜੀ ਤੇਜਸ੍ਵ ਰੂਪ ਹੈ । ਨੇਤ੍ਰਾਂ ਦੇ ਤਖਤ ਤੋਂ ਹਟ ਕੇ ਆਤਮਾ ਜੀ, ਜਿਸ ਦਾ ਨਾਮ ਤੇਜਸ੍ਵ ਹੁੰਦਾ ਹੈ, ਸ੍ਵਪਨ ਭਾਵ ਸੌਣੇ ਦੇ ਵਕਤ ਪੁਰੀਤਤ ਨਾਮਾ ਨਾੜੀ ਵਿਚ, ਜੋ ਇਸ ਦਾ ਅੰਤਹਪੁਰ ਹੁੰਦਾ ਹੈ, ਚਲਾ ਜਾਂਦਾ ਹੈ । ਇਥੇ ਜਾਕੇ ਨੀਂਦਰ ਵਿਚ ਸਭ ਕੁਛ ਬਣਾ ਲੈਂਦਾ ਹੈ ਤੇ ਸੁਪਨਾ ਸ਼ੁਰੂ ਹੋ ਜਾਂਦਾ ਹੈ । ਇਥੇ ਇਸ ਨੂੰ ਸੂਰਜ ਚੰਦ੍ਰਮਾ ਵਗੈਰਾ ਕਿਸੇ ਰੋਸ਼ਨੀ ਦੀ ਜ਼ਰੂਰਤ ਨਹੀਂ ਹੈ । ਸੁਪਨੇ ਅੰਦਰ ਬਾਬਾ ਜੀ ਦੇ ਦਰਸ਼ਨ ਭੀ ਕਰ ਲੈਂਦਾ ਹੈ । ਬੁਧੀ ਬਾਬਾ ਜੀ ਦਾ ਫੋਟੋ ਵੀ ਖਿੱਚ ਲੈਂਦੀ ਹੈ, ਅਤੇ ਆਤਮਾ ਚਰਨਾਂ ਤੇ ਲੇਟ ਬੀ ਜਾਂਦਾ ਹੈ:—

'ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ' ॥

[ਬਿਲਾਵਲੁ ਮਹਲਾ ਪ-੬੧, ਪੰਨਾ ੮੧੬

ਆਪ ਹੀ ਦ੍ਰਿਸ਼ਟਾ, ਆਪੇ ਹੀ ਦ੍ਰਿਸ਼, ਆਪ ਹੀ ਦਰਸ਼ਨ ਕਰਨ ਵਾਲਾ ਤੇ ਆਪ ਹੀ ਗੁਰੂ । ਤੇਜਸ੍ਵ ਜੋ ਆਤਮਾ ਹੈ, ਇਹ ਸ੍ਵਪਨ ਪ੍ਰਕਾਸ਼ ਹੈ । ਅਨੇਕ ਤਰੰਗ ਜੈਸੇ ਜਲ ਵਿਚ ਹਨ । ਕਰੋੜਾਂ ਭਾਂਡੇ ਮਿਟੀ ਵਿਚ ਪਏ ਹਨ । ਐਸੇ ਸਭ ਪਿੰਡ ਬ੍ਰਹਮੰਡ ਵਿਚ ਇਸਥਿਤ ਹੈਨ । ਆਪਣੇ ਸਰੀਰ ਵੱਲ ਤੱਕੀਏ ਨਾਂ ! ਇਕ ਕਤਰਾ

ਆਬ ਤੋਂ ਕੀ ਰਚ ਧਰਿਆ ਹੈ:—

'ਕਵਨ ਮੂਲ ਤੇ ਮਾਨੁਖੁ ਕਰਿਆ' ॥ [ਸਾਰੰਗ ਮਃ ੫ ੮੧, ਪੰਨਾ ੧੨

ਅਵਤਾਰ ਬੈਠਦੇ ਹਨ, ਮਹਾਂ ਪੁਰਸ਼ ਅਰ ਆਪ ਵਾਹਿਗੁਰੂ ਜੀ ਬੈਠੇ ਹਨ 'ਕਰਤੇ ਕੁਦਰਤੀ ਮੁਸਤਾਕੁ'। ਕੁਦਰਤ ਵਿਚ ਵੀ ਜਦ ਦਰਸ਼ਨ ਕਰਦਾ ਹੈ ਤਾਂ ਦ੍ਰਿਸ਼ਟਾ ਵਿਚ ਚਲਾ ਜਾਂਦਾ ਹੈ:—

'ਚਚਾ ਰਚਿਤ ਚਿਤ੍ਰ ਹੈ ਭਾਰੀ ॥
ਤਜਿ ਚਿਤ੍ਰੈ ਚੈਤਹੁ ਚਿਤਕਾਰੀ' ॥

[ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੦

ਦਰਸ਼ਨ ਕਰਕੇ ਵਿਸਮਾਦ ਵਿਚ ਚਲਾ ਜਾਂਦਾ ਹੈ, ਨੇਤ੍ਰ ਅਸਥਾਨ ਵਿਚ ਬੈਠਾ ਹੈ ਅਰ ਅੰਮ੍ਰਿਤ ਪੀਂਦਾ ਹੈ, ਇਹ ਅੰਮ੍ਰਿਤ ਦੀ ਵਾੜੀ ਹੈ:—

'ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ' ॥

[ਧਨਾਸਰੀ ਨਾਮਦੇਵ ਜੀ, ਪੰਨਾ ੬੯੩

ਸਰਬ ਬ੍ਰਹਮੰਡ, ਸਰਬ, ਕੁਦਰਤ, ਅੰਮ੍ਰਿਤ ਦੀ ਇਹ ਬਗੀਚੀ ਹੈ। ਵਿਸ੍ਨੂ ਨਾਮਾ ਜੀਵ ਜਦ ਕੁਦਰਤ ਦਾ ਦਰਸ਼ਨ ਕਰਦਾ ਹੈ, ਤਾਂ ਮੋਹਤ ਹੋ ਜਾਂਦਾ ਹੈ:—

'ਕੁਦਰਤਿ ਕਰਨੈ ਹਾਰ ਆਪਾਰਾ' ॥ [ਮਾਰੂ ਮਹਲਾ ੧, ਪੰਨਾ ੧੦੪੨

ਇਹ ਵਿਸ਼੍ਨੂ ਨਾਮਾ ਜੀਵ ਦਾ ਦੂਜਾ ਸਰੂਪ ਕੰਠ ਹੈ, ਗਲੇ ਵਿਚ ਪੁਰੀ ਤਤ ਨਾਮਾ ਨਾੜੀ ਹੈ, ਸੂਖਮ ਸ਼ਰੀਰ ਹੈ, ਸ੍ਵਪਨ ਅਵਸਥਾ ਹੈ, ਤੇਜਸ੍ਵ ਰੂਪ ਹੈ, ਵਾਹਿਗੁਰੂ ਜੀ ਹੁਣ ਅੰਤਹਪੁਰ ਚਲੇ ਗਏ ਹਨ:

'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ॥

[ਆਸਾ ਮਹਲਾ ੩ ਛੰਤ, ਪੰਨਾ ੪੪੧

ਖਾਸ ਦਰਬਾਰ ਹੈ, ਇਕਾਂਤ ਹੈ, ਬੁੱਧੀ ਰਾਣੀ ਹੈ, ਮਨ ਬੈਠਾ ਹੈ, ਚਿਤ ਮਸ਼ੀਰ ਹੈ, ਪੁਰੀਤਤ ਨਾਮਾ ਨਾੜੀ ਵਿਚ ਆਪ ਇਸਥਿਤ ਹੋ ਗਏ ਹਨ, ਅਕਾਰ ਮਾੜ੍ਹਾ ਹੈ, ਆਪਣੇ ਆਪ ਰੌਸ਼ਨੀ ਸ੍ਵਪਨ ਅਵਸਥਾ ਵਿਚ ਸਭ ਦਰਸਨ ਕਰਦਾ ਹੈ, ਸਭ ਰਚਨਾ ਰਚ

ਲੈਂਦਾ ਹੈ। ਫਿਰ ਬਾਬੇ ਜੀ ਦੇ ਦਰਸ਼ਨ :—

'ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ
ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈਂ :।'

[ਭਾਈ ਗੁਰਦਾਸ—੨੦੫

'ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥'

[ਫੁਨੇਹੇ ਮਹਲਾ ੫, ਪੰਨਾ ੧੩੬੨

ਇਸਦੇ ਤੇਜ ਨਾਲ ਸੂਰਜ ਚੰਦ੍ਰਮਾਂ ਦਾ ਗਿਆਨ ਹੁੰਦਾ ਹੈ। ਜਦ ਇਹ ਨਾ ਉਦੇ ਹੋਵੇ ਤਾਂ ਗਿਆਨ ਕਿਥੋਂ ? ਇਸ ਲਈ ਤੇਜਸ੍ਵ ਹੈ। ਸ੍ਵਪਨ ਦੇਸ਼ ਵਿਚ ਬੈਠ ਕੇ ਆਪ ਹੀ ਸ੍ਰਿਸ਼ਟੀ ਰਚ ਲੈਂਦਾ ਹੈ। ਜਦ ਜਾਗਦੇ ਹਾਂ, ਤੁਕ ਜੀਭ ਤੇ ਹੁੰਦੀ ਹੈ :—

'ਨਾਨਕ ਭਗਤਾ ਸਦਾ ਵਿਗਾਸੁ ॥' [ਜਪੁਜੀ

ਮਹਾਂ ਪੁਰਸ਼ ਸੁਪਨੇ ਨੂੰ ਨਮਸਕਾਰ ਕਰਦੇ ਹਨ :—

'ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥

[ਬਿਲਾਵਲ ਮਹਲਾ ੫, ਪੰਨਾ ੮੧੬

ਕੈਸਾ ਸੁਪਨਾ ? ਵਾਹਿਗੁਰੂ ਜੀ ਦੇ ਦੀਦਾਰ ਹੈਨ। ਇਕ ਦਰਸ਼ਨ ਤੇ ਇਕ ਦਰਸ਼ਨ ਵਾਲਾ, ਆਪ ਹੀ ਸਿਖ ਆਪ ਹੀ ਗੁਰੂ ਹੈ। ਗੁਰੂ ਤਾਂ ਵਿਆਪਕ ਹੈ: 'ਸਤਿਗੁਰੁ ਮੇਰਾ ਸਦਾ ਸਦਾ' ਸਭ ਵਿਚ ਬੈਠਾ ਹੈ :—

'ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ ॥
ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ ॥' [ਭਾਈ ਨੰਦ ਲਾਲ
'ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ॥'

[ਵਡਹੰਸ ਵਾਰ ਮ: ੪, ਪੰਨਾ ੫੮੮

ਸਰੀਰ ਤਾਂ ਬਿਨਸੇਗਾ ਆਤਮਾ ਕਿਥੇ ਜਾਏਗੀ :—

'ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪਿ ਪੇਖਨ ਹਾਰਾ ॥' [ਸੁਖਮਨੀ, ਪੰਨਾ ੨੬੪

ਇਕ ਖਿਨ ਵੀ ਜੇ ਜੋੜ ਸਰੂਪ ਨਾਲ ਮਨ ਲੱਗ ਗਿਆ,

ਸਾਰੇ ਤੀਰਥਾਂ ਦਾ ਇਸ਼ਨਾਨ, ਸਰਬ ਪ੍ਰਿਥਵੀ ਦੇ ਦਾਨ ਦਾ ਫਲ ਪ੍ਰਾਪਤ ਹੋ ਗਿਆ। ਸੂਰਜ ਦਾ ਗਿਆਨ ਪ੍ਰਕਾਸ਼ ਤੇ ਗਰਮੀ ਹੁੰਦਾ ਹੈ !

ਤੀਜੀ ਹੈ ਮਕਾਰ ਮਾਤ੍ਰਾ; ਸੁਖੋਪਤੀ ਅਵਸਥਾ। ਪਰਾਗ ਇਸਦਾ ਦੇਵ ਹੈ, ਸੁਪਨ ਖਤਮ ਹੈ, ਹੁਣ ਸੁਖੋਪਤੀ ਹੈ। (ਸੁਖੋਪਤੀ ਦਾ ਅਰਥ ਹੈ ਗੂੜ੍ਹੀ ਨਿੰਦਰਾ)। ਮਹਾਂਰਾਜ ਹੁਣ ਆਰਾਮ ਕਰਦੇ ਹੈਨ, ਸਭ ਬਾਹਰ ਆ ਜਾਂਦੇ ਹੈਨ, ਬੁਧੀ ਮਹਾਰਾਣੀ ਭੀ ਬਾਹਰ ਆ ਜਾਂਦੀ ਹੈ, ਦੁਸਰਿਆਂ ਦੀ ਕੀਹ ਮਜਾਲ :--

'ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥' [ਗਉ: ਮ: ਪ, ਪੰਨਾ ੨੩੬

'ਜਿਨਿ ਆਤਮ ਤਤੁ ਨ ਚੀਨਿਆ ॥
ਸਭ ਫੋਕਟ ਧਰਮ ਅਬੀਨਿਆ ॥' [ਪ੍ਰਭਾਤੀ ਬੇਣੀ ਜੀ, ਪੰਨਾ ੧੩੫੧

'ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥' [ਸੁਖਮਨੀ, ਪੰਨਾ ੨੭੩

ਅਵਸਥਾ ਸੁਖੋਪਤੀ, ਸ਼ਾਹਿਨਸ਼ਾਹ ਪ੍ਰਾਗ, ਕਾਰਨ ਸਰੀਰ ਮਹਿਲ, ਬੁਧੀ ਰੂਪੀ ਰਾਣੀ, ਮਨ ਰੂਪੀ ਬੰਚਾ ਹਿਰਦੇ ਅਸਥਾਨ ਵਿਚ ਨਹੀਂ ਜਾ ਸਕਦੇ :—

'ਸਗਲ ਸਹੇਲੀ ਅਪਨੈ ਰਸ ਮਾਤੀ ॥' [ਗਉ: ਮ: ਪ, ਪੰਨਾ ੧੮੨

ਸਭ ਬਿਰਤੀਆਂ ਇਸਥਿਤ ਹੋ ਗਈਆਂ। ਇਹ ਅੰਦਰ ਬੈਠੇ ਆਤਮਾ 'ਵਾਹਿਗੁਰੂ' ਦੇ ਦਰਸ਼ਨ ਸਾਨੂੰ ਨਹੀਂ ਹੋਣੇ ਜਦ ਤਕ ਸਤਿਗੁਰ ਜੀ ਕਿਰਪਾ ਕਰਕੇ ਅਖੀਆਂ ਨਾ ਖੋਲ ਦੇਣ—

'ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥' [ਮਾਝ ਮ: ੩, ਪੰਨਾ ੧੨੩

'ਈਂ ਹਮਾ ਤੁਫੈਲ ਮੁਰਸ਼ਦ ਅਸਤ'। [ਭਾਂਈ ਨੰਦ ਲਾਲ

ਇਸ ਦੇਹੀ ਵਿਚ ਬੈਠੇ ਹਨ ਧੰਨ ਗੁਰੂ ਨਾਨਕ ਦੇਵ, ਇੰਦ੍ਰੀਆਂ ਦਾ ਗਿਆਨ, ਬੁਧੀ ਦਾ ਗਿਆਨ, ਤੇ ਗਿਆਨ ਤੋਂ ਪਰੇ ਜਾ ਗਿਆਨ ਰੂਪ ਖ਼ੁਦ ਹੈ। ਮਕਾਰ ਮਾਤ੍ਰਾ ਹੈ, ਸਿੰਘਾਸਨ ਪਰ ਬੈਠੇ ਹਨ ਪ੍ਰਾਗਜ ਦੇਵ, ਹਿਰਦਾ ਦੇਸ਼।

ਵਿਅਸ਼ਟੀ

(ੳ) ਜਾਗ੍ਰਤ=ਵਿਸ਼ਵ=ਨੇਤ੍ਰ=ਸਥੂਲ ਸ਼ਰੀਰ(੨੫ ਪ੍ਰਕਿਰਤੀਆਂ)।
(ਅ) ਸ੍ਵਪਨ=ਤੇਜਸ=ਪੁਰੀਤਤ=ਲਿੰਗ ਸਰੀਰ (੧੦ ਤੱਤ)।
(ਮ) ਸੁਖੋਪਤ=ਪ੍ਰਾਗਯ=ਹਿਰਦਾ=ਕਾਰਨ ਸ਼ਰੀਰ (ਅਵਿਦਿਆ)।
( ˙ ) ਤੁਰੀਆ=ਸਾਖੀ ਕੂਟਸਥ=ਸਰਬ ਵਿਆਪਕ।

ਸਮਸ਼ਟੀ

(ੳ) ਉਤਪਤੀ=ਵੈਰਾਟਯ=ਅਸਥੂਲ ਪਰਪੰਚ।
(ਅ) ਪਾਲਨਾ=ਹਿਰਣ ਗਰਭ=ਸੂਖਮ ਪਰਪੰਚ।
(ਮ) ਸੰਘਾਰ=ਈਸ੍ਵਰ=ਕਾਰਨ ਪਰਪੰਚ (ਮਾਇਆ)।
( ˙ ) ਸੁਧ ਬ੍ਰਹਮ।

'ਨਿਰਗੁਣ ਕਥਾ ਕਥਾ ਹੈ ਹਰਿ ਕੀ।"

[ਗਉੜੀ ਮ: ੪, ਪੰਨਾ ੧੬੪

'ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ ॥'

[ਗਉੜੀ ਕਬੀਰ ਜੀ, ਪੰਨਾ ੩੩੩

## ਓਅੰਕਾਰ ਸ਼ਬਦ ਦੀ ਵਿਆਖਿਆ

ਬ੍ਰਹਮੰਡ ਵਿਚ ਭੀ ਅੰਰ ਪਿੰਡ ਵਿਚ ਭੀ ਓਅੰਕਾਰ ਵਸ ਰਿਹਾ ਹੈ। ਸਾਰੇ ਜ਼ੇਵਰਾਂ ਵਿਚ ਸੋਨਾ ਹੈ : ਅਗਨੀ ਤੋਂ ਨਿਕਲੇ ਸਾਰੇ ਕਿਣਕਿਆਂ ਵਿਚ ਅਗਨੀ ਵੱਸ ਰਹੀ ਹੈ ; ਸੂਰਜ ਦੀਆਂ ਕਿਰਨਾਂ ਵਿਚ ਸੂਰਜ ਵੱਸ ਰਿਹਾ ਹੈ, ਬ੍ਰਿਛ ਵਿਚ ਬੀਜ ਹੈ : ਸਰਬ ਤਰੰਗਾਂ ਵਿਚ ਜਲ ਹੀ ਹੈ :—

'ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥'

[ਧਨਾਸਰੀ ਮ: ੯, ਪੰਨਾ ੬੮੪

'ਬੁਧਵਾਰਿ ਬੁਧਿ ਕਰੈ ਪ੍ਰਗਾਸ ॥
ਹਿਰਦੈ ਕਮਲ ਮਹਿ ਹਰਿ ਕਾ ਬਾਸ ॥

[ਗਉੜੀ ਕਬੀਰ ਜੀ, ਪੰਨਾ ੩੪੪

ਸਰੀਰ ਵਿਚ ਓਅੰਕਾਰ ਹੀ ਵਸ ਰਿਹਾ ਹੈ।

'ਓ'–ਵਿਚ ਅਸਥੂਲ ਸਰੀਰ, ਜਾਗ੍ਰਤ ਅਵਸਥਾ ਅਰ ਨੇਤ੍ਰ ਅਸਥਾਨ ਵਿਸ਼ੂ ਨਾਮਾ ਜੀਵ ਹੈ। ਨੇਤ੍ਰਾਂ ਦੇ ਅਸਥਾਨ ਵਿਚ ਬੈਠ ਕਰ ਇਹ ਆਤਮਾ ਸ਼ਾਹਿਨਸ਼ਾਹ ਵਿਸ਼ੂ ਨੂੰ ਦੇਖਦਾ ਹੈ।

'ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥" [ਅਨੰਦ, ਪੰਨਾ ੯੨੨

ਇਸ ਬਿਨਾਂ ਤਾਂ ਅਸੀਂ ਮਿੱਟੀ ਦੇ ਪੁਤਲੇ ਹਾਂ। ਉਸ ਵਿਚ ਆਤਮਾ ਨੇਤ੍ਰਾਂ ਰਾਹੀਂ ਦੇਖ ਰਿਹਾ ਹੈ, ਚਿਤ ਚੇਤਾ ਕਰ ਰਿਹਾ ਹੈ, ਮਨ ਫੁਰਨੇ ਫੁਰਾ ਰਿਹਾ ਹੈ, ਬੁਧੀ ਵੀਚਾਰ ਕਰ ਰਹੀ ਹੈ।

'ਅ'–ਸੂਖਮ ਸਰੀਰ ਵਿਚ ਇਸਥਿਤ ਹੈ, ਪੁਰੀ ਤਤ ਨਾਮਾ ਨਾੜੀ ਅਸਥਾਨ ਹੈ, ਸੁਪਨ ਅਵਸਥਾ ਹੈ, ਅਸਲ ਪੂਜਾ ਨਾਮ ਹੈ:—

'ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥'

[ਰਾਮਕਲੀ ਮਹਲਾ ੩, ਪੰਨਾ ੯੧੦

ਦੁਨੀਆਂ ਆਪਣੇ ਥਾਪਿਆਂ ਦੀ ਪੂਜਾ ਕਰਦੀ ਹੈ :—

'ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥
ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ॥'

[ਕਲਿਆਨ ਮਹਲਾ ਪ, ਪੰਨਾ ੧੩੨੫

ਆਤਮ ਦੇਵ ਨੂੰ ਪੂਜਣ ਲਈ ਨਾਮ ਦੇ ਫੁੱਲ ਚੁਣ ਕੇ ਅਗੇ ਭੇਟਾ ਕਰੋ ਤੇ ਨਾਮ ਜਪਣਾ ਹੀ ਇਸ ਦੀ ਪੂਜਾ ਹੈ। ਸੂਖਮ ਨਾੜੀ ਵਿਚ ਕ੍ਰੀੜਾ ਆਪ ਹੀ ਕਰਦੇ ਹੈਨ ਸਭ ਇੰਦ੍ਰੇ ਬੰਦ ਕਰਕੇ :—

'ਕਈ ਕੋਟਿ ਆਤਮ ਧਿਆਨੁ ਧਾਰਹਿ ॥' [ਸੁਖਮਨੀ, ਪੰਨਾ ੨੭੫

ਸੁਪਨ ਅਵਸਥਾ ਵਿਖੇ ਜੋ ਆਤਮਾ ਹੈ, ਬ੍ਰਹਮਾਂ, ਸ਼ਿਵ, ਇਸ ਦੇ ਉਪਾਸ਼ਕ ਹਨ, ਆਤਮ ਵਿਚ ਬ੍ਰਹਮ ਐਸੇ ਹੈ ਜੈਸੇ ਦੁੱਧ ਵਿਚ ਘੀ, ਤਿਲਾਂ ਵਿਚ ਤੇਲ ; ਸੂਰਜ ਵਿਚ ਪ੍ਰਕਾਸ਼।

'ਮ'–ਕਾਰਨ ਸ਼ਰੀਰ, ਅੰਤਹ ਪੁਰ ਮਹਲ, ਇਥੇ ਬੁਧੀ ਮਨ ਦਾ ਦਖਲ ਨਹੀਂ ਹੈ। ਅਸਥੂਲ ਸ਼ਰੀਰ, ਲਿੰਗ ਸ਼ਰੀਰ ਭੀ ਨਹੀਂ ਜਾ

ਸਕਦੇ; ਸੁਪਨ, ਜਾਗ੍ਰਤ ਅਵਸਥਾ ਭੀ ਨਹੀਂ ਜਾ ਸਕਦੀਆਂ। ਉਥੇ ਖ਼ੁਦ ਬਖ਼ੁਦ ਆਪ ਹੈ :—

'ਅਬਿਨਾਸੀ ਸੁਖ ਆਪਨ ਆਸਨ ॥
ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥' [ਸੁਖਮਨੀ, ਪੰਨਾ ੨੯੧

ਇਹ ਹੀ ਤਾਂ ਤਤ ਹੈ। ਤਤ ਸਰੂਪ ਸੁਖੋਪਤੀ ਵਿਚ ਚਲੇ ਗਏ, ਇਥੇ ਚਾਰ ਚੁਫੇਰੇ ਇਕਾਂਤ ਦੀ ਲਕੀਰ ਖਿਚ ਕੇ, ਹਿਰਦੇ ਵਿਚ ਆਰਾਮ ਕਰਦੇ ਹਨ। ਸੁਖੋਪਤੀ ਅਵਸਥਾ ਹੈ, ਹਿਰਦਾ ਅਸਥਾਨ ਹੈ। ਮਕਾਰ ਮਾਤਰਾ ਹੈ, ਬਿੰਦੀ ਵਾਂਗੂੰ ਚਾਰ ਚੁਫੇਰੇ ਲਕੀਰ ਹੈ, ਐਸੇ ਇਕਾਂਤ ਦੀ ਲਕੀਰ ਦੇ ਚਾਰ ਚੁਫੇਰੇ ਬੈਠੇ ਹਨ ਆਤਮ ਦੇਵ। ਦਿਲ ਦਿਮਾਗ਼ ਇੰਦਰੀਆਂ ਦੇ ਸਾਰੇ ਥਕਾਨ ਦੂਰ ਹੋ ਜਾਂਦੇ ਹਨ। ਚਿੰਤਾਵਾਨ ਨੂੰ ਚਿੰਤਾ ਭੁੱਲ ਜਾਂਦੀ ਹੈ। ਜਾਗ੍ਰਤ ਵਿਚ ਜਿਸ ਬਲ ਨੂੰ ਖਰਚ ਕਰਦਾ ਹੈ ਉਹ ਭਰ ਜਾਂਦਾ ਹੈ, ਸ਼ਰੀਰ ਹੌਲਾ ਨਜ਼ਰ ਆਉਂਦਾ ਹੈ ਪਰ ਇਹ ਜਾਗ੍ਰਤ ਵਿਚ ਆ ਕੇ ਫਿਰ ਚਿੰਤਾ ਵਿਚ ਪੈ ਜਾਂਦਾ ਹੈ। ਜਿਵੇਂ ਗਰਮ ਬਾਲਟੀ ਖੂਹ ਵਿਚ ਲਟਕਾਓ, ਪਾਣੀ ਵਿਚ ਡੋਬ ਦਿਓ, ਠੰਡੀ ਠਾਰ ਹੋ ਜਾਏਗੀ, ਪਰ ਜੇਵੜੀ ਉਸਦੇ ਗਲ ਵਿਚ ਹੋਣ ਕਰਕੇ ਉਹ ਫਿਰ ਬਾਹਰ ਆ ਜਾਂਦੀ ਹੈ। ਤਿਵੇਂ ਵਾਸ਼ਨਾ ਆਤਮ ਤਤ ਤੋਂ ਨਿਖੇੜ ਦੇਂਦੀ ਹੈ।

ਹੁਣ ਆਓ ਬ੍ਰਹਮੰਡ ਵਿਚ: ਜਗਤ ਦੀ ਰਚਨਾ, ਸੰਪੂਰਨ ਸ੍ਰਿਸ਼ਟੀ, ਅਕਾਲ ਪੁਰਖ ਦਾ ਅਸਥੂਲ ਸ਼ਰੀਰ ਬ੍ਰਹਮੰਡ ਹੈ, ਜੜ ਚੇਤਨ। ਜਿਤਨਾ ਬਹਮੰਡ ਹੈ, ਇਸ ਨੂੰ ਵੈਰਾਟ ਬੋਲਦੇ ਹੈਨ। ਇਸ ਵਿਚ ਅਕਾਲ ਪੁਰਖ ਬਿਰਾਜਮਾਨ ਹਨ :—

'ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥'

[ਸ੍ਰੀਰਠਿ ਮਹਲਾ ੧, ਪੰਨਾ ੫੬੬

ਸਰੀਰ ਵਿਚ ਜਾਗ੍ਰਤ, ਸੁਪਨ, ਸੁਖੋਪਤੀ ਅਵਸਥਾ ਹੈ। ਏਥੇ ਉਤਪਤੀ, ਪਾਲਣਾ, ਸੰਘਾਰ (ਪਰਲੈ) ਅਵਸਥਾ ਹੈ। ਵੈਰਾਟ ਨਾਮ

੭. ਸਰਬਤ ਜਗਤ ਦਾ :—

'ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ ॥' [ਆਸਾ ਮਃ ੪ ਸੋ ਪੁਰਖੁ, ਪੰਨਾ ੧੦

'ਕੋਟਿ ਬੈਕੁੰਠ ਜਾਕੀ ਦ੍ਰਿਸ਼ਟੀ ਮਾਹਿ ॥' [ਭੈਰਉ ਮਃ ੫, ਪੰਨਾ ੧੧੫੬

'ਧਰਰ ਖੰਡ ਕਾ ਏਹੋ ਧਰਮੁ ॥ [ਜਪੁ ਨੀਸਾਣੁ, ਪੰਨਾ ੭

ਧਰਮਾਤਮਾਂ ਰਾਜਿਆਂ ਦੀਆਂ ਕਤਾਰਾਂ, ਕੋਟਾਨ ਕੋਟ ਸੂਰਜ, ਸ਼੍ਰੀ ਕ੍ਰਿਸ਼ਨ, ਰਾਮ ਚੰਦਰ, ਬ੍ਰਹਮਾ ਆਦਿਕ ਹੱਥ ਜੋੜ ਕੇ ਖੜੇ ਹੈਨ:—

'ਕੋਟਿ ਮਹੇਸ ਉਪਾਇ ਸਮਾਏ ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥...
ਕੋਟਿ ਛਤ੍ਰਪਤਿ ਕਰਤ ਨਮਸਕਾਰ ॥
ਕੋਇ ਇੰਦ੍ ਠਾਢੇ ਹੈ ਦੁਆਰ ॥'
[ਭੈਰਉ ਮਹਲਾ ਪ ਅਸ਼ਟ :—ਪ, ਪੰਨਾ ੧੧੫੬

'ਅਗਮ ਅਗਾਧਿ ਸੁਨਹੁ ਜਨ ਕਥਾ ॥
ਪਾਰਬ੍ਰਹਮ ਕੀ ਅਚਰਜ ਸਭਾ ॥' [ਸਾਰੰਗ ਮਃ ਪ, ਪੰਨਾ ੧੨੩੫

'ਉਪਤਿ ਪਰਲਉ ਖਿਨ ਮਹਿ ਕਰਤਾ ॥' [ਆਸਾ ਮਃ ਪ, ਪੰਨਾ ੩੮੭

ਇਸ ਵਿਚ ਉਕਾਰ ਮਾਤ੍ਰਾ ਹੈ, ਸੂਖਮ ਸ਼ਰੀਰਾਂ ਦੇ ਸਮੁਦਾਇ ਦਾ ਨਾਮ ਹਿਰਨ ਗਰਭ ਹੈ, ਜਿਸ ਨੂੰ ਸ਼ਰੀਰ ਨਹੀਂ ਲਖ ਸਕਦਾ। ਸੰਪੂਰਨ ਸੂਖਮ ਸ੍ਰਿਸ਼ਟੀ, ਪ੍ਰਾਣ ਹਵਾ ਤਾਂ ਦਿੱਸਦੀ ਹੈ, ਪਰ ਉਹ ਨਹੀਂ ਦਿਸਦਾ; ਫੁਰਨੇ ਦਿਸਦੇ ਹਨ ਮਨ ਨਹੀਂ ਦਿਸਦਾ। ਜਿਵੇਂ ਮਾਤਾ ਦੇ ਪੇਟ ਵਿਚ ਬਚਾ ਇਵੇਂ ਸਰਬ ਉਸ ਦੇ ਪੇਟ ਵਿਚ। ਸੂਖਮ ਪਰਪੰਚ ਓਸ ਦਾ ਆਸਨ ਹੈ, ਤੇ ਇੰਦਰੀਆਂ ਦੀ ਪਹੁੰਚ ਨਹੀਂ, ਕੰਨਾਂ ਨਾਲ ਸੁਣਿਆ ਹੀ ਨਹੀਂ, ਅੱਖਾਂ ਨਾਲ ਦੇਖਿਆ ਨਹੀਂ ਆਪ ਬਿਰਾਜਮਾਨ ਹੈਨ। ਕਾਰਨ ਸਰੀਰ ਮਾਇਆ ਹੈ, ਮਾਇਆ ਸਰਬ ਬ੍ਰਹਮ ਹੈ। ਸਤੋ ਗੁਣ ਪ੍ਰਧਾਨ ਮਾਇਆ ਹੈ ਇਸੇ ਨੂੰ ਈਸ਼ਵਰ ਕਹਿੰਦੇ ਹਨ। ਮਾਇਆ ਸਾਡਾ ਕਾਰਨ ਹੈ ਅਵਿਦਿਆ ਦਾ ਕਾਰਨ :—

| ਵੈਰਾਟ | ਹਿਰਨ ਗਰਭ | ਈਸ਼ਵਰ |
|---|---|---|
| ਉਤਪਤੀ | ਪਾਲਨ | ਪਰਲੈ |
| ਬ੍ਰਹਮੰਡ | ਸੂਖਮ ਪਰਪੰਚ | ਸਰਬ ਵਿਆਪਕ (ਅਵਜਾਕ੍ਰਿਤਿ) |

ਤੇ ਅਰਧ ਚੰਦ੍ਰਕਾ ਕਾ ਅਰਥ ਹੈ ਸੁੱਧ ਚੈਤਨ, ਜੋ ਸਾਡੇ ਵਿਚ ਬ੍ਰਹਮੰਡ ਵਿਚ ਇਕ ਰੂਪ ਹੈ :—

'ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥'

[ਵਾਰ ਆਸਾ ਮਹਲਾ ੧, ਪੰਨਾ ੪੬੯

ਇਸ ਦੇਹੀ ਦੇ ਹਿਰਦੇ ਅਸਥਾਨ ਵਿਚ ਤੀਰਥ ਹੈ, ਇਸ਼ਨਾਨ ਕਰੋ :—

'ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥'

[ਬਾਰਹ ਮਾਹਾ ਮਾਝ ਮ: ਪ, ਪੰਨਾ ੧੩੫

ਤਿੰਨ ਅਵਸਥਾਂ ਤੋਂ ਪਾਰ ਇਹ ਤੁਰਿਆ ਪਦ ਹੈ :—

'ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥'

[ਗਉੜੀ ਥਿਤੀ ਮਹਲਾ ਪ, ਪੰਨਾ ੨੯੭

ਆਤਮ ਤੀਰਥ ਦਾ ਇਸ਼ਨਾਨ ਇਹ ਤੁਰੀਆ ਪਦ ਹੈ :—

'ਸੁਣਿਐ ਅਠਸਠਿ ਕਾ ਇਸਨਾਨੁ ॥'

[ਜਪੁਜੀ, ਪੰਨਾ ੩

'ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥'

[ਰਾਮਕਲੀ ਮਹਲਾ ਪ, ਪੰਨਾ ੮੯੦

'ਜਾਗ੍ਰਤ, ਸ੍ਵਪਨ, ਸੁਖੋਪਤ, ਤੁਰੀਆ ॥
ਆਤਮ ਭੂਪਤ ਕੀ ਇਹ ਪੁਰੀਆ ॥'

ਬ੍ਰਹਮੰਡ ਵਿਚ ਤਾਂ ਸੁਧ ਬ੍ਰਹਮ ਕਰਕੇ ਪਰਵਿਰਤ ਹੋ ਰਿਹਾ ਹੈ ਪ੍ਰੰਤੂ ਸਰੀਰ ਵਿਚ ਸਾਖੀ ਕੂਟਸਥ ਕਰਕੇ ਵਜਾਪਕ ਹੈ :—

'ਤਨ ਮਹਿ ਮਨੂਆ ਮਨ ਮਹਿ ਸਾਚਾ ॥
ਸੋ ਸਾਚਾ ਮਿਲਿ ਸਾਚੇ ਰਾਚਾ ॥'

[ਧਨਾਸਰੀ ਮ: ੧, ਪੰਨਾ ੬੯੬

'ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੈ'॥
[ਮਾਰੂ ਮਹਲਾ ੧, ਪੰਨਾ ੧੦੩੦

ਓਮ ਦੀ ਪੂਜਾ ਤਿੰਨ ਪ੍ਰਕਾਰ ਦੀ ਮੰਨੀ ਗਈ ਹੈ।

(੧) ਬਿਭੂਤੀ—ਜੋ ਕੁਛ ਦਿੱਸਦਾ ਹੈ ਓਸ ਦਾ ਬਿਆਨ ਕਰਨਾ, ਜਸ ਗਾਉਣਾ, ਕੀਰਤਨ ਕਰਨਾ ।

'ਗੁਨ ਗਾਵਤ ਤੇਰੀ ਉਤਰਸਿ ਮੈਲੁ ॥' [ਸੁਖਮਨੀ, ਪੰਨਾ ੨੬੬

ਮੂਲ ਮੰਤ੍ਰ ਸ੍ਰੀ ਵਾਹਿਗੁਰੂ ਜੀ ਦਾ ਸਰੂਪ ਹੈ । ਇਹ ਸ਼ਬਦ ਬ੍ਰਹਮ ਹੈ, ਉਹ ਪਰਮ ਬ੍ਰਹਮ ਹੈ :—

'ਭਵਜਲੁ ਬਿਨੁ ਸਬਦੈ ਕਿਉ ਤਰੀਐ ॥'
[ਭੈਰਉ ਮਹਲਾ ੧, ਪੰਨਾ ੧੧੨੫

ਸ਼ਬਦ ਦੇ ਆਸਰੇ ਹੀ ਸਭ ਤਰਨਗੇ :-

'ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ।'
[ਤੁਖਾਰੀ ਮਹਲਾ ੧, ਪੰਨਾ ੧੧੧੩

ਅਸੀਂ ਅਕਾਰ ਵਿਚ ਬੈਠੇ ਹਾਂ, ਦੁਖ ਕਲੇਸ਼ ਵਿਚ ਬੈਠੇ ਹਾਂ, ਪ੍ਰੀਤਮ ਨਿਰੰਕਾਰ ਚੇਤਨ ਸਰੂਪ ਹੈ। ਬੇਗਮ ਪੁਰ ਅਸਥਾਨ ਹੈ, ਸੁਖ ਰੂਪ, ਜਿਥੇ ਆਪ ਟਿਕਦੇ ਹਨ :-

'ਬੇਗਮ ਪੁਰਾ ਸਹਰ ਕੋ ਨਾਉ ॥' [ਗਉੜੀ ਰਵਿਦਾਸ ਜੀ, ਪੰਨਾ ੩੪੫

ਸਾਜਨ ਤਾਂ ਪਾਰ ਹੈ ਅਸੀਂ ਉਰਵਾਰ ਹਾਂ। ਵਿਚਕਾਰ ਜੋ ਦੁੱਖ, ਈਰਖਾ, ਰਾਗ ਦ੍ਵੈਖ ਸਾਗਰ ਹੈ, ਇਸ ਤੋਂ ਲੰਘਾਉਣ ਵਾਲਾ ਸ਼ਬਦ ਹੈ ।

(੨) ਯਸ ਕਰਨਾ :—

ਜ਼ਾਤ ਨੂੰ, ਸਿਫਾਤ ਨੂੰ ਬਿਆਨ ਕਰਨਾ, ਇਹ ਦੂਜੀ ਪੂਜਾ ਹੈ।

(੩) ਅਭਿਆਸ ਕਰਨਾ :—

'ਜਨੁ ਰਾਤਾ ਹਰਿ ਨਾਮ ਕੀ ਸੇਵਾ ॥' [ਸੁਖਮਨੀ, ਪੰਨਾ ੨੬੫

ਨਾਮ ਜਪਣਾ, ਪਾਠ ਕਰਨਾ ਇਹ ਸਭ ਪੂਜਾ ਵਿਚ ਸ਼ਾਮਲ ਹੈ। ਅਭਿਆਸ ਚਾਰ ਤਰ੍ਹਾਂ ਨਾਲ ਹੁੰਦਾ ਹੈ। (੧) ਰਸਨਾ ਨਾਲ

(੨) ਕੰਠ ਨਾਲ, (੩) ਹਿਰਦੇ ਨਾਲ, (੪) ਤ੍ਰਿਕੁਟੀ ਨਾਲ। ਸਤਿਗੁਰ ਜੀ ਮਿਹਰ ਕਰਨਗੇ:—

'ਆਪਿ ਜਪਾਏ ਜਪੈ ਸੋ ਨਾਉ ॥
ਆਪਿ ਗਵਾਏ ਸੁ ਹਰਿ ਗੁਨ ਗਾਉ ॥' ਸੁਖਮਨੀ ੬-੮; ਪੰਨਾ ੨੭੦

ਇਹ ਆਗਯਾ ਹੈ।

੧ ਤੋਂ ਪਿਛੋਂ ਓਅੰਕਾਰ ਦੇ ਦਰਸ਼ਨ, ਫਿਰ ਚਾਰ ਵਿਭਾਗ ਹਨ, ਫਿਰ ਵਿਭੂਤੀ, ਅਰ ਗੁਣ ਗਾਏ ਗਏ ਹਨ। ਅਭਿਆਸ ਰਸਨਾਂ ਨਾਲ ਹੁੰਦਾ ਹੈ, ਸਤਿ ਉਹ ਹੈ ਜੋ ਅਸਤਿ ਦੇ ਬਰਖਿਲਾਫ ਹੈ; ਜੈਸੇ ਦਿਨ ਉਹ ਹੈ ਜੋ ਰਾਤ ਦੇ ਬਰਖਿਲਾਫ ਹੈ। ਜੋ ਅਸਤਿ ਹੈ ਉਹ ਮਾਇਆ ਹੈ, ਉਹ ਰਚਨਾ ਹੈ ਅਰ ਜੋ ਸਤਿ ਹੈ ਉਹ ਵਾਹਿਗੁਰੂ ਹੈ, ਅਰ ਉਹ ਇਕ ਹੈ। ੧ਓ ਦੇ ਅਭਿਆਸ ਨਾਲ ਸਤਿ ਦੀ ਪ੍ਰਤੀਤੀ ਹੈ ਅਰ ਦਰਸ਼ਨ ਭੀ ਹੁੰਦੇ ਹਨ। ਸਤਿ ਆਤਮਾ ਹੈ, ਬਚਪਨ ਵਿਚ ਵੀ ਸਤਿ ਸੀ, ਫਿਰ ਜਵਾਨੀ ਆਈ ਤੇ ਬੁਢੇਪਾ ਬਦਲਿਆ; ਸ਼ਰੀਰ ਤਾਂ ਬਦਲਿਆ ਕਪੜਿਆਂ ਸਮੇਤ ਪਰ 'ਮੈਂ' ਨਹੀਂ ਬਦਲੀ; 'ਮੈਂ' ਸਤਿ ਹੈ ਨਾਂ? ਮੈਂ ਬੱਚਾ ਸਾਂ, ਮੈਂ ਜਵਾਨ ਹਾਂ, ਮੈਂ ਹੁਣ ਬੁੱਢਾ ਹੋ ਗਿਆ ਹਾਂ, ਇਹ ਅਪਣੀ ਹਸਤੀ ਨੂੰ ਭੀ ਕਾਇਮ ਕਰ ਰਿਹਾ ਹੈ। 'ਮੈਂ' ਨਹੀਂ ਬਦਲੀ, 'ਮੈਂ' ਸਤਿ ਹੈ ਨਾ?

ਮਰਕੇ ਭੀ ਹਸਤੀ ਨਹੀਂ ਮੇਟਣਾ ਚਾਹੁੰਦਾ। ਵਾਹ! ਵਾਹ! ਕੋਈ ਸੂਰਜ ਨੂੰ ਨਾ ਛੁਪਾ ਸਕਿਆ। ਅਮੱਸਿਆ ਹੈ, ਹਨੇਰਾ ਹੈ, ਬੱਦਲ ਹੈ ਪਰ ਸੂਰਜ ਤੋਂ ਕੌਣ ਮੁਨਕਰ ਹੋ ਸਕਦਾ ਹੈ? ਜਿਵੇਂ ਜਿਵੇਂ ਅਸਤਿ ਪਦਾਰਥ ਨਿਕਲਦੇ ਜਾਣਗੇ, ਸਤਿ ਦੇ ਨੇੜੇ ਨੇੜੇ ਹੁੰਦਾ ਜਾਏਗਾ, ਭਾਵ ਸਤਿ ਪ੍ਰਵੇਸ਼ ਕਰਦਾ ਜਾਵੇਗਾ। ਜਿਤਨਾ ਅਸਤਿ ਦਾ ਤਿਆਗ ਉਤਨਾ ਸਤਿ ਦੇ ਨੇੜੇ। ਮਾਂ ਨਹੀਂ, ਪਿਉ ਨਹੀਂ ਰੱਖ ਸਕੇ, ਸ਼ਰੀਰ ਤੇ ਬਚਪਨ ਨਹੀਂ ਰਖ ਸਕੇ। ਜਿਤਨੇ ਫੁਰਨੇ ਮਨ ਦੀ ਤਰਫ ਨਹੀਂ ਜਾਣ ਦਿਆਂਗੇ ਉਤਨੇ ਸਤਿ ਦੇ ਨੇੜੇ:-

'ਨਾਮੁ ਸਤਿ ਸਤਿ ਧਿਆਵਨਹਾਰੁ ॥' [ਸੁਖਮਨੀ, ੨੮੫

ਅਪਣੇ ਫੁਰਨੇ ਰੋਕੇ, ਅਸਤਿ ਤੋਂ ਹਟਾਵੇ ਤੇ ਸਤਿ ਦਾ ਧਿਆ
ਧਰੇ। ਕਮਾਲ ਦੀ ਗਲ ਇਹ ਹੈ ਕਿ ਜੋ ਸਤਿ ਦਾ ਧਿਆਨ ਧਰਿ
ਉਹ ਅਸਤਿ ਸਰੀਰ ਵਿਚ ਬੈਠਾ ਹੋਇਆ ਵੀ ਸਤਿ ਹੋ ਜਾਏਗਾ

'ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥'

[ਵਾਰ ਮਾਰੂ ਡਖਣੇ ਮ: ੫, ਪੰਨਾ ੧੧੦੦

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ [ਮਾਝ ਮਹਲਾ ੩, ਪੰਨਾ ੧੨

ਆਤਮਾਂ ਜੋ ਸ਼ਰੀਰ ਵਿਚ ਹੈ, ਸਾਰੀਆਂ ਇੰਦਰੀਆਂ, ਮਨ
ਬੁਧਿ, ਸਭ ਦਾ ਮਾਲਕ ਤੇ ਪਾਤਸ਼ਾਹ ਹੈ। ਇਹ ਸਤਿ ਹੈ। ਸਤਿ ਵਿ
ਇਸਥਿਤ ਕਿਵੇਂ ਹੋਈਏ ? ਭਾਈ:ਨਾਮ ਜਪ, ਨਾਮ ਚੂੰਕਿ ਵਾਹਿਗੁ
ਤੋਂ ਹੀ ਆਇਆ ਹੈ ਇਸ ਲਈ ਉਸ ਕੋਲ ਹੀ ਲੈ ਜਾਏਗਾ। ਸ
ਵਿਚ ਇਸਥਿਤੀ ਕੌਣ ਕਰੇਗਾ? ਨਾਮ। ਤੇ ਨਾਮ ਕਿਥੋਂ ਮਿਲੇਗਾ

ਸਤਿਗੁਰਾਂ ਪਾਸੋਂ :—

'ਸਤਿਗੁਰ ਪਾਸਿ ਬੇਨੰਤੀਆਂ ਮਿਲੈ ਨਾਮੁ ਆਧਾਰਾ ॥'

[ਸੂਹੀ ਮਹਲਾ ੫, ਪੰਨਾ ੭੪੬

ਸਤਿਗੁਰ ਨਾਨਕ ਦੇਵ ਜੀ ਦੇ ਘਰ ਨਿਰੋਲ ਨਾਮ ਹੀ ਹੈ
ਜੋ ਨਾਮ ਜਪੇਗਾ ਇਸ ਲੋਕ ਵਿਚ ਪ੍ਰਲੋਕ ਵਿਚ ਸਤਿ ਹੋ ਜਾਏਗਾ
ਪ੍ਰਹਿਲਾਦ ਸਤਿ ਹੈ ਜੁਗਾਂ ਤੋਂ, ਸਤਿਜੁਗ ਤੋਂ :—

ਰਾਮ ਜਪਉ ਜੀਅ ਐਸੇ ਐਸੇ ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥

[ਗਉੜੀ ਕਬੀਰ ਜੀ, ਪੰਨਾ ੩੩

ਇਹ ਮੰਨਨ, ਨਿਧਯਾਸਨ ਹੈ। ਬਿਰਤੀ ਇਕਾਗਰ ਚਾਹੀਏ
ਸਾਰੇ ਵਿਚਾਰਾਂ ਦਾ ਅੰਤ ਸਤਿ ਹੈ। ਸਤਿਗੁਰ ਸਤਿ ਦਾ ਹੀ ਬਿਆ
ਕਰਦੇ ਹਨ। ਕੋਈ ਹਸਤੀ ਹੈ ਤਾਹੀਓਂ ਅਸੀਂ ਜੰਮੇ। ਸਤਿ ਸਾ
ਮੂਲ ਹੈ, ਜੋ ਭੀ ਹਸਤੀ ਰਖਦਾ ਹੈ ਸਤਿ ਵਿਚ ਇਸਥਿਤ ਹੈ:—

'ਆਪਿ ਸਤਿ ਕੀਆ ਸਭੁ ਸਤਿ ॥' [ਸੁਖਮਨੀ, ਪੰਨਾ ੨੮੪

ਘਾਸ ਅਪਣਾ ਸਬੂਤ ਦੇ ਰਿਹਾ ਹੈ, ਕਿ ਮੈਂ ਹੈਗਾ ਹਾਂ

ਮਿਟੀ ਵਿਚ ਭੀ ਉਸਦੀ ਹਸਤੀ ਹੈ । ਬਾਰਸ਼ ਨਾਲ ਛੱਤਾਂ ਤੇ ਉਗਿਆ ਖੜੋਤਾ ਹੈ, ਹਸਤੀ ਰਖਦਾ ਹੈ । ਜੋ ਪਰਮਾਤਮਾਂ ਕੋਲੋਂ ਮੁਨਕਰ ਹੁੰਦੇ ਹਨ, ਪਹਿਲਾਂ ਅਪਣੇ ਆਪ ਤੋਂ ਤਾਂ ਮੁਨਕਰ ਹੋਣ ਕਿ ਮੇਰਾ ਆਤਮਾ ਨਹੀਂ । ਮੈਂ ਜਾਗਦਾ ਸਾਂ, ਫਿਰ ਸੌਂ ਗਿਆ, ਫਿਰ ਸੁਪਨਾ ਆਇਆ, ਸ੍ਰੀ ਕਲਗੀਧਰ ਜੀ ਦੇ ਦਰਸ਼ਨ ਹੋਏ, ਫਿਰ ਡੂੰਘੀ ਨੀਂਦ ਆ ਗਈ, ਫਿਰ ਮੈਂ ਉਠਿਆ । ਇਹ ਜੋ 'ਮੈਂ' ਹੈ ਇਹੋ ਤਾਂ 'ਤੂੰ' ਹੀ ਹੈ. ਅਰ 'ਤੂੰ' ਆਤਮਾ ਹੈ । ਜਾਗ੍ਰਤ, ਸ੍ਵਪਨ ਸੁਖੋਪਤੀ,ਵਿਸ਼੍ਵ, ਤੇਜਸ, ਪ੍ਰਾਗ ਜਿਸਦੇ ਨਾਮ ਹਨ, ਇਹ ਆਤਮਾ ਹੈ। ਤਿੰਨ ਸ਼ਰੀਰਾਂ ਦਾ ਮਾਲਕ, ਤਿੰਨ ਅਵਸਥਾਂ ਦਾ ਮਾਲਕ ਇਹ ਸ਼ਾਹਿਨਸ਼ਾਹ ਆਤਮਾਂ ਹੈ, ਰਾਜਾਨ ਰਾਜ ਹੈ । ਇਹ ਸਤਿ ਹੈ, ਇਸੇ ਕਰਕੇ ਬਚਪਨ ਚੇਤੇ ਹੈ, ਜੁਆਨੀ ਦੀਆਂ ਗਲਾਂ ਚੇਤੇ ਕਰ ਲੈਂਦਾ ਹੈ । ਤਿੰਨਾਂ ਅਵਸਥਾ ਵਿਚ ਨਹੀਂ ਬਦਲਿਆ ਕਿਉਂਕਿ ਸਤਿ ਹੈ ।

ਇਹ ਕਿਥੋਂ ਆਇਆ ਹੈ :—

'ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' [ਜਪੁਜੀ, ਪੰਨਾ ੧

ਸਤਿ ਦੀ ਅੰਸ਼ ਹੈ ਇਸ ਕਰਕੇ ਸਤਿ ਹੈ ।

ਅਸਤਿ ਫੁਰਨੇ ਨੂੰ ਰੋਕਣੇ ਨਾਲ ਸਤਿ ਨੂੰ ਪਾਏਗਾ । ਸ਼ਰੀਰ ਅਸਤਿ ਹੈ । ਸੂਖਮ, ਕਾਰਨ ਸ਼ਰੀਰ ਅਸਤਿ ਹੈਨ । ਜਾਗ੍ਰਤ, ਸੁਪਨ, ਸੁਖੋਪਤੀ ਅਸਤਿ ਹੈ, ਆਤਮਾ ਸਤਿ ਹੈ, ਇਸ ਦਾ ਨਾਮ ਨਿਜ ਘਰ ਹੈ :—

'ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ ॥' [ਗਉੜੀ ਮਹਲਾ ੫, ਪੰਨਾ ੧੭

ਜਿਵੇਂ ਚਸ਼ਮੇਂ ਵਿਚੋਂ ਜਲ ਆਪੇ ਆਪ ਨਿਕਲਦਾ ਹੈ ਤਿਵੇਂ ਆਤਮਾ ਵਿਚੋਂ ਸੁਖ ਹੀ ਸੁਖ ਨਿਕਲਣਗੇ । ਫਿਰ ਮਰ ਮਰ ਕੇ ਚੌਰਾਸੀ ਨਹੀਂ ਪਏਗਾ ; ਸੁਖ ਰੂਪ ਹੋਣ ਕਰਕੇ ਜੀਵਨ ਮੁਕਤ ਹੈ। ਮਰ ਮਰ ਕੇ ਸ਼ਕਤੀ ਹੈ । ਸਤਿ ਵਿਚ ਇਸਥਿਤ ਹੋਣਾ ਹੈ,

ਫੁਰਨੇ ਰੁਕਦੇ ਨਹੀਂ, ਅੰਦਰ ਹਨੇਰਾ ਹੈ ਅਖ ਨੂੰਟਿਆਂ, ਫਿਰ ਸਤਿ ਵਿਚ ਕਿਵੇਂ ਜਾਈਏ ? ਮਹਾਰਾਜ ਫੁਰਮਾਇਆ ਹੈ ਕਿ ਨਾਮ ਸਤਿ ਹੈ। ਸਤਿਗੁਰ ਤੋਂ ਆਇਆ ਹੈ, ਆਪ ਹੈ ਸਤਿ। ਨਾਮ ਲੈ ਜਾਈਏ ਸਤਿ ਕੋਲ, ਜਿਵੇਂ ਪਾਣੀ ਦੀ ਸੁਹਬਤ ਕਿਰਨ ਨਾਲ ਹੋਈ ਕਿਰਨ ਚੁਕ ਕੇ ਲੈ ਗਈ ਪਾਣੀ ਨੂੰ ਅਪਣੇ ਮੰਡਲ ਵਿਚ, ਤਿਵੇਂ ਹੀ ਗੁਰੂ ਦੀ ਸੁਹਬਤ ਨਾਲ ਸਤਿ ਵਿਚ ਸਮਾਈ ਹੈ। ਸਤਿ ਇਸਥਿਤੀ ਨਾਮ ਕਰੇਗਾ। ਨਾਮ ਗੁਰੂ ਬਖਸ਼ੇਗਾ: —

'ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭਡਾਰੁ ॥'

[ਸਿਰੀ ਰਾਗ ਮਹਲਾ ੫, ਪੰਨਾ ੬੫

'ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥'

[ਧਨਾਸਰੀ ਮਹਲਾ ੩, ਪੰਨਾ ੬੬੬

'ਨਾਨਕ ਕੈ ਘਰਿ ਕੇਵਲ ਨਾਮੁ ॥' [ਭੈਰਉ ਮਹਲਾ ੫, ਪੰਨਾ ੧੧੩੬

'ਜੇ ਜੇ ਅਉਰ ਧਿਆਨ ਕੋ ਧਰਹੀ ॥
ਬਹਿਸ ਬਹਿਸ ਬਾਦਨ ਤੇ ਮਰਹੀ ॥'

[ਬਚਿਤ੍ ਨਾਟਕ

ਓਨ੍ਹਾਂ ਦੇ ਮੁਖ ਉੱਜਲੇ ਹੋਣਗੇ ਜਿਨ੍ਹਾਂ ਦੇ ਹਿਰਦੇ ਵਿਚ ਸਿਮਰਨ ਹੈ, ਨਾਮ ਹੈ, ਜਪੁ ਹੈ, ਧਿਆਨ ਹੈ :—

'ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੈ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥'

[ਸਲੋਕ ਵਾਰਾਂ ਤੇ ਵਧੀਕ ਮਹਲਾ ੪, ਪੰਨਾਂ ੧੪੨੨

ਮੂਲ ਮੰਤ੍ ਦਾ ਵੀਚਾਰ ਸੰਖੇਪ ਨਾਲ ਪੰਜ ਪ੍ਰਕਾਰ ਦਾ ਹੈ। ੩੫ ਅਖਰ, ੧੨ ਪਾਦ ਮੂਲ ਮੰਤ੍ ਵਿਚ ਹਨ। ਪਦ ਯਾ ਪਾਦ ਕੀਹ? ਪਦ ਵਿਚ ਅਰਥ ਹੈ, ਅਰਥ ਵਿਚ ਭਾਵ ਹੈ, ਭਾਵ ਵਿਚ ਪ੍ਰਾਪਤੀ ਦਾ ਸਾਧਨ ਹੈ। ਫਲ ਕੀਹ ਹੈ ? ਨਿਸ਼ਾਨਾ ਇਕ ਹੈ:

(੧) ਪਦਾਂ ਦੇ ਅਰਥ; (੨) ਪਦਾਂ ਦਾ ਲਖਸ਼ ਭਾਵ ਨਿਸ਼ਾਨਾ; (੩) ਸਮੰਨਵਯ (ਦੂਜੇ ਲਫਜ਼ਾਂ ਨਾਲ ਸਬੰਧ); (੪) ਉਸ ਦੀ ਪ੍ਰਾਪਤੀ ਦਾ ਸਾਧਨ; (੫) ਉਸ ਦਾ ਫਲ।

(੧) ਪਦ—ਪਦ ਯਾ ਪਾਦ ਕਿਸਨੂੰ ਆਖਦੇ ਹਨ ? ਕੁਝ ਅਖਰਾਂ ਦੇ ਇਕਠ ਨੂੰ ਪਾਦ ਆਖਦੇ ਹਨ, ਯਥਾ :— '੧ ਓ ਸਤਿ ਨਾਮ' ਆਦਿ । ਇਕ ਦਾ ਅਰਥ ਅਦੁਤੀ ਪ੍ਰਮਾਤਮਾ ਦੂਜਾ ਕੋਈ ਨਹੀਂ । ਓਅੰਕਾਰਿ ਸ੍ਰਿਸ਼ਟੀ ਦੀ ਉਤਪਤੀ ਦਾ ਆਦਿ ਸ਼ਬਦ ਹੈ :—

'ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥'

[ਮਾਰੂ ਮਹਲਾ ੫, ਪੰਨਾ ੧੦੦੩

ਇਹਨੂੰ ਹਿਰਦੇ ਵਿਚ ਬਿਠਾਓ । ਮਹਾਰਾਜ ਯੁਧਿਸ਼ਟਰ ਜਦ ਉਸਤਾਦ ਪਾਸ ਪੜ੍ਹਨ ਗਏ ਤਾਂ ਉਸਤਾਦ ਨੇ ਪੜ੍ਹਾਇਆ: ਕ੍ਰੋਧ ਮਤ ਕਰੋ, ਕ੍ਰੋਧ ਹਿਰਦੇ ਨੂੰ ਪਹਿਲੇ ਸਾੜਦਾ ਹੈ ।' ਡੱਬੀ ਵਿਚ ਪਈ ਜ਼ਹਿਰ ਡਬੀ ਨੂੰ ਨਹੀਂ ਸਾੜੇਗੀ । ਪ੍ਰੰਤੂ ਜਿਸ ਹਿਰਦੇ ਵਿਚ ਕ੍ਰੋਧ ਹੈ, ਉਹ ਹਿਰਦੇ ਨੂੰ ਸਾੜੇਗਾਂ :-

'ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥'

[ਸਲੋਕ ਸਹਸ ਮ: ੫, ਪੰਨਾ ੧੩੫੮

ਕ੍ਰੋਧ ਚੰਡਾਲ ਹੈ । ਕਈ ਦਿਨਾਂ ਬਾਦ ਜਦ ਪਾਠਸ਼ਾਲਾ ਗਏ ਤਾਂ ਉਸਤਾਦ ਪੁਛਿਆ: 'ਬੜੇ ਦਿਨ ਗ਼ੈਰ ਹਾਜ਼ਰ ਰਹੇ ਹੋ ?' ਉੱਤਰ ਦਿਤਾ 'ਉਪਰਲੀ ਸੰਥਾ ਪੱਕੀ ਨਹੀਂ ਸੀ, ਹੁਣ ਪੱਕੀ ਹੈ, ਤਾਂ ਆਇਆ ਹਾਂ ।'

ਸਤਿ ਕੀਹ ਹੈ ? ਸਤਿ ਕਿਸ ਨੂੰ ਕਹਿੰਦੇ ਹੈਨ :—

"ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" [ਜਪੁਜੀ, ਪੰਨਾ ੧

ਇਹ ਹਸਤੀ ਹੈ । ਸ੍ਰਿਸ਼ਟੀ ਦੇ ਕਾਲ ਦੇਸ ਤੋਂ ਪਹਿਲੇ ਭੀ ਸੀ । ਕਿੱਥੇ ਹੈ ? ਓਅੰਕਾਰ ਵਿਚ, ਨਾਮ ਵਿਚ, ਜਿਸਨੇ ਇਸ ਨੂੰ ਪਾਉਣਾ ਹੋਵੇ ਉਸਨੂੰ ਨਾਮ ਨਾਲ ਹੀ ਮਿਲ ਸਕਦਾ ਹੈ । ਨਾਮ ਨਾਲ ਹੀ ਪ੍ਰਤੱਖ ਹੁੰਦਾ ਹੈ:—

'ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥' [ਸੁਖਮਨੀ, ਪੰਨਾ ੨੬੬

ਫਿਰ ਉਹ ਕੈਸਾ ਹੈ ? ਕਰਤਾ ਹੈ, ਭਾਵ ਸਮਰਥ ਹੈ, ਬਗ਼ੈਰ ਕਿਸੇ ਚੀਜ਼ ਦੀ ਲੋੜ ਤੋਂ ਬਣਾ ਸਕਦਾ ਹੈ । ਕੁਮ੍ਹਿਆਰ ਕਰਤਾ ਹੈ ਪਰ 'ਪੁਰਖੁ' ਯਾ ਸਮੱਥ ਕਰਤਾ ਨਹੀਂ, ਕਿਉਂਕਿ ਮਿੱਟੀ, ਚੱਕ ਤੇਂ ਬਗ਼ੈਰ ਉਹ ਕੁਝ ਨਹੀਂ ਬਣਾ ਸਕਦਾ, ਪਰ ਸ੍ਰੀ ਵਾਹਿਗੁਰੂ ਜੀ:—

'ਛਿਨ ਮਹਿ ਰਾਉ ਰੰਕ ਕਉ ਕਰਈ
ਰਾਉ ਰੰਕ ਕਰਿ ਡਾਰੇ ॥' [ਬਿਹਾਗੜਾ ਮਹਲਾ ੯, ਪੰਨਾ ੫੩੭

ਅਥਵਾ—'ਹਰਨ ਭਰਨ ਜਾਕਾ ਨੇਤ੍ਰ ਫੋਰੁ ॥' [ਸੁਖਮਨੀ,ਪੰਨਾ ੨੮੪

ਫਿਰ ਉਹ ਪੁਰਖੁ ਹੈ ਭਾਵ ਬਲਵਾਨ ਸਮਰਥ ਹੈ, ਸੰਪੂਰਨ ਵਿਆਪਕ ਹੈ। ਸੁਨਿਆਰਾ ਤੇ ਕੁਮਿਆਰ ਚੀਜ਼ਾਂ ਨੂੰ ਘੜ ਕੇ ਚਲਾ ਗਿਆ ਪਰ ਵਾਹਿਗੁਰੂ ਤਾਂ ਸਾਨੂੰ ਬਣਾ ਕੇ ਸਾਡੇ ਵਿਚ ਬੈਠਾ ਹੈ:—

'ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥' [ਸੁਖਮਨਿ ਪੰਨਾ ੨੯੪

'ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ ॥' [ਆਸਾ ਮਹਲਾ ੪, ਸੋ ਪੁਰਖੁ

ਸਰਬ ਬ੍ਰਹਮੰਡ ਹਰਿ ਦਾ ਰੂਪ ਹੈ । ਜਲ, ਵਾਯੂ, ਪ੍ਰਿਥਵੀ ਸੱਭ ਜਿਸ ਦੀ ਆਗਿਆ ਵਿਚ ਹਨ । ਕਰਨਾ ਨਾ ਕਰਨਾ, ਅੰਨਥਾ ਕਰਨਾ ਇਸ ਦੇ ਵੱਸ ਵਿਚ ਹੈ ਇਹ ਪੁਰਖ ਹੈ । ਉਹ ਕ੍ਰਿਤ ਵਿਚ ਵਿਆਪਕ ਹੈ:—

'ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ ॥
ਨ ਘਾਟ ਹੈ ਨ ਬਾਢ ਹੈ, ਨ ਘਾਟ ਬਾਢ ਹੋਤ ਹੈ ॥'

[ਅਕਾਲ ਉਸਤਤਿ

ਵਹੁਟੀ ਤੋਂ ਪਤੀ, ਮਾਂ ਤੋਂ ਪੁੱਤਰ ਵਖਰਾ ਹੈ ਪਰ ਉਹ ਜੁਦਾ ਨਹੀਂ ਹੈ । ਸਰਬ ਬ੍ਰਹਮੰਡ ਉਸਦਾ ਰੂਪ ਹੈ:—

'ਨਾਨਕ ਪੇਖਿ ਜੀਓ ਇਕਤੁ ਸੂਤਿ ਪਰੋਤੀਆ ॥'

[ਮਾਰੂ ਵਾਰ ਡਖਣੇ ਮ: ਪ, ਪੰਨਾ ੧੧੦੧

ਨਿਰਭਉ=ਭੈ ਤੋਂ ਰਹਿਤ ਹੋਣ ਕਰਕੇ ਨਿਰਭਉ ਹੈ । ਵੈਰ ਤੋਂ ਰਹਿਤ ਹੋਣੇ ਕਰਕੇ ਨਿਰਵੈਰ ਹੈ । ਮ੍ਰਿਤੂ ਤੋਂ ਰਹਿਤ ਹੋਣੇ ਕਰਕੇ

ਅਕਾਲ ਮੂਰਤ ਹੈ । ਜਨਮ ਤੋਂ ਰਹਿਤ ਹੈ ਯਾ ਜੂਨਾਂ ਵਿਚ ਨਹੀਂ ਆਂਦਾ, ਅਜੂਨੀ ਹੈ । ਹੁਣ ਜਦ ਅਸੀਂ ਐਸੇ ਵਾਹਿਗੁਰੂ ਨੂੰ ਜਪਾਂਗੇ ਤਾਂ ਸਾਨੂੰ ਸਭ ਚੀਜ਼ਾਂ ਮਿਲ ਜਾਣਗੀਆਂ :—

'ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ।'

[ਸ਼ਲੋਕ ਕਬੀਰ ਜੀ, ਪੰਨਾ ੧੩੬੫

'ਏਕਹਿ ਆਵਨ ਫਿਰਿ ਜੋਨਿ ਨ ਆਇਆ ॥'

[ਗਉ: ਬਾ: ਅ: ਮ: ੫, ਪੰਨਾ ੨੫੨

ਸੈਭੰ=ਸ੍ਵੈਯੰ ਪ੍ਰਕਾਸ਼=ਖੁਦ ਬਖ਼ੁਦ ਰੌਸ਼ਨ=ਗੁਰੂ ਹੈ, ਸਭ ਦੇ ਅੰਦਰ ਬੈਠ ਕੇ ਮਾਰਗ ਦਿਖਾਣ ਵਾਲਾ ਹੈ, ਰਹਿਨੁਮਾਈ ਕਰਨ ਵਾਲਾ ਹੈ, ਦਿਲ ਦੀ ਬੰਦ ਕਲੀ ਨੂੰ ਖਿੜਾਨ ਵਾਲਾ ਹੈ । ਸ਼ੋਕ ਸਾਗਰ ਵਿਚ ਡੁੱਬੀ ਆਤਮਾ ਦੀ ਬੰਦ ਖਲਾਸ ਕਰਨ ਵਾਲਾ ਹੈ । ਦੋਹਾਂ ਜਹਾਨਾਂ ਵਿਚ ਦਸਤਗੀਰ ਹੈ ।

ਪ੍ਰਸਾਦਿ—ਕ੍ਰਿਪਾ ਮੂਰਤ ਹੈ, ਦਿਆਲ ਮੂਰਤ ਹੈ, ਇਹ ਪਦ ਅਰਥ ਹੈ,ਹੁਣ ਅਸਾਂ ਨੇ ਪਦਾਂ ਦਾ ਲੱਛਣ ਅਰ ਸਮੰਨਵਯ ਦੇਖਣਾ ਹੈ, ਸੋ ਕੀਹ ਹੈ ?

ਸ੍ਰੀ ਵਾਹਿਗੁਰੂ ਇਕ ਹੈ, ਇਸ ਵਿਚ ੮ ਪਦ ਉਸਦੇ ਸਰੂਪ ਵਰਣਨ ਕਰਦੇ ਹਨ ੪ ਨਿਖੇਧੀ, ਜੋ ਉਸ ਵਿਚ ਨਹੀਂ ਹਨ। ਸੂਰਜ ਵਿਚ ਰਾਤ ਨਹੀਂ,ਜਦੋਂ ਨਿਕਲਿਆ ਤਾਂ ਪ੍ਰਕਾਸ਼ ਹੈ । ਅਕਾਲ ਮੂਰਤ ਵਿਚ ਮ੍ਰਿਤੂ ਰੂਪੀ ਰਾਤ ਨਹੀਂ ਉਹ ਕਾਲ; ਮੌਤ Time ਦੀ ਕੈਦ ਵਿਚ ਨਹੀਂ । ਅਜੂਨੀ ਹੈ, ਉਸ ਦਾ ਮਾਤਾ ਪਿਤਾ ਕੋਈ ਨਹੀਂ 'ਥਾਪਿਆ ਨਾ ਜਾਇ' । ਨਿਰਵੈਰਤਾ ਭਾਵ ਪਿਆਰ ਸਰੂਪ ਹੈ। ਵਿਧੀ ਨਿਸ਼ੇਧੀ ਰੂਪ ਜੋ ਲਛਣ ਹੈਨ ਉਹਨਾਂ ਤੋਂ ਇਕ ਹਸਤੀ ਹਿਰਦੇ ਵਿਚ ਉਤਪੰਨ ਹੋ ਜਾਂਦੀ ਹੈ । 'ਇਕ' ਆਖੋਗੇ ਫਿਰ ਫੁਰਨਾ ਨਹੀਂ: ਜੇ ਫੁਰਨਾਂ ਫੁਰੇ ਫਿਰ ਇਕ ਨਹੀਂ ਦੋ ਹੋ ਜਾਣਗੇ ।

ਇਕ ਦਾ ਧਿਆਨ ਧਰਨਾ, ਮਨ ਦਾ ਫੁਰਣਾ ਰੁਕ ਜਾਣਾ, ਜੇ ਫੁਰਨਾ ਨਾ ਰੁਕੇ ਤਾਂ ਵਾਹਿਗੁਰੂ ਦਾ ਜਾਪ ਫੁਰਨੇ ਵਿਚ ਹੁੰਦਾ

ਜਾਏ, ਇਹ ਵੀ ਇਕ ਵਿਚ ਹੋਣਾ ਹੈ । ਕੋਸ਼ਸ਼ ਇਹ ਕਰਨੀ ਹੈ; ਕਿ ਫੁਰਨਾਂ ਨਾ ਫੁਰੇ । ਜਦ ਵਾਹਿਗੁਰੂ ਦੇ ਜਾਪ ਵਿਚ ਆਏਗਾ ਤਦ ਫਿਰ ਇਸਥਿਤ ਹੋ ਜਾਏਗਾ । ਨਿੰਦ੍ਰਾ ਨਾ ਹੋਵੇ, ਦਲਿਦ੍ ਨਾ ਹੋਵੇ, ਬਲਕਿ ਇਕ ਦੇ ਵਿਚ ਲੀਨ ਹੋਵੇ ਤੇ ਜਦ ਸ਼ਬਦ ਵਿਚ ਆਵੇ, ਸ਼ਬਦ ਵਿਚ ਧਿਆਨ ਹੋਵੇ, ਫਿਰ ਇਸਥਿਤ ਹੋ ਜਾਏਗਾ । ਇਸ ਦਾ ਫਲ ਕੀ ਹੋਏਗਾ :—

'ਇਸੁ ਏਕੇ ਕਾ ਜਾਣੈ ਭੇਉ ॥
ਆਪੇ ਕਰਤਾ ਆਪੇ ਦੇਉ ॥' [ਓਅੰਕਾਰ, ਪੰਨਾ ੯੩੦

ਜੋ ਇਸ ਭੇਦ ਨੂੰ ਸਮਝੇਗਾ ਸੋ ਅਕਾਲ ਦਾ ਰੂਪ ਹੀ ਹੋਵੇਗਾ :-

'ਜਿਨਿ ਜਾਤਾ ਸੋ ਤਿਸਹੀ ਜੇਹਾ ॥' [ਓਅੰਕਾਰ, ਪੰਨਾ ੯੩੧

ਨਾਮ ਦੇ ਪੰਜ ਦਰਜੇ ਹਨ :—(੧) ਜਪ; (੨) ਸਪਰਸ਼= ਹਿਰਦੇ ਵਿਚ ਟਿਕਾਣਾ; (੩) ਸਰੀਰ ਵਿਚ ਰਸ ਜਾਣਾ; (੪) ਰੋਮਾਂ ਵਿਚ ਰਮ ਜਾਣਾ; (੫) ਰੋਮ ਤੋਂ ਬ੍ਰਹਮੰਡ ਵਿਚ ਰਚ ਜਾਣਾ ।

੧. ਜਪ—ਇਹ ਤਾਂ ਪਾਰਸ ਹੈ । ਲੋਹੇ ਨੂੰ ਸੋਨਾ ਬਨਾਉਣ ਵਾਲਾ ਹੈ । ਜਪ ਦਾ ਅਰਥ ਹੈ ਰਸਨਾਂ ਨਾਲ ਜਪਣਾਂ, ਪੜ੍ਹਕੇ ਆਪ ਹੀ ਸੁਣਨਾ । ਬਾਣੀ ਪੜ੍ਹਦੇ ਹੋ ਤਾਂ ਸੁਣਨ ਦੀ ਕੋਸ਼ਸ਼ ਕਰੋ, ਇਹ ਆਪ ਨੂੰ ਪ੍ਰਕਾਸ਼ ਰੂਪ ਕਰ ਦੇਵੇਗੀ ।

'ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੇ ਅੰਧਿਆਰਾ ॥'
[ਭਾਈ ਗੁਰਦਾਸ ਜੀ ਵਾਰ ੧—੩੮

ਇਸ ਕਰਕੇ ਮਨ ਟਿਕਦਾ ਹੈ :—

'ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਣੀ ॥'
[ਭਾਈ ਗੁਰਦਾਸ ਜੀ ਵਾਰ ੩—੭

ਯਾਰ ਦੋਸਤ ਦਾ ਦਰਸ਼ਨ ਕਰਕੇ ਆਖਦਾ ਹੈ: ਖਿੜ ਗਿਆ ਹਾਂ । ਕੋਈ ਤਾਸੀਰ ਹੋਈ ਨਾਂ ਮਿਲਣ ਦੀ ? ਕਰੋਧ ਅਥਵਾ ਗਾਲ੍ਹਾਂ ਦੀ ਵੀ ਤਾਸੀਰ ਹੁੰਦੀ ਹੈ । ਗੁਰਬਾਣੀ ਦੀ ਕਿਉਂ ਨਾ ਤਾਸੀਰ ਹੋਵੇਗੀ ?

'ਸਤਿਗੁਰ ਬਚਨ ਬਚਨ ਹੈ ਸਤਿਗੁਰ ॥'

[ਕਾਨੜਾ ਮਹਲਾ ੪, ਪੰਨਾ ੧੩੧੦

ਉਹ ਨਾਮ ਜਪ ਕੀ ਹੈ ?

'ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ ॥

[ਭਾਈ ਗੁਰਦਾਸ ਜੀ

'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥
ਵਾਹੁ ਵਾਹੁ ਬੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨ ਨਾਮੁ ਲਏਇ॥੧॥

(ਗੂਜਰੀ ਵਾਰ ਮਹਲਾ ੩, ਪੰਨਾ ੫੧੫

੨. ਸਪਰਸ਼—ਪਹਿਲੇ ਜੀਭ ਵਿਚ ਫਿਰ ਹਿਰਦੇ ਵਿਚ ਚਲਾ ਜਾਂਦਾ ਹੈ। ਮਨ ਅੰਦਰ 'ਵਾਹਿਗੁਰੂ' 'ਵਾਹਿਗੁਰੂ' ਹੁੰਦਾ ਰਹੇਗਾ ।

'ਅਮਿਅ ਨਾਮੁ ਜਾ ਕਉ ਫੁਰਿਆ ॥'

[ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੬

'ਬਿਨੁ ਜਿਹਵਾ ਜੋ ਜਪੈ ਹਿਆਇ ॥'

[ਮਲਾਰ ਮਹਲਾ ੧, ਪੰਨਾ ੧੨੫੬

ਹਿਰਦੇ ਵਿਚ ਜਾ ਕੇ ਸਫੁਰਨ ਹੋਣ ਲਗ ਪਏਗਾ। ਜੋ ਆਪ ਝਰਦਾ, ਸਿੰਮਦਾ ਰਹੇ, ਉਹ ਸਿਮਰਨ ਹੈ। ਇਥੇ ਅੰਮ੍ਰਿਤ ਬਣ ਜਾਏਗਾ, ਤੁਸੀਂ ਘੁੱਟ ਭਰਕੇ ਪੀਓਗੇ, ਅੰਦਰ ਅੰਮ੍ਰਿਤ ਦਾ ਚਸ਼ਮਾ ਫੁੱਟ ਪਏਗਾ ।

'ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥'

[ਵਡਹੰਸ ਮਃ ੩, ਪੰਨਾ ੫੭੦

੩, ਸ਼ਰੀਰ ਵਿਚ ਰਸ ਜਾਣਾ—ਸਾਰੇ ਸ਼ਰੀਰ ਵਿਚ ਰਸ ਜਾਣਾ ਇਹ ਤੀਜੀ ਦਸ਼ਾ ਹੈ, ਜਿਵੇ ਪਾਣੀ ਪਹਿਲੇ ਮੁੱਢ ਤੇ ਮੋਟੀਆਂ ਜੜ੍ਹਾਂ ਵਚ ਰਸਦਾ ਹੈ ਤੇ ਫਿਰ ਡਾਲੀਆਂ ਦੇ ਰਾਹੀਂ ਪੱਤੇ ਪੱਤੇ ਵਿਚ ਰਸ

ਜਾਂਦਾ ਹੈ, ਇਸੇ ਤਰ੍ਹਾਂ ਹਰ ਨਾੜੀ ਵਿਚ, ਹਰ ਨਾਲੀ ਵਿਚ, ਨਾਮ ਰਸ ਜਾਂਦਾ ਹੈ, ਅਸਲੀਅਤ ਪ੍ਰਗਟ ਹੋ ਪੈਂਦੀ ਹੈ।

੪. ਰੋਮਾਂ ਵਿਚ ਰਮ ਜਾਣਾ—ਰੋਮ ਜੋ ਹਨ, ਇਹ ਬਾਰੀਕ ਛੇਦ ਹਨ ਜੋ ਸ਼ਰੀਰ ਵਿਚ ਹੈਨ। ਉਹਨਾਂ ਦੇ ਵਿਚ 'ਵਾਹਿਗੁਰੂ' 'ਵਾਹਿਗੁਰੂ' ਦਾ ਜਾਪ ਸ਼ੁਰੂ ਹੋ ਜਾਂਦਾ ਹੈ ਤੇ ਇਕ ਵਾਹਿਗੁਰੂ ਕਹਿਣ ਨਾਲ ਕਈ ਕਰੋੜ ਵਾਰੀ ਵਾਹਿਗੁਰੂ ਦਾ ਜਪੁ ਹੋ ਜਾਂਦਾ ਹੈ :—

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥'

[ਸਿਧ ਗੋਸਟਿ, ਪੰਨਾ ੯੪੧

ਬਹੱਤਰ ਕਰੋੜ, ਬਹੱਤਰ ਲਖ, ਦਸ ਹਜ਼ਾਰ, ਦੋ ਸੌ ਇਕ ਨਾੜੀ ਸ਼ਰੀਰ ਵਿਚ ਦੱਸੀ ਜਾਂਦੀ ਹੈ।

'ਸੁਣਿਐ ਜੋਗ ਜੁਗਤਿ ਤਨਿ ਭੇਦ ॥' [ਜਪੁਜੀ, ਪੰਨਾ ੨

ਇਥੇ ਰੋਮ ਰੋਮ ਵਿਚ ਜੀਭ ਲਗ ਜਾਂਦੀ ਹੈ ਤੇ 'ਵਾਹਿਗੁਰੂ' 'ਵਾਹਿਗੁਰੂ' ਹੋਣ ਲਗ ਜਾਂਦਾ ਹੈ।

'ਹਰ ਸਰੇ ਮੂਏ ਜ਼ੁਬਾਂ ਕੁਨ ਅਜ਼ ਕਰਮ ॥

[ਭਾਈ ਨੰਦ ਲਾਲ

ਭਾਈ ਨੰਦ ਲਾਲ ਜੀ ਅਰਦਾਸ ਕਰਦੇ ਹਨ ਕਿ ਹੇ ਦਾਤਾ! ਮੇਰੇ ਹਰੇਕ ਰੋਮ ਨੂੰ ਜੀਭ ਬਣਾ ਦੇ।

ਗੁਰੂ ਅਰਜਨ ਦੇਵ ਪਾਤਸ਼ਾਹ ਦੇ ਚਰਨਾਂ ਵਿਚ ਇਕ ਸਿਖ ਆਇਆ ਤੇ ਕਹਿਣ ਲਗਾ :—

'ਪਾਤਸ਼ਾਹ ! ਆਪ ਨੇ ਲਿਖਿਆ ਹੈ।''

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥'

ਸੋ, ਐਸੀ ਅਵਸਥਾ ਵਾਲਾ ਕੋਈ ਮਹਾਂ ਪੁਰਸ਼ ਹੈ ਤਾਂ ਦਾਸ ਨੂੰ ਭੀ ਦਰਸ਼ਨ ਕਰਾਓ? ਸਤਿਗੁਰ ਜੀ ਨੇ ਫ਼ੁਰਮਾਇਆ: 'ਹੇ ਗੁਰਮੁਖ! ਜੇ ਕਰ ਤੂੰ ਦਰਸ਼ਨ ਕਰਨੇ ਹੈਨ ਤਾਂ ਤੈਨੂੰ ਮਾਂਗਟ ਜਾਣਾ ਪਏਗਾ, ਓਥੇ ਇਕ ਗੁਰਸਿਖ ਹੈ ਭਾਈ ਬੰਨੋ, ਜਿਸ ਨੂੰ ਇਹ ਅਵਸਥਾ

ਪ੍ਰਾਪਤ ਹੈ। ਆਗਿਆ ਲੈਕੇ ਸਿਖ ਚੱਲ ਪਿਆ। ਮਾਂਗਟ ਪਹੁੰਚਿਆ ਤਾਂ ਕੀ ਤੱਕਦਾ ਹੈ ਕਿ ਭਾਈ ਬੰਨੋ ਜੀ ਘਿਉ ਦੇ ਵਪਾਰੀ ਹਨ; ਅਨੰਤ ਜੱਟੀਆਂ ਘਿਉ ਲਈ ਬੈਠੀਆਂ ਹਨ, ਕੋਈ ਤਪਾ ਰਹੀਆਂ ਹਨ, ਕੋਈ ਛਾਣ ਰਹੀਆਂ ਹਨ, ਕੋਈ ਝਗੜ ਰਹੀਆਂ ਹਨ। ਭਾਈ ਸਾਹਿਬ ਚੌਕੀ ਤੇ ਬੈਠੇ ਹਨ। ਤੱਕ ਕੇ ਖੜਾ ਹੋ ਗਿਆ। ਉਧਰ ਭਾਈ ਸਾਹਿਬ ਦੀ ਅਚਣਚੇਤ ਨਜ਼ਰ ਸਿਖ ਤੇ ਪਈ, ਉਠ ਖੜੇ ਹੋਏ। ਅਪਣੇ ਪਾਸ ਲਿਆਂਦਾ, ਸਤਿਕਾਰ ਕੀਤਾ ਤੇ ਪੁਛਿਆ: 'ਕਿਵੇਂ ਆਏ ਹੋ? ਸਿਖ ਨੇ ਸਾਰੀ ਵਾਰਤਾ ਦੱਸੀ ਤਾਂ ਭਾਈ ਸਾਹਿਬ ਕਹਿਣ ਲਗੇ: 'ਸਤਿ ਬਚਨ'। ਆਪ ਆ ਕੇ ਚੌਕੀ ਤੇ ਸਜ ਗਏ ਤੇ ਵਪਾਰ ਕਰਨ ਲਗ ਪਏ। ਕੁਛ ਸਮੇਂ ਬਾਦ ਸਿਖ ਨੂੰ ਕਹਿਣ ਲਗੇ ਕਿ ਚੋਲਾ ਚਾ ਕੇ ਕੰਡ ਨਾਲ ਕੰਨ ਲਾਓ। ਜਿਸ ਵੇਲੇ ਗੁਰ ਸਿਖ ਨੇ ਕੰਨ ਲਾਏ ਤਾਂ ਰੋਮ ਰੋਮ ਵਿਚੋਂ 'ਵਾਹਿਗੁਰੂ' 'ਵਾਹਿਗੁਰੂ' ਦੀ ਧੁਨੀ ਹੋ ਰਹੀ ਸੀ।

'ਰੋਮਿ ਰੋਮਿ ਰਵਿਆ ਹਰਿਨਾਮੁ ॥
ਸਤਿਗੁਰ ਪੂਰੈ ਕੀਨੋ ਦਾਨੁ ॥' [ਭੈਰਉ ਮਹਲਾ ੫, ਪੰਨਾ ੧੧੪੪

ਜ਼ਾਹਰ ਅੰਦਰ ਮਾਇਲੇ ਫਰਜ਼ੰਦੋ ਜ਼ਨ ॥
ਦਰ ਹਕੀਕਤ ਬਾ ਖ਼ੁਦਾਏ ਖ਼ੇਸ਼ਤਨ ॥
ਜ਼ਾਹਰ ਅੰਦਰ ਮਾਇਲੇ ਹਿਰਸੋ ਹਵਾ ॥
ਬਾਤਨੇ ਊ ਪਾਕ ਅਜ਼ ਯਾਦੇ ਖ਼ੁਦਾ ॥
[ਭਾਈ ਨੰਦ ਲਾਲ

ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥ [ਸੁਖਮਨੀ, ਪੰਨਾ ੨੮੧

ਪ. ਬ੍ਰਹਮੰਡ ਵਿਚ ਨਾਮ ਦਾ ਵਿਆਪਕ ਹੋ ਜਾਣਾ--ਜੋ ਰੋਮ ਰੋਮ ਵਿਚ ਨਾਮ ਸੀ ਉਸ ਅਵਸਥਾ ਤੋਂ ਪੰਜਵੀਂ ਅਵਸਥਾ ਇਹ ਪ੍ਰਾਪਤ ਹੋਣੀ ਹੈ ਕਿ ਸਾਰਾ ਬ੍ਰਹਮੰਡ ਨਾਮ ਜਪਦਾ ਨਜ਼ਰ ਆਉਂਦਾ ਹੈ :—

"ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ

ਸਭੁ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ
ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
ਵਣ ਤ੍ਰਿਣ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ
ਮੁਖਿ ਹਰਿ ਹਰਿ ਨਾਮ ਧਿਆਵੈ ਰਾਮ ॥
ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ
ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥''

[ਬਿਹਾਗੜਾ, ਮਹਲਾ ੪, ਪੰਨਾ ੫੪੦

'ਨਾਮ ਕੇ ਧਾਰੇ ਆਗਾਸ ਪਾਤਾਲ ॥' [ਸੁਖਮਨੀ, ਪੰਨਾ ੨੮੪

'ਸਿਮਰਹਿ ਪਸੁ ਪੰਖੀ ਸਭਿ ਭੂਤਾ ॥
ਸਿਮਰਹਿ ਬਨ ਪਰਬਤ ਅਉਧੂਤਾ ॥
ਲਤਾ ਬਲੀ ਸਾਖ ਸਭ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ ॥'

[ਮਾਰੂ ਮਹਲਾ ਪ, ਪੰਨਾ ੧੦੭੯

'ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ
ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉਨਿਧਿ
ਪਾਈਐ ਗੁਰਕੈ ਸਬਦਿ ਵੀਚਾਰਾ ॥ [ਸੂਹੀ ਮਹਲਾਂ ੩, ਪੰਨਾ ੭੫੪

'ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟ ਨਾਲੇ ॥
ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥
ਵਿਣ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥'

[ਵਾਰ ਗਉੜੀ ਮਹਲਾ ੪-੧੫, ਪੰਨਾ ੩੦੬

ਜੈਸੇ ਦਾਤਾ ਬੜਾ ਹੈ ਤੈਸੇ ਉਸਦਾ ਨਾਮ ਭੀ ਬੜਾ ਹੈ 'ਸਾਚੇ ਨਾਮ ਕੀ ਤਿਲੁ ਵਡਿਆਈ', ਨਾਮ ਦੀ ਮਹਿਮਾ ਕੋਈ ਨਹੀਂ ਗਾ

ਸਕਦਾ । ਨਾਮ ਸਤਿ ਹੈ, ਕਰਤਾ ਹੈ, ਕ੍ਰਿਤ ਹੈ, ਰਚਿਤ ਹੈ, ਰਚਣ ਹਾਰ ਹੈ; ਭੁੱਲ ਹੈ ਤਾਂ ਯਾਦ ਭੀ ਹੈ । ਭੈ ਨਿਵਿਰਤੀ ਦਾ ਕਾਰਨ ਨਿਰਭਉ ਹੈ । ਦ੍ਵੈਤ ਨਿਵਿਰਤੀ ਦਾ ਕਾਰਨ ਇਕ ਦਾ ਸਿਮਰਨ ਹੈ:—

'ਏਕੋ ਜਪਿ ਏਕੋ ਸਾਲਾਹਿ ॥' [ਸੁਖਮਨੀ, ਪੰਨਾ ੨੯੬

'ਇਕ ਬਿਨ ਦੂਸਰ ਸੋ ਨ ਚਿਨਾਰ ॥' [ਪਾਤ: ੧੦

ਇਕ ਵਿਚ ਆਉਣ ਨਾਲ ਦ੍ਵੈਤ ਮਿਟ ਜਾਏਗੀ, ਇਕ ਵਿਚ ਦ੍ਵੈਤ ਹੈ ਹੀ ਨਹੀਂ । ਓਅੰਕਾਰਿ ਇਕ ਵਿਚ ਸਤਿ ਹੈ, ਸਤਿ ਵਜੂਦ ਬਣੇਗਾ ਤਾਂ ਇਕ ਆਏਗਾ । ਇਕ ਹੋਏਗਾ ਤਾਂ ਫਿਰ ਸ਼ਬਦ ਹੋਏਗਾ ਸਤਿ । ਇਕ ਹੈ, ਓਅੰਕਾਰ ਹੈ । ਸਤਿ ਹੀ ਸਰਬ ਦੀ ਹਸਤੀ ਹੈ। ਅਭਿਆਸੀ ਹਿਰਦੇ ਵਿਚ ੧ ਓ ਲਖਾਏਗਾ ਸਤਿ ਨੂੰ । ਜਣਾਨ ਵਾਲਾ ੧ ਓ ਹੈ। ਸਤਿ ਦਾ ਨਾਮ ਭੀ ਸਤਿ ਹੈ । ਅਭਿਆਸੀ ਨੂੰ ਅਨੁਭਵ ਹੁੰਦਾ ਹੈ । ਅਸੱਤਿ ਸਭ ਨਿਵਿਰਤ ਹੋ ਜਾਂਦਾ ਹੈ। ਆਤਮ ਗਿਆਤ ਨਾਲ ਅਨਾਤਮ ਦੀ ਨਿਵਿਰਤੀ ਹੈ । ਸੂਰਜ ਉਦੇ ਹੋਣ ਨਾਲ ਰਾਤ੍ਰੀ ਦੀ ਨਿਵਿਰਤੀ ਹੈ। ਪ੍ਰਕਾਸ਼ਵਾਨ ਹੋਣਾਂ ਇਹ ਬਖਸ਼ੇਗਾਂ । ਸਤਿ ਤੋਂ ਹੀ ਧੁਨੀ ਹੈ । ਸਤਿ ਨਾ ਹੋਵੇ ਤਾਂ ਆਵਾਜ਼ ਹੀ ਨਾ ਹੋਵੇ । ਨਾਸਤੀ ਤੋਂ ਧੁਨੀ ਨਹੀਂ ਹੋ ਸਕਦੀ ।

ਆਕਾਸ਼ ਵਿਚ ਬਗ਼ੀਚਾ ਨਹੀਂ ਲਗ ਸਕਦਾ :—

'ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥'

[ਸਲੋਕ ਵਾਰਾਂ ਤੇ ਵਧੀਕ ਮ: ੪, ਪੰਨਾ ੧੪੨੨

'ਗੁਰਮੁਖਿ ਜਨਮ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ ॥'

[ਭਾਈ ਗੁਰਦਾਸ ਵਾਰ ੧—੩

ਪਾਠ ਵਿਚ ਵਾਹਿਗੁਰੂ ਅਰ ਗੁਰੂ ਦਾ ਦਰਸ਼ਨ ਅਤੇ ਦੇਵ ਵੱਸ ਹੁੰਦਾ ਹੈ :—

ਜੈਸੇ ਤੁੰ ਸਕਲ ਨਿਧਿ ਪੂਰਨ ਸਮੁੰਦ੍ ਬਿਖੈ
ਹੰਸ ਮਰਜੀਵਾ ਨਿਰਭੈ ਪ੍ਰਸਾਦਿ ਪਾਵਈ ॥

ਜੈਸੇ ਪਰਬਤ ਹੀਰਾ ਮਾਣਿਕ ਪਾਰਸ ਸਿਧ
ਖਨਵਾਰਾ ਖਨਿ ਜਗ ਵਿਖੈ ਪ੍ਰਗਟਾਵਈ ।
ਜੈਸੇ ਬਨ ਬਿਖੈ ਮਲਿਆਗਰ ਕਪੂਰ ਸੋਧਾ
ਸੋਧਕੇ ਸਬਾਸੀ ਸੁਬਾਸ ਬਿਹਸਾਵਈ ॥
ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈਂ
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥ ੫੪੬ ॥

ਇਸ ਵਿਚ ਜਯੋਤੀ ਹੈ, ਗੁਰ ਪ੍ਰਕਾਸ਼ ਹੈ :—

'ਗੁਰਬਾਣੀ ਇਸੁ ਜਗ ਮਹਿ ਚਾਨਣੁ ॥' [ਸਿਰੀ ਰਾਗ ਮ: ੩, ਪੰਨਾ ੬੭

ਇਹ ਇਕ ਹਸਤੀ ਭੀ ਹੈ 'ਕੀਤਾ ਪਸਾਉ ਏਕੋ ਕਵਾਉ' ਹਰ ਇਕ ਸਿਖ ਦਾ ਪਰਮ ਧਰਮ ਹੈ ਗੁਰਬਾਣੀ ਦਾ ਵੀਚਾਰ ਕਰਨਾ :—

'ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥'

[ਦਖਣੀ ਓਅੰਕਾਰ, ਪੰਨਾ ੯੩੫

ਪਾਣੀ ਦਾ ਕਤਰਾ ਜੋ ਸੂਰਜ ਦੀ ਕਿਰਨ ਦੀ ਸੰਗਤ ਕਰੇਗਾ ਉਹ ਉਸ ਨੂੰ ਉਪਰ ਖਿੱਚ ਕੇ ਲੈ ਜਾਏਗੀ । ਇਹ ਦ੍ਰਿਸ਼ਟਾਂਤ ਵਿਖਮ ਹੈ । ਸਮੰਨਵਯ ,—

'ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥' [ਸੂਹੀ ਮ: ੩, ਪੰਨਾ ੭੫੪

ਸਮਝਣ ਲਈ : ਗੰਗਾ ਹਿਮਾਲਾ ਤੋਂ ਨਿਕਲੀ ਤੇ ਸਹਿਜੇ ਸਹਿਜੇ ਸਮੁੰਦਰ ਵਿਚ ਜਾਏਗੀ :—

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥ ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥ ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰਬਚਨੀ ਅੰਮ੍ਰਿਤੁ ਪਾਵੈਗੋ ॥ ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ।' [ਕਾਨੜਾ ਮ: ੪, ਪੰਨਾ ੧੩੧੦

ਇਹ ਸ਼ਬਦ ਬ੍ਰਹਮ ਹੈ, ਇਸ ਦਾ ਦਾਤਾ ਬ੍ਰਹਮ ਹੈ। ਇਸ ਦੀ ਭਗਤੀ ਉਪਾਸ਼ਨਾ ਸ੍ਰਿਸ਼ਟ ਹੈ। ਗੁਪਤ ਪ੍ਰਗਟ ਪਦਾਰਥ ਬੁਧੀ ਵਿਚ ਹਨ, ਯਥਾਰਥ ਵਿਚ ਤੀਨੋਂ ਨਹੀਂ। ਧਿਆਨ, ਸਮਾਧੀ, ਨਿਰਵਕਲਪ ਹੋਕੇ ਕਿਸ ਵਿਚ ਜਾਏਗੀ? ਅਦ੍ਰਿਸ਼ਟ ਵਿਚ ਜਾ ਸਕਦੀ ਹੀ ਨਹੀਂ:—

'ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥ ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥' [ਗਉੜੀ ਮਹਲਾ ੫, ਪੰਨਾ ੨੦੬

ਸੂਰਜ ਦੀ ਕਿਰਨ ਸੂਰਜ ਵਿਚ ਜਾਏਗੀ, ਕੋਈ ਅਟਕਾ ਨਹੀਂ ਸਕਦਾ; ਸੋ ਬਾਣੀ ਧੁਰ ਲੈ ਜਾਏਗੀ :—

'ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥'

[ਸੋਰਠਿ ਮਹਲਾ ੫, ਪੰਨਾ ੬੨੮

'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥'

[ਵਾਰ ਗਉੜੀ ਮਹਲਾ ੪, ਪੰਨਾ ੩੦੮

ਓਅੰਕਾਰਿ ਦਾ ਲਖਸ਼ ਹੈ ਸਤਿ, ਸਤਿਨਾਮ ਦਾ ਜਾਪ ਕਿਸ ਨੂੰ ਲਖਾਏਗਾ ? ਓ ਨੂੰ ਪਛਾਣੇਗਾ। ਇਹ ਪਿੰਡ ਬ੍ਰਹਮੰਡ ਹੀ ਓ ਹੈ। ਸਤਿਨਾਮ ਜਿਸ ਨੂੰ ਬਿਆਨ ਕਰਦਾ ਹੈ, ਉਸ ਵਿਚ ਲੀਨ ਹੋ ਜਾਏਗਾ। ਉਹ ਸੁੰਨ ਨਹੀਂ, ਸੈਭੰ ਹੈ।

'ਝਿਲਿ ਮਿਲਿ ਝਿਲਕੈ ਚੰਦੁ ਨ ਤਾਰਾ ॥
ਸੂਰਜ ਕਿਰਨਿ ਨ ਬਿਜਲਿ ਗੈਣਾਰਾ ॥'
'ਅਕਥੀ ਕਥਉ ਚਿਹਨੁ ਨਹੀਂ ਕੋਈ ਪੂਰਿ ਰਹਿਆ ਮਨਿ ਭਾਇਦਾ॥'

[ਮਾਰੂ ਸੋਹਲਾ ਮਃ ੧, ਪੰਨਾ ੧੦੩੩

ਅੰਦਰ ਭੀ ਚੰਦ ਹੈ, ਅਭਿਆਸ ਤੋਂ ਪ੍ਰਗਟ ਹੁੰਦਾ ਹੈ, ਮੁਖ ਭੀ ਦੇਖਦਾ ਹੈ, ਇਹ ਜੋਗੀਆਂ ਦਾ ਹੈ।

'ਸਬਦੁ ਭਾਖਤ ਸਸਿ ਜੋਤਿ ਅਪਾਰਾ ॥

[ਸਿਧ ਗੋਸ਼ਟਿ—੪੯, ਪੰਨਾ ੯੪੩

ਸਤਿਨਾਮ ਜਪਣੇ ਨਾਲ ਇਕ ਦਾ ਗਿਆਨ ਹੋਵੇਗਾ।

'ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥
[ਕਾਨੜਾ ਮਹਲਾ ੫, ਪੰਨਾ ੧੨੯੬

ਸ਼ਰੀਰ ਵਿਚ ਓ ਲਖਾਇਆ, ਸਭ ਸਤਿਨਾਮ ਤੋਂ ਪ੍ਰਤੱਖ ਹੋ ਜਾਏਗਾ।

ਸਤਿਨਾਮ ਕਰਤਾ ਹੈ, ਸ੍ਰਿਸ਼ਟ ਕਰਤਾ ਹੈ। ਕਰਤਾ ਨੂੰ ਪ੍ਰਮਾਣੂ ਦੀ ਲੋੜ ਨਹੀਂ, ਮਾਇਆ ਦੀ ਲੋੜ ਨਹੀਂ, ਇਹ ਪ੍ਰਮਾਣੂ ਵੀ ਉਸ ਦੀ ਰਚਨਾ ਹੈ।

'ਹਰਨ ਭਰਨ ਜਾਕਾ ਨੇਤ੍ਰ ਫੋਰੁ ॥'
[ਸੁਖਮਨੀ, ਪੰਨਾ ੨੮੪

'ਉਪਤਿ ਪਰਲਉ ਖਿਨ ਮਹਿ ਕਰਤਾ ॥'
[ਆਸਾ ਮਹਲਾ ੫, ਪੰਨਾ ੩੮੭

ਕੋਟਾਨ ਕੋਟ ਮਾਇਆ ਉਸ ਦੀ ਰਚਿਤ ਹੈ। ਕਰਤਾ ਪਦ ਵਿਚ ਜਿਸ ਵਕਤ ਜਾਏਗਾ ਤਾਂ ਸਾਰੀ ਉਸ ਦੀ ਕ੍ਰਿਤ ਜੋ ਹੈ ਇਹ ਕੀਤੀ ਹੋਈ ਰਚਨਾ ਦਿੱਸ ਆਵੇਗੀ। ਉਸ ਦੀ ਕੂਕਰ ਦ੍ਰਿਸ਼ਟੀ ਹਟ ਕੇ ਸਿੰਘ ਦ੍ਰਿਸ਼ਟੀ ਹੋ ਜਾਏਗੀ ਤੇ ਕ੍ਰਿਤ ਨੂੰ ਦੇਖਕੇ ਕਰਤੇ ਦਾ ਦਰਸ਼ਨ ਕ੍ਰਿਤ ਵਿਚ ਕਰੇਗਾ।

ਕਰਤਾਵਾਦੀ ਸਿੰਘ ਸਮ, ਕਰਮੀ ਸ੍ਵਾਨ ਸਮਾਨ ॥
ਵਹੁ ਆਯੁਧ ਹੀ ਰਿਪ ਲਖੇ, ਵਹੁ ਪ੍ਰੇਰਕ ਪ੍ਰਮਾਨ ॥'
[ਸਰਬੰਗੀ ੧੧੨ ਸਲੋਕ

ਕ੍ਰਿਤ ਨੂੰ ਦੇਖ ਕੇ ਕਰਤਾ ਵਿਚ ਜਾਏਗਾ। ਲਾਭ ਤੋਂ ਅਤੀਤ, ਹਰਖ ਸੋਗ ਤੋਂ ਰਹਿਤ ਹੋ ਜਾਏਗਾ। ਸਰੀਰ ਕ੍ਰਿਤ ਹੈ :—

'ਕਰਤਾ ਕਰਣਾ ਕਰਤਾ ਜਾਨਾ ॥'
[ਗਉੜੀ ਮਹਲਾ ੧, ਪੰਨਾ ੨੨੧

'ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ।
[ਦਖਣੀ ਓਅੰਕਾਰੁ, ਪੰਨਾ ੯੩੦

ਕ੍ਰਿਤ ਤੋਂ ਉਠ ਕਰ ਕਰਤੇ ਨੂੰ ਦੇਖੋ, ਜਦੋਂ ਇਸ ਕਮਾਈ ਤੋਂ ਕਰਤਾ ਪ੍ਰਗਟ ਹੋ ਗਿਆ ਬਲਕਿ ਉਹ ਕ੍ਰਿਤ ਤੋਂ ਉਚਾ ਹੋ ਗਿਆ ਮਾਨੋ ਉਹ ਬੂੰਦ ਭਾਵ ਛਡਕੇ ਸਾਗਰ ਹੋ ਗਿਆ, ਇਥੇ ਸ਼ੋਕ ਨਹੀਂ,

ਸਦਾ ਖੇੜਾ ਹੀ ਹੈ, ਪਰ ਅਭਿਆਸ ਦੀ ਕਾਰ ਹੈ। ਇਨ੍ਹਾਂ ਪਦਾਂ ਵਿਚ ਪਹੁੰਚਾਂਦਾ ਕੌਣ ਹੈ ? ਸਤਿਨਾਮ । ੧ ਪਕੜਿਆ ਜਾ ਸਕਦਾ ਹੈ ।

'ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ ।।'

[ਸਿਰੀ ਰਾਗੁ ਮਹਲਾ ੧, ਪੰਨਾ ੫੫

'ਹਰਿ ਸਿਮਰਨ ਮਹਿ ਆਪਿ ਨਿਰੰਕਾਰਾ'।। [ਸੁਖਮਨੀ, ਪੰਨਾ ੨੬੩

ਮਨ ਦਾ ਵਿਸ਼ਾ, ਬੁਧੀ ਦਾ ਵਿਸ਼ਾ, ਇੰਦਰੀਆਂ ਦਾ ਵਿਸ਼ਾ ਸ਼ਬਦ, ਰੂਪ, ਰਸ, ਗੰਧ, ਸਪਰਸ਼ ਤੋਂ ਓਹੁ ਅਗੋਚਰ ਹੈ।

'ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ।।'

[ਸਾਰੰਗ ਮਹਲਾ ਪ, ਪੰਨਾ ੧੨੨੬

'ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ।।'

[ਵਾਰ ਸਿਰੀ ਰਾਗੁ ਮ: ੪—੧੨, ਪੰਨਾ ੮੭

'ਲੋਇਨ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ।।'

[ਵਾਰ ਮਾਰੂ ਡਖ: ਮ: ਪ, ਪੰਨਾ ੧੦੯੬

ਸੋ ਉਸ ਵਿਚ ਮਨ ਦੀ ਗੰਮਤਾ ਨਹੀਂ । ਮਨ ਉਥੇ ਪਹੁੰਚ ਨਹੀਂ ਸਕਦਾ, ਸੋ ਨਾਮ ਤੋਂ ਬਗੈਰ ਸਰਗੁਣ ਨਿਰਗੁਣ ਉਪਾਸਨਾ ਦਾ ਨਿਰਬਾਹ ਨਹੀਂ ।

'ਰਾਮ ਨਾਮ ਕਉ ਨਮਸਕਾਰ ।। ਜਾਸੁ ਜਪਤ ਹੋਵਤ ਉਧਾਰ ।।'

[ਮਾਲੀ ਗਉੜਾ ਮਹਲਾ ਪ, ਪੰਨਾ ੯੮੬

'ਏਕ ਨਾਮ ਕੋ ਥੀਓ ਪੂਜਾਰੀ ਸੋ ਕਉ ਅਚਰਜੁ ਗੁਰਹਿ ਦਿਖਾਇਓ ।।'

[ਗਉੜੀ ਮਹਲਾ ੫, ਪੰਨਾ ੨੦੬

## ਸਾਧਨ

| ਪਾਠ ਸੁਧੀ—ਰਾਗ | ਹਿਰਦੇ | ਰਸਨਾ | ਦੀਰਘ ਕਾਲ |
|---|---|---|---|
| ਸੂਰ | ਕੋਮਲਤਾ | ਮਾਧੁਰੀਜਤਾ | ਸ਼ਰਧਾ, ਵਿਸ਼ਵਾਸ਼ |
| ਦੋਸ਼—ਅਗਿਆਨ | ਮਨ ਵਿਚ ਹੋਰ | ਜ਼ੁਬਾਨ ਪਰ ਹੋਰ | ਕਾਮਨਾ |
| ਪ੍ਰਸਾਦਿ | ਵੀਪਸਾ (ਬਹੁਤ ਇਛਾ) | | ਨਿਸ਼ਕਾਮ |

'ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ।।'

[ਗਉੜੀ ਬਾ: ਅ: ਕਬੀਰ ਜੀ, ਪੰਨਾ ੩੪੦

'ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥'

[ਆਸਾ ਮਹਲਾ ੫, ਪੰਨਾ ੩੮੨

ਪੂਰਨ ਪਦ ਤੇ ਪੁਜਣ ਲਈ ਉਪੋ੍ਕਤ ਜ਼ਰੂਰੀ ਹੈ ,

੧. ਬੀਜ ਮੰਤ੍—੧ ਓ

੨. ਨਾਮ ਮੰਤ੍—ਸਤਿਨਾਮ

੩. ਗੁਰ ਮੰਤ੍—ਵਾਹਿਗੁਰੂ

੪. ਮੂਲ ਮੰਤ੍—੧ ਓ ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ ॥

੫. ਮਾਲਾ ਮੰਤ੍—੧ ਓ ਸਤਿ ਨਾਮੁ ਵਾਹਿਗੁਰੂ ॥

੬. ਮਹਾਂ ਮੰਤ੍—੧ ਓ ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਇਹ ਦੇਹੀ ਮੇਰੇ ਵਾਹਿਗੁਰੂ ਜੀ ਦਾ ਮੰਦਰ ਹੈ ;—

'ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥'

ਵਾਰ ਰਾਮਕਲੀ ਮਹਲਾ ੩ – ੧੨, ਪੰਨਾ ੯੫੩

'੧ ਓ ਸਤਿ ਨਾਮੁ ਕਰਤਾ ਪੁਰਖੁ'--ਇਥੇ ਪੁਚਾਣ ਵਾਲਾ ਕੌਣ ਹੈ ? ਨਾਮ ਹੈ :—

'ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ

ਅਬਿਨਾਸੀ ਪੁਰਖੁ ਬਿਧਾਤਾ ॥ ਹਰਿ ਨਾਮੁ ਹਮ ਸੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥ [ਵਾਰ ਵਡਹੰਸ ਮ: ੪—੧੬, ਪੰਨਾ ੫੬੨

ਨਿਰੰਕਾਰ ਨੂੰ ਮੰਨਣ ਵਾਲੇ ਦੀ ਭੀ ਨਾਮ ਹੀ ਸਹਾਇਤਾ ਕਰਦਾ ਹੈ ਅਰ ਸਰਗੁਣ ਵਿਚ ਭੀ ਨਾਮ ਹੀ ਹੈ। ਸਰੀਰ ਵਿਚ ਅਥਵਾ ਸਰੀਰ ਦੇ ਬਾਹਰ ਧਾਤੂ ਵਿਚ ਲੋਕ ਭਗਵਾਨ ਨੂੰ ਥਾਪਦੇ ਹਨ, ਵਾਹਿਗੁਰੂ ਜੀ ਥਾਪਿਆ ਜਾ ਸਕਦਾ ਹੀ ਨਹੀਂ, ਕ੍ਰਿਤ ਕਦੇ ਵੀ ਕਰਤਾ ਨੂੰ ਨਹੀਂ ਬਣਾ ਸਕਦੀ:—

'ਥਾਪਿਆ ਨ ਜਾਇ ਕੀਤਾ ਨ ਹੋਇ ॥' ਜਪੁਜੀ, ਪੰਨਾ ੨

ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ, ਗੁਰੂ ਹਰਿ ਗੋਬਿੰਦ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਬਿਰਾਜਮਾਨ ਹੈਨ। ਆਗਿਆ ਕੀਤੀ ਕਿ ਕੋਈ ਸਿਖ ਐਸਾ ਹੈ ਜੋ ਸ਼ੁਧ, ਇਕਾਗਰ ਮਨ ਨਾਲ ਸ੍ਰੀ ਜਪੁਜੀ ਸਾਹਿਬ ਸੁਣਾਵੇ। ਸੰਗਤਾਂ ਵਿਚੋਂ ਇਕ ਸਿਖ ਹਾਜ਼ਰ ਹੋਇਆ, ਬੇਨਤੀ ਕੀਤੀ:—ਮਹਾਰਾਜ ਦਾਸ ਹਾਜ਼ਰ ਹੈ। ਗੁਰਦੇਵ ਨੇ ਇਕ ਉਚੇ ਆਸਣ ਦੇ ਉੱਪਰ ਬੈਠਾ ਲਿਆ ਤੇ ਸਿਖ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਆਰੰਭ ਕੀਤਾ। ਮਧੁਰ ਸੁਰ, ਇਕਾਗਰ ਮਨ ਤੇ ਪਾਠ ਦੀ ਸੁਧੀ ਨੇ ਸਭ ਸੰਗਤ ਨੂੰ ਟਿਕਾ ਦਿਤਾ। ਸਤਿਗੁਰ ਸਚੇ ਪਾਤਸ਼ਾਹ ਪਾਠ ਸੁਣ ਕਰਦੇ ਰਹੇ। ਜਿਸ ਵੇਲੇ ਸਿਖ 'ਨਾਨਕ ਭਗਤਾ ਸਦਾ ਵਿਗਾਸੁ' ਤੇ ਪਹੁੰਚਿਆ ਤਾਂ ਆਪ ਨੇ ਤਖਤ ਦਾ ਕੁਛ ਹਿੱਸਾ ਛੱਡ ਦਿਤਾ, ਬਾਣੀ ਦਾ ਅੰਮ੍ਰਿਤ ਪ੍ਰਵਾਹ ਜਾਰੀ ਰਿਹਾ ਤੇ ਧੀਰੇ ਧੀਰੇ ਸਚੇ ਪਾਤਸ਼ਾਹ ਤਖਤ ਛਡਦੇ ਗਏ। ਜਿਸ ਵੇਲੇ ਸਿਖ 'ਕਰਮ ਖੰਡ ਕੀ ਬਾਣੀ ਜੋਰੁ' ਪਰ ਪਹੁੰਚਿਆਂ ਤਾਂ ਗੁਰੂ ਪਾਤਸ਼ਾਹ ਆਪਣੇ ਆਸਣ ਤੇ ਉਠ ਕੇ ਫਿਰ ਇਸਥਿਤ ਹੋ ਗਏ। ਭੋਗ ਪੈਣ ਤੇ ਆਗਿਆ ਹੋਈ ਕਿ ਇਸ ਸਿਖ ਨੂੰ ਕਾਬਲ ਦਾ ਘੋੜਾ, ਸੁਨਹਿਰੀ ਕਾਠੀ, ਦੋ ਸੋਨੇ ਦੇ ਕੜੇ ਤੇ ਇਕ ਪੋਸ਼ਾਕ ਤੋਸੇ ਖਾਨੇ ਵਿਚੋਂ ਦੇ ਦਿਓ, ਕਿਉਂਕਿ ਇਸ ਨੇ ਇਹੋ ਮੰਗ ਖੁਦ ਮੰਗੀ ਹੈ

ਅਸੀਂ ਤਾਂ ਜਪੁਜੀ ਸਾਹਿਬ ਦੀ ਭੇਟਾ ਗੁਰ ਗਦੀ ਜੀ ਕਰਨ ਲਗੇ ਸਾਂ।

## ਜਪੁ ॥

ਜਪੁ—ਜਪੁ ਗੁਰੂ ਦੀ ਕਿਰਪਾ ਨਾਲ ਹੀ ਕਰਨਾ ਹੈ। ਜਪ ਕਿਸ ਚੀਜ਼ ਦਾ ਕਰਨਾ ਹੈ? ਮੂਲ ਮੰਤ੍ਰ, ਗੁਰ ਮੰਤ੍ਰ, ਮਾਲਾ ਮੰਤ੍ਰ? ਜਪ ਜੈਸਾ ਕਿ ਅਸੀਂ ਅਗੇ ਦਸਿਆ ਹੈ, ਤਿੰਨ ਕਿਸਮ ਦਾ ਹੈ। (੧) ਵਾਚਕ, (੨) ਉਪਾਸੂ, (੩) ਮਾਨਸਕ, ਜਿਸਦਾ ਵੇਰਵਾ ਫੇਰ ਜਾਦ ਕਰਾਉਂਦੇ ਹਾਂ:—

(੧) ਵਾਚਕ ਜਪ ਦਾ ਅਰਥ ਹੈ ਰਸਨਾਂ ਨਾਲ ਜਪ ਕਰਨਾ :—

ਜੀਭ ਰਸਾਇਣਿ ਚੂਨਣੀ ਰਤੀ ਲਾਲ ਲਵਾਇ ॥

[ਮਾਰੂ ਵਾਰ ਮਹਲਾ ੩, ਪੰਨਾ ੧੦੯੧

"ਜੈਸੇ ਗਾਇ ਕਾ ਬਾਛਾ ਛੂਟਲਾ ॥
ਥਨ ਚੋਖਤਾ ਮਾਖਨੁ ਘੂਟਲਾ ॥"

[ਗੌਂਡ ਨਾਮ ਦੇਉ, ਪੰਨਾ ੮੭੪

ਜੀਭ ਨਾਮ ਦੀ ਰਸਾਇਣ ਰੂਪੀ ਥਣ ਨੂੰ ਚੁੰਘਦੀ ਹੈ।

(੨) ਉਪਾਸੂ ਦਾ ਅਰਥ ਹੈ ਕੰਠ ਨਾਲ, ਹੋਠ ਨਾ ਹਿਲਣ ਤੇ ਅੰਦਰ ਜਪ ਹੋਵੇ।

(੩) ਮਾਨਸਕ ਦਾ ਅਰਥ ਹੈ ਮਨ ਨਾਲ ਜਪਣਾ, ਜਪ ਵਿਚ ਹੀ ਮਨ ਦੀ ਇਕਾਗਰਤਾ ਤੇ ਰਸ ਆਵੇ, ਉਹੀ ਜਪ ਚੰਗਾ ਤੇ ਸਫਲ ਹੈ, ਜਪ ਦਾ ਅਰਥ ਬਾਣੀ ਭੀ ਹੈ:—

'ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥

[ਭਗਤ ਗੁ: ਵਾਰ ੧-੩੮

ਜਪ ਕ੍ਰਿਯਾ ਵਾਚਕ ਭੀ ਹੈ, ਬਾਣੀ ਤੇ ਮਨ ਦੀ ਕ੍ਰਿਯਾ ਹੈ, ਇਹ ਕ੍ਰਿਯਾ ਅਕਹਿ ਰੂਪ ਹੈ। ਸਮਾਧੀ ਲਗਾਓ ਪਰ ਜਪ ਤੇ ਵਾਰ ਤੋਂ ਬੇਮੁਖ ਨਾ ਹੋਵੋ:—

'ਜਿਹਵਾ ਜਲ਼ਉ ਜਲਾਵਣੀ ਨਾਮੁ ਨ ਜਪੈ ਰਸਾਇ ॥'

[ਸਿਰੀ ਰਾਗੁ ਮਹਲਾ ੧, ਪੰਨਾ ੫੯

ਜਿਹਵਾ ਦੇ ਜਪਣ ਦੇ ਫਲ ਅਨੰਤ ਹਨ : ਨਿੰਦਾ, ਆਲਸ, ਕਠੋਰਤਾ,ਸਭ ਨਸ਼ਟ ਹੋ ਜਾਂਦੇ ਹਨ। ਰਸਨਾ ਨਾਲ ਜਪ ਕਰਨੇ ਨਾਲ ਸਰੀਰ ਮਾਨੋ ਰਸਮਯ ਹੋ ਜਾਂਦਾ ਹੈ। ਮਨ ਬੀ ਭਰ ਜਾਂਦਾ ਹੈ, ਜਪ ਵਿਚ ਇਕ ਸਵਾਦ ਹੈ । ਇਹ ਸਤਵਾਂ ਰਸ ਹੈ। ਜਪ ਅਰ ਨੀਸਾਣ:-

'ਨਦਰੀ ਰਮਿ ਪਵੈ ਨੀਸਾਣੁ ॥' [ਜਪੁਜੀ, ਪੰਨਾ ੭

'ਗਾਵੈ ਕੋ ਦਾਤਿ ਜਾਣੈ ਨੀਸਾਣੁ ॥' [ਜਪੁਜੀ, ਪੰਨਾ ੧

ਗਿਆਨ ਖੰਡ ਵਿਚ ਜਿਤਨੇ ਰਸ ਗਿਣੇ ਹਨ ਸਭ ਇਸ ਦੀ ਤਾਬਿਆ ਹੈਨ । ਨੀਸਾਣੁ ਦਾ ਅਰਥ ਹੈ ਮੁਹਰ ਲਗ ਜਾਣੀ, ਪ੍ਰਵਾਨ ਹੋ ਜਾਣਾ, ਬਖਸ਼ਿਸ਼ ਦਾ ਨੀਸਾਣੁ, ਚਿੰਨ੍ਹ । ਨੀਸਾਣੁ ਦਾ ਅਰਥ ਹੈ ਨਗਾਰਾ। ਇਹ ਜਪ ਗੁਰੂ ਦਾ ਨਗਾਰਾ ਹੈ। ਇਹ ਨਗਾਰੇ ਦੀ ਨਿਆਈਂ ਅਨੰਤ ਬ੍ਰਹਮੰਡਾਂ ਵਿਚ ਇਸ ਦੇ ਸ਼ਬਦ ਦੀ ਧੁਨੀ ਹੋ ਰਹੀ ਹੈ। ਬੰਦ ਬੰਦ ਕਟੇ ਗਏ, ਖੋਪਰੀ ਲੱਥ ਗਈ ਪਰ ਹਿੱਲੇ ਨਹੀਂ । ਇਹ ਜਪੁ ਕਮਰ ਬਸਤਾ ਕਰ ਦਿੰਦਾ ਹੈ ਰਾਗ ਦ੍ਵੈਖ ਤੋਂ ਸੰਤਪਤ ਹੋਏ, ਥਕਤ ਹੋਏ, ਟੁੱਟੇ ਹੋਏ ਨੂੰ । ਇਹ ਜਪੁਜੀ ਸਾਹਿਬ ਸਭ ਅਹੁਰਾਂ ਅਰਥਾਤ ਬੀਮਾਰੀਆਂ ਦੂਰ ਕਰ ਦਿੰਦਾ ਹੈ ।

ਸਿਖ ਹੋਇ ਕੈ ਗੁਰੂ ਕੋ ਜਪੁ ਜੀ ਕੰਠ ਨ ਕੀਨ ॥
ਤੰਦੁਲ ਹੈ ਚਾਵਲ ਬਿਨਾ ਜਮ ਕੇ ਹੋਇ ਅਧੀਨ ॥

ਸਰੀਰਕ ਸੁਖ ਦਾਤਾ ਹੈ, ਮਾਨਸਕ ਸੁਖ ਦਾਤਾ ਹੈ, ਸਤਿ ਜੋ ਹੋਇਆ । ਸਤਿ ਦੀ ਸਾਖੀ ਆਪ ਗੁਰੂ ਜੀ ਭਰਦੇ ਹੈਨ :—

'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥''

ਜਪੁਜੀ, ਪੰਨਾ ੧

'ਹਉ ਵਾਰੀ ਹਉ ਵਾਰਣੈ ਕੁਰਬਾਨੁ ਤੇਰੇ ਨਾਵ ਨੋ ॥'

[ਸਿਰੀ ਰਾਗੁ ਮਹਲਾ ੧, ਪੰਨਾ ੭੧

'ਨਾਮ ਅਉ ਨਾਮੀ ਕੋ ਭੇਦ ਨਹੀ ਯਹ ਮੂਰਤ ਸ੍ਰੀ ਕਰਤਾਰ ਸੁਹਾਵੈ ॥

''ਸਤਿਨਾਮੁ ਪ੍ਰਭ ਕਾ ਸੁਖਦਾਈ ।'' [ਸੁਖਮਨੀ, ਪੰਨਾ ੨੮੪

'ਹਰਿ ਜੀ ਸਚੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥'
[ਸੂਹੀ ਮਹਲਾ ੩ ਪੰਨਾ ੭੫੬

ਜੋ ਸਤਿਨਾਮੁ ਦਾ ਜਾਪ ਜਪੇਗਾ ਲੋਕ ਸੁਖੀਏ ਪਰਲੋਕ ਸੁਹੇਲੇ ਹੋਏਗਾ। ਸਤਿ ਆਪ ਸਤਿਗੁਰ ਜਪਦੇ ਅਰ ਜਪਾਂਦੇ ਹਨ।

'ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰੁ ਨਾਨਕ ਦੇਉ ਜਪਾਇਆ ॥'
[ਵਾਰ ੨੪ ਸੀ

ਇਹ ਸਤਿ ਦੀ ਵਿਆਖਿਆ ਹੈ, ਇਹ ਸ਼ੁਰੂ ਤੋਂ ਹੀ ਸੱਚ ਸੀ ਹੈ ਸ਼ੁਰੂ ਅਰ ਇਸ ਸਤਿ ਪਰ ਜੋ ਦ੍ਰਿੜਤਾ ਹੈ,ਇਹ ਸਭ ਸਤਿਗੁਰੂ ਦੀ ਕਿਰਪਾ ਹੈ। ਇਹ ਸਤਿ ਸਰੂਪ ਤਦੋਂ ਸੀ ਜਦੋਂ ਸ੍ਰਿਸ਼ਟੀ ਨਹੀਂ ਬਣੀ ਸੀ। ਸ਼ੁਰੂ ਵਿਚ ਹੀ ਸੱਚ ਸੀ ਜਦੋਂ ਓਮ ਦੀ ਧੁਨੀ ਉਚਾਰਨ ਹੋਈ, ਜੁਗ ਅਰੰਭ ਨਹੀਂ ਬਣੇ ਸਨ, ਭਾਵ ਸਰਗੁਣ ਹੋਣ ਦੇ ਸਮੇਂ। ਤੇ ਜੁਗਾਂ ਦੇ ਮੱਧ ਵਿਚ ਵੀ ਸੱਚ ਸੀ। 'ਹੈ ਭੀ ਸਚੁ' ਹੁਣ ਭੀ ਸਚ ਹੈ। 'ਨਾਨਕ ਹੋਸੀ ਭੀ ਸਚੁ' ਤੇ ਅਗੇ ਨੂੰ ਭੀ ਸੱਚ ਹੋਵੇਗਾ :—

'ਚਰਨ ਸਤਿ ਸਤਿ ਪਰਸਨਹਾਰ ॥' [ਸੁਖਮਨੀ, ਪੰਨਾ ੨੯੪

ਬ੍ਰਹਮਾਂ ਦੀ ਸਭਾ ਵਿਚ ੩੩ ਕਰੋੜ ਦੇਵਤੇ ਹਾਜ਼ਰ ਹੋਏ ਅਰ ਬੇਨਤੀ ਕੀਤੀ ਕਿ ਮੁੱਖ ਪੂਜਾ ਕਿਸ ਦੀ ਹੋਵੇ ? ਤਾਂ ਬ੍ਰਹਮਾਂ ਜੀ ਨੇ ਕਿਹਾ ਕਿ ਸ਼ਿਵ ਸ਼ੰਕਰ ਤੋਂ ਪੁੱਛੋ, ਤੇ ਸ਼ਿਵ ਜੀ ਮਹਾਰਾਜ ਨੇ ਕਿਹਾ ਕਿ ਵਿਸ਼ਨੂੰ ਭਗਵਾਨ ਤੋਂ ਪੁਛੋ। ਵਿਸ਼ਨੂੰ ਨਾਰਾਇਣ ਨੇ ਕਿਹਾ 'ਹੇ ਦੇਵਤਾਓ ! ਮੇਰੇ ਕਹਿਣੇ ਦੀ ਬਾਤ ਨਹੀਂ, ਪੂਜਯ ਉਹ ਹੁੰਦਾ ਹੈ, ਜਿਸ ਵਿਚ ਉੱਤਮ ਗੁਣ ਹੋਣ। ਕਰਨੀ ਦੀ ਪੂਜਾ ਹੈ। ਫੈਸਲਾ ਹੋਇਆ ਕਿ ਪ੍ਰਿਥਵੀ ਦੀ ਪਰਕਰਮਾਂ ਜੋ ਦੋ ਮਹੂਰਤ ਵਿਚ ਕਰ ਲਵੇ ਉਸ ਦੀ ਪ੍ਰਥਮ ਪੂਜਾ ਹੈ :—

'ਜੇਤੇ ਜੀਅ ਲਿਖੀ ਸਿਰਿਕਾਰ ॥
ਕਰਣੀ ਉਪਰਿ ਹੋਵਗਿ ਸਾਰ ॥' ਬਸੰਤ ਮਹਲਾ ੩, ਪੰਨਾ ੧੧੯੯

ਸਭ ਆਪਣੇ ਆਪਣੇ ਵਾਹਨਾਂ (ਸਵਾਰੀਆਂ) ਪਰ ਸਵਾਰ ਹੋ ਗਏ, ਬ੍ਰਹਮਾਂ ਹੰਸ ਪਰ, ਵਿਸ਼ਨੂੰ ਗਰੁੜ ਪਰ, ਸ਼ਿਵ ਬਲਦ ਪਰ, ਦੇਵੀ ਸ਼ੇਰ ਪਰ, ਸੂਰਜ ਸਤ ਮੁਖੇ ਘੋੜੇ ਪਰ, ਚੰਦ ਹਰਨ ਪਰ,

ਗਣੇਸ਼ ਚੂਹੇ ਪਰ। ਗਣੇਸ਼ ਜੀ ਨੇ ਅਪਣੇ ਗੁਰੂਦੇਵ, ਸ੍ਰੀ ਅਕਾਲ ਪੁਰਖ, ਵਾਹਿਗੁਰੂ, ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੇ ਮਹਾਰਾਜ! ਇਕ ਤਾਂ ਮੈਂ ਆਪ ਮੋਟਾ ਹਾਂ, ਅੱਰ ਸ਼ਰੀਰ ਭਾਰੀ ਹੈ, ਤੀਜਾ ਸਵਾਰੀ ਚੂਹਾ ਹੈ। ਆਪ ਕਿਰਪਾ ਨਿਧ ਹੋ, ਨਿਤਾਣਿਆਂ ਦੇ ਤਾਣ ਹੋ, ਤੇ ਨਿਮਾਣਿਆਂ ਨੂੰ ਮਾਣ ਦੇਣ ਵਾਲੇ ਹੋ, ਕਿਰਪਾ ਕਰੋ ਤੇ ਮੇਰੇ ਉਪਰ ਆਪ ਬਖਸ਼ਿਸ਼ ਕਰੋ। ਜਦੋਂ ਦਿਲ ਨਾਲ ਅਰਦਾਸ ਕੀਤੀ ਤਾਂ ਅਕਾਸ਼ ਬਾਣੀ ਹੋਈ 'ਹੇ ਗਣੇਸ਼! ਤੂੰ ਰੋ ਨਾ, ਤੂੰ ਇੰਝ ਕਰ ਕਿ ਧਰਤੀ ਉਪਰ ਮੇਰਾ ਨਾਮ ਲਿਖਕੇ ਪਰਕਰਮਾਂ ਕਰ ਲੈ"। ਗਣੇਸ਼ ਨੇ ਪ੍ਰਿਥਵੀ ਪਰ ਪਰਮਾਤਮਾ ਦਾ ਨਾਮ ਲਿਖਕੇ ਪਰਕਰਮਾਂ ਕੀਤੀ ਤੇ ਮੱਥਾ ਟੇਕਿਆ, ਮੱਥਾ ਟੇਕ ਕੇ ਬੈਠ ਗਿਆ ਤੇ ਲਗਾ ਨਾਮ ਜਪਣ ਬੜੇ ਪ੍ਰੇਮ ਨਾਲ। ਦੋ ਮੁਹੂਰਤ ਗੁਜ਼ਰਨ ਤੇ ਸਭ ਦੇਵਤੇ ਇਕੱਠੇ ਹੋ ਗਏ ਤੇ ਵਿਸ਼ਨੂੰ ਭਗਵਾਨ ਨੇ ਕਿਹਾ ਕਿ ਦੇਖੋ ਆਪ ਦੇਵਤੇ ਹੋ ਸਭ ਨੇ ਸੱਚ ਬੋਲਣਾ। ਬ੍ਰਹਮਾ ਨੂੰ ਪੁਛਿਆ ਤਾਂ ਉਸ ਨੇ ਕਹਿਆ 'ਭਗਵਨ'! ਮੈਂ ਤੋ ਆਧੀ ਪਰਕਰਮਾਂ ਕਰ ਸਕਾਂ ਹੂੰ, ਸਮਾਂ ਹੋ ਗਿਆ ਥਾ'। ਇਸੀ ਤਰ੍ਹਾਂ ਹਰੇਕ ਦੇਵਤੇ ਨੇ ਜਵਾਬ ਦਿਤਾ ਤਦ ਗਣੇਸ਼ ਜੀ ਨੇ ਕਿਹਾ ਕਿ ਮੈਂ ਸਾਰੀ ਪ੍ਰਿਥਵੀ ਦੀ ਪਰਕਰਮਾਂ ਕੀਤੀ ਹੈ। ਤਾਂ ਦੇਵਤੇ ਗੁੱਸੇ ਵਿਚ ਭਰ ਗਏ ਤੇ ਕਹਿਣ ਲਗੇ ਕਿ ਤੂੰ ਦੇਵਤਾ ਹੋ ਕੇ ਮਨੁੱਖਾਂ ਵਾਂਙ ਝੂਠ ਬੋਲਦਾ ਹੈਂ ? ਬ੍ਰਹਮਾ ਜੀ ਨੇ ਤਾਂ ਅੱਧੀ ਪਰਕਰਮਾਂ ਕੀਤੀ ਹੈ, ਅਰ ਤੂੰ ਕਹਿੰਦਾ ਹੈਂ ਕਿ ਸਾਰੀ ਪਰਕਰਮਾਂ ਕੀਤੀ ਹੈ; ਕੈਸੇ ? ਤਾਂ ਗਣੇਸ਼ ਨੇ ਕਹਿਆ ਕਿ 'ਸਰਬ ਬ੍ਰਹਮੰਡ ਕਿਸ ਮੇਂ ਇਸਥਿਤ ਹੈ ? ਜਵਾਬ ਮਿਲਿਆ 'ਸਤਿ ਮੇਂ'। ਫਿਰ ਪੁਛਿਆ 'ਸਤਿ ਕਿਸ ਮੇਂ ਇਸਥਿਤ ਹੈ ?' ਜਵਾਬ ਮਿਲਿਆ 'ਨਾਮ ਮੇਂ।'ਤਾਂ ਗਣੇਸ਼ ਨੇ ਕਹਿਆ 'ਭਗਵਨ ! ਮੈਨੇ ਧਰਤੀ ਪਰ ਨਾਮ ਲਿਖ ਕਰ ਉਸ ਕੀ ਪਰਕਰਮਾਂ ਕਰਕੇ ਮੱਥਾ ਟੇਕਿਆ ਹੈ ਤੋ ਆਪ ਹੀ ਦੱਸੋ ਕਿ ਮੈਂ ਨੇ ਪ੍ਰਿਥਵੀ ਪ੍ਰਕਰਮਾਂ ਕਰ ਲੀ ਯਾ ਨਹੀਂ ?' ਤਾਂ ਵਿਸ਼ਨੂੰ ਭਗਵਾਨ ਨੇ ਕਿਹਾ:— "ਜੋ ਗਣੇਸ਼ ਕਹਿੰਦਾ ਹੈ ਸਤਿ ਹੈ,

ਸੋ ਸਭ ਤੋਂ ਪਹਿਲੇ ਇਸ ਦੀ ਪੂਜਾ ਹੋ । ਰਾਮਾਇਣ ਵਿਚ ਆਇਆ ਹੈ :—

ਮਹਿਮਾਂ ਤਾਸੁ ਜਾਨ ਗਣ ਰਾਊ ॥
ਪ੍ਰਥਮ ਪੂਜੀਅਤ ਨਾਮ ਪ੍ਰਭਾਊ ॥
ਕਹੌਂ ਕਹਾਂ ਲਗ ਨਾਮ ਬਡਾਈ ॥
ਰਾਮ ਨ ਸਕਸਿ ਨਾਮ ਗੁਨ ਗਾਈ ॥

—o—

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥ ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥**

ਸੰਸਾਰ ਵਿਚ ਜੋ ਸਤਿ ਸਰੂਪ ਨੂੰ ਪ੍ਰਾਪਤ ਕਰਨਾ ਚਾਹੇ ਉਹ ਕੀਹ ਕਰੇ ? ਸੰਸਾਰ ਵਿਚ ਕੂੜ ਦਾ ਪੜਦਾ ਹੈ ਨਾ ? ਕੂੜ ਦੇ ਕਈ ਅਰਥ ਹੈਨ ਜਿਸ ਤਰ੍ਹਾਂ ਝੂਠ ਬੋਲਣਾ:—

'ਅੰਧੁ ਕੂੜਿਆਰ ਕੂੜੇ ਫਿਰਾਹਿ ॥' [ਜਪੁਜੀ, ਪੰਨਾ ੪
'ਮੁਖਿ ਝੂਠ ਬਿਕੂਖਣ ਸਾਰੰ ॥' [ਵਾਰ ਆਸਾ ਮ: ੧, ਪੰਨਾ ੪੭੦

ਹਉਮੈ ਅਵਿਦਿਆ ਮੈਲ ਹੈ, ਇਹ ਕੂੜ ਹੈ ।
ਸੋਨੇ ਦੇ ਗਹਿਣੇ ਦੀ ਲਗੀ ਮੈਲ ਨੂੰ ਦੂਰ ਕਰਨਾ ਹੈ । ਹੁ

ਆਤਮਾ ਨੂੰ ਹਉਮੈ ਦੀ ਮੈਲ ਲਗੀ ਹੈ:—

'ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥'

[ਵਾਰ ਆਸਾ ਮ: ੧ ਪੰਨਾ ੪੬੬

ਇਥੇ ਸੋਨਾ ਹੈ ਆਤਮਾ, ਤੇ ਮੈਲ ਹੈ ਹਉਮੈ। 'ਹਉਮੈ ਸਬਦਿ ਜਲਾਇ' ਹਉਮੈ ਨੂੰ ਸਿਰਫ ਸ਼ਬਦ ਹੀ ਸਾੜ ਸਕਦਾ ਹੈ:—

'ਹਉਮੈ ਮੈਲੁ ਗੁਰ ਸਬਦੇ ਧੋਵੈ ॥' [ਮਾਝ ਮਹਲਾ ੩, ਪੰਨਾ ੧੨੧

ਹਾਂ, ਗੁਰ ਸ਼ਬਦ ਹੀ ਹਉਮੈ ਦੀ ਮੈਲ ਨੂੰ ਧੋ ਸਕਦਾ ਹੈ। ਇਕ ਹਉਮੈ ਹੈ,ਦੂਜੀ ਚੀਜ਼ ਹੈ ਚੜ੍ਹਦੀ ਕਲਾ। ਭਾਵ ਜੋ ਕੁਛ ਕਰਦਾ ਹੈ ਯਾ ਕਰਨ ਲਗਦਾ ਹੈ ਤਾਂ ਗੁਰੂ ਦੇ ਭਰੋਸੇ ਤੇ ਕਰਦਾ ਹੈ:—

'ਬਾਹਰਹੁ ਹਉਮੈ ਕਹੈ ਕਹਾਏ ॥'

'ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥' [ਆਸਾ ਮਹਲਾ ੧,ਪੰਨਾ ੪੧੨

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਇਥੋਂ ਅਰਥ ਆਰੰਭ ਹੋਏਗਾ। ਜੋ 'ਆਦਿ ਸਚੁ' ਹੈ, 'ਜੁਗਾਦਿ ਸਚੁ' ਹੈ, ਉਸ ਦੀ ਪ੍ਰਾਪਤੀ ਵਾਲੇ ਉਸ ਦੀ ਦਰਗਾਹ ਵਿਚ ਸਚਿਆਰ ਕਿਵੇਂ ਹੋਣ ? ਇਹ ਜੋ ਪਾਲ ਹੈ, ਪੜਦਾ ਹੈ:—

'ਹਉਮੈ ਜਾਈ ਤਾ ਕੰਤ ਸਮਾਈ ॥' [ਸੂਹੀ ਅਸਟ ਮ: ੧, ਪੰਨਾ ੭੫੦

ਜਦ ਤਕ ਪੜਦਾ ਹੈ ਤਦ ਤਕ ਦਰਸ਼ਨ ਨਹੀਂ :—

'ਹਮ ਬਡ ਕਬਿ ਕੁਲੀਨ ਹਮ ਪੰਡਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥'

[ਰਾਮਕਲੀ ਰਵਿਦਾਸ ਜੀ, ਪੰਨਾ ੯੭੪

'ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥'

[ਸੁਖਮਨੀ,, ਪੰਨਾ ੨੭੮

ਹੇ ਸੱਚੇ ਪਾਤਸ਼ਾਹ ! ਜੋ ਉਪਰ ਆਖ ਨੇ ਸਤਿ ਦਿਖਾਇਆ ਹੈ ਉਸ ਦੀ ਪ੍ਰਾਪਤੀ ਕਰਨ ਵਾਲਿਆਂ ਨੂੰ, ਇਹ ਜੋ ਹਉਮੈ ਕੂੜ ਅੰਦਰ ਬੈਠਾ ਹੈ, ਉਹ ਸਤਿ ਦੇ ਦਰਸ਼ਨ ਨਹੀਂ ਕਰਨ ਦਿੰਦਾ:—

'ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥' [ਸੁਖਮਨੀ, ਪੰਨਾ ੨੭੯

ਸਤਿ ਅਤੇ ਸਾਡੇ ਵਿਚ ਇਕ ਪੜਦਾ ਹੈ,ਕਿਹੜਾ?ਓਹੋ ਮਾਯਾ ਕੂੜ ਦਾ। ਭਜਨ ਤੋਂ ਆਲਸ ਕਰਨਾਂ, ਸਿਮਰੇ ਥੈਟਰ ਵਿਚ ਹੋਣਾ, ਸਭ ਕੂੜ ਦੇ ਪੜਦੇ ਹਨ, ਪਰ ਅਸਾਂ ਸਚ ਨੂੰ ਪਾਵਣਾ ਤੇ ਕੂੜ ਨੂੰ ਢਾਵਣਾਂ ਹੈ:—

:ਹਰਿਹਾਂ ਚੰਚਲਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥'

[ਫੁਨਹੇ ਮਃ ੫, ਪੰਨਾ ੧੩੬੨

'ਚੰਚਲ ਚੀਤਿ ਨ ਜਾਇ ਤਮਾਸੇ ॥' [ਰਹਿਤਨਾਮਾ

ਦਰਬਾਰ ਵਿਚ ਸਚਿਆਰ ਕਿਵੇਂ ਹੋਈਏ ? ਇਹ ਕਿਵੇਂ ਹੋਵੇ ਕਿ ਉਸ ਦੇ ਦਰਬਾਰ ਗਿਆਂ ਵਾਹਿਗੁਰੂ ਜੀ ਆਖਣ 'ਸਚਿਆਰ ਆਇਆ ਹੈ' ? ਕੂੜ ਦੀ ਪਾਲ ਕਿਵੇਂ ਟੁੱਟੇ ? ਕਿਵੇਂ ਦਰਸ਼ਨ ਪ੍ਰਾਪਤ ਹੋਣ ? ਪੜਦਾ ਕਿਵੇਂ ਟੁੱਟੇ ? ਇਸਦੇ ੪ ਮਾਰਗ ਸ਼ਾਸਤ੍ਰਕਾਰਾਂ ਨੇ ਕਹੇ ਹਨ:—

(੧) ਸੋਚ (ਪਵਿਤ੍ਰਤਾ), (੨) ਮੌਨ (ਚੁਪ), (੩) ਬ੍ਰਤ, ਤੇ (੪) ਫਿਲਸਫਾ।

(੧) ਸੋਚ—ਸੋਚ ਕਰਕੇ, ਤੀਰਥਾਂ ਦਾ ਇਸ਼ਨਾਨ ਕਰਕੇ; ਲਕੜੀਆਂ ਧੋਕੇ, ਫਲ ਫੁੱਲ ਖਾ ਕੇ, ਪੰਜ ਪਾਪਾਂ ਤੋਂ ਬਚਕੇ ਪ੍ਰਸਾਦਿ ਤਿਆਰ ਕਰਨਾਂ,ਇਹ ਸੋਚ ਮਾਰਗ ਹੈ। 'ਸੋਚਿ ਨ ਹੋਵਈ'= ਸਾਹਿਬ ਫੁਰਮਾਂਦੇ ਹਨ ਕਿ ਬਾਹਰ ਦੀ ਸੋਚ (ਪਵਿਤ੍ਰਤਾ) ਕਰਨੇ ਤੇ ਮਨ ਦੀ ਸੋਚ ਨਹੀਂ ਹੋ ਸਕਦੀ। ਬਾਹਰਲੀ ਸ਼ੁਧੀ ਨਾਲ ਮਨ ਦੀ ਸ਼ੁੱਧੀ ਨਹੀਂ, ਜੇ ਮਨ ਸ਼ੁੱਧ ਨਹੀਂ ਤਾ ਫਿਰ ਕੁਛ ਬੀ ਨਹੀਂ ਫਾਇਦਾ.—

'ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥'

[ਵਾਰ ਆਸਾ ਮਹਲਾ ੧, ਪੰਨਾ ੪੭੨

'ਮਨਿ ਮੈਲੇ ਸਭੁ ਕਿਛੁ ਮੈਲਾ
ਤਨਿ ਧੋਤੈ ਮਨੁ ਹਛਾ ਨ ਹੋਇ ॥' [ਵਡਹੰਸ ਮਹਲਾ ੩, ਪੰਨਾ ੫੫੮

ਲਖ ਵਾਰੀ ਸੋਚ ਕਰਨ ਨਾਲ ਬੀ ਮਨ ਦੀ ਸੋਚ (ਪਵਿਤ੍ਰਤਾ)

ਨਹੀਂ ਹੁੰ ਸਕਦੀ ।

(੨) ਮੌਨ—ਕਈ ਮੌਨ ਰਖਦੇ ਹਨ, ਬੋਲਦੇ ਨਹੀਂ, ਚੁਪ ਦਾ ਬ੍ਰਤ ਰਖਦੇ ਹਨ, ਪਰ ਦਿਲ ਚੁਪ ਨਹੀਂ ਹੁੰਦਾ । ਸਰੀਰਕ ਮੌਨ ਕਰਨੇ ਨਾਲ ਚਿਤ ਸ਼ਾਂਤ ਨਹੀਂ ਹੁੰਦਾ, ਕੂੜ ਦਾ ਪੜਦਾ ਨਹੀਂ ਟੁੱਟਦਾ ।

ਲਿਵਤਾਰ=ਮੌਨ ਧਾਰੇ ਬੱਝਵੀਂ, ਜਿਵੇਂ ਤੇਲ ਦੀ ਧਾਰਾ ਬੱਝਵੀਂ ਚਲਦੀ ਹੈ, ਇੰਝ ਖਾਮੋਸ਼ ਰਹੇ ; ਫਿਰ ਭੀ ਫੁਰਨਾ ਨਹੀਂ ਰੁਕ ਸਕਦਾ ।

(੩) ਬ੍ਰਤ—ਵਰਤ ਰਖਣ ਨਾਲ ਦਿਲ ਦੀ ਭੁੱਖ ਨਹੀਂ ਉਤਰਦੀ । ਤਪ ਕੀਤਾ, ਫਿਰ ਮੰਗਿਆ ਰਾਜ । ਭੁੱਖੇ ਰਹਿਣ ਨਾਲ, ਖਾਣ ਦੇ ਸੰਜਮ ਨਾਲ ਅੰਦਰਲੀ ਭੁੱਖ ਨਹੀਂ ਮਿਟਦੀ । ਮਨ ਮਾਨ ਚਾਹੁੰਦਾ ਹੈ :—

'ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥'

[ਸਲੋਕ ਕਬੀਰ ਜੀ, ਪੰਨਾ ੧੩੭੨

ਤਾਂ ਤੇ ਤਪ ਸਾਧਣ ਨਾਲ, ਬ੍ਰਤ ਰਖਣ ਨਾਲ, ਭੁੱਖ ਨਹੀਂ ਉਤਰਦੀ । ਸਤਾਂ ਪੁਰੀਆਂ ਦੇ ਪਦਾਰਥਾਂ ਦੇ ਭਾਰ ਕੱਠੇ ਕਰਕੇ ਬੰਨ੍ਹ ਦੇਈਏ ਤਾਂ ਵੀ ਤ੍ਰਿਸ਼ਨਾ ਰੂਪੀ ਭੁੱਖ ਨਹੀਂ ਉਤਰਦੀ । ਬਾਹਰਲੀ ਕ੍ਰਿਯਾ ਨਾਲ ਮਨ ਸ਼ਾਂਤ ਨਹੀਂ ਹੁੰਦਾ ।

(੪) ਫਲਸਫਾ—'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥' ਸਹਸ ਦਾ ਅਰਥ ਹੈ ਹਜ਼ਾਰ, ਸਿਆਣਪਾਂ ਦਾ ਅਰਥ ਹੈ ਦਾਨਾਈਆਂ । ਹਜ਼ਾਰਾਂ ਲਖਾਂ ਬੁਧੀ ਦੀਆਂ ਦਾਨਾਈਆਂ ਮੌਜੂਦ ਹੋਣ ਭਾਵੇਂ, ਪਰ ਨਾਲ ਇੱਕ ਨੇ ਭੀ ਨਹੀਂ ਜਾਣਾ :—

'ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥'

[ਵਾਰ ਮਾਰੂ ਡਖਣੇ ਮ: ੫, ਪੰਨਾ ੧੦੯੮

ਜਿਥੇ ਕੀੜੀ ਨੇ ਨਹੀਂ ਲੰਘ ਸਕਣਾ ਉਥੇ ਹਾਥੀ ਕਿਵੇਂ

ਲੰਘੇ ? ਜਿਥੇ ਬੁੱਧੀ ਹੀ ਨਹੀਂ ਜਾ ਸਕਦੀ ਉਥੇ ਸਿਆਣਪਾਂ ਕਿ
ਪਹੁੰਚ ਸਕਦੀਆਂ ਹਨ ? ਇਹ ਚਾਰ ਪ੍ਰਕਾਰ ਦੇ ਜੋ ਸਾਧਨ
ਇਨ੍ਹਾਂ ਕਰਕੇ ਕੂੜ ਦਾ ਪੜਦਾ ਨਹੀਂ ਹਟਦਾ :—

'ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥
ਸੋ ਅਸਥਾਨੁ ਬਤਾਵਹੁ ਮੀਤਾ ॥
ਜਾਕੈ ਹਰਿ ਹਰਿ ਕੀਰਤਨੁ ਨੀਤਾ ॥' [ਆਸਾ ਮ: ੫, ਪੰਨਾ ੩੯੫

ਹਉ ਅਰ ਮਾਇਆ ਤੋਂ ਬਚਣ ਲਈ ਕੀਰਤਨ ਹੀ ਅਸਥਾਨ
ਹੈ। ਕਰਮਾਂ ਦੀ ਜੇਵੜੀ ਤਦ ਤਕ ਹੈ ਜਦ ਤਕ ਛੁਟਕਾਰਾ ਨਹੀਂ
ਪਾਪ ਕਰੇ ਨਰਕਾਂ ਵਿਚ, ਪੁੰਨ ਕਰੇ ਸੁਵਰਗਾਂ ਵਿਚ, ਕਰੋੜਾਂ ਕਰਮ
ਕਰਨ ਨਾਲ ਹਉਮੈ ਵਧੇਗੀ :—

'ਕਰਮ ਕਰਤ ਬਧੇ ਅਹੰਮੇਰ ॥' ਗਉੜੀ ਕਬੀਰ ਜੀ, ਪੰਨਾ ੩੨੪

ਤੀਰਥਾਂ ਅਤੇ ਸਿਆਣਪਾਂ, ਸ਼ਾਸਤ੍ਰਾਂ ਦੇ ਵਿਧਵਾਨ ਪੰਡਤ
ਪਾਸੋਂ ਵਿਦਵਤਾ ਦੇ ਨਾਲ ਹਉਮੈਂ ਨਹੀਂ ਮਰਦੀ। ਮਾਇਆ
ਹਉਮੈ ਓਥੇਂ ਚਲੀ ਜਾਂਦੀ ਹੈ ਜਿਥੇ ਹਰੀ ਦਾ ਕੀਰਤਨ ਹੈ। ਤੀਰਥ
ਦੇ ਇਸ਼ਨਾਨ ਸੋਚ (ਪਵਿਤ੍ਰਤਾ), ਮੌਨ ਧਾਰਨ ਨਾਲ, ਬ੍ਰਤ ਕੁਝ
ਕੱਟਣ ਨਾਲ ਸ਼ਾਸਤ੍ਰਾਂ ਤੇ ਵੇਦਾਂ ਦੇ ਪੜ੍ਹਨ ਤੋਂ' ਪ੍ਰਾਪਤ ਸਿਆਣਪ
ਕਰਨ ਨਾਲ, ਕੂੜ ਤੇ ਹਉਮੈ ਦਾ ਪੜਦਾ ਨਹੀਂ ਟੁੱਟ ਸਕਦਾ ਤੇ
ਨਾ ਹੀ ਸਚਿਆਰ ਬਣ ਸਕੀਦਾ ਹੈ ।

ਹੁਣ ਪ੍ਰਸ਼ਨ ਹੋਇਆ : 'ਮਹਾਰਾਜ' !

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥'

ਉੱਤਰ ਮਿਲਿਆ :—

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ ॥'

ਰਜਾਈ—(੧) ਹਾਕਮ, (੨) ਪ੍ਰਸੰਨਤਾ ਨਾਲ ਚਲਣਾ :—

'ਤੇਰਾ ਕੀਆ ਮੀਠਾ ਲਾਗੈ ॥' [ਆਸਾ ਮ: ੫, ਪੰਨਾ ੩੯੩

ਰਜਾਈ ਦਾ ਭਾਵ ਹੈ : ਦੁਖ ਸੁਖ ਜੋ ਵਰਤੇ ਇਹ

ਰਜ਼ਾ ਸਮਝੇ :—

'ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥' [ਮਾਝ ਮਹਲਾ ੫, ਪੰਨਾ ੯੬

'ਜਾ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਰਾਲਿਓਇ ॥
ਠਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥'
[ਵਾਰ ਸ੍ਰੀ ਮਹਲਾ ੨, ਪੰਨਾ ੭੯੨

ਅਕਾਲ ਪੁਰਖ ਦੇ ਹੁਕਮ ਵਿਚ ਪ੍ਰਸੰਨ ਹੋਕੇ ਚਲਣਾ ਤੇ ਸਮਝਣਾ ਕਿ ਜੋ ਕੁਛ ਹੋ ਰਿਹਾ ਹੈ ਉਹ ਉਸ ਦੇ ਹੁਕਮ ਵਿਚ ਹੋ ਰਿਹਾ ਹੈ। ਉਸ ਵਿਚ ਪ੍ਰਸੰਨ ਰਹਿਣਾ, ਇਹ ਰਜ਼ਾ ਹੈ।

ਇਕ ਸੰਤ ਘੋੜੇ ਤੇ ਸਵਾਰ ਹੋਏ ਸੁਖਮਨੀ ਸਾਹਿਬ ਦਾ ਪਾਠ ਕਰਦੇ ਡਿਗ ਪਏ, ਲੱਤ ਟੁੱਟ ਗਈ, ਸੰਤ ਸ਼ੁਕਰ ਵਿਚ ਜੁੜ ਗਏ। ਲੋਕ ਹੈਰਾਨ ਸਨ। ਮੰਜੇ ਤੇ ਪਾਕੇ ਡੇਰੇ ਲੈ ਗਏ, ਪੱਟੀ ਕੀਤੀ, ਕੁਛ ਛੁਕਾਇਆ। ਇਕ ਨੇ ਪੁੱਛਿਆ ਕਿ ਗੋਡੇ ਟੁੱਟਣ ਵੇਲੇ ਸ਼ੁਕਰ ਦਾ ਕੀ ਮੁਕਾਮ ਹੈ? ਸੰਤ ਕਹਿਣ ਲਗੇ ਕਿ ਭਾਈ ਜੇ ਕਰ ਮੇਰਾ ਪੈਰ ਰਕਾਬ ਵਿਚ ਫਸ ਜਾਂਦਾ ਤਾ ਫਿਰ ਦੱਸ ਮੇਰਾ ਕੀ ਹਾਲ ਹੁੰਦਾ? ਸ਼ੁਕਰ ਹੈ, ਕਿ ਮੈਂ ਡਿੱਗਾ ਹਾਂ ਤੇ ਮੇਰਾ ਪੈਰ ਰਕਾਬ ਤੋਂ ਬਾਹਰ ਆ ਗਿਆ।

'ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥
[ਸ੍ਰੀ ਮਹਲਾ ੪, ਪੰਨਾ ੭੫੭
'ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ ॥'
[ਜਪੁਜੀ ਸਾਹਿਬ, ਪੰਨਾ ੬

'ਰਜ਼ਾ ਕੁਨ' ਜੋ ਦਾਤਾ ਹੈ ਉਸ ਦੀ ਆਗਿਆ ਵਿਚ ਚਲਣਾ ਕਰੀਏ ਤਾਂ ਕੂੜ ਦਾ ਪੜਦਾ ਟੁੱਟ ਜਾਂਦਾ ਹੈ, ਤੇ ਮਨੁੱਖ ਸਚਿਆਰ ਹੁੰਦਾ ਹੈ:—

'ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥'
[ਵਾਰ ਰਾਮਕਲੀ ਮ: ੩, ਪੰਨਾ ੯੫੦

ਇਸੇ ਸਲੋਕ ਵਿਚ ਅੱਗੇ ਚੱਲਕੇ ਉਤਰ ਦਿੰਦੇ ਹਨ:—

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥'

'ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥'
[ਵਡਹੰਸੁ ਮਹਲਾ ੫, ਪੰਨਾ ੫੭੭

ਜਿਥੇ ਨਾਮ ਹੈ ਉਥੇ ਹਉਮੈਂ ਨਹੀਂ:—

'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥'
[ਵਡਹੰਸੁ ਮਹਲਾ ੩, ਪੰਨਾ ੫੭੯

ਸੂਰਜ ਆਇਆ, ਰਾਤ ਗਈ । ਨਾਮ ਚਾਨਣਾ ਅਵਿਦਿਆ ਅੰਧੇਰਾ ਹੈ ।

'ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥'
[ਜੈਤਸਰੀ ਮਹਲਾ ੫, ਪੰਨਾ ੭੦੦

ਹੁਕਮ ਵਿਚ ਜੋ ਚਲਣਾ ਕਰੇਗਾ ਉਸ ਦੀ ਕੂੜ ਦੀ ਪਾਲ ਟੁੱਟੇਗੀ । ਦੁਖ ਸੁਖ, ਦੋਸਤ ਦੁਸ਼ਮਨ, ਹਰਖ ਸੋਗ, ਤਦ ਤਕ ਜਦ ਤਕ ਹੁਕਮ ਨਹੀਂ ਬੁਝਦਾ ।

'ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥'
[ਆਸਾ ਮਹਲਾ ੫, ਪੰਨਾ ੪੦੦

ਹੁਕਮ ਸਮਝਣ ਵਾਲਾ ਸਦਾ ਸੁਖੀ ਹੈ:—

'ਜਿਨੀ ਪਛਾਤਾ ਹੁਕਮੁ ਤਿਨ ਕਦੇ ਨ ਰੋਵਣਾ ॥'
[ਵਾਰ ਗੂਜਰੀ ਮਹਲਾ ੫, ਪੰਨਾ ੫੨੬

ਇਕ ਸੰਤ ਜੰਗਲ ਵਿਚ ਰਹਿੰਦੇ ਸਨ । ਥੋੜੀ ਜੇਹੀ ਜ਼ਮੀਨ ਹੈਸੀ, ਜਿਸ ਦੀ ਕਿਰਸਾਨੀ ਆਪ ਕਰਦੇ ਸਨ । ਬਾਰਸ਼ ਨਾ ਹੋਈ ਵੱਤਰ ਕੋਈ ਨਹੀਂਸੀ, ਫਸਲ ਦੇ ਬੀਜਣ ਦਾ ਵਕਤ ਆ ਗਿਆ,ਪੁੱਤ ਨੇ ਪੁਛਿਆ ਤਾਂ ਸੰਤ ਜੀ ਨੇ ਕਿਹਾ: "ਤੂੰ ਬੀਜ ਲੈ ਆ, ਸਾਡਾ ਕੰਮ ਬੀਜ ਬਿਖੇਰ ਦੇਣਾ, ਹਲ ਵਾਹ ਦੇਣਾ, ਮੀਂਹ ਪਾਉਣਾ ਕਰਤਾਰ ਵੱਸ ਹੈ, ਤੇ ਅਰਦਾਸਾਂ ਕਰਨਾ ਅਸਾਡਾ ਕੰਮ । ਅਸੀਂ ਆਪਣਾ ਕੰਮ ਕਰੀ ਚਲੀਏ ਕਰਤਾਰ ਦੀ ਟੇਕ ਰਖ ਕੇ; ਉਸ ਦੇ ਕੰਮ ਦਾ ਉਸ ਨੂੰ ਫਿਕਰ ਹੋਵੇਗਾ । ਤੂੰ ਬੀਜ ਲੈ ਆ ਤੇ ਸਿਦਕ ਰਖ ਬੀਜ ਬਿਖੇਰ ਦੇਹ ।" ਬੀਜ ਬਿਖੇਰਨ ਦੇ ਮਗਰੋਂ ਇਕ ਦਾ ਮੀਂਹ ਪੈ ਗਿਆ ਤੇ ਖੇਤੀ ਉਗ ਪਈ । ਆਪ ਨੇ ਖੇਤ ਵਿਚ ਜੀ

ਛੱਪਰੀ ਪਾ ਲਈ ਤੇ ਰਹਿਣ ਲਗ ਪਏ। ਕੁਝ ਦਿਨਾਂ ਬਾਦ ਕੁੱਤਾ ਮਰ ਗਿਆ, ਸਿੰਘਣੀ ਤੇ ਬੱਚੇ ਰੋਣ ਲਗ ਪਏ; ਸੰਤਾਂ ਕਿਹਾ:— "ਮਤ ਰੋਵੋ, ਇਹ ਵੀ ਚੰਗਾ ਹੋਇਆ, ਅਸਾਡਾ ਪਹਿਰਾ ਵਾਹਿਗੁਰੂ ਦੇਵੇਗਾ, ਜਿਸ ਨੇ ਕੁੱਤਾ ਦਿੱਤਾ ਸੀ ਉਹ ਤਾਂ ਨਹੀਂ ਚਲਾ ਗਿਆ। ਇਸ਼ਨਾਨ ਕਰਕੇ ਪੰਜ ਜਪੁਜੀ ਸਾਹਿਬ ਦੇ ਪਾਠ ਕਰੋ।" ਦੋ ਦਿਨਾਂ ਬਾਦ ਕੁੱਕੜ ਮਰ ਗਿਆ। ਇਸ ਕੁੱਕੜ ਦੇ ਬੋਲਣ ਤੇ ਜਾਗਦੇ ਸਨ ਸੰਤ। ਹੁਣ ਸਿੰਘਣੀ ਨੇ ਕਿਹਾ ਕਿ ਵਕਤ ਦਾ ਕਿੰਵ ਪਤਾ ਚਲੇਗਾ? ਸੰਤਾਂ ਕਿਹਾ—ਫਿਕਰ ਨਾ ਕਰੋ. ਬਾਬੇ ਨੇ ਫੁਰਮਾਇਆ ਹੈ:—

'ਤੇਰਾ ਕੀਆ ਮੀਠਾ ਲਾਗੈ ॥' [ਆਸਾ ਮ: ੫, ਪੰਨਾ ੩੬੪

ਜਿਸ ਕੁੱਕੜ ਬਣਾਇਆ ਸੀ; ਦਿੱਤਾ ਸੀ, ਜੇ ਉਸ ਮਾਰ ਦਿੱਤਾ, ਤਾਂ ਕੀ ਹੋਇਆ, ਹੁਣ ਮੈਨੂੰ ਆਪ ਸ੍ਰੀ ਵਾਹਿਗੁਰੂ ਜਗਾਵੇਗਾ। ਹਫਤੇ ਬਾਦ ਚੋਰ ਆਏ, ਪਹਿਲਾਂ ਇਕ ਸੁਹੀਆ ਆਇਆ ਕਿ ਵੇਖਾਂ ਇਥੇ ਮਾਲ ਡੰਗਰ ਹੈ, ਉਸ ਆਕੇ ਸੋਟੀ ਖੜਕਾਈ ਕਿ ਵੇਖਾਂ ਏਥੇ ਕੋਈ ਵਸਦਾ ਬੀ ਹੈ। ਵਾਪਸ ਜਾਕੇ ਕਹਿਣ ਲਗਾ—ਵਸੋਂ ਦੀਆਂ ਦੋ ਨਿਸ਼ਾਨੀਆਂ ਹੁੰਦੀਆਂ ਹਨ : ਕੁੱਕੜ ਤੇ ਕੁੱਤਾ, ਇਥੇ ਦੋਵੇਂ ਨਹੀਂ, ਅੱਗੇ ਚੱਲੋ। ਸੰਤ ਜੀ ਨੇ ਸੁਣ ਲਿਆ ਤੇ ਸਭ ਨੂੰ ਦੱਸਿਆ ਕਿ ਵੇਖੋ ਜੇ ਕੁੱਤਾ ਤੇ ਕੁੱਕੜ ਹੁੰਦੇ ਤਾਂ ਅਜ ਸਭ ਕੁਛ ਜਾਂਦਾ, ਤੇ ਆਪ ਵੀ ਖ਼ਬਰੇ ਬਚਦੇ ਕਿ ਨਾ; ਕਿਉਂਕਿ ਇਹ ਡਾਕੂ ਸਨ ਤੇ ਅਸਾਨੂੰ ਵੀ ਸ਼ਾਇਦ ਮਾਰ ਦੇਂਦੇ :—

'ਆਪਿ ਭਲਾ ਕਰਤੂਤਿ ਅਤਿ ਨੀਕੀ ॥' [ਸੁਖਮਨੀ, ਪੰਨਾ ੨੯੪

'ਪ੍ਰਭ ਕਿਰਪਾ ਤੇ ਹੋਇ ਸੂਲੀ ਤੇ ਕੰਡਾ ॥'

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੁਕਮ ਰਜਾਈ ਦੀ ਦੋ ਪ੍ਰਕਾਰ ਦੀ ਤਸ਼ਰੀਹ ਹੈ :—

੧, 'ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥' [ਆਸਾ ਮ:੧ ਪੰਨਾ ੪੨੧

੨. 'ਸਤਿਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ ਨਾਨਕ

ਸਤਿਗੁਰਿ ਦੀਆ ਬੁਝਾਇ ਜੀਉ ॥' [ਸਿਰੀ ਰਾਗੁ ਮ:੧ ਪੰਨਾ ੧੨

ਗੁਰੁ ਕਰਤਾ ਹਰਿ ਰਾਇ ਸਾਹਿਬ :

"ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ ॥
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ ॥" [ਤੋਸੀਹੰਸਨਾਮਾ

ਜੀ ਦੇ ਚਰਨਾਂ ਵਿਚ ਭਾਈ ਸ਼ਾਮੂ ਸਚਿਆਰ ਪੁਜੇ ਤੇ ਬਿਨੈ ਕੀਤੀ "ਪਾਤਸ਼ਾਹ ! ਕੂੜ ਦਾ ਪੜਦਾ ਕਿਵੇਂ ਟੁਟ, ਤ ਸਚਿਆਰ ਕਿੰਵੇਂ ਹੋਈਏ ?" ਹੁਕਮ ਹੋਇਆ "ਨਜ਼ਦੀਕ ਆ, ਤੈਨੂੰ ਸਮਝਾ ਦੇਈਏ ਕਿ ਬਣਾ ਦੇਈਏ ?"

ਬੇਨਤੀ ਕੀਤੀ: "ਪਾਤਸ਼ਾਹ ! ਜਿਵੇਂ ਆਪ ਦੀ ਰਜ਼ਾ ।" ਬਸ ਮਿਹਰ ਦੀ ਨਜ਼ਰ ਕੀਤੀ ਤੇ ਭਾਈ ਸ਼ਾਮੂ ਸ਼ਾਹ ਜੀ ਨੂੰ ਦਾਤਾ ਜੀ ਨੇ ਸਚਿਆਰ ਦਾ ਰੂਪ ਬਣਾ ਦਿੱਤਾ ।

ਜਿਸ ਸਤਿ ਨੂੰ ਸਰਬ ਕਾਲ ਕਿਹਾ ਹੈ, ਜੋ ਸਤਿ ਸਰਬਾਤਮਾ ਵਿਚ ਬੈਠਾ ਹੈ, ਜੋ ਨਿਰਲੇਪ ਹੈ, ਸੂਯੰ ਪ੍ਰਕਾਸ਼ ਹੈ, ਨਿਰਭਉ ਨਿਰਵੈਰ ਹੈ ਤੇ ਸਤਿਗੁਰੂ ਦੀ ਕਿਰਪਾ ਕਰਕੇ ਪ੍ਰਤੱਖ ਦਰਸ਼ਨ ਦੇਂਦਾ ਹੈ, ਸੱਚ ਕਰਤਾ ਹੈ, ਉਹ ਸਚ ਕਿਵੇਂ ਪਾਈਏ ? ਹੇ ਗੋਰਖ ! ਹੇ ਮਛੰਦਰ ! ਮੈਂ ਸਚ ਦਾ ਸਿੱਖ ਹਾਂ, ਮੇਰਾ ਸਚ ਸਰਬ ਵਿਆਪਕ ਹੈ, ਵੇਦਾਂਤੀਆਂ ਦਾ ਸਚ ਨਹੀਂ :—

'ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥' [ਭਾਮਕਲੀ ਮਃ ੧, ਪੰਨਾ ੮੭੬

ਉਹ ਕਰਤਾ ਹੈ :—

'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥'
[ਸੋਰਠਿ ਮਹਲਾ ੫, ਪੰਨਾ ੬੧੨

ਮੇਰਾ ਸਚ ਪੁਰਖ ਪੁਰ ਪੁਰ ਵਿਖੇ ਹੈ :—

'ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ।
ਜਿਹਿ ਥਿਰਿ ਦੇਖਾ ਤਿਹ ਥਿਰਿ ਮਉਜੂਦ ॥'
[ਵਾਰ ਸਿਰੀ ਰਾਗੁ ਮ: ੧, ਪੰਨਾ ੮੪

ਜੋਗੀ ਅਸਚਰਜ ਹੋ ਗਏ । ਦੇਵਤੇ ਤਾਂ ਬਣਾਏ ਹਨ, ਪਰ:—

ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥ [ਗੌਂਡ ਮਃ ੫, ਪੰਨਾ ੮੬੩

'ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥'
[ਸਵਯੇ ਮਹਲੇ ਚਉਥੇ ਕੇ, ਪੰਨਾ ੧੪੦੨

ਇਹ ਕਰਤਾ ਹੈ, ਕਰਤਾ ਵਿਆਪਕ ਭੀ ਹੈ:—

'ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥'
[ਦੇਵਗੰਧਾਰੀ ਮਹਲਾ ੫, ਪੰਨਾ ੫੨੬

ਸਚ ਕਦ ਉਤਪੰਨ ਹੋਇਆ ?

'ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨ ਸੋਇ ॥' [ਜਪੁਜੀ, ਪੰਨਾ ੨

ਸਚ ਕਿੱਥੇ ਹੈ ?

'ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥' [ਰਾਮਕਲੀ ਮਃ ੧, ਪੰਨਾ ੮੭੬

ਅਰ ਕਦ ਤਕ ਇਹ ਸਚ ਰਹੇਗਾ ?:—

'ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' [ਜਪੁਜੀ, ਪੰਨਾ ੧

ਸਚ ਵਾਲੇ ਕਿਵੇਂ ਬਣੀਏ ? ਕੂੜ ਦਾ ਪੜਦਾ ਕਿਵੇਂ ਟੁੱਟੇ ? ਸਚਿਆਰ ਕਿਵੇਂ ਬਣੀਏ ? ਸੋਚ ਨਾਲ ਨਹੀਂ । ਪਾਣੀ ਤਾਂ ਸਰੀਰ ਦੀ ਮੈਲ ਅਵੱਸ਼ ਧੋ ਸਕਦਾ ਹੈ, ਪਰ ਬੁਧੀ ਨਹੀਂ ਧੋ ਸਕਦਾ। ਤੀਰਥ ਦਰਸ਼ਨ, ਤੀਰਥ ਇਸ਼ਨਾਨ, ਤੀਰਥ ਸੇਵਨ; ਇਹ ਤਿੰਨ ਫਲ ਤੀਰਥ ਦੇ ਹਨ । ਪਵਿਤ੍ਰਤਾ, ਇਸ਼ਨਾਨ, ਤੀਰਥ ਜਾਤ੍ਰਾ ਨਾਲ ਇਹ ਪੜਦਾ ਨਹੀਂ ਟੁੱਟਦਾ; ਸੋਚ ਨਾਲ ਇਹ ਕੂੜ ਦਾ ਪੜਦਾ ਨਹੀਂ ਹਟਦਾ :—

'ਸੁਇਨੇ ਕਾ ਚਉਕਾ ਕੰਚਨ ਕੁਆਰ ॥

ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕ ਕਰੰਤੇ ਕੀ ਆਗਿ ॥
ਗਰੁੜਾ ਖਾਣਾ ਦੁਧ ਸਿਉ ਗਾਡਿ ॥
ਰੇ ਮਨ ਲੇਖੈ ਕਬਹੂ ਨ ਪਾਇ ॥
ਜਾਮਿ ਨ ਭੀਜੈ ਸਾਚ ਨਾਇ ॥' [ਬਸੰਤ ਮਃ ੧, ਪੰਨਾ ੧੧੯੫

'ਜਲਿ ਧੋਵੈ ਬਹੁ ਦੇਹ ਅਨੀਤਿ ॥
ਸੁਧ ਕਹਾ ਹੋਇ ਕਾਚੀ ਭੀਤਿ ॥' [ਸੁਖਮਨੀ, ਪੰਨਾ ੨੬੫

ਜੋ ਗੰਗਾ ਜਲ ਮੂੰਹ ਨੂੰ ਚੁਲੀ ਦੁਆਰਾ ਪਵਿਤ੍ਰ ਨਹੀਂ ਕਰ ਸਕਦਾ ਉਹ ਮੁਕਤੀ ਕਿਵੇਂ ਦੇਵੇਗਾ ?:—

'ਨਵੇ ਛਿਦ੍ ਸ੍ਰਵਹਿ ਅਪਵਿਤ੍ਰਾ' ॥ ਮਾਰੂ ਮਹਲਾ ੪, ਪੰਨਾ ੯੯੮

ਸ਼ੁਧੀ ਦਾ ਇਕ ਹੀ ਉਪਾਵ ਹੈ:--

'ਭਰੀਐ ਮਤਿ ਪਾਪਾ ਕੈ ਸੰਗਿ ॥
ਉਹ ਧੋਪੈ ਨਾਵੈ ਕੈ ਰੰਗਿ ॥' [ਜਪੁਜੀ, ਪੰਨਾ ੪

ਹਜ਼ਾਰਾਂ ਲਖਾਂ ਸਿਆਣਪਾਂ ਤੇ ਚਤੁਰਾਈਆਂ ਹੋਣ ਪਰ ਕੂੜ ਦੀ ਪਾਲ ਤੋੜਨ ਲਈ ਤੇ ਸਚਿਆਰ ਬਣਨ ਵਾਸਤੇ ਇਕ ਵੀ ਨਹੀਂ ਨਾਲ ਜਾਂਦੀ। ਭਾਈ! ਇਸ ਵਾਸਤੇ ਸਿਰਫ ਇਕ ਤਰੀਕਾ ਹੈ, ਉਹ ਇਹ ਹੈ ਕਿ ਰਜਾਈ,ਜੋ ਵਾਹਿਗੁਰੂ ਹੈ, ਉਸ ਦੇ ਹੁਕਮ ਅਨੁਸਾਰ ਚੱਲਣ ਨਾਲ ਕੂੜ ਦਾ ਪੜਦਾ ਟੁੱਟ ਜਾਂਦਾ ਹੈ, ਸਚਿਆਰ ਹੋ ਜਾਈਦਾ ਹੈ। ਹੁਣ ਉਸ ਦਾ ਹੁਕਮ ਕੀਹ ਹੈ? ਸੋ ਆਖਦੇ ਹਨ:—

'ਨਾਨਕ ਲਿਖਿਆ ਨਾਲਿ ॥' [ਜਪੁਜੀ, ਪੰਨਾ ੧

(੧) ਨਾਲ ਹੀ ਲਿਖਿਆ ਹੈ, ਅਗਲੀ ਪਉੜੀ ਪੜ੍ਹੋ।

(੨) ਅਥਵਾ ਅਕਾਸ਼ ਬਾਣੀ ਏਹ ਹਿਰਦੇ ਵਿਚ ਜ਼ਮੀਰ ਦੀ ਆਵਾਜ਼ ਹੈ, ਜੋ ਆਦਮੀ ਦੇ ਅੰਦਰ ਹੀ ਹੈ ਜੋ ਬਦੀ ਕਰਨ ਵੇਲੇ ਰੋਕਦੀ ਹੈ, ਤੇ ਚੰਗਾ ਕਰਨ ਲਈ ਚਾਉ ਦੇਂਦੀ ਹੈ।

(੩) ਭਾਵ ਆਪਣੀ ਪਰਾਲਬਧ ਹੈ ਜੋ ਨਾਲ ਹੀ ਲਿਖੀ ਹੈ:—

'ਸਭਨਾ ਲਿਖਿਆ ਵਡੀ ਕਲਾਮ ॥' ਜਪੁਜੀ, ਪੰਨਾ ੩

'ਜੋ ਕਿਛੁ ਪਾਇਆ ਸੁ ਏਕਾ ਵਾਰ ॥' [ਜਪੁਜੀ, ਪੰਨਾ ੭

ਇਹ ਹੁਕਮ ਇਸ ਲਈ ਸਰੀਰ ਦੇ ਨਾਲ ਲਿਖਿਆ ਹੈ। ਤਿੰਨ ਸਿਧਾਂਤ ਅਸੀਂ ਸਮਝ ਲਏ :—

(੧) ਵਾਹਿਗੁਰੂ ਕੀ ਹੈ ?
(੨) ਉਸ ਦੀ ਪ੍ਰਾਪਤੀ ਦੇ ਸਾਧਨ ਕੀ ਹਨ ?
(੩) ਦੂਸਰਿਆਂ ਦੇ ਮਤਾਂ ਦੇ ਸਿਧਾਂਤ ਤੇ ਸਾਡਾ ਗੁਰਮਤਿ ਦਾ ਸਿਧਾਂਤ ਕੀ ਹੈ ?

ਸਾਰੇ ਮਤਾਂ ਵਿਚ ਬਾਬੇ ਦਾ ਸਿਧਾਂਤ ਮਾਨਨੀਯ ਹੈ। ਸਭ ਦੇਸ਼ ਬੋਲੀ ਵਿਚ ਭਾਵੇਂ ਕੋਈ ਨਾਮ ਰਖ ਲੈਣ, ਪਰ ਨੇਤ੍ਰਾਂ ਵਾਲਾ ਸੂਰਜ ਤੋਂ ਇਨਕਾਰੀ ਨਹੀਂ।

'ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥'

[ਸਿਰੀ ਰਾਗੁ ਮਹਲਾ ੧, ਪੰਨਾ ੭੨

ਜਿਵੇਂ ਅਕਾਸ਼ ਸਭ ਨੂੰ ਅਪਣੇ ਵਿਚ ਸਮਾਈ ਬੈਠਾ ਹੈ ਪ੍ਰੰਤੂ ਅਲੱਗ ਹੈ। ਮੈਟੀਰੀਅਲ (Material) ਨੂੰ ਹਰ ਕੋਈ ਖਰੀਦ ਲਏਗਾ ਪਰ ਅਕਾਸ਼ ਨੂੰ ਕੌਣ ਖਰੀਦੇ ? ਬੇ ਕੀਮਤ ਚੀਜ਼ ਹੈ।

—o—

'ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ ਬਾਹਰਿ

**ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥**

ਆਕਾਰ=ਕੋਈ ਸ਼ਰੀਰ ਵਾਲਾ, ਰੂਪ ਵਾਲਾ ਪਦਾਰਥ।

ਆਕਾਰ ਤੈ ਹਨ :—

(੧) ਸਥੂਲ ਆਕਾਰ, (੨) ਸੂਖਮ ਆਕਾਰ, (੩) ਕਾਰਨ ਆਕਾਰ। ਬ੍ਰਹਮੰਡ ਦੇ ਜਿੰਨੇ ਵੀ ਸਰੀਰ ਹਨ, ਸਭ ਦਾ ਆਕਾਰ ਹੈ, ਤੇ ਓਹ ਸਭ ਹੁਕਮ ਨਾਲ ਹੁੰਦੇ ਹਨ। ਇਹ ਹੁਕਮ ਬਿਆਨ ਵਿਚ ਨਹੀਂ ਆ ਸਕਦਾ। ਅਸਥੂਲ ਤੇ ਸੂਖਮ ਆਕਾਰ ਇਹ ਸਭ ਹੁਕਮ ਨਾਲ ਹੋਏ ਹਨ ਤੇ ਜਿਸ ਤਰ੍ਹਾਂ ਆਪ ਓਹ ਬੇਅੰਤ ਹੈ ਇਸੇ ਤਰ੍ਹਾਂ ਹੁਕਮ ਭੀ ਉਸ ਦਾ ਬੇਅੰਤ ਹੈ। ਹੁਕਮ ਦਾ ਗਿਆਨ ਕਿਸੇ ਨੂੰ ਨਹੀਂ ਹੈ। ਹੁਕਮ ਬਿਆਨ ਵਿਚ ਨਹੀਂ ਆਉਂਦਾ, ਗਲਾਸ ਵਿਚ ਸਮੁੰਦਰ ਕਿਥੇ? ਜੋ ਦਮਗਜੇ ਮਾਰਦੇ ਹਨ : ਐਸਾ ਹੋਏਗਾ, ਐਸਾ ਹੋਏਗਾ, ਉਹ ਸਭ ਕੂੜ ਹੈ। ਹੁਕਮ ਤੋਂ ਆਕਾਰ ਹੋਏ ਹਨ, ਜੈਸੇ ਵਾਹਿਗੁਰੂ ਬੇਅੰਤ ਹੈ ਤੈਸੇ ਉਸ ਦਾ ਹੁਕਮ ਵੀ ਬੇਅੰਤ ਹੈ। ਜੋ ਕਹੇ ਕਿ ਮੈਂ ਬੁਝ ਲੈਂਦਾ ਹਾਂ ਉਹ ਗ਼ਲਤੀ ਕਰਦਾ ਹੈ। ਦਿੱਲੀ ਵਿਖੇ ਜਦੋਂ ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਸਾਕਾ ਵਰਤਾਇਆ ਤਦੋਂ ਇਕ ਸਿਖ ਨੇ ਗੰਨੇ ਦੇ ਛਿਲੜ ਚੁਪ ਲਏ, ਬੇਅੰਤ ਸ਼ਕਤੀ ਆ ਗਈ, ਪਰ ਜਰੀ ਨਾ ਗਈ, ਆਖੇ ਦਿੱਲੀ ਨੂੰ ਗ਼ਰਕ ਕਰ ਦਿਆਂ, ਭਰਿਆ ਭਾਂਡਾ ਉਛਲੇ।

ਜੋ ਅਕਾਰਾਂ ਵਿਚ ਜੀਵਨ ਕਿਣਕਾ ਜੀਵਾਤਮਾ ਹੈ, ਇਹ ਹੁਕਮ ਤੋਂ ਹੁੰਦਾ ਹੈ ਅਤੇ ਜੀਵਾਂ ਨੂੰ ਜਿਹੜੀ ਵਡਿਆਈ, ਉੱਚਾਪਨ, ਨੀਚਤਾ ਤੇ ਛੁਟਿਆਈ, ਤਰੱਕੀ ਤੇ ਤਨੱਜ਼ਲੀ ਪ੍ਰਾਪਤ ਹੁੰਦੀ ਹੈ ਉਹ ਸਭ ਹੁਕਮ ਵਿਚ ਹੀ ਹੈ। ਉਤਮ ਨੀਚ, ਬਖਸ਼ਿਸ਼ ਅਰ ਭਟਕਣਾ ਸਭ ਹੁਕਮ ਵਿਚ ਹੀ ਹੈ :—

'ਕਈ ਕੋਟਿ ਬੈਠਤ ਹੀ ਖਾਹਿ ॥
ਕਈ ਕੋਟਿ ਘਾਲਹਿ ਥਕਿ ਪਾਹਿ ॥'

[ਸੁਖਮਨੀ, ਪੰਨਾ ੨੭੬

ਹੁਕਮ ਬੇਅੰਤ ਹੈ। ਬਿਆਨ ਤੋਂ ਬਾਹਰ ਹੈ। ਹੁਕਮੀ ਦੇ ਹੁਕਮ ਤੋਂ ਹੀ ਆਕਾਰ ਹੈ। ਹੁਕਮੀ ਦੇ ਹੁਕਮ ਤੋਂ ਹੀ ਵਡਿਆਈ ਤੇ ਛੁਟਿਆਈ ਮਿਲਦੀ ਹੈ। ਹੁਕਮੀ ਦੇ ਹੁਕਮ ਤੋਂ ਹੀ ਉਤਮ ਤੇ ਨੀਚ ਹੁੰਦੇ ਹਨ। ਹੁਕਮੀ ਦੇ ਹੁਕਮ ਤੋਂ ਹੀ ਦੁਖ ਤੇ ਸੁਖ ਮਿਲਦਾ ਹੈ। ਇਕਨਾਂ ਨੂੰ ਹੁਕਮੀ ਦੇ ਹੁਕਮ ਨਾਲ ਬਖਸ਼ਿਸ਼ ਪ੍ਰਾਪਤ ਹੋਈ ਹੈ। ਇਕ ਜੀਵ ਹੁਕਮੀ ਦੇ ਹੁਕਮ ਨਾਲ ਹੀ ਜੂਨੀਆਂ ਵਿਚ ਭਰਮ ਰਹੇ ਹਨ:— 'ਕਈ ਕੋਟਿ ਘਾਲਹਿ ਥਕਿ ਪਾਹਿ॥' [ਸੁਖਮਨੀ, ਪੰਨਾ ੨੭੬

ਸਾਰ ਇਹ ਕਿ ਸਭ ਕੁਛ ਹੁਕਮ ਵਿਚ ਵਰਤਦਾ ਹੈ ਅਤੇ ਹੁਕਮੀ ਦੇ ਹੁਕਮ ਤੋਂ ਬਾਹਰ ਕੋਈ ਵਸਤੂ ਹੀ ਨਹੀਂ ਹੈ।

ਹੁਕਮ ਦੇ ਬੁੱਝਣ ਦੀ ਸ਼ਕਤੀ ਮੇਰੇ ਅੰਦਰ ਆਈ ਹੈ। ਇਸ ਦੀ ਕਸਉਟੀ ਕੀ ਹੈ? ਪਤਾ ਕਿਵੇਂ ਲਗੇ ਕਿ ਮੈਂ ਹੁਕਮ ਬੁੱਝ ਲਿਆ ਹੈ? ਇਸ ਦੀ ਇਕੋ ਨਿਸ਼ਾਨੀ ਹੈ ਕਿ ਉਹ ਕੋਈ ਵੀ ਹਉਮੈ ਨਹੀਂ ਕਰੇਗਾ, ਅਭਿਮਾਨ ਨਹੀਂ ਕਰੇਗਾ:—

'ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥
[ਆਸਾ ਮਹਲਾ ੫, ਪੰਨਾ ੪੦੦

ਹੁਕਮ ਰਜਾਈ ਦਾ ਇਹ ਟੀਕਾ ਹੋ ਗਿਆ। ਹੁਣ ਜਿਸ ਦੇ ਹੁਕਮ ਵਿਚ ਇਹ ਸਭ ਕੁਛ ਹੈ ਉਸ ਵਿਚ ਕਿਤਨੀ ਤਾਕਤ ਹੈ ਅਗਲੀ ਪਉੜੀ ਵਿਚ ਦੱਸਣਗੇ, ਲਫਜ਼ਾਂ ਵਿਚ ਇਹ ਪੂਰਖੁ ਦਾ ਟੀਕਾ ਹੋਵੇਗਾ:—

ਉਸ ਦੇ (ਤਾਣ) ਤਾਕਤ, ਬਲ (ਕੋ) ਕੌਣ ਗਾਵੈ?
'ਹਰਨ ਭਰਨ ਜਾ ਕਾ ਨੇਤ੍ਰ ਫੋਰੁ॥
ਤਿਸ ਕਾ ਮੰਤ੍ਰ ਨ ਜਾਨੈ ਹੋਰੁ॥' [ਸੁਖਮਨੀ, ਪੰਨਾ ੨੮੬

ਉਤਪਤੀ ਅਰ ਸੰਘਾਰ ਜੋ ਇਕ ਨਿਮਖ ਵਿਚ ਕਰ ਸਕਦਾ ਹੈ:—
'ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥'
[ਸਿਰੀ ਮਹਲਾ ੫, ਪੰਨਾ ੬੧੨

ਕੀਹ ਬਿਆਨ ਹੋ ਸਕਦਾ ਹੈ? ਸੈਦ ਪੁਰ ਸੰਡਿਆਲੀ, ਭਾਈ ਲਾਲੋ ਜੀ ਪਾਸ ਬਾਬਾ ਜੀ ਟਿਕੇ ਹੋਏ ਸਨ, ਮਾਨੋਂ ਇਨ੍ਹਾਂ ਦੁਖਾਂ ਸਫਲ ਕਰ ਰਹੇ ਸਨ:—

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ ॥'

[ਸਿਰੀ ਰਾਗੁ ਮਹਲਾ ੧, ਪੰਨਾ ੧੫

ਪਠਾਣਾਂ ਦਾ ਰਾਜ ਹੈ, ਪਤਾ ਲਗਾ ਕਿ ਬਾਬਰ ਮੁਗ਼ਲ ਆ ਰਿਹਾ ਹੈ। ਸਲਾਹ ਹੋਈ ਕਿ ਸ਼ਹਿਰ ਜ਼ੋਰ ਹਿਫਾਜ਼ਤ ਕਰ ਲਈਏ ਤੇ ਆਪ ਅੱਗੇ ਜਾਕੇ ਮੁਗ਼ਲਾਂ ਨਾਲ ਟਾਕਰਾ ਕਰੀਏ, ਬਚ ਰਹੇ ਤਾਂ ਆ ਸਮ੍ਹਾਲਾਂਗੇ, ਜੇ ਮਰ ਗਏ ਤਾਂ ਤਬਾਹੀ ਅਖੀਂ ਤਾਂ ਨਾ ਦੇਖਾਂਗੇ। ਪੰਤੂ ਪੀਰਾਂ ਤੇ ਫਕੀਰਾਂ ਨੇ ਕਹਿਆ ਕਿ ਅਗੇ ਜਾਣ ਦੀ ਕੋਈ ਲੋੜ ਨਹੀਂ ਅਸੀਂ ਜਾਦੂ ਟੂਣੇ ਨਾਲ ਬਾਬਰ ਦੀ ਫੌਜ ਨੂੰ ਅੰਨ੍ਹਾਂ ਕਰ ਦਿਆਂਗੇ। ਬਾਬਾ ਜੀ ਇਸ ਬਾਬਤ ਆਪ ਲਿਖਦੇ ਹਨ:—

'ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥

[ਆਸਾ ਮਹਲਾ ੧, ਪੰਨਾ ੪੧੭

ਏਹ ਸਭ ਹਉਮੈ ਵਿਚ ਸਨ, ਹੁਕਮ ਨਾ ਬੁੱਝ ਸਕੇ।

ਸ੍ਰੀ ਕਲਗੀਧਰ ਜੀ ਦੇ ਘੋੜੇ ਦੀ ਸੇਵਾ ਇਕ ਸਿਖ ਕਰਦਾ ਹੁੰਦਾ ਸੀ, ਉਹ ਸੇਵਾ ਤੋਂ ਪਰਮ ਪਦ ਨੂੰ ਪ੍ਰਾਪਤ ਹੋਇਆ। ਉਹਨਾਂ ਹੀ ਦਿਨਾਂ ਵਿਚ ਬਾਈ ਧਾਰ ਰਾਜਿਆਂ ਨੇ ਆਪਣਾ ਦੂਤ ਭੇਜਿਆ ਤੇ ਬਿਨੈ ਕੀਤੀ ਕਿ ਪਾਤਸ਼ਾਹ ਆਪ ਰਵਾਲਸਰ ਤੀਰਥ ਪਰ ਸਾਨੂੰ ਦਰਸ਼ਨ ਦਿਓ ਤੇ ਅੰਦਰ ਗੋਂਦ ਇਹ ਗੁੰਦੀ ਕਿ ਜਦੋਂ ਸ੍ਰੀ ਕਲਗੀਧਰ ਜੀ ਰਵਾਲਸਰ ਪੁਜਣ ਤਦੋਂ ਹਮਲਾ ਕਰਕੇ ਉਹਨਾਂ ਨੂੰ ਕਾਬੂ ਕਰ ਲਿਤਾ ਜਾਵੇ। ਇਹ ਸਿਖ ਘੋੜੇ ਦੀ ਸੇਵਾ ਵੀ ਕਰੇ ਤੇ ਨਾਲ ਪੜ੍ਹੇ:—

'ਕਰੇਗਾ ਸੋ ਭਰੇਗਾ, ਗੁਰੂ ਕਾ ਕੀ ਕਰੇਗਾ।

'ਦੁਸ਼ਮਨ ਦੋਖੀ ਮਰੇਗਾ, ਸੇਵਕ ਤੇ ਕਾਜ ਸਰੇਗਾ ॥ [ਸੋ ਸਾਖੀ

ਭਾਈ ਧੰਨਾ ਸਿੰਘ ਜੀ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, 'ਪਾਤਸ਼ਾਹ ! ਇਹ ਸਿਖ ਕੁਛ ਪੜ੍ਹਦਾ ਹੈ, ਸਮਝ ਨਹੀਂ ਪੈਂਦੀ'। ਤਾਂ ਸਤਿਗੁਰ ਜੀ ਨੇ ਬੁਲਾਇਆ ਤੇ ਕਹਿਆ : ਭਾਈ ! ਕੀ ਕਹਿੰਦਾ ਹੈਂ ?' ਤਾਂ ਸਿਖ ਨੇ ਸੁਣਾਇਆ ਤਾਂ ਗੁਰੂ ਸਾਹਿਬ ਨੇ ਕਹਿਆ:'ਸਿਖਾ ! ਪਾਇਆ ਹਈ ਸੋ ਜਰ, ਘੋੜੇ ਦੀ ਸੇਵਾ ਕਰ, ਇਹ ਹੈ ਗੁਰੂ ਨਾਨਕ ਦਾ ਘਰ, ਜਿਸ ਦਾ ਰਾਖਾ ਹੈ ਆਪ ਸਤਿਗੁਰੂ।

ਹੁਕਮ ਨੂੰ ਕੌਣ ਜਾਣੇ :—

'ਹਰਿ ਕੀ ਗਤਿ ਨਹਿ ਕੋਊ ਜਾਨੈ ॥' [ਬਿਹਾਗੜਾ ਮ: ੯, ਪੰਨਾਂ ੧੩੭

ਚਮਕੌਰ ਦੇ ਯੁਧ ਦੇ ਅੰਤ ਵਿਚ ਇਕ ਸਿਖ ਜਿਸ ਦਾ ਨਾਮ ਭਾਈ ਆਲਮ ਸਿੰਘ ਸੀ, ਉਹ ਰਹਿ ਗਿਆ, ਉਸ ਦੇ ਹੱਥ ਵਿਚ ਝੰਡਾ ਸੀ। ਦੁਸ਼ਮਣਾਂ ਨੇ ਕਹਿਆ ਕਿ ਤੁਸੀਂ ਹਾਰ ਚੁਕੇ ਹੋ ਇਸ ਝੰਡੇ ਦੀ ਸਲਾਮੀ ਸਾਡੇ ਝੰਡੇ ਨੂੰ ਦਿਓ। ਜਵਾਬ ਵਿਚ ਆਲਮ ਸਿੰਘ ਨੇ ਆਖਿਆ 'ਇਹ ਸ੍ਰੀ ਅਸਕੇਤ ਜੀ ਦਾ ਝੰਡਾ ਹੈ, ਅਰ ਇਸ ਉਪਰ ਸਤਿ ਸ੍ਰੀ ਅਕਾਲ ਲਿਖਿਆ ਹੈ, ਇਹ ਕਿਸੇ ਅੱਗੇ ਸਲਾਮੀ ਨਹੀਂ ਦੇ ਸਕਦਾ'। ਤਾਂ ਦੁਸ਼ਮਨਾਂ ਨੇ ਕਹਿਆ : 'ਤੇਰੇ ਹਥ ਕੱਟ ਦਿਆਂਗੇ ਝੰਡਾ ਡਿਗ ਪਏਗਾ' ਤਾਂ ਉਹਨਾਂ ਨੇ ਕਹਿਆ ਕਿ ਮੈਂ ਪੈਰਾਂ ਦੇ ਨਾਲ ਬਾਂਸ ਫੜ ਲਵਾਂਗਾ। ਪੈਰ ਕਟ ਦੇਵਾਂਗੇ ? 'ਮੂੰਹ ਨਾਲ ਫੜ ਲਵਾਂਗਾਂ'। 'ਸਿਰ ਕੱਟ ਦਿਆਂਗੇ ? ਕਹਿਣ ਲਗੇ ਫਿਰ ਝੰਡੇ ਵਾਲਾ ਹੀ ਝੰਡੇ ਨੂੰ ਆਪ ਆ ਕੇ ਸੰਭਾਲੇਗਾ।'

ਨਾਦਰ ਸ਼ਾਹ ਦੇ ਜ਼ਮਾਨੇ ਵਿਚ ਨਾਦਰ ਨੇ ਇਕ ਵੇਰਾਂ ਸਿਖਾਂ ਬਾਰੇ ਪੁੱਛਿਆ ਸੀ। ਖਾਲਸਾ ਜੀ ! ਤੁਸੀਂ ਕਿਥੇ ਰਹਿੰਦੇ ਹੋ ? ਤੁਹਾਡਾ ਕੰਮ ਕੀ ਹੈ ? ਤੁਸੀਂ ਰੱਜਤ ਕਿਸ ਦੀ ਹੈ ? ਤਾਂ ਖਾਲਸਾ ਜੀ ਨੇ ਘੋੜੇ ਦੀ ਪਿੱਠ ਵਲ ਇਸ਼ਾਰਾ ਕਰਕੇ ਕਹਿਆ ਸੀ ਕਿ 'ਇਹ ਸਾਡਾ ਦੇਸ਼ ਹੈ', ਸ੍ਰੀ ਸਾਹਿਬ ਜੀ ਨੂੰ ਕੱਢਕੇ ਕਹਿਆ 'ਇਸ ਨੂੰ ਵਾਹੁਣਾ ਸਾਡਾ ਕੰਮ ਹੈ' ਤੇ ਉਪਰ ਆਸਮਾਨਾਂ ਵਲ ਉਂਗਲ ਕਰਕੇ

ਕਹਿਣ ਲਗੇ 'ਇਕ ਅਕਾਲ ਦੀ ਅਸੀਂ ਰੱਯਤ ਹਾਂ।'

ਜੋ ਕੋਈ ਹੁਕਮ ਨੂੰ ਸਮਝੇਗਾ ਹਉਮੈਂ ਨਹੀਂ ਕਰੇਗਾ। ਜੇ ਹਉਮੈਂ ਹੈ ਤਾਂ ਫਿਰ ਅਜੇ ਹੁਕਮ ਨੂੰ ਨਹੀਂ ਬੁਝਿਆ ਹੈ। ਰਾਮ ਨੂੰ ਜਿਸ ਨੇ ਕਰਤਾ ਪਛਾਣਿਆ ਹੈ ਉਸ ਨੇ ਹਉਮੈਂ ਤਜੀ ਹੈ :—

'ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨ ॥'

[ਸਲੋਕ ਮਹਲਾ ੯, ਪੰਨਾ ੧੪੨੭

'ਹੁਕਮ ਨੂੰ ਬੁੱਝਣ ਵਾਲਾ ਕਿਸੇ ਸਰੂਪ ਵਿਚ ਹੋਵੇ ਓਹ ਹਉਮੈਂ ਨਹੀਂ ਕਰੇਗਾ, ਹਉਮੈਂ ਨਾਮ ਅਭਿਆਸ ਨਾਲ ਜਾਂਦੀ ਹੈ।

'ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ' ॥ ੪੬॥

[ਸਲੋਕ ਮਹਲਾ ੯, ਪੰਨਾ ੧੪੨੮

'ਕੋਟਿ ਕਰਮ ਕਰੈ ਹਉ ਧਾਰੇ ॥...
ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ'॥ [ਸੁਖਮਨੀ, ਪੰਨਾ ੨੭੮

ਸੁਕਰਾਤ ਨੇ ਚੇਲਿਆਂ ਨੂੰ ਆਖਿਆ—ਤੁਸੀਂ ਜਿਥੋਂ ਆਏ ਹੋ ਉਸ ਨੂੰ ਭੁੱਲ ਆਏ ਹੋ ਤੇ ਮੈਂ ਉਸ ਅੱਗੇ ਨੱਕ ਰਗੜਦਾ ਪਿਆ ਹਾਂ :

'ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥
ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ।'

[ਸਾਰਗ ਮ: ੫, ਪੰਨਾ ੧੨੨੦

ਜਿਸ ਵੇਲੇ ਤੁਸੀਂ ਸਰੀਰ ਨੂੰ ਦੇਖਦੇ ਹੋ ਤਾਂ ਸਰੀਰ ਦੇ ਨਾਲ ਸਬੰਧਤ ਰੋਟੀ, ਕਪੜੇ, ਹਕੂਮਤ ਵਲ ਤੁਹਾਡੀ ਨਜ਼ਰ ਪੈਂਦੀ ਹੈ। ਪਰ ਮੈਂ ਜਿਸ ਵੇਲੇ ਸਰੀਰ ਤੱਕਦਾ ਹਾਂ ਤਾਂ ਜਿਸ ਨੇ ਘੜਿਆ ਹੈ ਉਸ ਨੂੰ ਤੱਕਦਾ ਹਾਂ। ਜਿਸ ਹੁਕਮੀ ਦੇ ਹੁਕਮ ਵਿਚ ਆਕਾਰ ਹੁੰਦੇ ਹਨ ਮੈਂ ਉਸ ਅੱਗੇ ਨੱਕ ਰਗੜਦਾ ਹਾਂ।

ਸਤਿਗੁਰ ਮਿਹਰ ਕਰਨ, ਅਸੀਂ ਹੁਕਮ ਅੰਦਰ ਰਹੀਏ। ਬ੍ਰਹ ਦੇ ਨੇਤ੍ਰਾਂ ਉਪਰ ਹਉਮੈਂ ਦੀ ਪੱਟੀ ਬੱਧੀ ਹੋਈ ਹੈ :—

'ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥'

[ਮਾਰੂ ਕਬੀਰ ਜੀ, ਪੰਨਾ ੧੧੦੩

'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥'

[ਵਾਰ ਆਸਾ ਮਹਲਾ ੧, ਪੰਨਾ ੪੬੭

ਇਹ ਟਕਸਾਲ ਹੈ ਅਰ ਇਸ ਟਕਸਾਲ ਦੇ ਵਿਦਿਆਰਥੀ ਸ਼ਿਵਦੱਤ ਸਾਹਿਬ, ਰਾਇ ਬੁਲਾਰ, ਰਾਜਾ ਸ਼ਿਵਨਾਭ, ਭਾਈ ਲਾਲੋ ਆਦਿ ਹਨ। ਧੰਨ ਇਹ ਟਕਸਾਲ ਹੈ। ਨਿਊਟਨ (Newton) ਸਮੁੰਦਰ ਦੇ ਕਿਨਾਰੇ ਬੈਠਾ ਕਹਿੰਦਾ ਸੀ ਕਿ ਮੈਂ ਕੁਦਰਤ ਦੇ ਸਾਗਰ ਦੇ ਕੰਢੇ ਦੇ ਬਾਹਰ ਗੀਟੀਆਂ ਨਾਲ ਖੇਡ ਰਿਹਾ ਹਾਂ।

'ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥' [ਵਡ: ਮ:੧ ਪੰਨਾ ੫੬੬

ਜਿਸ ਨੇ ਹੁਕਮ ਨੂੰ ਸਮਝਿਆ ਹੈ; ਉਹ ਆਪਣੇ ਆਪ ਅਤੇ ਪਰਿਵਾਰ ਨੂੰ ਵਾਹਿਗੁਰੂ ਦਾ ਸਮਝਦਾ ਹੈ ,—

'ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥
ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥'

[ਬਿਹਾਗੜਾ ਮਹਲਾ ੪, ਪੰਨਾ ੫੫੧

'ਜੀਉ ਪਾਇ ਪਿੰਡੁ ਜਿਨਿ ਸਾਜਿਆ ॥ [ਸੋਰਠਿ ਮ: ੫, ਪੰਨਾ ੬੨੦

ਇੱਜ਼ਤ, ਮਾਲ, ਧੀਆਂ, ਪੁੱਤਰ, ਪਰਿਵਾਰ ਸਾਰੇ ਜਿਸ ਰਚੇ ਹਨ, ਉਸ ਦੀ ਸ਼ਰਨ ਪੈ ਜਾ। ਕੋਈ ਭੀ ਹਕੀਕਤ ਪਰ ਪਹੁੰਚਿਆ ਹਉਮੈਂ ਨਹੀਂ ਕਰੇਗਾ :—

'ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ ॥'

[ਵਾਰ ਗੂਜਰੀ ਮਹਲਾ ੫, ਪੰਨਾ ੫੧੮

ਜਿਤਨਾ ਚਿਰ ਹਉਮੈ ਵਿਚ ਵਿਚਰ ਰਹੇ ਹਾਂ ਤਦੋਂ ਤਕ ਹੁਕਮ ਤੋਂ ਬਾਹਰ ਹਾਂ। ਹੁਕਮ ਬੁਝਣਾ ਹੀ ਹਉਮੈ ਦੀ ਨਵਿਰਤੀ ਹੈ।

ਅਕਾਲ ਪੁਰਖ ਵਾਹਿਗੁਰੂ ਦਾ ਸਰੂਪ ਜੋ ਪਹਿਲੇ ਬਿਆਨ ਹੋ ਚੁਕਾ ਹੈ ਉਸ ਦੀ ਪ੍ਰਾਪਤੀ ਕਿਵੇਂ ਹੋਵੇ ? ਉਸ ਦੀ ਪ੍ਰਾਪਤੀ ਜਪ ਕਰਨ ਨਾਲ ਹੋਵੇਗੀ। ਜਪ ਉਹ ਕਰ ਸਕੇਗਾ, ਜੋ ਉਸ ਦੇ ਗੁਣਾਂ ਨੂੰ

ਜਾਣਦਾ ਹੋਵੇਗਾ। ਜਪ ਕਰਨ ਨਾਲ ਹੁਕਮ ਵਿਚ ਲੀਨ ਹੁੰਦਾ ਜਾਏਗਾ। ਫਿਰ ਦੱਸਿਆ ਹੈ: ਹੁਕਮ ਕੀ ਹੈ? ਅਕਾਰ ਹੁਕਮ ਕਰਕੇ ਬਣਦੇ ਹਨ, ਮਾਤਾ ਪਿਤਾ ਸਰੀਰ ਨਹੀਂ ਬਣਾ ਸਕਦੇ, ਡਾਕਟਰ ਕਦੀ ਉਂਗਲੀ ਤੱਕ ਨਹੀਂ ਬਣਾ ਸਕਦਾ। ਅਕਾਰਾਂ ਵਿਚ ਜਿਹੜੀ ਜੀਵਾਤਮਾ ਹੈ, ਹਾਂ ਜੀ ਆਪਣਾ ਸਰੂਪ :—

'ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੈ'॥

[ਮਾਰੂ ਸੋਲਹੇ ਮਹਲਾ ੧, ਪੰਨਾ ੧੦੭੦

ਇਹ ਸੰਸਾਰ ਸਭ ਹੁਕਮ ਵਿਚ ਹੈ, ਹੁਕਮ ਨੂੰ ਜੋ ਪਛਾਣਦਾ ਹੈ, ਉਹ ਹਉਮੈ ਬਿਲਕੁਲ ਨਹੀਂ ਕਰਦਾ :—

'ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨਾ ਵਸਹਿ ਇਕ ਠਾਇ ॥'

[ਵਡਹੰਸ ਮਹਲਾ ੩, ਪੰਨਾ ੫੬੦

'ਹਉਮੈ ਕਹੈ ਨ ਕੋਇ ॥'

[ਜਪੁਜੀ, ਪੰਨਾ ੧

ਕੋਇ—(੧) ਕੋਈ ਭੀ, ਭਾਵੇਂ ਉਹ ਕਿਸੇ ਮਜ਼ਹਬ ਵਿਚ ਹੋਵੇ, ਹਉਮੈ ਨਹੀਂ ਕਰਦਾ।

(੨) ਦੂਜਾ ਭਾਵ ਕਦਾ ਚਿਤ, ਕਦੀ ਵੀ।

ਚਾਰ ਪ੍ਰਕਾਰ ਦਾ ਬਲ ਹੁੰਦਾ ਹੈ :—

(੧) ਧਨ ਬਲ, (੨) ਜਨ ਬਲ, (੩) ਤਨ ਬਲ, (੪) ਮਨ ਬਲ।

ਹੁਣ ਦੱਸਦੇ ਹਨ ਕਿ ਜਿਸ ਦਾ ਹੁਕਮ ਸਾਰੇ ਬ੍ਰਹਮੰਡਾਂ ਵਿਚ ਚਲ ਰਿਹਾ ਹੈ ਉਸਦੇ ਬਲ ਨੂੰ ਕੌਣ ਬਿਆਨ ਕਰ ਸਕਦਾ ਹੈ?

—o—

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈ ਆਚਾਰ ॥ ਗਾਵੈ ਕੋ ਵਿਦਿਆ



ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋਂ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥ ੩ ॥

ਕੋ=ਪ੍ਰਸ਼ਨ ਵਾਚੀ ਅਥਵਾ ਦੁਰਲਭ ਵਾਚੀ ਹੈ । ਉਸ ਵਾਹਿਗੁਰੂ ਦੇ ਬਲ ਨੂੰ ਕੌਣ ਬਿਆਨ ਕਰ ਸਕਦਾ ਹੈ। ਕਿਸੇ ਵਿਚ ਬਲ ਹੋਵੇ ਤਾਂ ਗਾਵੇ, ਅਥਵਾ ਕੌਣ ਗਾਇਨ ਕਰ ਸਕਦਾ ਹੈ ? ਭਾਵ ਕੋਈ ਨਹੀਂ ਗਾ ਸਕਦਾ, ਬਲ ਹੋਵੇ ਤਾਂ ਗਾਵੇ । ਇਨਸਾਨ ਅਕਾਸ਼ ਦੀ ਪੈਮਾਇਸ਼ ਕਿਵੇਂ ਕਰੇ ? ਕਰਤਾਰ ਦੇ ਬਲ ਨੂੰ ਗਾਇਨ ਕਰਨਾ ਤਾਂ ਦੂਰ ਰਹਿਆ ਉਸ ਦੀਆਂ ਦਾਤਾਂ, ਜੋ ਪ੍ਰਗਟ ਹਨ, ਉਨ੍ਹਾਂ ਨੂੰ ਬੀ ਕੋਈ ਨਹੀਂ ਗਾ ਸਕਦਾ । ਸੂਰਜ ਉਸ ਦੀ ਦਾਤ ਹੈ, ਤਾਰੇ ਰਚੇ, ਸਰੀਰ ਰਚਿਆ, ਫਿਰ ਰੋਜ਼ੀ ਪਹੁੰਚਾਂਦਾ ਹੈ:-

'ਤੇਰੈ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥'

[ਗਉੜੀ ਦੀਪਕੀ ਮ: ੧, ਪੰਨਾ ੧੨

ਉਸ ਦੀਆਂ ਪ੍ਰਗਟ (ਨੀਸਾਣੁ) ਦਾਤਾਂ ਜਾਣਕੇ ਕੌਣ ਗਾਵੈ ਅਰਥਾਤ ਜੋ ਉਸ ਦੀਆਂ ਦਾਤਾਂ ਪ੍ਰਗਟ ਹਨ ਉਨ੍ਹਾਂ ਨੂੰ ਕੌਣ ਗਾਇਨ ਕਰ ਸਕਦਾ ਹੈ ? ਦਾਤਾਂ ਦੀ ਤਾਂ ਖਬਰ ਨਹੀਂ, ਦਾਤਾਰ ਨੂੰ ਕੌਣ ਗਾਵੇ ? ਤੱਕੋ ਸਰਬ ਜੀਆਂ ਨੂੰ ਕਿਸ ਤਰ੍ਹਾਂ ਰੋਜ਼ੀ ਪਹੁੰਚਾ

ਰਹਿਆ ਹੈ ।

ਪਹਿਲੇ ਉਸ ਦਾ ਬਲ ਸੀ ਉਹ ਬਿਆਨ ਵਿਚ ਨਾ ਆ ਸਕਿਆ ਫਿਰ ਉਸ ਦੀਆਂ ਦਾਤਾਂ, ਜੋ ਪ੍ਰਗਟ ਹਨ, ਉਨ੍ਹਾਂ ਨੂੰ ਕੌਣ ਨਹੀਂ ਗਾਇਨ ਕਰ ਸਕਿਆ । ਹੁਣ ਉਸ ਦੇ (ਗੁਣ ਵਡਿਆਈ) ਮਹਿਮਾ ਤੇ (ਆਚਾਰ) ਕਰਤੂਤ ਨੂੰ ਕੌਣ ਗਾਇਨ ਕਰ ਸਕਦਾ ਹੈ। ਗੁਣ ਦੋ ਪ੍ਰਕਾਰ ਦੇ ਹਨ: (੧) ਜ਼ਾਤੀ ਗੁਣ, ਤੇ (੨) ਸਫ਼ਾਤੀ ਗੁਣ ।

(੧) ਜ਼ਾਤੀ ਗੁਣ=ਸਤਿ, ਚੇਤਨ ਤੇ ਅਨੰਦ, 'ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ, ਸੁਹਾਣੁ ਸਦਾ ਮਨਿ ਚਾਉ ॥' ਸਿਵਾਏ ਉਸਦੇ ਇਹ ਗੁਣ ਹੋਰ ਕਿਸੇ ਵਿਚ ਨਹੀਂ ।

ਸਤਿ=ਜਦ ਬਾਕੀ ਸਾਰੇ ਅਸਤਿ ਹਨ ਤਾਂ ਸਤਿ ਦਾ ਅੰਤ ਕਿਵੇਂ ਪਾ ਸਕਦੇ ਹਨ ?

ਚੇਤਨ=ਬਾਕੀ ਸਭ ਜੜ ਹਨ ਤੇ ਜੜ ਚੇਤਨ ਦਾ ਅੰਤ ਕਿਵੇਂ ਪਾ ਸਕਦਾ ਹੈ ?

ਅਨੰਦ=ਉਹ ਸਦਾ ਅਨੰਦਘਣ ਹੈ, ਉਸ ਤੋਂ ਬਿਨਾ ਸਭ ਦੁਖ ਰੂਪ ਹਨ । ਸਰੀਰ ਵਿਚ ਚੇਤਨਤਾ ਹੈ, ਇਸ ਲਈ ਦੁਖ ਆਂਦਾ ਹੈ, ਮੁਰਦੇ ਨੂੰ ਦੁਖ ਕਿਉਂ ਨਹੀਂ ?

(੨) ਦੂਜੇ ਸਫ਼ਾਤੀ ਗੁਣ ਹਨ=ਬਖਸ਼ਿੰਦ, ਕਰਤਾ, ਦਿਆਲੂ, ਭਗਤ ਵਛਲ, ਇਹ ਸਫ਼ਾਤੀ ਗੁਣ ਹਨ:—

'ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥'

[ਗੂਜਰੀ ਮਹਲਾ ੫, ਪੰਨਾ ੫੦੭

ਹੇ ਪ੍ਰਭੂ ! ਆਪ ਬਖਸਿੰਦ ਹੋ । ਲੋਕੀ ਆਖਦੇ ਹਨ: ਬੀਜਿਆ ਖਾ ਰਹੇ ਹਾਂ, ਤਾਂ ਫਿਰ ਅਖਾਂ ਕਿੱਥੋਂ ਲਈਆਂ? ਜੀਭ ਕਿੱਥੋਂ ਲਈ? ਕੰਨ ਕਿੱਥੋਂ ਲਏ ? ਪੈਰ ਕਿੱਥੋਂ ? ਇਹ ਸਭ ਬਖਸ਼ਸ਼ ਹੈ, ਕਰਨੀ ਕਰਤੂਤ ਦਾ ਇਹ ਫਲ ਨਹੀਂ । ਰਹਿਮਤ ਹੈ ਉਸਦੀ ਜੋ ਦੀਨਾਂ ਦਾ ਦਿਆਲੂ ਹੈ, ਭਗਤ ਵਛਲ ਹੈ, ਸਦਾ ਕਿਰਪਾਮਯ ਹੈ, ਅਨਾਥ ਨਾਥ ਹੈ, ਇਹ ਸਭ ਉਸਦੇ ਫੈਜ਼ ਹਨ । ਉਹ ਸੈਭੰ ਹੈ, ਸੈਂਕੜਿਆਂ

ਨੂੰ ਭੰਗ ਕਰਕੇ ਆਪ ਅਭੰਗ ਹੈ, ਸੈਂਕੜਿਆਂ ਸੰਸਿਆਂ ਨੂੰ ਭੰਗ (ਨਸ਼ਟ) ਕਰਕੇ ਮਨ ਵਿਚ ਰੌਸ਼ਨੀ ਕਰ ਦੇਣ ਵਾਲਾ ਹੈ। ਅੰਤਹਕਰਨ ਵਿਚ ਵਿਕਾਰਾਂ ਦਾ ਜੋ ਹਨੇਰਾ ਹੈ ਉਸ ਨੂੰ ਦੂਰ ਕਰਨ ਲਈ ਮਾਨੋ ਪ੍ਰਕਾਸ਼ ਹੈ :—

'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥'

[ਵਾਰ ਆਸਾ ਮਹਲਾ ੧, ਪੰਨਾ ੪੬੩

ਭਾਈ ਉਸਦੇ ਗੁਣਾਂ ਨੂੰ ਕੌਣ ਗਾਵੇ ? ਉਸ ਦੀ ਵਡਿਆਈ, ਮਹਿਮਾ ਅਮਿਤ ਹੈ। ਉਸ ਨੂੰ ਕੋਈ ਗਾ ਨਹੀਂ ਸਕਦਾ :—

'ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੈ ਕਰਹਿ ਵਖਿਆਣਿ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥' ਜਪੁਜੀ, ਪੰਨਾ ੫

ਇਹੋ ਜਿਹੇ ਕਈ ਕਹਿਣ ਲਗ ਜਾਣ ਤਾਂ ਫਿਰ ਵੀ ਕਹਿ ਨਹੀਂ ਸਕਦੇ :—

'ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ ॥'

[ਜਪੁਜੀ, ਪੰਨਾ ੬

ਪ੍ਰਸ਼ਨ—ਜੇ ਉਸ ਦੀ ਵਡਿਆਈ ਗਾਈ ਨਹੀਂ ਜਾ ਸਕਦੀ ਤਦ ਕਿਉਂ ਗਾਈਏ ?

ਜਵਾਬ—ਉਸ ਦਾ ਅੰਤ ਲੈਣ ਵਾਸਤੇ ਨਹੀਂ ਬਲਕਿ ਅਪਣੀ ਕਲਿਆਣ ਲਈ ਗਾਉਣੇ ਹਨ ਉਸ ਦੇ ਗੁਣ, ਜੋ ਹੈਨ ਅੰਮ੍ਰਿਤ ਦੀ ਗੰਗਾ।

ਤੇ ਫਿਰ ਇਹ ਗੁਨ ਮਨ ਦੀ ਮੈਲ ਧੋਂਦੇ ਹਨ :—

'ਗੁਨ ਗਾਵਤ ਤੇਰੀ ਉਤਰਸਿ ਮੈਲੁ ॥' ਸੁਖਮਨੀ, ਪੰਨਾ ੨੮੯

ਸੂਰਜ ਤੋਂ ਲਾਭ ਲਈਏ, ਉਸ ਦੀ ਪੈਮਾਇਸ਼ ਨ ਕਰੀਏ।

'ਜੇ ਸਭਿ ਮਿਲਿ ਕੈ ਆਖਣਿ ਪਾਇ ॥
ਵਡਾ ਨ ਹੋਵੈ ਘਾਟਿ ਨ ਜਾਇ ॥' [ਸੋਦਰੁ, ਪੰਨਾ ੯

ਜੇ ਕੋਈ ਗੰਗਾ ਤੋਂ ਰੁੱਸ ਪਏ ਅਰ ਮਿਣੇ ਕਿ ਕਿਤਨੀ ਹੈ ਪਿਆਸਾ ਹੀ ਮਰੇਗਾ। ਇਹ ਤਾਂ ਅਮ੍ਰਿਤ ਦੀ ਗੰਗਾ ਹੈ :—

'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਹਿ ਪੀਤੀ ਤਿਸੁ ਮੋਖ ਦੁਆਰ ॥'

[ਮਲਾਰ ਅਸ਼ਟਪਦੀਆਂ ਮਹਲਾ ੧, ਪੰਨਾ ੧੨੭੫

ਗੰਗਾ ਵਿਚ ਕਿਤਨਾ ਪਾਣੀ ਹੈ? ਤੈਨੂੰ ਕੀ ? ਤੂੰ ਤੱਟ ਬ੍ਰਿਛ ਆਚਾਰ—ਕਰਤੱਵ ਅਥਵਾ ਕਰਨੇ। ਉਤਪਤੀ, ਪਾਲਣ ਸੰਘਾਰ, ਇਹ ਤਿੰਨ ਕਰਤੱਵ ਹਨ। ਉਤਪਤੀ—ਉਸ ਦੇ ਉਤਪਤੀ ਰੂਪ ਆਕਾਰ ਨੂੰ ਕੌਣ ਗਾਵੇ।

'ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ ਦਰੀਆਉ॥

[ਜਪੁਜੀ, ਪੰਨਾ ੩

'ਹੁਕਮੀ ਹੋਵਨਿ ਆਕਾਰ ॥' [ਜਪੁਜੀ, ਪੰਨਾ ੧

ਉਸ ਦੇ ਪਾਲਣ ਰੂਪੀ ਕਰਮ ਨੂੰ ਕੋਈ ਨਹੀਂ ਜਾਣ ਸਕਦਾ!

'ਨਾਨਕ ਜੰਤ ਉਪਾਇਕੈ ਸੰਭਾਲੇ ਸਭਨਾਹ ॥'

[ਵਾਰ ਆਸਾ ਮਃ ੧, ਪੰਨਾ ੪੬੭

'ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀਂ ਕਰਮ ਬਿਚਾਰੈ ॥'

[ਪਾਤਸ਼ਾਹੀ, ੧੦

ਕਸੂਰ ਭੀ ਵੇਖੇ ਅਰ ਪਾਲੀ ਭੀ ਜਾਏ, ਜਲਾਂ ਵਿਚ, ਥਲਾਂ ਵਿਚ, ਪਹਾੜਾਂ ਵਿਚ; ਕੀ ਤੂੰ ਉਸ ਨੂੰ ਗਾ ਸਕਦਾ ਹੈਂ ? ਫਿਰ ਪਰਲੈ ਰੂਪੀ ਕਰਮ ਭੀ ਕਰ ਲੈਂਦਾ ਹੈ, ਜਦ ਚਾਹੁੰਦਾ ਹੈ ਸਮਸਤ ਨੂੰ ਅਪਣੇ ਵਿਚ ਇਸਥਿਤ ਕਰ ਲੈਂਦਾ ਹੈ।

'ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥'

[ਆਸਾ ਮਹਲਾ ੪ ਸੋ ਪੁਰਖ , ਪੰਨਾ ੧੧

'ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥
ਸੋਈ ਵਰਤੈ ਜਗਿ ਜਿ ਕੀਆ ਤੁਧੁ ਪੁਰੇ ॥
ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥
ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ ॥
ਤੇਰੇ ਹਥਿ ਨਿਧਾਨੁ ਭਾਵੈ ਤਿਸੁ ਦੇਹਿ ॥

'जिस नो होइ दइआलु हरनामु सेइ लेहि ॥
अगम अगोचर बेअंत अंतु न पाईऐ ॥
जिस नो होहि क्रिपालु सु नामु धिआईऐ ॥१७॥

[वार गुजरी महला ५, पंना ५२१

साहिब दी लीला देख के विसमाद हो गऐ हन। हे मेरे दाता ! तेरीआं दितीआं दातां नहीं गा सकदे। प्रीतम जी ! आप दे गुण बहुत हन, आपदी महिमा, आचार, करतॅव कौण बिआन कर सकदा है :—

'किआ हउ कथी कथे कथि देखा
मै अकथु न कथना जाई ॥'

[बिलावल मः १, पंना ७६५

जिस दी विदिआ दा वीचार कठन है, उसनूं (कॅ) कौण गावे ? इक तां परख विदिआ है अरथात अपरा विदिआ है, जो ६४ प्रकार दी है। दूसरी ब्रहम विदिआ है, अरथात आतम विदिआ है; उस दा गिआन लैण अते समझण लई अनंत तरस रहे हैन। विदिआ 'विद्' धातू तों बणिआ है। इस दा अरथ है किसे वसतू दा गिआन हासल करना। दूजा अरथ प्रापनं=उस दी प्रापती करनी है। तीजा है लाभे=उस दे लाभ नूं पाउणा। जिसने इह विदिआ पाई है उह बिआन नहीं कर सकदा। किउंकि उह रूप अते रंग तों रहित है; सो, उस दा वीचार ही कठन है :—

'गुरा इक देहि बुझाई ॥
सभना जीआ का इकु दाता
सो मै विसरि न जाई ॥

[श्री जपुजी मः, पंना २

जो तन साज के तन नूं खेह कर देवे, उस दे ताण नूं (कॅ) कौण गावे ? साजना वी उस दी असचरज है पर उस साजना नूं खेह कर देना वी कमाल है :—

'ਏਤੇ ਭਏ ਤੋ ਕਹਾਂ ਭਏ ਭੂਪਤ
ਅੰਤ ਕੋ ਨਾਂਗੇ ਹੀ ਪਾਇ ਪਧਾਰੇ ॥' [ਪਾ: ੧੦ ਪ੍ਰ ਪ੍ਰ ੭੦੮

ਜੋ ਪਰਮਾਤਮਾ ਦੇਹ ਵਿਚ ਜੀਵ ਨੂੰ ਅਸਥਾਪਨ ਕਰਦਾ ਫਿਰ ਬੁਲਾ ਭੀ ਸਕਦਾ ਹੈ। ਦੇਹ ਦੇ ਅਰਥ 'ਦੇਨਾ' ਭੀ ਹੈ 'ਸਰੀਰ' ਭੀ ਹੈ। ਪ੍ਰਭੂ ਦੇ ਤਾਣ ਨੂੰ ਕੋ ਗਾਵੇ, ਭਾਵ ਉਸ ਦੇ ਬਲ ਨੂੰ ਕੋਈ ਨਹੀਂ ਕਥਨ ਕਰ ਸਕਦਾ।

ਜਾਪੈ—ਬੁਧੀ ਵਿਚ ਆਉਣ ਨਾਲ ਅਥਵਾ ਬੁਧੀ ਦੇ ਜਾਣੇ ਨਾਲ ਜੋ ਬੁਧੀ ਦੇ ਜਾਣੇ ਤੋਂ ਪਰੇ ਹੈ ਉਸ ਦੇ ਤਾਣ ਨੂੰ ਕੌਣ ਗਾ ਸਕਦਾ ਹੈ। ਓਹ ਤਾਂ ਅੱਖਾਂ ਦੇ ਦੇਖਣੇ ਤੇ ਭੀ ਦੂਰ ਹੈ।

ਜਦ ਪਰਮਾਤਮਾ ਦੂਰ ਹੈ, ਉਸ ਦੀ ਪ੍ਰਾਪਤੀ ਭੀ ਕਠਨ ਹੈ, ਜਾਣਨਾ ਭੀ ਕਠਨ ਹੈ, ਸਾਡੇ ਵੇਖਣ ਵਿਚ ਨਹੀਂ ਆ ਸਕਦਾ। ਜਦ ਜ਼ਾਹਰਾ ਜ਼ਹੂਰ ਹੈ, ਬੁਧੀ ਤੋਂ ਭੀ ਨੇੜੇ ਹੈ। ਉਸ ਸਮਰਥ ਦੇ ਬਲ ਨੂੰ ਕੌਣ ਕਥਨ ਕਰੇ। ਜੋ ਗਾਂਵਦੇ ਹਨ, ਭਜਨ ਕਰਦੇ ਹੈਨ ਓਹ ਉਸ ਨੂੰ ਜਾਣ ਲੈਂਦੇ ਹਨ।

'ਗਾਵੈ ਕੋ ਜਾਪੈ ਦਿਸੈ ਦੂਰਿ' ਦੇ ਅਨੁਭਵੀ ਮਹਾਂ ਪੁਰਖ ਅਰਥ ਇੰਜ ਭੀ ਕਰਦੇ ਹਨ ਜੋ ਅਕਾਲ ਪੁਰਖ ਵਾਹਿਗੁਰੂ ਦੂਰ ਕਹਿਆ ਜਾਂਦਾ ਹੈ, ਜਿਸ ਵੇਲੇ ਉਸ ਨੂੰ ਗਾਵਿਆ ਜਾਵੇ ਤਾਂ ਉਹ ਨੇੜੇ ਹੋ ਜਾਂਦਾ ਹੈ, ਮਨ ਅਤੇ ਬੁਧੀ ਦੁਆਰਾ ਜਾਣਿਆ ਜਾਂਦਾ ਹੈ ਤੇ ਨੇਤ੍ਰਾਂ ਦੁਆਰਾ ਦਿੱਸ ਪੈਂਦਾ ਹੈ। ਉਸ ਦੇ ਨਾਮ ਅਭਿਆਸ ਨਾਲ ਪੰਜ ਦੈਵ ਇੰਦਰੇ ਪ੍ਰਗਟ ਹੋ ਜਾਂਦੇ ਹਨ, ਜਿਨ੍ਹਾਂ ਦੁਆਰਾ ਉਹ ਦਿੱਸਦਾ ਤੇ ਜਾਣਿਆ ਜਾਂਦਾ ਹੈ:—

'ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥
ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥
ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥
ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥
ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥' [ਪਾ: ੧੦ ਪ੍ਰ ਪ੍ਰ ੭੦੮

'ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥
ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥
[ਸੂਹੀ ਮਹਲਾ ੪, ਪੰਨਾ ੭੩੧

ਰੰਙੁ ਦਾ ਅਰਥ ਹੈ ਫੁਟ ਜਾਣਾ, ੨. ਕੋਈ ਵਿਘਨ ਪੈ ਜਾਣਾ, ਭੰਙੁ ਦਾ ਰੰਗ ਠੀਕ ਨਾ ਚੜ੍ਹਣਾ, ਜਾਂ ਚਾੜਨ ਵਾਲਾ ਪੂਰਾ ਉਸਤਾਦ ਨਾ ਹੁੰਣਾ। ੩. ਨਾਸ਼ ਹੋ ਜਾਣਾ।

ਮਨ ਵਿਚ ਜੋ ਤਿੰਨ ਤਰ੍ਹਾਂ ਦੀ ਮੈਲ ਹੁੰਦੀ ਹੈ ਉਹ ਨਾਮ ਨਾਲ ਉਤਰ ਜਾਂਦੀ ਹੈ :—

'ਤਨੁ ਮਨ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥'
[ਵਾਰ ਬਿਲਾਵਲ ਮਃ ੩, ਪੰਨਾ ੮੫੩

ਲੋਇਣੀ ਦਾ ਅਰਥ ਹੈ ਜੋ ਲੋਇਣਾ ਕਹੀਏ ਅਖੀਆਂ ਨੂੰ ਰੌਸ਼ਨੀ ਦੇ ਰਿਹਾ ਹੈ। ਦਿਬ ਕੰਨ ਪ੍ਰਗਟ ਹੋ ਜਾਂਦੇ ਹਨ, ਅੰਦਰ ਇਕ ਗ਼ੈਬੀ ਖੁਸ਼ਬੋ ਛਿੜਕੀ ਜਾਂਦੀ ਹੈ ਤਾਂ ਜਿਸ ਵੇਲੇ ਇਹ ਦੈਵੀ ਇੰਦਰੇ ਪ੍ਰਗਟ ਹੋਣਗੇ ਤਦੋਂ ਉਹ ਦਿਸ ਪਏਗਾ ਤੇ ਜਾਣਿਆ ਜਾਏਗਾ।

ਪ੍ਰਯੋਜਨ ਇਹ ਹੋਵੇ ਅਸੀਂ ਸ਼ਰਨ ਸਮਾਉਣਾ ਹੈ।

ਕਥਾ ਦੇ ਕਥਨ ਕਰਨ ਨਾਲ ਅਨੰਤ ਹੀ ਅਨੰਤ ਰਹੇਗਾ, ਨਹੀਂ ਆਵੇਗੀ ਤੋਟ। ਕਰੋੜਾਂ ਪਿਛੇ ਕਥਨ ਕਰਦੇ ਰਹੇ, ਕਰੋੜਾਂ ਹੁਣ ਕਥਨ ਕਰ ਰਹੇ ਹਨ, ਕਰੋੜਾਂ ਅਗੋਂ ਹੋਣਗੇ :—

'ਜੇ ਸਭਿ ਮਿਲਿਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ' ॥ [ਆਸਾ ਮਃ ੧, ਪੰਪਾ ੩੪੯

ਇਹ ਤਾਂ ਅਪਣੇ ਕਲਯਾਨ ਲਈ ਹੈ। ਅਗਨੀ ਨੂੰ ਤਾਂ ਲੱਤ ਨਹੀਂ ! ਜਿਸ ਨੇ ਸੀਤ ਬੁਝਾਉਣੀ ਹੈ, ਰੋਟੀ ਪਕਾਉਣੀ ਹੈ ਉਹ ਆਪ ਅੱਗ ਪਾਸ ਜਾਏਗਾ। ਅਖਾਂ ਮੀਟ ਦੇਈਏ ਤਾਂ ਸੂਰਜ ਦੀ ਕੀ ਹਾਨੀ ? ਰਸਨਾਂ ਮਿਲੀ ਹੈ, ਸਾਧ ਸੰਗਤ ਜੀ ! ਨਾਮ ਜਪ ਕੇ ਪਵਿਤ੍ਰ ਕਰਨੀ ਹੈ, ਅੱਖਾਂ ਕੰਨ ਇਹ ਬਨਾਏ ਹੀ ਗਏ ਇਸੇ ਵਾਸਤੇ ਹਨ:—

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥

[ਅਨੰਦ-੩੭, ਪੰਨਾ ੯੨੨

'ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥
ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭੁ ਮਥਾ ॥
ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥
ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥'

[ਜੈਤਸਰੀ ਵਾਰ ਮਹਲਾ ੫-੧੪, ਪੰਨਾ ੭੦੬

ਬੱਚੀ ਬੱਚੇ ਦਾ ਰਾਜ਼ਕ ਉਹ ਹੈ, ਦੁਧ ਚੁੰਘਣ ਲਈ ਕਿਸ ਨੇ ਪ੍ਰਬੰਧ ਕੀਤਾ ਹੈ:—

'ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥' [ਸੁਖਮਨੀ, ਪੰਨਾ ੨੬੬

ਉਸ ਦੇ ਖ਼ਜ਼ਾਨੇ ਅਖੁਟ ਹਨ, ਦੇਂਦਾ ਹੀ ਜਾਂਦਾ ਹੈ, ਲੈਣ ਵਾਲੇ ਮੁਕ ਗਏ:—

'ਦੇਦਾ ਦੇ ਲੈਦੇ ਥਕਿ ਪਾਇ ॥' [ਸ੍ਰੀ ਜਪੁਜੀ ਸਾਹਿਬ, ਪੰਨਾ ੨

ਭੋਜਨ ਪਿਆ ਰਹਿੰਦਾ ਹੈ ਪਰ ਦੰਦ ਨਿਕਲ ਜਾਂਦੇ ਹਨ:—

'ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥'

[ਬਸੰਤ ਮਹਲਾ ੧, ਪੰਨਾਂ ੧੧੯੦

ਸੂਰਜ ਸਦਾ ਪ੍ਰਕਾਸ਼ ਦੇ ਰਿਹਾ ਹੈ, ਮੁੱਲ ਕੁਛ ਨਹੀਂ । ਵਾਯੂ ਅਮੁੱਲ ਮਿਲ ਰਹੀ ਹੈ । ਜੁਗਾ ਜੁਗੰਤਰ-ਸਤਿਜੁਗ, ਦੁਆਪਰ, ਤ੍ਰੈਤਾ, ਕਲਜੁਗ ਵਿਚ ਖਾਂਦੇ ਹੀ ਗਏ; ਦਾਦਾ ਜੀ ਨੇ, ਫਿਰ ਪਿਤਾ ਜੀ ਨੇ ਦਾਤ ਨੂੰ ਖਾਇਆ ਪਰ ਉਸ ਦੀ ਦਾਤ ਵਿਚ ਕਮੀਂ ਨਹੀਂ ਹੋਈ, ਸਭ ਭਰਪੂਰ ਹੈ । ਉਸ ਦੀ ਸ਼ਕਤੀ ਦਾ ਕਥਨ ਕਰਦੇ ਹਨ, ਜਿਸ ਦੀ ਦਾਤ ਦਾ ਅੰਤ ਨਹੀਂ । ਦਾਤਾਰ ਨੂੰ ਕੌਣ ਗਾਵੇ ? ਨਮਸਕਾਰ ਕਰ ਭਾਈ, ਅੰਤ ਨਾ ਲੈ ।

ਹੁਕਮੀ ਜਗਤੇਸ਼ਵਰ ਸਭ ਜੀਆਂ ਨੂੰ ਹੁਕਮ ਦੇ ਰਸਤੇ ਟੋਰ ਰਿਹਾ ਹੈ । ਸੂਰਜ, ਚੰਦ੍ਰਮਾਂ ਸਭ ਹੁਕਮ ਵਿਚ ਹਨ, ਹੁਕਮ ਦੇਣ

ਵਾਲਾ ਬੇਪ੍ਰਵਾਹ ਹੈ ਅਰ 'ਵਿਗਸੇ' ਸਦਾ ਅਨੰਦ ਸਰੂਪ ਹੈ, ਸਦਾ ਖੇੜਾ ਹੈ :— 'ਨਾਨਕ ਭਗਤਾ ਸਦਾ ਵਿਗਾਸੁ ॥' [ਜਪੁਜੀ, ਪੰਨਾ ੨

ਬੇਪ੍ਰਵਾਹ ਹੋ ਕੇ ਸਾਡੇ ਉਪਰ ਕਿਰਪਾ ਕਰ ਰਿਹਾ ਹੈ :—

'ਚੀਟੀ ਤੇ ਕੁੰਚਰ ਅਸਥੂਲਾ ॥
ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥' [ਪਾ: ੧੦

ਉਸ ਦੇ ਖੇੜੇ ਨੂੰ ਕੌਣ ਅਨੁਭਵ ਕਰੇਗਾ; ਬੜੇ ਬੜੇ ਹਾਥੀ ਅਰ ਕੀੜੀ ਸਭ ਪਰ ਕ੍ਰਿਪਾ ਕਰ ਰਿਹਾ ਹੈ। ਜੇ ਦਾਤ ਲੈਣੀ ਹੋਵੇ ਤੇ ਮੂੰਹੋਂ ਨਾ ਵੀ ਮੰਗੀਏ ਤਦ ਵੀ ਦੇਂਦਾ ਹੈ :—

'ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ॥'
[ਗੂਜਰੀ ਮ: ੧, ਪੰਨਾ ੫੦੩

'ਘਟ ਘਟ ਕੇ ਅੰਤਰ ਕੀ ਜਾਨਤ ॥' [ਪਾ: ੧੦

—o—

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥**

"ਸਾਚਾ ਸਾਹਿਬੁ ਸਾਚੁ ਨਾਇ" ਉਹ ਸਚਾ ਸਾਹਿਬ ਹੈ :—

'ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' [ਜਪੁਜੀ, ਪੰਨਾ ੧

ਇਸ ਲਈ ਉਸ ਦਾ ਨਾਮ ਭੀ ਸਚਾ ਹੈ। ਉਸ ਸਚੇ ਸਾਹਿਬ ਦੇ ਅਗੇ ਯਾਚਨਾ, ਆਰਜ਼ੂ, ਦਰਖਾਸਤਾਂ, ਬੇਨਤੀਆਂ ਜੋ ਕੀਤੀਆਂ ਜਾਂਦੀਆਂ ਹਨ ਉਹ ਭਿੰਨ ਭਿੰਨ ਬੋਲੀਆਂ ਵਿਚ ਹਨ; ਕੋਈ ਅਰਬੀ ਵਿਚ, ਕੋਈ ਸੰਸਕ੍ਰਿਤ, ਕੋਈ ਪੰਜਾਬੀ, ਕੋਈ ਪਸ਼ਤੋ ਵਿਚ ਬੋਲਕੇ ਬਿਨੈ ਕਰਦਾ ਹੈ, ਫਿਰ ਹੈਵਾਨਾਂ ਤੇ ਪੰਛੀਆਂ ਦੀਆਂ ਭੀ ਬੋਲੀਆਂ ਭਿੰਨ ਭਿੰਨ ਹਨ; ਮਨ ਦੇ ਫੁਰਨੇ, ਚਿਤ ਦੀਆਂ ਲਹਿਰਾਂ, ਭਾਵ ਉਮੰਗਾਂ ਸੰਕਲਪ ਹਨ, ਉਹਨਾਂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।

ਆਖਹਿ—ਕਥਨ ਕਰਦੇ ਹਨ, ਭਾਵ ਭਾਸ਼ਾ ਨਾਲ, ਬੋਲੀ ਵਿਚ ਆਖਦੇ ਹਨ। ਮੰਗਹਿ—ਮੰਗ, ਭਾਵ ਨਾਲ ਯਾਚਨਾ ਕਰਨੀ, ਜਿਵੇਂ ਬਗ਼ੀਚੇ ਹਿਰਦੇ ਤੋਂ ਪਾਣੀ ਮੰਗਦੇ ਹਨ, ਪਹਾੜਾਂ ਦੇ ਬ੍ਰਿਛ ਮੰਗ ਰਹੇ ਹਨ, ਤਾਂਤੇ ਭਾਸ਼ਾ ਨਾਲ ਆਖਦੇ ਤੇ ਹਿਰਦੇ ਦੇ ਭਾਵ ਨਾਲ ਮੰਗਦੇ ਹਨ:—'ਦੇਹਿ ਦੇਹਿ'। ਦਿਲੋਂ ਕਹਿ ਰਹੇ ਹਨ:—'ਦੇਹਿ'।

'ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ ॥'

[ਵਾਰ ਸਾਰੰਗ ਮ: ੧, ਪੰਨਾ ੧੨੪੨

ਅੱਖਾਂ ਉਸ ਨੇ ਆਪੇ ਲਾਈਆਂ ਹਨ :-

'ਕੇਵਡੁ ਦਾਤਾ ਆਖੀਐ ਦੇਕੈ ਰਹਿਆ ਸੁਮਾਰਿ ॥'

[ਸਿਰੀ ਰਾਗ ਮਹਲਾ ੧, ਪੰਨਾ ੫

ਦੇਂਦਾ ਹੈ ਫਿਰ ਗਿਣਦਾ ਨਹੀਂ, ਕੇਡਾ ਸਾਹਿਬ ਹੈ ?

'ਬਹੁਰਿ ਨ ਲੇਖਾ ਪੁਛਿ ਬੁਲਾਇਆ ॥' [ਮਾਝ ਮ: ੫, ਪੰਨਾ ੧੦੨

੧. ਸਾਚਾ ਸਾਹਿਬ ਹੈ—ਇਥੇ ਪਹੁੰਚ ਨਹੀਂ ਹੈ।

੨. ਸਾਚਿ ਨਾਇ—ਇਹ ਹਰ ਕੋਈ ਜਪ ਸਕਦਾ ਹੈ।

੧. ਭਾਖਿਆ—ਜ਼ਬਾਨ ਨਾਲ ਭਾਸ਼ਾ ਵਿਚ।

੨. ਭਾਉ—ਮਨ ਦੇ ਸੰਕਲਪ (ਬੋਲਕੇ ਨਹੀਂ, ਬਲਕਿ ਮਨ ਨਾਲ ਹੀ)।

੧. ਭਾਖਿਆ ਨਾਲ ਆਖਕੇ—ਆਖਹਿ ? ਦੇਹਿ।

੨. ਮਨ ਦੇ ਭਾਉ ਨਾਲ ਹੀ—ਮੰਗਹਿ ? ਦੇਹਿ।

ਦਾਤਾਰ ਫਿਰ ਦਾਤ ਕਰਦਾ ਹੈ।

ਕੁਛ ਅਸੀਂ ਵੀ ਨਜ਼ਰਾਨਾ ਧਰੀਏ। ਮਹਾਂ ਪੁਰਸ਼ਾਂ ਪਾਸ ਸੰਤਾਂ ਪਾਸ, ਖਾਲੀ ਹੱਥ ਜਾਣਾ ਸ਼ੋਭਾ ਲਾਇਕ ਨਹੀਂ। ਮਹਾਂਰਾਜ ! ਜਿਸ ਵੇਲੇ ਦਰਬਾਰ ਦਿੱਸ ਪਵੇ ਭੇਟਾ ਜਾਂ ਨਜ਼ਰਾਨਾ ਕੀ ਰਖੀਏ ? ਬੰਦਨਾ ਕਰ ਲਈਏ, ਮਥਾ ਟੇਕ ਲਈਏ ਤੇ ਮੂੰਹ ਤੋਂ ਕਿਹੜੇ ਬੋਲ ਬੋਲੀਏ ਜਿਸ ਨੂੰ ਸੁਣਕੇ ਸਾਨੂੰ ਉਹ ਪਿਆਰ ਕਰੇ, ਅਸਾਨੂੰ ਥਾਪੜਾ ਦੇਵੇ। ਹੇ ਮਹਾਰਾਜ਼ ! ਸਾਨੂੰ ਵੱਲ ਸਿਖਾਓ।

ਜਵਾਬ-ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਅੰਮ੍ਰਿਤ ਵੇਲੇ ਜਾਗ ਕੇ ਸਚੁ ਨਾਮ ਜੋ ਹੈ, ਇਹ ਹੀ ਜਪੀਏ। ਉਥੋਂ ਲਈ ਇਹੋ ਨਜ਼ਰਾਨਾ ਹੈ। ਅੰਮ੍ਰਿਤ ਵੇਲੇ ਪੰਜ ਪ੍ਰਕਾਰ ਦੇ ਹਨ:-

੧. ਕੁਦਰਤ ਦਾ ਅੰਮ੍ਰਿਤ ਵੇਲਾ-ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾ ਵਕਤ, ਇਸ ਵੇਲੇ ਅੰਮ੍ਰਿਤ ਵਸਦਾ ਹੈ। ਸਚੇ ਨਾਮ ਤੋਂ ਅੰਮ੍ਰਿਤ ਰਸ ਪ੍ਰਾਪਤ ਹੁੰਦਾ ਹੈ। ਬਾਣੀ ਤੋਂ ਅੰਮ੍ਰਿਤ ਰਸ ਮਿਲਦਾ ਹੈ। ਬ੍ਰਹਮਾਨੰਦ ਅੰਮ੍ਰਿਤ ਪ੍ਰਾਪਤ ਹੁੰਦਾ ਹੈ।

'ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰਿਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥'

[ਵਾਰ ਮਾਝ ਮਹਲਾ ੨, ਪੰਨਾ ੧੪੬

'ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥'

[ਵਾਰ ਗਾਉੜੀ ਮਹਲਾ ੫, ਪੰਨਾ ੩੨੦

ਫਿਰ ਬਖਸ਼ੀਸ਼ ਸਿਰੋਪਾਉ ਮਿਲੇਗਾ, ਸਿਫਤ ਸਲਾਹਿ ਦਾ ਭੋਜਨ ਮਿਲੇਗਾ।

'ਢਾਢੀ ਸਚੇ ਮਹਿਲ ਖਸਮਿ ਬੁਲਾਇਆ' ॥'

[ਵਾਰ ਮਾਝ ਮਹਲਾ ੧, ਪੰਨਾ ੧੫੦

'ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ ॥' [ਜਪੁਜੀ ਸਾਹਿਬ, ਪੰਨਾ ੨

੨. ਜਿਸ ਵੇਲੇ ਬਿਰਤੀ ਟਿਕ ਜਾਏ:—

'ਓਹ ਨੇਹੁ ਨਵੇਲਾ ॥ ਅਪੁਣੇ ਪ੍ਰੀਤਮ ਸਿਉ ਲਾਗਿ ਰਹੈ ॥'
[ਆਸਾ ਮਹਲਾ ੫, ਪੰਨਾ ੪੦੭

'ਠਠਾ ਮਨੂਆ ਠਾਹਹਿ ਨਾਹੀ ॥'
[ਗਉ: ਬਾਵਨ ਅਖਰੀ ਮਹਲਾ, ੫ ਪੰਨਾ ੨੫੬

੩. ਸਾਧ ਸੰਗਤ-ਜਿਸ ਵੇਲੇ ਸਾਧੂ ਦੀ ਸੰਗਤ ਮਿਲ ਗਈ ਜਾਂ ਸੰਤਾਂ ਦਾ ਦਰਸ਼ਨ, ਗੁਰੂ ਗ੍ਰੰਥ ਸਾਹਿਬ ਜੀ ਦਾ ਦੀਦਾਰ ਪ੍ਰਾਪਤ ਹੋਇਆ ਓਹੀ ਅੰਮ੍ਰਿਤ ਵੇਲਾ ਹੈ:—

੪. ਕਲਜੁਗ:—

'ਅਬ ਕਲੂ ਆਇਓ ਰੇ ॥ ਇਕ ਨਾਮੁ ਬੋਵਹੁ ਬੋਵਹੁ ॥'
[ਬਸੰਤ ਮਹਲਾ ੫, ਪੰਨਾ ੧੧੮੫

'ਸਤਿ ਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥'
[ਗਉੜੀ ਰਵਿਦਾਸ ਜੀ, ਪੰਨਾ ੩੪੬

੫, ਪਿਛਲੀ ਅਵਸਥਾ--ਭਾਵ ਬੁਢੇਪਾ, ਪਹਿਲਾ ਪਹਿਰ ਬਚਪਨ, ਦੂਜਾ ਪਹਿਰ ਜੋਬਨ, ਤੀਜਾ ਪਹਿਰ ਅਧਖੜ, ਚੌਥਾ ਪਹਿਰ ਬਿਰਧਾਪਨ। ਜੇ ਜੁਬਾ ਅਵਸਥਾ ਪ੍ਰਾਪਤ ਹੈ ਤਾਂ ਸਫਲ ਕਰੀਏ, ਜੇ ਅਧਖੜ ਹੈ ਜਾਂ ਬਿਰਧਾਪਨ ਹੈ ਤਾਂ ਭੀ ਸਤਿਗੁਰ ਨੇ ਸਵੀਕਾਰ ਕੀਤਾ ਹੈ:—

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗ ਪਾਨੀ ॥'
[ਭੈਰਉ ਕਬੀਰ ਜੀ, ਪੰਨਾ ੧੧੫੯

ਉਲਾਂਭਾ ਭੀ ਦਿਤਾ ਹੈ:—

'ਸਿਰ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ ॥'
[ਸਲੋਕ ਮ: ੯, ਪੰਨਾ ੧੪੨੯

ਅੰਮ੍ਰਿਤ ਵੇਲਾ ਉਹ ਹੈ ਜਦ ਨਾਮ ਜਪੀਦਾ ਹੈ; ਤਾਂ ਦੱ

ਸਵਾਲ ਹਨ-ਇਕ ਤਾਂ ਉਹ ਸਚਾ ਸਾਹਿਬ ਹੈ, ਦੂਜਾ ਨਾਮ ਭੀ ਸਚਾ ਹੈ, ਕੋਈ ਆਖਦੇ ਹਨ 'ਦੇਹਿ', ਕੋਈ ਮੰਗਦੇ ਹਨ 'ਦੇਹਿ'। ਦਾਤਾਰ ਏਕ ਹੈ, ਜਾਚਕ ਅਨੇਕ ਹਨ.—

ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾਕੇ ਅੰਤ ਨ ਪਰਹਿ ਸੁਮਾਰ ॥ ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ॥ [ਗੂਜਰੀ ਮਹਲਾ ੧. ਪੰਨਾ ੫੦੩

ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ ॥ [ਵਾਰ ਸਾਰੰਗ ਮ: ੧, ਪੰਨਾ ੧੨੪੨

ਜਿਸ ਵੇਲੇ ਦਰਬਾਰ ਦਿੱਸੇ ਨਜ਼ਰਾਨਾ ਕੀਹ ਖੀਏ ? ਅੰਮ੍ਰਿਤ ਵੇਲੇ ਉਠਕੇ ਮਨ ਤੇ ਜੀਭ ਨਾਲ ਨਾਮ ਜਪੀਏ, ਵਾਰੀ ਵਾਰੀ ਨਾਮ ਦਾ ਗੇੜਾ ਲਾਈਏ: ਕਦੀ ਮਨ ਨਾਲ, ਕਦੀ ਜੀਭ ਨਾਲ। ਇਹ ਭੇਟਾ ਜਾਂ ਨਜ਼ਰਾਨਾ ਮਨਜ਼ੂਰ ਹੈ। ਮੁਹੋਂ ਕਿ ਬੋਲਣ ਬੋਲੀਐ ?-- 'ਵਡਿਆਈ ਵੀਚਾਰੁ' ॥ ਸਿਫਤ ਸਾਲਾਹ ਅੰਮ੍ਰਿਤ ਵੇਲਾ, ਨਜ਼ਰਾਨਾ 'ਨਾਮ' ਅਰ ਗਲਾਂ ਕਰੀਏ ਸਿਫਤ ਸਲਾਹ ਦੀਆਂ,ਭਾਵ ਵਡਿਆਈ ਦਾ ਵੀਚਾਰ ਕਰਕੇ ਉਸ ਦੇ ਗੁਣਾਂ ਦਾ ਗਾਇਨ ਕਰੀਏ:—

ਨਮੋ ਸੂਰਜ ਸੂਰਜੇ ॥ ਨਮੋ ਚੰਦ੍ ਚੰਦ੍ਰੇ ॥
ਨਮੋ ਰਾਜ ਰਾਜੇ ॥ ਨਮੋ ਇੰਦ੍ ਇੰਦ੍ਰੇ ॥

[ਜਾਪ ਪਾ: ੧੦

ਵਡਿਆਈ ਦੇ ਬਚਨ ਜਦੋਂ ਉਚਾਰੇਗਾ ਜਾਂ ਸਚਿ ਨਾਮ ਦਾ ਅਭਿਆਸ ਤੇ ਗੁਰਬਾਣੀ ਦਾ ਵੀਚਾਰ ਜਦੋਂ ਇਹ ਕਰੇਗਾ ਤਾਂ ਫਿਰ ਬਖਸ਼ੀਸ਼ ਮਿਲੇਗੀ, ਸਿਰੋਪਾਉ ਮਿਲੇਗਾ:—

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (ਜਪੁਜੀ, ਪੰਨਾ ੨

ਸੰਸਾਰ ਵਿਚ ਜੋ ਕੁਛ ਰਚਨਾ ਹੈ,ਉਸ ਦਾ ਇਕ ਕਰਤਾ ਹੈ,ਜੋ ਕਰਤੇ ਤੋਂ ਬੇਮੁਖ ਹੈ, ਉਹ ਅਕਿਰਤਘਨ ਹੈ, ਮੂਰਖ ਹੈ। ਉਹ ਕਰਤਾ ਕੈਸਾ ਹੈ ? ਇਕ ਹੈ। ਜਦੋਂ ਓਅੰਕਾਰ ਸ਼ਬਦ ਦੀ ਧੁਨੀ ਕਰਦਾ ਹੈ ਤਾਂ ਕਰੋੜਾਂ ਬ੍ਰਹਮੰਡ ਉਤਪੰਨ ਯਾ ਪ੍ਰਗਟ ਕਰ ਦੇਂਦਾ ਹੈ:—

ਕੀਤਾ ਪਸਾਉ ਏਕੋ ਕਵ ਉ ॥

[ਜਪੁਜੀ, ਪੰਨਾ ੨

ਕਵਾਉ ਓਅੰਕਾਰ ਹੈ ਫਿਰ ਸਤਿ ਹੈ, ਤੇ ਨਾਮ ਵੀ ਸਤਿ ਹੈ ਪਰੀ ਪੂਰਨ ਹੈ, ਇਸ ਲਈ ਪੁਰਖ ਹੈ; ਐਸੇ ਵਾਹਿਗੁਰੂ ਦਾ ਦਰਸ਼ਨ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ । ਗੁਰ ਪ੍ਰਸਾਦਿ ਤੇ ਪ੍ਰਾਪਤ ਮਾਰਗ ਕੌਣ ਹੋਇਆ ?

੧. ਲਖਸ਼--ਮਨੁੱਖਾ ਦੇਹ ਪਾਕੇ ਅਸਾਡੇ ਲਖਕਸ਼ੀ ਕੀ ਹਨ? ਕੀ ਕਰਨਾ ਹੈ ?

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

[ਆਸਾ ਮਹਲਾ ੫ ਪੰਨਾ ੧੨

੨. ਜ਼ਰੀਆ-ਗੁਰਪ੍ਰਸਾਦਿ ॥

੩. ਸਾਧਨ–'ਸਿਮਰਿਉ ਸਿਮਰ ਸਿਮਰਿ ਸੁਖ ਪਾਵਉ' ॥ ਸਤਿ ਦਾ ਵਿਸਥਾਰ:–'ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥' ਇਹ ਸਾਧਨ ।

੪. ਨਤੀਜਾ–ਸਿਰਫ ਸਰੀਰ ਦੀ ਸ਼ੁਧੀ, ਭੋਜਨ ਦੀ ਸ਼ੁਧੀ ਨਾਲ ਮਨ ਦੀ ਸ਼ੁਧੀ ਨਹੀਂ ਹੋ ਸਕਦੀ, ਇਸ ਪ੍ਰਕਾਰ ਬਾਹਰ ਦੀ ਬਾਣੀ ਵਲੋਂ ਚੁਪ ਧਾਰਨ ਨਾਲ ਹਿਰਦੇ ਦੀ ਚੁਪ ਨਹੀਂ ਹੁੰਦੀ ਭਾਵੇਂ ਲਿਵ ਦੀ ਤਾਰ 'ਤੇਲ ਦੀ ਧਾਰ' ਵਾਂਗੂੰ ਕਿਉਂ ਨਾ ਲਾਈ ਰਖੇ। ਇਸੇ ਤਰ੍ਹਾਂ ਭੁਖਿਆਂ-ਬ੍ਰਤ ਧਾਰਨ ਨਾਲ ਤੇ ਤਪਸਯਾ ਕਰਨ ਨਾਲ ਮਨ ਦੀ ਭੁਖ ਨਹੀਂ ਉਤਰਦੀ । ਫਿਲਸਫੇ ਤੇ ਹਜ਼ਾਰਾਂ ਲਖਾਂ ਸਿਆਣਪਾਂ ਤੇ ਚਤੁਰਾਈਆਂ ਨਾਲ ਓਥੇ ਇਕ ਵੀ ਨਾਲ ਨਹੀਂ ਜਾਂਦੀਆਂ ਹਨ । ਕਿਉਂਕਿ ਇਹ ਸਭ ਬੁਧੀ ਦੀਆਂ ਚੀਜ਼ਾਂ ਹਨ ਤੇ ਬੁਧੀ ਦਾ ਓਥੇਗਮਨ ਨਹੀਂ ।

'ਅੰਮ੍ਰਿਤੁ ਵੇਲਾ ਸਚੁ ਨਾਉ'--ਸ਼ਚੁ ਨਾਉ ਜਪਣਾ ਤੇ ਅੰਮ੍ਰਿਤ ਵੇਲੇ ਭੇਟਾ ਕਰਨਾ--'ਅੰਮ੍ਰਿਤ ਵਲੇ ਉਠ ਕੇ ਨਾਮ ਜਪੋ' ਇਹ ਭੇਟਾ ਪ੍ਰਵਾਣ ਹੈ ।

ਪ੍ਰਸ਼ਨ-ਗੁਫਤਗੂ ? ਮੁਹੋਂ ਕਿ ਬੋਲਣੁ ਬੋਲੀਐ ?
ਜਵਾਬ-ਵਡਿਆਈਂ ਵੀਚਾਰ = ਉਸ ਦੀ ਮਹਿਮਾ ਕਰਨੀ 'ਗੁਰਬਾਣੀ ਦਾ ਪਾਠ ਕਰਨਾ':—

ਸ੍ਰੀ ਅੰਮ੍ਰਿਤਸਰ ਵਿਚ ਇਕ ਮਹਾਂ ਪੁਰਸ਼ ਸੇ, ਸਵੇਰੇ ਉਹ ਤਿੰਨ ਬਜੇ ਸ੍ਰੀ ਹਰਿਮੰਦਰ ਸਾਹਿਬ ਜੀ ਗਏ। ਓਥੇ ਬੇਰ ਦੇ ਕੋਲ ਇਕ ਗੁਰਮੁਖ ਬਾਣੀ ਦਾ ਪਾਠ ਕਰ ਰਿਹਾ ਸੀ। ਉਹ ਮਹਾਂ ਪੁਰਸ਼ ਕੋਲ ਬੈਠ ਗਿਆ, ਭੋਗ ਪਾਉਣ ਤੋਂ ਬਾਦ ਉਸ ਪੁਛਿਆ 'ਤੂੰ ਉੱਚਾ ਪਾਠ ਕਿਉਂ ਕਰਦਾ ਹੈਂ ?'' ਉਸ ਜਵਾਬ ਦਿੱਤਾ:—

(੧) ਆਲਸ ਤੇ ਨੀਂਦਰ ਆਂਦੀ ਹੈ, ਉੱਚਾ ਪਾਠ ਕਰਨ ਰੂਪੀ ਡੰਡਾ ਮਾਰਦਾ ਹਾਂ।

(੨) ਜਾਗਣ ਵੇਲੇ ਮਨ ਫੁਰਨੇ ਫੁਰਾਂਦਾ ਹੈ ਤਾਂ ਬਾਣੀ ਨਾਲ ਸਤਿਗੁਰੂ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸਨੂੰ ਕ੍ਰਿਪਾ ਕਰਕੇ ਰੋਕੋ, ਫਿਰ ਇਹ ਫੁਰਨੇ ਕੁਝ ਰੁਕ ਜਾਂਦੇ ਹਨ:—

ਹੋਹੁ ਦਇਆਲ ਮੇਰਾ ਮਨੁ ਲਾਵਹੁ
ਹਉ ਅਨਦਿਨੁ ਰਾਮਨਾਮੁ ਨਿਤ ਧਿਆਈ ॥
ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ
ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ ॥

[ਗੂਜਰੀ ਮਹਲਾ ੪, ਪੰਨਾ ੪੯੩

(੩) ਉਹ ਬੇਪਰਵਾਹ ਹੈ। ਓਥੇ ਕਈ ਰਾਜੇ, ਮਹਾਰਾਜੇ ਬੇਨਤੀਆਂ ਕਰ ਰਹੇ ਹਨ, ਪਾਤਸ਼ਾਹ ਬੇਪ੍ਰਵਾਹ ਹੈ:—

ਸਤਰਿ ਸੈਇ ਸਲਾਰ ਹੈ ਜਾਕੇ ॥
ਸਵਾ ਲਾਖੁ ਪੈਕਾਬਰ ਤਾਕੇ ॥
ਸੇਖ ਜੁ ਕਹੀਅਹਿ ਕੋਟਿ ਅਠਾਸੀ ॥
ਛਪਨ ਕੋਟਿ ਜਾਕੇ ਖੇਲ ਖਾਸੀ ॥

[ਭੈਰਉ ਕਬੀਰ ਜੀ, ਪੰਨਾ ੧੧੬੧

ਅਨੰਤ ਸ੍ਰਿਸ਼ਟੀ ਉਥੇ ਬੈਠੀ ਹੈ:—

ਮੋ ਰੰਰੀਬ ਕੀ ਕੌ ਗੁਜਰਾਵੈ ॥
ਮਜਲਸਿ ਦੂਰਿ ਮਹਲੁ ਕੌ ਪਾਵੈ ॥
[ਭੈਰਉ ਕਬੀਰ ਜੀ, ਪੰਨਾ ੧੧੭੫

ਉੱਚੀਆਂ ਕੂਕਾਂ ਮਾਰਦਾ ਹਾਂ ਜੋ ਉਹ ਸੁਣ ਲੈਣ; ਸੱਚ ਹੈ ਸੁਣ ਲੈਂਦੇ ਹਨ, ਵਾਹਿਗੁਰੂ ਜੀ ਤਾਂ ਬਖਸ਼ਿੰਦ ਹਨ:—

ਪ੍ਰਭ ਬਖਸੰਦ ਦੀਨ ਦਇਆਲ ॥ [ਸੁਖਮਨੀ, ਪੰਨਾ ੨੬੦

ਉਸ ਕਹਿਆ 'ਤੈਨੂੰ ਕਿਸ ਤਰ੍ਹਾਂ ਪਤਾ ਲਗਦਾ ਹੈ ਕਿ ਉਸ ਸੁਣ ਲਿਆ ਹੈ ?'

ਮੈਨੂੰ ਬਾਣੀ ਵਿਚ ਰਸ ਆਉਣ ਲਗ ਪੈਂਦਾ ਹੈ:—

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
[ਮਾਰੂ ਮਹਲਾ ੧, ਪੰਨਾ ੧੦੩੨

ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥
ਆਨ ਰਸਾ ਮਹਿ ਵਿਆਪੈ ਚਿੰਦ ॥
[ਆਸਾ ਮਹਲਾ ੫, ਪੰਨਾ ੩੭੭

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥
ਨਾਨਕ ਧਨਿ ਧਨਿ ਧੰਨਿ ਜਨੁ ਆਏ ਤੇ ਪਰਵਾਣੁ ॥
[ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੨

ਅੱਗੇ ਗਏ ਤਾਂ ਇਕ ਮਹਾਤਮਾਂ ਚੁੱਪ ਕਰਕੇ ਸਮਾਧੀ ਲਾਈ ਬੈਠਾ ਸੀ ਉਸ ਪਾਸੋਂ ਪੁਛਿਆ : 'ਭਾਈ ਅੰਦਰ ਕੀਰਤਨ ਹੋ ਰਿਹਾ ਹੈ ਤੂੰ ਬਾਹਰ ਚੁਪ ਕਰਕੇ ਬੈਠਾ ਹੈਂ ?' ਉਸ ਕਹਿਆ: ਉਹ ਬ੍ਰਹਮੰਡ ਦਾ ਕੀਰਤਨ ਹੈ ਮੈਂ ਪਿੰਡ ਦਾ ਕੀਰਤਨ ਕਰ ਰਹਿਆ ਹਾਂ, ਜਿਸਨੂੰ ਸੁਨਾਵਣਾ ਹੈ, ਉਹ ਅੰਦਰ ਬੈਠਾ ਹੈ, ਇਕੱਠੇ ਹਾਂ ਅਸੀਂ ਦੋਵੇ:—

ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ ॥
[ਭਿਲੰਗ ਮਹਲਾ ੧, ਪੰਨਾ ੭੨੧

ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥
[ਗਉੜੀ ਮਹਲਾ ੪, ਪੰਨਾ ੧੭੩

ਦਇਆ ਕਰਹੁ ਬਸਹੁ ਮਨਿ ਆਇ ॥
ਮੋਹਿ ਨਿਰਗੁਨ ਲੀਜੈ ਲੜਿ ਲਾਇ ॥
[ਬਿਲਾਵਲ ਮਹਲਾ ੫, ਪੰਨਾ ੨੦੮

ਅੱਗੇ ਵਧਕੇ ਦੁੱਖਭਜਨੀ ਪਹੁੰਚੇ,ਇਥੇ ਇਕ ਮਹਾਤਮਾ ਬੇਰ ਨਾਲ ਢਾਸਣਾ ਲਾ ਕ ਬਠੇ ਸਨ ।

ਭਗਤਿ ਭਗਤਨ ਹੂੰ ਬਨਿ ਆਈ ॥
ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥
[ਕਾਨੜਾ ਮਹਲਾ ੫, ਪੰਨਾ ੧੨੯੯

ਅਖਾਂ ਬੰਦ ਸਨ, ਉਸ ਪ੍ਰੇਮੀ ਨੇ ਬੁਲਾਇਆ ਪਰ ਗੁਰਮੁਖ ਬੋਲੇ ਨਾ, ਉਸ ਨੇ ਸਮਝਿਆ ਸੌਂ ਗਏ ਹਨ, ਕਹਿਆ: 'ਗੁਰਮੁਖੋ ਜਾਗੋ ਅੰਮ੍ਰਿਤ ਵੇਲਾ ਹੈ, ਹਰਿਮੰਦਰ ਸਾਹਿਬ ਵਿਚ ਕੀਰਤਨ ਹੋ ਰਿਹਾ ਹੈ ।' ਜਿਸ ਵਕਤ ਬਹੁਤ ਹਿਲਾਇਆ ਤਾਂ ਗੁਰਮੁਖਾਂ ਦੇ ਨੈਣ ਖੁਲ੍ਹ ਗਏ ਤੇ ਹਥ ਜੋੜਕੇ ਕਹਿਣ ਲਗੇ 'ਹੇ ਗੁਰੂ ਰਾਮਦਾਸ ਜੀ ! ਇਸ ਨੂੰ ਬਖਸ਼ ਲੈਂ, ਬਖਸ਼ ਲੈਂ,ਬਖਸ਼ ਲੈਂ" । ਪ੍ਰੇਮੀ ਹੈਰਾਨ ਹੋਕੇ ਕਹਿਣ ਲਗਾ "ਮਹਾਰਾਜ ਇਹ ਕੀ ਗਲ ਹੈ ?" ਤਾਂ ਗੁਰਮੁਖ ਕਹਿਣ ਲਗੇ:—

'ਗੁਰੂ ਨਾਨਕ ਦੀ ਗੋਦ ਵਿਚ ਸੁੱਤੀ ਮੈਂ ਪਈ,
ਤੁਧ ਨੇ ਆਨ ਉਠਾਇਆ, ਸੁਰਤੀ ਖਿੰਡ ਗਈ ।'

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ [ਜਪੁਜੀ ਪੰਨਾ ੨

ਜਦ ਨਜ਼ਰਾਨਾ ਮਨਜ਼ੂਰ ਹੋ ਜਾਂਦਾ ਹੈ, ਤਾਂ ਬਖਸ਼ਿਸ਼ ਹੁੰਦੀ ਹੈ, ਸਿਰੋਪਾਉ ਤੇ ਖਿਲਅੱਤ ਮਿਲਦੀ ਹੈ, ਉਸ ਕਰਮੀ, ਜੋ ਵਾਹਿਗੁਰੂ ਜੀ ਹਨ, ਦੇ ਤਰਫੋਂ ਖਿਲਅੱਤ ਭਾਵ ਕਪੜਾ ਮਿਲਦਾ ਹੈ ।

ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
[ਵਾਰ ਮਾਝ ਮਹਲਾ ੧, ਪੰਨਾ ੧੫੦

ਜਿਸਨੋ ਬਖਸੇ ਸਿਫਤਿ ਸਾਲਾਹ ॥ [ਜਪੁਜੀ, ਪੰਨਾ ੫
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ [ਸੁਖਮਨੀ, ਪੰਨਾ ੨੬੩

ਉਸ ਨਦਰੀ ਵਾਹਿਗੁਰੂ ਦੀ ਨਦਰ ਹੋਵੇ ਤਾਂ ਮੋਖ ਮੁਕਤੀ ਦਾ ਦਰ ਪ੍ਰਾਪਤ ਹੁੰਦਾ ਹੈ। ਚੌਰਾਸੀ ਦੇ ਗੇੜ ਤੋਂ ਛੁਟ ਜਾਈਦਾ ਹੈ:

ਨਾਨਕ ਜਿਨ੍ਹ ਕਉ ਸਤਿਗੁਰੁ ਮਿਲਿਆ ਤਿਨ੍ਹ ਕਾ ਲੇਖਾ ਨਿਬੜਿਆ ॥

[ਆਸਾ ਛੰਤ ਮਹਲਾ ੩ ਪੰਨਾ ੪੩੫

ਜਿਸ ਨੂੰ ਨਾਮ ਜਪਣ ਦੀ, ਗੁਰਬਾਣੀ ਪੜ੍ਹਨ ਦੀ ਕਾਰ ਮਿਲ ਗਈ ਹੈ ਉਹ ਸਮਝੇ ਕਿ ਉਸ ਤੇ ਵਾਹਿਗੁਰੂ ਦੀ ਬਖਸ਼ਿਸ਼, ਮਿਹਰ ਹੋ ਗਈ ਹੈ ਤੇ ਸਿਫਤ ਸਾਲਾਹ ਦਾ ਕਪੜਾ ਮਿਲ ਚੁਕਾ ਹੈ ਤੇ ਜਿਨ੍ਹਾਂ ਤੇ ਇਹ ਬਖਸ਼ਿਸ਼ ਹੋ ਚੁਕੀ ਹੈ ਉਹਨਾਂ ਨੂੰ ਏਵੇਂ ਜਾਪ ਪੈਂਦਾ ਹੈ ਕਿ ਉਹ ਸਭ ਸਚ ਹੀ ਸਚ ਹੈ ਤੇ ਅੰਦਰ ਬਾਹਰ ਨੇੜੇ ਦੂਰ ਸਚ ਹੀ ਨਜ਼ਰ ਆਉਂਦਾ ਹੈ।

ਥਾਪਿਆ ਨ ਜਾਇ ਕੀਤਾ ਨੁ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਰੁਹੀ ਨਿਧਾਨੁ ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ

**ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

ਮਹਾਰਾਜ ਫੁਰਮਾਉਂਦੇ ਹਨ ਕਿ ਜੋ ਅਸਾਨੂੰ ਬਖਸ਼ਿਸ਼ ਹੋਈ ਹੈ ਉਸ ਵਿਚ ਤਾਂ ਕਰਤਾਰ ਦੀ ਇਹ ਮੂਰਤ ਹੈ ਕਿ:—

ਥਪਿਆ ਨ ਜਾਇ ਕੀਤਾ ਨ ਹੋਇ ॥ [ਜਪੁਜੀ, ਪੰਨਾ ੨

ਕੋਈ ਮੂਰਤੀ ਅਸਥਾਪਨ ਕੀਤੀ ਯਾ ਕੋਈ ਧਿਆਨ ਧਾਰ ਲਿਆ ਇਹ ਵਾਹਿਗੁਰੂ ਨਹੀਂ ਹੈ; ਇਹ ਤਾਂ ਥਾਪੇ ਤੇ ਕੀਤੇ ਹੋਏ ਹਨ, ਫਿਰ ਜੋ ਅਵਤਾਰ ਆਏ ਉਹ ਵੀ ਵਾਹਿਗੁਰੂ ਨਹੀਂ ਹਨ, ਬਲਕਿ ਪਰਮੇਸ਼ੁਰ ਦੇ ਥਾਪੇ ਤੇ ਰਚੇ ਹੋਏ ਹਨ: ਉਹ ਤਾਂ ਹੈ:—

ਥਾਪਿਆ ਨ ਜਾਇ ਕੀਤਾ ਨ ਹੋਇ ॥

ਉਹ:--ਆਪੇ ਆਪਿ ਨਿਰੰਜਨੁ ਸੋਇ ॥ [ਜਪੁਜੀ, ਪੰਨਾ ੨

ਉਹ ਆਪਣੇ ਆਪ ਹੀ ਨਿਰ ਅੰਜਨ (ਮਾਇਆ ਤੋਂ ਰਹਿਤ) ਹੈ; ਮਾਇਆ ਵੀ ਕੀਤੀ ਹੋਈ ਹੈ ਇਸ ਲਈ ਇਹ ਪਰਮਾਤਮਾ ਦਾ ਰੂਪ ਨਹੀਂ ਧਾਰ ਸਕਦੀ। ਮਾਇਆ ਤੋਂ ਜੋ ਤਿੰਨ ਗੁਣ ਹਨ: (੧) ਰਜ,(੨)ਤਮ,(੩)ਸਤ। ਓਹ ਇਨ੍ਹਾਂ ਤਿੰਨਾਂ ਸਰੂਪਾਂ ਤੋਂ ਰਹਿਤ ਤੇ ਪਾਵਨ ਸ਼ੁੱਧ ਸ੍ਵਰੂਪ ਹੈ। ਮਹਾਰਾਜ! ਜੇ ਉਹ ਮਨ ਦੇ ਧਿਆਨ ਵਿਚ ਨਾ ਆਇਆ, ਨਾ ਕੋਈ ਮੂਰਤ ਹੋਈ ਫਿਰ ਉਸ ਦੀ ਸੇਵਾ ਕਰਨ ਦਾ ਕੀ ਫਾਇਦਾ ਹੋਇਆ? ਮਹਾਰਾਜ ਫੁਰਮਾਉਂਦੇ ਹਨ:-

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ [ਜਪੁਜੀ, ਪੰਨਾ ੨

ਜਿਨ੍ਹਾਂ ਨੇ ਉਸ ਦੀ ਸੇਵਾ ਕੀਤੀ ਉਹਨਾਂ ਸਭ ਲੋਕਾਂ ਵਿਚ ਮਾਣ (ਇੱਜ਼ਤ) ਪਾਈ ਹੈ। ਹੁਣ ਉਸ ਦੀ ਸੇਵਾ ਕੀ ਹੈ?

ਜਨੁ ਰਾਤਾ ਹਰਿ ਨਾਮ ਕੀ ਸੇਵਾ ॥ [ਸੁਖਮਨੀ, ਪੰਨਾ ੨੬੫

ਨਾਨਕ ਪੂਜੈ ਹਰਿ ਹਰਿ ਦੇਵਾ ॥

ਉਸ ਦੀ ਸੇਵਾ ਨਾਮ ਜਪਣਾ ਹੈ ਤੇ ਦੂਜੀ ਸੇਵਾ ਹੈ ਉਸ ਦੇ ਹੁਕਮ ਤੇ ਰਜ਼ਾ ਵਿਚ ਚਲਣਾ।

ਗੋਬਿਦ ਕੀ ਐਸੀ ਕਾਰ. ਕਮਾਇ ॥ ਜੋ ਕਿਛੁ ਕਰੇ ਸੁ ਸਤਿ

ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥
ਕਾਰਣ ਕਰਤਾ ਜੋ ਕਰੈ ਸਿਰ ਧਰਿ ਮੰਨਿ ਕਰੈ ਸੁਖਰਾਇ ॥
[ਸਾਰਗ ਮਹਲਾ ੪, ਪੰਨਾ ੧੨੬੯
[ਭਾਈ ਗੁਰਦਾਸ ਵਾਰ ੧੯-੨੧

ਇਹ ਤਾਂ ਹੈ ਮਾਨਸਕ ਸੇਵਾ ਮਨ ਦੀ, ਹੁਣ ਸਰੀਰਕ ਸੇਵਾ ਕੀ ਹੋਈ ? ਸਤਿ ਸੰਗਤ ਦੀ ਸੇਵਾ, ਸੰਤਾਂ ਦੀ ਸੇਵਾ:—

ਸੰਤ ਹੇਤਿ ਪ੍ਰਭਿ ਤ੍ਰਿਭੁਵਣ ਧਾਰੇ ॥ [ਗਉੜੀ ਮ ੧, ਪੰਨਾ ੨੨੪

ਸੰਤ ਦੀ ਸੇਵਾ ਅਰ ਸੰਗਤ ਦੀ ਸੇਵਾ ਵਾਹਿਗੁਰੂ ਦੀ ਸੇਵਾ ਹੈ।

ਜਿਸੁ ਜਨ ਅਪਨਾ ਹੁਕਮੁ ਮਨਾਇਆ ॥
ਸਰਬ ਥੋਕ ਨਾਨਕ ਤਿਨਿ ਪਾਇਆ ॥ [ਸੁਖਮਨੀ, ਪੰਨਾ ੨੬੮
ਆਪੇ ਕਰੇ ਕਰਾਏ ਕਰਤਾ ਕਿਸਨੋ ਆਖਿ ਸੁਣਾਈਐ ॥
ਦੁਖੁ ਸੁਖ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥
[ਆਸਾ ਮ: ੧, ਪੰਨਾ ੪੧੮

ਜਿਸੁ ਠਾਕੁਰ ਸਿਉ ਨਾਹੀ ਚਾਰਾ ॥
ਤਾ ਕਉ ਕੀਜੈ ਸਦ ਨਮਸਕਾਰਾ ॥
ਜਿਸੁ ਜਨ ਅਪਨਾ ਹੁਕਮ ਮਨਾਇਆ ॥
ਸਰਬ ਥੋਕ ਨਾਨਕ ਤਿਨਿ ਪਾਇਆ ॥ [ਸੁਖਮਨੀ, ਪੰਨਾ ੨੬੮

ਜਿਸ ਨੂੰ ਆਪਣਾ ਹੁਕਮ ਮਨਾਇਆ, ਜੋ ਹੁਕਮ ਤੇ ਰਜ਼ਾ ਵਿਚ ਆ ਗਿਆ, ਉਸ ਨੂੰ ਸਭ ਕੁਝ ਤੇ ਸਾਰੀਆਂ ਬਖਸ਼ਿਸ਼ਾਂ ਮਿਲ ਗਈਆਂ।

ਜੇ ਧਨ ਕੋਲ ਹੈ ਤਾਂ ਗਰੀਬਾਂ ਨੂੰ ਵੰਡੇ:—

ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਾਹੁ ਪਛਾਣਹਿ ਸੇਇ ॥
[ਸਾਰੰਗ ਵਾਰ ਮ: ੪, ਪੰਨਾ ੧੨੪੫

ਪਰ ਹੋਵੇ ਸਿਰਫ ਵਾਹਿਗੁਰੂ ਦੇ ਨਮਿਤ । ਕੋਈ ਇੱਛਾ ਰਖਕੇ ਨਾ ਕੀਤਾ ਜਾਵੇ, ਬੱਸ ਸਰਬਤ ਦਾ ਭਲਾ ਮੰਗੇ ਤੇ ਸੇਵਾ ਕਰੇ

੩. ਦਾਨ ਦੇਵੇ:—

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥

[ਬਾਰਹ ਮਾਹ ਮਾਂਝ ਮ: ੫, ਪੰਨਾ ੧੩੬

ਜਿਨ੍ਹਾਂ ਨੇ ਮਨ, ਤਨ ਤੇ ਧਨ ਕਰਕੇ ਸੇਵਿਆ ਉਨ੍ਹਾਂ ਨੇ ਲੋਕ ਤੇ ਪ੍ਰਲੋਕ ਵਿਚ ਮਾਨ ਪਾਇਆ, ਇਸ ਲਈ ਗੁਣਾਂ ਦੇ ਨਿਧਾਨ ਨੂੰ ਹਮੇਂਸ਼ਾ ਗਾਵੀਏ। ਉਹ ਗੁਣਾਂ ਦਾ ਖਜ਼ਾਨਾ ਹੈ ਤੇ ਉਸਦੇ ਗੁਣ ਜੇ ਗਾਵਾਂਗੇ ਤਾਂ ਅਸਾਡੇ ਵਿਚ ਵੀ ਗੁਣ ਆ ਜਾਣਗੇ:—

ਗੁਨ ਗਾਵਤ ਤੇਰੀ ਉਤਰਸਿ ਮੈਲੁ ॥

ਬਿਨਸਿ ਜਾਇ ਹਉਮੈ ਬਿਖੁ ਫੈਲੁ ॥ [ਸੁਖਮਨੀ ਪੰਨਾ ੨੮੬

ਸਿਰਫ ਗਾਵੀਏ ਹੀ ਨਾ ਬਲਕਿ 'ਗਾਵੀਐ ਸੁਣੀਐ ਮਨਿ ਰਖੀਐ ਭਾਉ'। ਰਸਨਾਂ ਨਾਲ ਗਾਵੀਏ, ਕੰਨਾਂ ਨਾਲ ਸੁਣੀਏ ਤੇ ਮਨ ਵਿਚ ਉਸ ਦਾ ਪ੍ਰੇਮ ਭਾਵ ਰਖੀਏ:-

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ

ਤੂ ਸਾਹਿਬ ਗੁਣੀ ਨਿਧਾਨਾ ॥ [ਸ੍ਰੀ ਮਹਲਾ ੪ ਪੰਨਾ ੭੩੪

ਸਾਰੀ ਗੁਰਬਾਣੀ ਸਿਫਤ ਸਲਾਹ ਤੇ ਕੀਰਤਨ ਹੈ ਏਹ ਗੁਣ ਗਾਣੇ ਹੀ ਹਨ:-

ਗਲੀ ਗਲਾ ਸਿਰਜਣਹਾਰ ॥ [ਆਸਾ ਮ: ੧ ਪੰਨਾ ੩੫੧

ਜੇ ਤੂੰ ਗਲਾਂ ਕਰਨੀਆਂ ਹਨ ਤਾਂ ਸਿਰਜਣ ਹਾਰ ਦੀਆਂ ਹੀ ਕਰ। ਸੋ ਪ੍ਰੇਮ ਨਾਲ ਗੁਣ ਗਾਵੇ ਤੇ ਸੁਣੇ: 'ਗਾਵੀਐ ਸੁਣੀਐ ਮਨਿ ਰਖੀਐ ਭਾਉ'।

ਜੇ ਕੋਈ ਗਾਂਵਦਾ ਮਿਲ ਜਾਵੇ ਤਾਂ ਸੁਣੀਐ, ਜ਼ੋਰ ਨਾ ਕਰੀਏ ਕਿ ਮੈਂ ਹੀ ਕੀਰਤਨ ਕਰਨਾ ਹੈ ਤੇ ਜੇ ਸੁਣਨ ਵਾਲੇ ਮਿਲ ਜਾਣ ਤਾਂ ਗਾਵੀਏ। ਜੇ ਦੋਵੇਂ ਨਾ ਹੋਣ ਤਾਂ ਮਨ ਵਿਚ ਪ੍ਰੇਮ ਤੇ ਭਾਵ ਰਖੀਏ ਤੇ ਭਗਤੀ ਕਰੀਏ ਫਿਰ ਇਸ ਦਾ ਫਲ ਕੀ ਹੋਇਗਾ ? 'ਦੁਖ ਪਰਹਰਿ ਸੁਖ ਘਰਿ ਲੈ ਜਾਇ'।

ਦੁਖ ਤਾਂ ਪਰੇ ਹਰ (ਦੂਰ ਹੋ ਜਾਣਗੇ) ਦੁਖਾਂ ਦਾ ਪਰਹਾਰ

(ਨਾਸ਼) ਹੋ ਜਾਏਗਾ ਤੇ ਸੁਖਾਂ ਦਾ ਘਰ (ਨਿਜ ਘਰ) ਮਿਲ ਜਾਏਗਾ — ਦੁਖ ਦੇ ਜਿਉਂ ਜਿਉਂ ਉਸਦੀ ਗੁਰਬਾਣੀ ਪੜ੍ਹਾਂਗੇ ਤਿਉਂ ਤਿਉਂ ਦੁਖ ਸੁਖਾਂ ਹੁੰਦੇ ਜਾਣਗੇ ਤੇ ਸੁਖਾਂ ਦਾ ਘਰ ਮਿਲਦਾ ਜਾਏਗਾ । ਹੁਣ ਸੁਖਾਂ ਘਰ ਕਿਹੜਾ ਹੈ ? ਇਹ ਸੰਸਾਰ ਦੇ ਸੁਖ ਤਾਂ ਦੁਖਾਂ ਦੇ ਨਾਲ ਮਿਲੇ ਹੋਏ ਹਨ:-

ਹਰਖੰ ਤ ਸੋਗੰ ਭੋਗੰ ਤ ਰੋਗੰ ॥

[ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੫

ਇਸ ਲਈ ਨਿਰੋਲ ਸੁਖਾਂ ਦਾ ਭੰਡਾਰ ਤਾਂ ਸ੍ਰੀ ਵਾਹਿਗੁਰੂ ਜੀ ਹੈ, ਜਿਥੇ ਫਿਰ ਦੁਖ ਨਹੀਂ ਅਨੰਦ ਹੀ ਅਨੰਦ ਹੈ । ਇਹ ਲੋਕ ਹਨ, ਕੋਈ ਬ੍ਰਹਮਾ, ਕੋਈ ਵਿਸ਼ਨੂੰ, ਕੋਈ ਸ਼ਿਵਜੀ, ਕੋਈ ਲਛਮੀ ਦੇਵੀ, ਕੋਈ ਪਾਰਬਤੀ, ਕੋਈ ਦੇਵੀ ਸਰਸ੍ਵਤੀ ਦੀ ਪੂਜਾ ਕਰਦੇ ਹਨ। ਮਹਾਰਾਜ ਨੇ ਫੁਰਮਾਇਆ ਹੈ: ਭਾਈ ! ਜੋ ਇਨ੍ਹਾਂ ਛੋਆਂ ਦੀ ਪੂਜਾ ਕਰਨ ਤੋਂ ਮਿਲਣਾ ਹੈ ਉਹ ਸਭ ਸਤਿਗੁਰੂ ਦੀ ਸੇਵਾ ਤੋਂ ਮਿਲ ਜਾਂਦਾ ਹੈ, ਵਾਹਿਗੁਰੂ ਦੇ ਨਾਲ ਮਿਲਾਪ ਕਰਾਂਦਾ ਹੈ :-

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥

[ਜਪੁਜੀ, ਪੰਨਾ ੨

ਗੁਰੂ ਦੇ ਮੁਖ ਵਿਚ ਹੀ ਯੋਗ, ਜਿਤਨੀ ਯੋਗ ਵਿਦਿਆ ਹੈ ਉਹ ਬੀ ਗੁਰੂ ਜੀ ਕੀ ਰਸਨਾਂ ਵਿਖੇ ਹੈ, ਫਿਰ ਜਿਤਨੇ ਵੇਦਾਂ ਦੀ ਵਿਦਿਆ ਹੈ ਓਹ ਵੀ ਓਥੇ ਹੀ ਹੈ ਤੇ ਵਾਹਿਗੁਰੂ ਆਪ ਉਨ੍ਹਾਂ ਦੀ ਰਸਨਾਂ ਵਿਚ ਸਮਾ ਰਿਹਾ ਹੈ :-

ਸਭਿ ਨਾਦ ਬੇਦ ਗੁਰਬਾਣੀ ॥
ਮਨੁ ਰਾਤਾ ਸਾਰਿਗ ਪਾਣੀ ॥

[ਰਾਮਕਲੀ ਮ: ੧, ਪੰਨਾ ੯੪੬

ਮਹਾਰਾਜ ਨਾਦ ਵਿਦਿਆ ਦੇ ਮਾਲਕ ਹੋਣੇ ਤੇ ਸਤਿਗੁਰੂ ਹੀ ਸ਼ਿਵ ਹੈ, ਗੋਰਖ (ਵਿਸ਼ਨੂੰ), ਬ੍ਰਹਮਾ, ਪਾਰਬਤੀ, ਮਾ (ਮਾਇਆ) ਹੈ, ਈ ਸਰਸ੍ਵਤੀ ਹੈ, ਏਹ ਸਭ ਕੁਛ ਗੁਰੂ ਹੀ ਹੈ, ਗੁਰੂ ਕੀ ਮਹਿਮਾ ਕੌਣ ਜਾਣੇ:—

ਗੁਰ ਕੀ ਮਹਿਮਾ ਬੇਦ ਨ ਜਾਣਹਿ ॥
ਤੁਛ ਮਾਤ ਸੁਣਿ ਸੁਣਿ ਵਖਾਣਹਿ ॥

[ਮਾਰੂ ਸੋਲਹੇ ਮ: ੫ ਪੰਨਾ ੧੦੭੬

ਗੁਰੂ ਦੀ ਮਹਿਮਾ ਕੋਈ ਨਹੀਂ ਜਾਣਦਾ, ਇਸ ਲਈ 'ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ'। ਜੇ ਮੈਂ ਜਾਣਾਂ ਤਾਂ ਕੀ ਨਾ ਆਖਾਂ, ਉਨ੍ਹਾਂ ਦੀ ਮਹਿਮਾਂ ਕਥਨ ਵਿਚ ਆ ਹੀ ਨਹੀਂ ਸਕਦੀ, ਤਾਂ ਤੇ ਗੁਰੂ ਦੀ ਸ਼ਰਨ ਵਿਚ ਆ ਕੇ ਬੇਨਤੀ ਕਰੀਏ : 'ਗੁਰਾ ਇਕ ਦੇਹਿ ਬੁਝਾਈ'।

ਹੇ ਮਹਾਰਾਜ ! ਹੇ ਸਤਿਗੁਰ ਜੀ ! ਇਕ ਬੂਝ ਮੈਨੂੰ ਦੇਹੋ, ਇਕ ਗਿਆਨ ਮੈਨੂੰ ਬਖਸ਼ੋ, ਉਹ ਕੀ ਹੈ ? 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ'।

ਜੋ ਸਭਨਾਂ ਜੀਆ ਦਾ ਦਾਤਾ ਹੈ, ਤੇ ਇਕ ਹੈ, ਉਹ ਮੈਨੂੰ ਭੁਲੇ ਨਾ, ਇਹ ਜੇਹੀ ਮੈਨੂੰ ਬੂਝ ਪਾ ਦੇਹੋ, ਨਾ ਦਾਤਾ ਭੁੱਲੇ, ਨਾ ਦੂਜੇ ਕੋਲ ਜਾਣਾ ਪਵੇ:—

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥

[ਵਾਰ ਵਡਹੰਸ ਮ: ੪-੧੦ ਪੰਨਾ ੫੯੦

ਈਸਰ ਗੌਰਖ ਆਦਿ ਛੇਆਂ ਦੇ ਗੁਣ ਇਸ ਪ੍ਰਕਾਰ ਹਨ:- ਬ੍ਰਹਮਾ-ਉਤਪਤੀ, ਵਿਸ਼ਨੂੰ-ਪਾਲਨਾਂ, ਸ਼ਿਵ-ਸੰਘਾਰ, ਪਾਰਬਤੀ-ਵਰ ਦੇਂਦੀ ਹੈ, ਲਖਸ਼ਮੀ—ਧਨ ਦੇਂਦੀ ਹੈ, ਸਰਸ੍ਵਤੀ-ਵਿਦਿਆ ਦੇਂਦੀ ਹੈ ।

(੧) ਸਿਖ ਦੇ ਹਿਰਦੇ ਵਿਚ ਦੈਵੀ ਗੁਣਾਂ ਦੀ ਉਤਪਤੀ ਆਪ ਗੁਰੂ ਕਰਦੇ ਹਨ ਤਾਂ ਤੇ ਸਤਿਗੁਰ ਹੀ ਬ੍ਰਹਮਾ ਹੈਨ ।

(੨) 'ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ

ਗੁਰੁ ਸਦਾ ਦਇਆਲ ॥' ਇਸ ਲਈ ਗੁਰੂ ਹੀ ਗੋਰਖ (ਵਿਸ਼ਨੂੰ) ਹੈ।

(੩) ਜਿਤਨੀਆਂ ਬਦੀਆਂ, ਖੋਟ ਸੰਸਕਾਰ ਤੇ ਵਿਕਾਰ ਹਨ, ਸਭ ਗੁਰੂ ਕੀ ਸੰਗਤ ਨਾਲ ਨਾਸ਼ ਹੋ ਜਾਂਦੇ ਹਨ, ਇਸ ਲਈ ਗੁਰੂ ਸ਼ਿਵ ਜੀ ਹੈ ।

(੪) 'ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾਕੈ ਵਸਿ ਹੈ ਕਾਮ ਧੇਨਾ' ॥ ਗੁਰੂ ਪਾਰਬਤੀ ਦੇ ਵਾਂਗੂ ਸਦਾ ਹੀ ਸਿਖਾਂ ਨੂੰ ਵਰ ਬਖਸ਼ਦੇ ਹਨ ਤਾਂ ਤੇ ਪਾਰਬਤੀ ਰੂਪ ਹਨ ।

(੫) ਅਗਿਆਨ, ਤ੍ਰਿਸ਼ਨਾਂ ਤੇ ਆਸਾ ਦਾ ਦਲਿਦ੍ਰ ਸਤਿਗੁਰੂ ਦੂਰ ਕਰਕੇ ਧਨਵੰਤ ਕਰ ਦੇਂਦੇ ਹਨ ਤਾਂ ਤੇ ਲਛਮੀ ਰੂਪ ਹਨ ।

(੬) ਸਤਿਗੁਰੂ ਬ੍ਰਹਮ ਵਿਦਿਆ ਬਖਸ਼ਦੇ ਹਨ । ਤੇ ਸਰਸ੍ਵਤੀ ਰੂਪ ਹਨ ।

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਸਿਖ ਸੁਣੀ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰਿ ਨ ਜਾਈ ॥ ੬ ॥**

ਪਿਛਲੀ ਪੌੜੀ ਵਿਚ ਦੱਸਿਆ ਹੈ ਕਿ ਸਤਿਗੁਰੂ ਜੀ ਸਾਖਯਾਤ ਵਿਸ਼ਨੂੰ, ਸ਼ਿਵਜੀ, ਬ੍ਰਹਮਾ ਤੇ ਤਿੰਨਾਂ ਦੇਵੀਆਂ ਦੀਆਂ ਸ਼ਕਤੀਆਂ ਰਖਦੇ ਹਨ, ਤੇ ਇਹ ਸ਼ਕਤੀਆਂ ਸਭ ਸਤਿਗੁਰੂ ਵਿਚ ਹਨ। ਹੁਣ ਜਿਥੇ ਜਿਥੇ ਇਨ੍ਹਾਂ ਤਿੰਨਾਂ ਨੇ ਤਪ ਕੀਤੇ ਉਨ੍ਹਾਂ ਜਗਾ

ਨੂੰ ਤੀਰਥ ਆਖਦੇ ਹਨ, ਸੋ ਕਈਆਂ ਦਾ ਖਿਆਲ ਹੈ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮੁਕਤ ਹੋ ਜਾਵਾਂਗੇ । ਮਹਾਰਾਜ ਫ਼ੁਰਮਾਂਦੇ ਹਨ 'ਤੀਰਥਾਂ ਤੇ ਨ੍ਹਾਵਾਂ ਪਰ ਜੇ ਉਸ ਵਾਹਿਗੁਰੂ ਨੂੰ ਭਾਵਾਂ ਤੇ ਬਗੈਰ ਉਸ ਨੂੰ ਭਾਏ ਤੋਂ ਇਸ਼ਨ ਨ ਕਰਕੇ ਕੀ ਕਰਾਂ ? ਜਿਵੇਂ ਸਿਫ਼ਰਾਂ ਇੱਕੇ ਤੋਂ ਬਗੈਰ, ਤੇ ਜੰਞ ਲਾੜੇ ਤੋਂ ਬਿਨਾਂ ਕਿਸੇ ਕੰਮ ਨਹੀਂ, ਇਸੇ ਤਰ੍ਹਾਂ ਬਗੈਰ ਉਸਦੀ ਭਾਵਨਾਂ ਤੋਂ ਤੀਰਥ ਇਸ਼ਨਾਨ ਕਿਸੇ ਕੰਮ ਦਾ ਨਹੀਂ ਤੇ ਨਾਲ ਹੀ ਚਿਤ ਸ਼ੁਧ ਹੋਣ ਤੋਂ ਬਗੈਰ ਬਾਹਰਲੇ ਨ੍ਹਾਵਨ ਦਾ ਕੀ ਲਾਭ ਹੈ? ਚਿਤ ਦੀ ਸ਼ੁਧੀ ਤੋਂ ਬਿਨਾ. ਵਾਹਿਗੁਰੂ ਦੇ ਪ੍ਰਮ ਤੋਂ ਬਗੈਰ, ਤੀਰਥਾਂ ਦਾ ਇਸ਼ਨਾਨ ਕਿਸੇ ਕੰਮ ਨਹੀਂ । ਚਿਤ ਦੀ ਸ਼ੁਧੀ ਨਾਲ ਤੀਰਥਾਂ ਦਾ ਇਸ਼ਨਾਨ ਸਫਲ ਹੈ ਜੇ ਚਿਤ ਦੀ ਸ਼ੁਧੀ ਨਹੀਂ ਤਾਂ ਤੀਰਥ ਇਸ਼ਨਾਨ ਕੋਈ ਗੁਣ ਨਹੀਂ ਕਰੇਗਾ ।

ਜਿਤਨੀ ਸਿਸ਼ਟੀ ਹੈ ਤੇ ਉਸ ਵਿਚ ਜਿਤਨੇ ਜੀਵ ਹਨ ਸਭ ਨੂੰ ਬਗੈਰ ਕਰਮਾਂ ਤੋਂ ਕੁਛ ਨਹੀਂ ਮਿਲਦਾ .—

'ਰਤਨ ਜਨਮੁ ਇਹੁ ਸਫਲ ਭਇਆ ॥
ਕਹੁ ਨਾਨਕ ਪ੍ਰਭ ਕਰੀ ਮਇਆ ॥'

[ਆਸਾ ਮਹਲਾ ੫, ਪੰਨਾ ੩੮੭

'ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥
ਛਤੀਹ ਅੰਮ੍ਰਿਤ ਭੋਜਨੁ ਖਾਣਾ ॥' [ਮਾਝ ਮ: ੫, ਪੰਨਾ ੧੦੦

'ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥
ਅੰਤਰਿ ਥਾਨ ਠਹਰਾਵਨ ਕਉ ਕੀਏ ॥
ਬਸੁਧਾ ਦੀਓ ਬਰਤਨਿ ਬਲਨਾ ॥
ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥'

[ਰਾਮਕਲੀ ਮਹਲਾ ੫, ਪੰਨਾ ੯੧੩

ਜਿਤਨੀ ਸ੍ਰਿਸ਼ਟੀ ਨਜ਼ਰ ਆਂਦੀ ਹੈ, ਬਿਨਾਂ ਕ਼ਰਮਾਂ ਦੇ ਮਿਲੇ ਕਿਆ ? ਤੇ ਲਈਏ ਕੀ ? ਬਗ਼ੈਰ ਬੀਜ ਤੋਂ ਫਲ ਕਿਵੇਂ ? ਇਸ ਲਈ ਨੇਕ ਕਰਮ ਕਰਨੇ ਚਾਹੀਦੇ ਹਨ .—

'ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥'
[ਗਉੜੀ ਮ ੧, ਪੰਨਾ ੧੫੪

ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥' [ਆਸਾ ਕਬੀਰ ਜੀ, ਪੰਨਾ ੪੭੯

ਨੇਕ ਕਰਮ ਕਰਨ ਤੋਂ ਸ਼ਰਮ ਨਹੀਂ ਕਰਨਾ, ਬਿਨਾਂ ਬੀਜ ਤੋਂ ਕਿਸੇ ਨੂੰ ਮਿਲਸੀ ਕੀ ? ਤੇ ਲੈਸੀ ਕੀ ? ਭਾਵ ਬਿਨਾਂ ਸ਼ੁਭ ਕਰਮਾਂ ਦੇ ਕੀਤੇ ਕੀ ਮਿਲੇਗਾ ? ਤੇ ਲਏਗਾ ਕੀ ? ਹੁਣ ਸ਼ੁਭ ਕਰਮ ਕੀ ਹਨ ? ਨੇਕੀਆਂ ਕਰਨੀਆਂ, ਦਾਨ ਦੇਣਾ, ਜੋ ਦਾਨ ਨਹੀਂ ਕਰ ਸਕਦਾ ਉਹ ਸ਼ੁਭ ਸੰਕਲਪ ਹੀ ਕਰੇ, ਕਿਸੇ ਦਾ ਬੁਰਾ ਨਾ ਚਿਤਵੇ। ਮਨ, ਬਾਣੀ, ਸ਼ਰੀਰ ਕਰਕੇ ਕਿਸੇ ਦਾ ਬੁਰਾ ਨਾ ਕਰੇ :—

'ਤੇਰੇ ਭਾਣੇ ਸਰਬਤ ਕਾ ਭਲਾ ॥'
[ਅਰਦਾਸ

'ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ ਸਿਆਣਪ ਕਛੂ ਨ ਆਵੈ ॥' [ਸੋਰਠਿ ਮ: ੫, ਪੰਨਾ ੬੨੬

ਹੇ ਦਾਤਾ ! ਕਿਰਪਾ ਕਰਕੇ ਮੇਰੇ ਪਾਸੋਂ ਓਹ ਕੰਮ ਕਰਾਉਣਾ ਜੋ ਆਪ ਨੂੰ ਚੰਗਾ ਲਗੇ, ਮੈਨੂੰ ਤਾਂ ਕੁਛ ਪਤਾ ਨਹੀਂ । ਤੀਰਥ ਤਦ ਹੀ ਸਫਲ ਹੈ ਜੇ ਗੁਰਾਂ ਕੀ ਭਗਤੀ ਹੈ ।

'ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥'
[ਵਾਰ ਮਾਝ ਮਹਲਾ ੧, ਪੰਨਾ ੧੪੭

ਅਸਲੀ ਤੀਰਥ ਗੁਰੂ ਦੀ ਸ਼ਰਨ ਹੈ ਤੇ ਸਭੇ ਤੀਰਥ ਗੁਰੂ ਦੇ ਚਰਨਾਂ ਵਿਚ ਹੈਨ। ਦੂਸਰਾ ਤੀਰਥ ਹੈ ਸੇਵਾ, ਗੁਰੂ ਦੀ ਸੇਵਾ ਕਰਨੀ।

'ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ॥'
[ਵਾਰ ਵਡਹੰਸ ਮਹਲਾ ੩ ਪੰਨਾ ੫੯੩

ਇਹ ਪਰਮ ਤੀਰਥ ਹੈ ਇਸ ਲਈ ਨਿਤ ਨਿਯਮ, ਗੁਰੂ ਤੇ ਮਾਤਾ ਪਿਤਾ ਦੀ ਸੇਵਾ ਜ਼ਰੂਰੀ ਕਰਨੀ ਚਾਹੀਦੀ ਹੈ :—

'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥'
[ਆਸਾ ਮਹਲਾ ੩, ਪੰਨਾ ੪੨੩

'ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥'
[ਵਡਹੰਸ ਮਹਲਾ ੩, ਪੰਨਾ ੫੫੮

ਅਤੇ ਇੰਦਰੀਆਂ ਦਾ ਨਿਗ੍ਰਹ ਕਰੋ ਭਾਵ ਬਦੀਆਂ ਤੋਂ ਇੰਦਰੀਆਂ ਨੂੰ ਬਚਾ ਕੇ ਰਖੋ :—

'ਹਉ ਤਿਸ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥
ਹਉ ਤਿਸ ਘੋਲ ਘੁਮਾਇਆ ਪਰ ਨਾਰੀ ਦੈ ਨੇੜ ਨ ਜਾਵੈ ॥'
[ਭਾਈ ਗੁਰਦਾਸ ਵਾਰ ੧੨-੪

'ਸਾਧ ਸੰਗਿ ਮਿਟਿ ਜਾਤ ਬਿਕਾਰ ॥
ਸਭ ਤੇ ਊਚ ਏਹੋ ਉਪਕਾਰ ॥'
[ਗਉੜੀ ਮ: ੫, ਪੰਨਾ ੧੯੮

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥'
੧. ਇਕ ਹੈ, ੨. ਸਭਨਾ ਜੀਆਂ ਦਾ ਹੈ, ੩. ਉਹ ਦਾਤਾ ਹੈ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥
ਨਉ ਨਿਧਿ ਤੇਰੈ ਅਖੁਟ ਭੰਡਾਰਾ ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥
[ਮਾਝ ਮਹਲਾ ੫, ਪੰਨਾ ੯੭

ਅਸਲ ਵਿਚ ਉਹ ਹੀ ਮਾਤਾ ਪਿਤਾ ਹੈ:—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
[ਮਾਝ ਮਹਲਾ ੫, ਪੰਨਾ ੧੦੩

ਭੁਲੇਖਾ ਕਿਥੇ ਲਗੇਗਾ ?

ਵਿਚਹੁ ਗਰਭੈ ਨਿਕਲਿ ਆਇਆ ॥
ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥
ਆਵੈ ਜਾਇ ਭਵਾਈਐ ਜੋਨੀ ਰਹਣੁ ਨ ਕਤਹੀ ਥਾਇ ਭਇਆ ॥
[ਮਾਰੂ ਮਹਲਾ ੫, ਪੰਨਾ ੧੦੦੭

ਜੋਨਿ ਛਾਡਿ ਜਉ ਜਗ ਮਹਿ ਆਇਓ ॥
ਲਾਗਤ ਪਵਨ ਖਸਮੁ ਬਿਸਰਾਇਓ ॥
[ਗਉੜੀ ਕਬੀਰ ਜੀ, ਪੰਨਾ ੩੩੭

ਹਰ ਕੋਈ ਬਗੈਰ ਵਿਤਕਰੇ ਆਖ ਸਕਦਾ ਹੈ ਕਿ ਉਹ ਮੇਰਾ ਹੈ 'ਪਿਤਾ', ਉਹ ਸਭ ਦਾ ਸਾਂਝਾ ਹੈ ।

ਹੇ ਜੋਗੀਓ ! ਤੀਰਥਾਂ ਦਾ ਇਸ਼ਨਾਨ ਵਾਹਿਗੁਰੂ ਦੀ ਪ੍ਰਸੰਨਤਾ ਤੇ ਪ੍ਰੇਮ ਲਈ ਸੀ ਜੇ ਉਹ ਪ੍ਰਸੰਨ ਨਾ ਹੋਇਆ ਤਾਂ ਤੀਰਥਾਂ ਦੇ ਇਸ਼ਨਾਨ ਕਰਨ ਦਾ ਕੀ ਫਾਇਦਾ ? ਤੇ ਜਿਤਨੀ ਸ੍ਰਿਸ਼ਟੀ ਵਾਹਿਗੁਰੂ ਦੀ ਹੈ ਇਸ ਵਿਚ ਬਗ਼ੈਰ ਬੀਜਣ ਤੋਂ ਕੁਛ ਨਹੀਂ ਮਿਲਦਾ ਬਿਨਾਂ ਸ਼ੁਭ ਕਰਮ ਕੀਤੇ ਤੋਂ ਮਿਲੇ ਕੀ ਤੇ ਲੈਣਾ ਕੀ ? ਸੋ ਭਾਈ ਸਦਾ ਹੀ ਸ਼ੁਭ ਕਰਮ ਕਰਨੇ ਚਾਹੀਏ ।

ਮਤਿ ਵਿਚ ਰਤਨ ਹੈ,ਜਵਾਹਰ ਹੈ ਤੇ ਮਾਣਕ ਹੈ।(੧) ਰਤਨ = ਵੈਰਾਗ, ਸੰਸਾਰ ਦਾ ਰਾਗ ਟੁਟਕੇ ਵਾਹਿਗੁਰੂ ਨਾਲ ਪ੍ਰੇਮ ਲਗ ਜਾਵੇ। ਰਤਨ = (ਜਿਸ ਵਿਚ ਰਤੀ ਭਾਵ ਮਾਇਆ ਦੀ ਪ੍ਰੀਤੀ ਨਾ ਹੋਵੇ)। (੨) ਜਵਾਹਰ = ਰਜਾਨਾ। ਜਵ' ਨਾਮ ਹੈ ਜੋ ਵੇਗ ਚੌਰਾਸੀ ਦੇ ਲਵੇ ਭਾਵ ਗਜਾਨ। (੩) ਮਾਣਕ = ਸ਼ੁਵਨ, ਮੰਨਣ ਤੇ ਨਿਧਜਾਸਨ। ਮਾਣਕ (ਭੂਸ਼ਨ) ਗਹਿਣੇ ਹੁੰਦੇ ਹਨ, ਜਿਨ੍ਹਾਂ ਤੋਂ ਸੁੰਦਰਤਾ ਹੁੰਦੀ ਹੈ।

ਇਹ ਸਾਰੀਆਂ ਚੀਜ਼ਾਂ ਉਸ ਨੂੰ ਮਿਲਣਗੀਆਂ ਜੋ ਗੁਰੂ ਦੀ ਸਿਖਜਾ ਸੁਣੇਗਾ। ਜਿਸ ਤਰ੍ਹਾਂ ਜ਼ਮੀਨ ਵਿਚ ਖਜ਼ਾਨਾ ਹੋਵੇ ਪਰ ਪਤਾ ਨਾ ਹੋਵੇ ਤਾਂ ਕੀ ਫਾਇਦਾ ? ਇਸੇ ਤਰ੍ਹਾਂ ਮਤਿ ਵਿਚ ਏਹ ਖਜ਼ਾਨੇ ਹਨ। ਪਰ :—

'ਰਤਨੁ ਜਵੈਹਰੁ ਲਾਲੁ ਹਰਿਨਾਮਾ ਗੁਰਿ ਕਾਢਿ ਤਲੀ
ਦਿਖਲਾਇਆ ॥ [ਰਾਮਕਲੀ ਮਹਲਾ ੪, ਪੰਨਾ ੮੮੦

ਜਦੋਂ ਗੁਰੂ ਪ੍ਰਗਟ ਕਰ ਦੇਵੇ ਤਾਂ ਹੀ ਸੋਝੀ ਪੈਂਦੀ ਹੈ। ਅੰਦਰ ਹੀ ਸਭ ਕੁਛ ਹੈ ਪਰ ਗਿਆਨ ਤੋਂ ਬਿਨਾਂ ਆਦਮੀ (ਜੀਵ) ਦੁਖੀ ਹੈ। ਸੋ ਐਸੇ ਗੁਰੂ, ਜਿਸ ਦੀ ਕ੍ਰਿਪਾ ਨਾਲ ਅੰਦਰ ਦੇ ਰਤਨ, ਜਵਾਹਰ ਤੇ ਮਾਣਕ ਪ੍ਰਗਟ ਹੁੰਦੇ ਹਨ, ਉਸ ਅਗੇ ਬੇਨਤੀ ਕਰੋ ਕਿ ਹੇ ਦਾਤਾ ! ਮੈਨੂੰ ਇਕ ਬੂਝ ਬੁਝਾ ਦੇਵੋ ਕਿ ਜੋ ਇਕ ਹੈ, ਤੇ ਸਭਨਾਂ ਜੀਆਂ ਦਾ ਦਾਤਾ ਹੈ, ਉਹ ਕੁੱਲੇ ਨਾ।

ਹੁਣ ਜੋਗੀਆਂ ਆਖਿਆ: "ਹੇ ਮਹਾਰਾਜ ! ਜੇ ਤੁਸੀ ਜੋਗ ਨਾਲ ਸੁਆਸ ਦਸਵੇਂ ਦੁਆਰ ਚੜ੍ਹਾ ਲਵੋ ਤਾਂ ਕਾਲ ਆਪ ਦੇ ਨੇੜੇ

ਨਹੀਂ ਆਵੇਗਾ ਤੇ ਜਿਤਨੀ ਚਾਹੋ ਉਮਰ ਵਧਾ ਲਵੋ, ਤੇ ਆਪ ਦੀ ਬੜੀ ਮਹਿਮਾ ਤੇ ਕੀਰਤੀ ਹੋਵੇਗੀ, ਦੁਨੀਆਂ ਵਿਚ ਆਪ ਦਾ ਨਾਮ ਮਸ਼ਹੂਰ ਹੋ ਜਾਏਗਾ ਤੇ ਪੂਜਾ ਹੋਏਗੀ। ਬਾਬੇ ਨੇ ਜਵਾਬ ਦਿਤਾ ਕਿ ਜੇ ਮਸ਼ਹੂਰ ਹੋ ਗਏ, ਲੱਕਾਂ ਪੂਜਾ ਕੀਤੀ ਤੇ ਉਮਰ ਵਧਾ ਲਈ ਤਾਂ ਅਸਾਂ ਨੂੰ ਪ੍ਰਾਪਤ ਕੀ ਹੋਇਆ ? ਉਲਟਾ ਮਾਨ ਤੇ ਹੰਕਾਰ ਦੇ ਵਧ ਜਾਣ ਦਾ ਖ਼ਤਰਾ ਹੈ। ਜਿਸ ਕੰਮ ਲਈ ਤੁਸਾਂ ਰਾਜ ਛਡਕੇ ਖੱਪਰ ਫੜ ਲਏ, ਉਹ ਕੰਮ ਤਾਂ ਵਿਚੇ ਹੀ ਰਿਹਾ, ਬਣਿਆ ਕੀ ?

**ਜੇ ਸੁਰਾ ਚਾਰੇ ਆਰਜਾ ਹੋਰ ਦਸੂਣੀ ਹੋਇ ॥**
**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ**
**ਕੋਇ ॥ ਚੰਗਾ ਨਾਉ ਰਖਾਇਕੈ ਜਸੁ ਕੀਰਤਿ**
**ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ**
**ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ**
**ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ**
**ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ**
**ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥**

'ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥'

ਜੇ ਚਾਰੇ ਜੁਗਾਂ ਜਿੰਨੀ ਉਮਰ ਤੇ ਭਾਵੇਂ ਇਸ ਤੋਂ ਦਸ ਗੁਣਾਂ ਹੋਰ ਹੋ ਗਈ ਤਾਂ ਕੀ ਫਾਇਦਾ ? ਜੇ ਮਨ ਵਿਚ ਸ਼ਾਂਤੀ ਨਾ ਆਈ ਤਾਂ ਕੀ ਲਾਭ ਹੋਇਆ ? ਪ੍ਰਿਥਵੀ ਦੇ ਜੋ ਨੌਂ ਖੰਡ (ਟੁਕੜੇ) ਹਨ ਇਨ੍ਹਾਂ ਵਿਚ ਮਸ਼ਹੂਰੀ ਹੋ ਜਾਵੇ, ਸਭ ਕੋਈ ਪਿਛੇ ਪਿਛੇ ਚਲੇ, ਤੇ ਚੰਗਾ ਨਾਉਂ ਕਰਕੇ ਸਾਰੇ ਜਗ ਦਾ ਯਸ ਤੇ ਕੀਰਤੀ ਵੀ ਹਾਸਲ ਕਰ ਲਵੇ।

ਜਸ ਤੇ ਕੀਰਤੀ ਦਾ ਕੀਹ ਫਰਕ ਹੈ ?

ਜਸ = ਜੋ ਸਾਹਮਣੇ ਕਿਸੇ ਦੇ ਕੀਤਾ ਜਾਵੇ ।
ਕੀਰਤੀ = ਜੋ ਕੰਢ ਤੋਂ ਪਿਛੇ ਯਸ਼ ਕੀਤਾ ਜਾਵੇ ।

ਹਾਂ, ਲੋਕਾਂ ਦੀ ਪੂਜਾ, ਅਤਿ ਉੱਚਾ ਨਾਉਂ, ਜਸ ਤੇ ਕੀਰਤੀ ਹਾਸਲ ਹੋ ਜਾਵੇ, ਪਰ ਜੇ ਵਾਹਿਗੁਰੂ ਦੀ ਨਦਰ ਹੇਠ ਨਹੀਂ ਆਇਆ ਤਾਂ ਕਿਸੇ ਨੇ ਵਾਤ ਹੀ ਨਹੀਂ ਪੁਛਣੀ । ਇਹ ਉਹ ਨਦਰ ਹੈ 'ਨਾਨਕ ਨਦਰੀ ਨਦਰਿ ਨਿਹਾਲ'; ਇਹ ਉਹ ਨਦਰ ਹੈ 'ਨਾਨਕ ਨਦਰੀ ਕਰਮੀ ਦਾਤਿ' ; ਇਹ ਉਹ ਨਦਰ ਹੈ ਜੋ ਅੱਕਾਂ ਦੀਆਂ ਖੱਖੜੀਆ ਨੂੰ ਅੰਮ੍ਰਿਤ ਬਣਾ ਦੇਂਦੀ ਹੈ ।

ਹਾਂ, ਤਾਂ ਉਹ ਨਰਕਾਂ ਵਿਚ ਜਾਏਗਾ ਤੇ ਕੀੜਿਆਂ ਦੀ ਜੂਨੀ ਵਿਚ ਪਏਗਾ ਤੇ ਦੋਸ਼ੀ ਭੀ ਉਸ ਨੂੰ ਦੋਸ਼ ਲਾਉਣਗੇ ਕਿ ਭਾਈ ਅਸੀਂ ਤਾਂ ਪਾਪੀ ਸਾਂ, ਇਹ ਸਾਧੂ ਬਣਕੇ, ਸੰਤ ਅਖਵਾਕੇ ਤੇ ਸਿਖ ਬਣਕੇ ਬੁਰੇ ਕਰਮ ਕਰਦਾ ਸੀ, ਉਤੋਂ ਸੰਤ ਸੀ ਤੇ ਵਿਚੋਂ ਠੱਗ ਸੀ ।

'ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ।।'

[ਸਿਰੀ ਰਾਗ ਮਹਲਾ ੧, ਪੰਨਾ ੧੭

ਤਾਂ ਤੇ ਵਾਹਿਗੁਰੂ ਅਗੇ, ਹੇ ਜੋਗੀਓ ! ਅਰਦਾਸ ਕਰੋ: 'ਹੇ ਵਾਹਿਗੁਰੂ ਤੂੰ ਨਿਰਗੁਣਿਆ ਨੂੰ ਗੁਣੀ ਕਰਨ ਵਾਲਾ ਹੈ ।'

'ਨਿਰਗੁਨੀਆਰੇ ਗੁਨੁ ਨਹੀਂ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥'

[ਸੋਰਠਿ ਮਹਲਾ ੫, ਪੰਨਾ ੬੧੩

'ਤੁਸੀਂ ਗੁਣੀਆਂ ਨੂੰ ਹੋਰ ਗੁਣ ਬਖਸ਼ਣ ਵਾਲੇ ਹੋ । ਹੇ ਦਾਤਾ ! ਮੈਨੂੰ ਵੀ ਗੁਣ ਬਖਸ਼ੋ ।'

'ਵਿਣੁ ਗੁਣ ਕੀਤੇ ਭਗਤਿ ਨ ਹੋਇ ।।' [ਜਪੁਜੀ, ਪੰਨਾ ੪

'ਪਾਤਸ਼ਾਹ ! ਮੈਂ ਨਿਰਗੁਣੀਆਰਾ ਹਾਂ; ਮੈਨੂੰ ਗੁਣੀ ਕਰੋ ਤੇ ਹੇ ਦਾਤਾ ! ਮੈਨੂੰ ਇਹੋ ਜਿਹਾ ਕੋਈ ਨਹੀਂ ਸੁਝਦਾ ਜੋ ਆਪ ਨੂੰ ਗੁਣ ਕਰੇ ਯਾ ਜੋ ਉਸ ਵਾਹਿਗੁਰੂ ਨੂੰ ਗੁਣ ਦੇਵੇ ਤੇ ਗੁਣੀ ਬਣਾਵੇ । ਉਹ ਆਪ ਗੁਣਾਂ ਦਾ ਖਜ਼ਾਨਾ ਹੈ ਤੇ ਬਾਕੀ ਸਭ ਯਾਚਕ ਹਨ ।'

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੁਖ ਪਾਪ ਕਾ ਨਾਸੁ ॥੮॥

ਭਗਤ ਕੌਣ ਹਨ ? ਜੋ ਵਾਹਿਗੁਰੂ ਦੀ ਭਗਤੀ ਕਰਦੇ ਹਨ। ਭਗਤੀ ਨੌਂ ਪ੍ਰਕਾਰ ਦੀ ਹੈ :—

ਸ਼੍ਰਵਣੰ, ਕੀਰਤਨੰ, ਵਿਸ਼ਨੋ ਸਿਮਰਨ, ਪਾਦ ਸੇਵਨੰ।
ਅਰਚਨੰ, ਬੰਦਨੰ, ਦਾਸਯ, ਸਖਯਾਤਮ, ਨਿਵੇਦਨੰ।

(੧) ਸ਼੍ਰਵਣ, (੨) ਮੰਨਣ, (੩) ਸ਼ਰਧਾ, (੪) ਕੀਰਤਨ, (੫) ਸਿਮਰਨ, (੬) ਪਾਦ ਸੇਵਨ, (੭) ਨਿਵੇਦਨ, (੮) ਅਰਚਾ, (੯) ਦਾਸਤ ਭਾਵ।

(੧) ਸ਼੍ਰਵਣ, (੨) ਸਿਮਰਣ (ਯਾਦ), (੩) ਕੀਰਤਨ, (ਗੁਰਬਾਣੀ ਦਾ ਪਾਠ, ਆਸਾ ਦੀ ਵਾਰ ਦਾ ਕੀਰਤਨ ਪ੍ਰੇਮ ਨਾਲ), (੪) ਸਤਿਗੁਰ ਦੇ ਚਰਨਾਂ ਦੀ ਸੇਵਾ ਚਰਨਾਂ ਦਾ ਧਿਆਨ, ਚਰਨਾਂ ਦੀ ਧੂੜ ਮਸਤਕ ਪਰ ਲਾਉਣੀ। (ਇਸੇ ਤਰ੍ਹਾਂ ਬਾਕੀ ਸਮਝਣੇ)।

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥
[ਦੇਵਗੰਧਾਰੀ ਮਹਲਾ ੫, ਪੰਨਾ ੫੩੪

ਗੁਰ ਕੇ ਚਰਨ ਰਿਦੈ ਉਰਿਧਾਰੇ ॥ [ਗੌਡ ਮਹਲਾ ੫, ਪੰਨਾ ੮੬੫

ਸਿਧ–ਜਿਸਦੇ ਤਾਬਿਆ ਵਿਚ ੧੮ ਸਿਧੀਆਂ ਹੋਣ ਇਸ ਦਾ ਠਿਕਾਣਾ ਧਰਮ ਖੰਡ ਵਿਚ ਹੈ। ਵਾਹਿਗੁਰੂ ਦਾ ਨਾਮ ਸ਼੍ਰਵਣ ਕਰਨ ਨਾਲ ਜੀਵ ਸਿਧ ਦੀ ਪਦਵੀ ਨੂੰ ਪਹੁੰਚ ਜਾਂਦਾ ਹੈ। ਕਪਲ ਰਿਸ਼ੀ ਸਿਧ ਹੋਇਆ ਹੈ। ਜੋ ਵਾਹਿਗੁਰੂ ਦੇ ਭਗਤ ਹਨ, ਉਨ੍ਹਾਂ ਨੂੰ

ਸਦਾ ਹੀ ਵਿਗਾਸ ਰਹਿੰਦਾ ਹੈ, ਭਾਵ ਉਹ ਖੇੜੇ ਵਿਚ ਸਦਾ ਹੀ ਰਹਿੰਦੇ ਹਨ। ਜਦੋਂ ਫੁਲ ਖਿੜਦਾ ਹੈ ਉਸ ਵਿਚ ਖੁਸ਼ਬੋ ਆ ਜਾਂਦੀ ਹੈ; ਇਸੇ ਤਰ੍ਹਾਂ ਭਗਤਾਂ ਵਿਚ ਗੁਣ, ਸੁੰਦਰਤਾ, ਕੋਮਲਤਾ, ਜਲਾਲ ਆ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਪ੍ਰੇਮ ਨਾਲ ਵਾਹਿਗੁਰੂ ਦਾ ਨਾਮ ਸ਼ਰਵਨ ਕੀਤਾ ਹੈ, ਸ਼ਰਵਨ ਅੰਗ ਦੀ ਭਗਤੀ ਕੀਤੀ ਹੈ 'ਸੁਣਿਐ ਸਿਧ ਪੀਰ ਸੁਰਿ ਨਾਥ' ਭਾਵ ਸ਼ਰਵਨ ਕਰਨ ਨਾਲ ਸਿਧ, ਪੀਰ ਸੁਰ ਨਾਥ (ਦੇਵਤਿਆਂ ਦਾ ਰਾਜਾ ਇੰਦਰ) ਦੀ ਪਦਵੀ ਨੂੰ ਪ੍ਰਾਪਤ ਸਕੀਦਾ ਹੈ, ਫਿਰ ਧਰਤੀ ਦਾ ਆਸਰਾ ਧਵਲ ਤੇ ਆਕਾਸ਼ ਦੀ ਸਭ ਨਾਮ ਸ਼ਰਵਨ ਦੀ ਤਾਕਤ ਨਾਲ ਇਸਥਿਤ ਹੈਨ।

'ਸੁਣਿਐ ਦੀਪ ਲੋਅ ਪਾਤਾਲ' ਦੀਪ ਸਤ ਹੈਨ ਤੇ ਉਪਰ ਦੇ ਲੋਕ ਵੀ ਸੱਤ ਹੈਨ, ਤੇ ਸਤ ਹੀ ਪਾਤਾਲ ਹੈਨ, ਇਹ ਦੀਪ ਤੇ ਲੋਕ ਤੇ ਪਾਤਾਲ ਜੋ ਹੈਨ ਇਹ ਸਭ ਨਾਮ ਦੇ ਸ਼ਰਵਣ ਦੀ ਤਾਕਤ ਨਾਲ ਹੀ ਇਸਥਿਤ ਹੈਨ। ਨਾਮ ਦੇ ਸ਼ਰਵਣ ਨਾਲ ਕਾਲ (ਮ੍ਰਿਤੂ) ਪੋਹ ਨਹੀਂ ਸਕਦਾ, ਭਾਵ ਤਕਲੀਫ ਤੇ ਦੁਪ ਨਹੀਂ ਦੇ ਸਕਦਾ

ਕਾਲ :—

'ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ ॥'

[ਸਲੋਕ ਕਬੀਰ ਜੀ, ਪੰਨਾ ੧੩੬੫

ਦੂਸਰਾ ਕਾਲ ਦਾ ਅਰਥ ਹੈ 'ਸਮਾਂ' ਸੋ ਇਹ ਸਮਾਂ ਵੀ ਉਨ੍ਹਾਂ ਨੂੰ ਪੋਹ ਨਹੀਂ ਸਕਦਾ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਕਿ ਭਗਤਾਂ ਨੂੰ ਸਦਾ ਹੀ ਖੇੜਾ ਤੇ ਅਨੰਦ ਹੈ ਤੇ ਨਾਮ ਦੇ ਸੁਨਣੇ ਨਾਲ ਸਾਰੇ ਦੁਖ ਤੇ ਪਾਪ ਨਾਸ਼ ਹੋ ਜਾਂਦੇ ਹਨ :—

ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤ ਵੇਦ ॥

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥

'ਸੁਣਿਐ ਈਸਰੁ ਬਰਮਾ ਇੰਦੁ' ਨਾਮ ਦੇ ਸੁਣਨ ਤੇ ਹੀ ਸ਼ਿਵ ਨਾਥ ਭੁਲਾ, ਉੱਤਪਤੀ ਕਰਨ ਵਾਲਾ ਬ੍ਰਹਮਾ ਤੇ ਇੰਦ੍ਰ (ਦੇਵਤਿਆਂ ਦਾ ਰਾਜਾ) ਇਨ੍ਹਾਂ ਨੇ ਇਹ ਉੱਚ ਪਦਵੀ ਪਾਈ। ਨੀਵੇਂ ਕੰਮ ਕਰਨ ਵਾਲੇ ਰਵਿਦਾਸ ਤੇ ਬਾਲਮੀਕ ਵਰਗੇ ਨਾਮ ਦੇ ਸੁਣਨ ਨਾਲ ਸਲਾਹਣ ਜੋਗ ਹੋ ਗਏ।

ਨਾਮ ਦੇ ਸੁਣਨ ਨਾਲ ਜੋਗ ਦੀ ਜੁਗਤੀ ਪ੍ਰਾਪਤ ਹੁੰਦੀ ਹੈ ਤੇ ਭੁਗਤਾਂ ਦਾ ਭੇਦ: ੧੪ ਦੇਵਤੇ, ੧੪ ਵਿਸ਼ੇ ਤੇ ਸਭ ਨਾੜੀਆਂ ਤੇ ਆਤਮਾ, ਸਤਿ, ਚੇਤਨ, ਅਨੰਦ ਸਰੂਪ ਹੈ ਤੇ ਸਰੀਰ ਜੜ ਮਿਥਿਆ ਹੈ। ਚਾਰ ਵੇਦ, ਸਤਾਈ ਸਿੰਮ੍ਰਿਤੀਆਂ ਤੇ ਛੇ ਸ਼ਾਸਤ੍ਰਾਂ ਦਾ, ਨਾਮ ਦੇ ਸ਼ੁਣਨ ਨਾਲ, ਸਭ ਦਾ ਭੇਦ ਤੇ ਇਨ੍ਹਾਂ ਦੇ ਸਭ ਕਰਮਾਂ ਦੇ ਸਿਧਾਂਤ ਦਾ ਗਿਆਨ ਪਾ ਲਿਆ।

ਬੇਦ ਪੁਰਾਨ ਸਿੰਮ੍ਰਿਤ ਸੁਧਾਖ੍ਰ ॥
ਕੀਨੇ ਰਾਮ ਨਾਮ ਇਕ ਆਖ੍ਰ ॥ [ਸੁਖਮਨੀ, ਪੰਨਾ ੨੬੨

ਭਗਤਾਂ ਨੂੰ ਸਦਾ ਅਨੰਦ ਕੁਸ਼ਲ ਤੇ ਹਰਖ ਹੈ ਤੇ ਨਾਮ ਦੇ ਸੁਨਣ ਨਾਲ ਦੁਖ ਤੇ ਪਾਪ ਦਾ ਨਾਸ਼ ਹੋ ਜਾਂਦਾ ਹੈ।

ਚਾਰਿ ਬੇਦ ਜਿਹਵ ਭਨੇ ॥
ਦਸ ਅਸਟ ਖਸਟ ਸ੍ਰਵਨ ਸੁਨੇ ॥
ਨਹੀ ਤੁਲਿ ਗੋਬਿਦ ਨਾਮ ਧੁਨੇ ॥
ਮਨ ਚਰਨ ਕਮਲ ਲਾਗੇ ॥੭॥ [ਸ਼ਾਰੰਗ ਮ: ੫, ਪੰਨਾ ੧੨੨੬

ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ

ਪੜਿ ਪਾਵਹਿ ਮਾਨੁ ॥ ਸੁਣਿਅ ਲਾਗੈ ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਨਾਮ ਦੇ ਸ਼ਰਵਨ ਨਾਲ ਸਤੁ ਸੰਤੋਖ ਤੇ ਨਾਮ ਦੇ ਸ਼ਰਵਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੇ ਸ਼ਰਵਣ ਨਾਲ ਅਠਸਠਿ ਤੀਰਥਾਂ ਦੇ ਇਸ਼ਨਾਨ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ।

ਜੋ ਵੇਦ ਤੇ ਸਿੰਮ੍ਰਤੀਆਂ ਦੇ ਪੜ੍ਹਨ ਕਰਕੇ ਸਤਿਕਾਰ ਪ੍ਰਾਪਤ ਹੁੰਦਾ ਹੈ ਉਹ ਨਾਮ ਦੇ ਸ਼ਰਵਨ ਨਾਲ ਪ੍ਰਾਪਤ ਹੋ ਜਾਂਦਾ ਹੈ ਅਤੇ ਨਾਮ ਦੇ ਸ਼ਰਵਨ ਨਾਲ ਹੀ ਵਾਹਿਗੁਰੂ ਵਿਚ ਸੁਤੇ ਸਿਧ ਹੀ ਧਿਆਨ ਲਗ ਜਾਂਦਾ ਹੈ :–

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥

[ਸਾਰਗ ਮਹਲਾ ੫, ਘਰੁ ੩, ਪੰਨਾ ੧੨੦੮

ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥

ਨਾਮ ਦੇ ਸ਼ਰਵਨ ਨਾਲ ਵਾਹਿਗੁਰੂ ਦੇ ਦੈਵੀ ਗੁਣ ਤੇ ਦੈਵੀ ਸੰਪੱਤੀ ਵਿਚ ਇਸ਼ਨਾਨ ਕਰ ਲੈਂਦਾ ਹੈ।

ਨਾਮ ਸ਼ਰਵਣ ਨਾਲ ਸ਼ੇਖ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ, ਪੀਰ ਤੇ ਪਾਤਸ਼ਾਹ ਦੀ ਪਦਵੀ ਨੂੰ ਪਹੁੰਚ ਜਾਂਦਾ ਹੈ, ਯਾ ਪਾਤਸ਼ਾਹਵਾਂ ਦਾ ਭੀ ਪੀਰ ਬਣ ਜਾਂਦਾ ਹੈ।

ਨਾਮ ਦੇ ਸ਼ੁਵਣ ਨਾਲ ਜੋ ਮਨ ਤੇ ਬੁੱਧੀ ਦੇ ਅੰਧੇ ਹੋਨ ਉਹਨਾਂ ਨੂੰ ਗਿਆਨ ਦੀ ਰੋਸ਼ਨੀ ਮਿਲ ਜਾਦੀ ਹੈ ਤੇ ਮਨ ਬੁੱਧੀ ਦੇ ਨੈਤਰ ਖੁਲ੍ਹ ਜਾਂਦੇ ਹਨ।

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥
[ਵਾਰ ਰਾਮਕਲੀ ਮਹਲਾ ੨, ਪੰਨਾ ੯੫੪

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥
[ਸੁਖਮਨੀ, ਪੰਨਾ ੨੬੩

ਅਸਗਾਹੁ ਡੂੰਘਾ ਸੰਸਾਰ ਰੂਪੀ ਸਮੁੰਦਰ ਜੋ ਬਹੁਤ ਹੀ ਡੂੰਘਾ ਹੈ ਨਾਮ ਦੇ ਸ਼ੁਵਣ ਨਾਲ ਹਾਥ ਹੋ ਜਾਂਦਾ ਹੈ, ਗਿੱਟੇ ਗਿੱਟੇ ਪਾਣੀ ਹੋ ਜਾਂਦਾ ਹੈ।

ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥
[ਗਉੜੀ ਕਬੀਰ ਜੀ, ਪੰਨਾ ੩੩੭

ਸੁਣਿਐ ਦੇ ਤਿੰਨ ਪ੍ਰਯੋਗ ਹਨ :—

(੧) ਨਾਮ ਸ਼ੁਵਣ ਨਾਲ ਬਣ ਜਾਂਦਾ ਹੈ:ਈਸਰ ਬ੍ਰਹਮਾ ਤੇ...।

(੨) ਨਾਮ ਦੇ ਸ਼ੁਵਣ ਨਾਲ ਈਸ਼ਰ ਬ੍ਰਹਮਾ ਵਗੈਰਾ ਹੁਣ ਵੀ ਬਣ ਸਕਦਾ ਹੈ।

(੩) ਜੋ ਨਾਮ ਸ਼ੁਵਣ ਨਾਲ ਪਹਿਲੇ ਈਸ਼ਰ, ਬ੍ਰਹਮਾ ਵਗੈਰਾ ਬਣ ਚੁਕੇ ਹਨ ਉਹਨਾਂ ਤੋਂ ਨਾਮ ਦੀ ਮਹਿਮਾ ਸੁਣੀਦੀ ਹੈ, ਉਹ ਹੁਣ ਵੀ ਨਾਮ ਦੀ ਮਹਿਮਾ ਵਿਚ ਲਿਵਲੀਨ ਹਨ।

ਏਕ ਸੰਤ ਸਨ ਜੋ ਰਾਤ ਦਿਨ ਨਾਮ ਦਾ ਸ਼ੁਵਣ ਕਰਦੇ ਸਨ, ਇਸ ਦੇ ਪ੍ਰਤਾਪ ਨਾਲ ਸਾਰਾ ਪਿੰਡ ਉਹਨਾਂ ਦੀ ਪੂਜਾ ਤੇ ਸੇਵਾ ਕਰਦਾ ਸੀ। ਉਥੇ ਇਕ ਪੰਡਤ ਵੀ ਸੀ ਜੋ ੨੪ ਸਾਲ ਬਨਾਰਸ ਵਿਚ ਵਿਦਿਆ ਹਾਸਲ ਕਰਕੇ ਆਪਣੇ ਪਿੰਡ ਵਿਚ ਵਾਪਸ ਆਇਆ ਸੀ। ਉਸ ਨੇ ਆਕੇ ਪੁਛਿਆ ਕਿ ਭਾਈ ਮੈਂ ਕਥਾ ਕਰਨੀ ਚਾਹੁੰਦਾ ਹਾਂ।

ਤਾਂ ਉਹਨਾਂ ਕਿਹਾ 'ਪੰਡਤ ਜੀ ! ਇਥੇ ਸੰਤ ਰਹਿੰਦੇ ਹਨ, ਸਤਿਸੰਗ
ਉਥੇ ਜੁੜਦਾ ਹੈ ਸੋ ਸਾਰੇ ਲੱਗ ਉਹਨਾਂ ਦੇ ਪਾਸ ਹੀ ਕਥਾ ਸੁਣਨ
ਲਈ ਜਾਂਦੇ ਹਨ।' ਤਾਂ ਪੰਡਤ ਜੀ ਨੇ ਕਿਹਾ: 'ਸੰਤ ਕਿਆ
ਹੈਂ ?' ਤਾਂ ਸਤਿਸੰਗੀਆਂ ਨੇ ਕਿਹਾ 'ਮਹਾਰਾਜ ਇਹ ਤਾਂ ਸਾਨੂੰ
ਨਹੀਂ'। ਤਾਂ ਪੰਡਤ ਕਿਹਾ 'ਦੇਖੋ ਭਾਈ ਹਮ ੨੪ ਸਾਲ ਬਨਾਰਸ ਮੇਂ
ਪਠਤ ਹੈਂ, ਆਪ ਮੇਰੀ ਕਥਾ ਸੁਵਣ ਕਰੋ ਤੋ ਆਪ ਕੋ ਬੜਾ ਅਨੰਦ
ਆਏਗਾ।' ਤਾਂ ਸਤਿਸੰਗੀਆਂ ਨੇ ਕਿਹਾ 'ਮਹਾਰਾਜ ! ਸਾਡਾ
ਨਿਤ ਨਿਯਮ ਸੰਤਾਂ ਦੀ ਕਥਾ ਦਾ ਹੈ, ਅਗੇ ਜਿਵੇਂ ਤੁਹਾਡੀ ਮਰਜ਼ੀ।
ਪੰਡਤ ਨੇ ਬੜੀ ਕੋਸ਼ਸ਼ ਕੀਤੀ ਪਰ ਉਸ ਦੀ ਕਥਾ ਨਾ ਹੋ ਸਕੀ।
ਇਕ ਦਿਨ ਉਹ ਸੰਤਾਂ ਦੇ ਸਤਿਸੰਗ ਵਿਚ ਗਿਆ, ਸੰਧਿਆ ਦਾ
ਸਮਾਂ ਸੀ, ਰਹਿਰਾਸ ਸਾਹਿਬ ਜੀ ਦੇ ਭੋਗ ਤੋਂ ਬਾਦ ਸੰਤ ਬਚਨ
ਕਰਨ ਲਗੇ: 'ਸਾਧ ਸੰਗਤ ਜੀ ! ਲੜਾਈ ਹੋ ਰਹੀ ਹੈ, ਬੜੀ ਲੜਾਈ
ਹੋ ਰਹੀ ਹੈ।' ਸਤਿਸੰਗੀ ਹੈਰਾਨ ਹੋ ਗਏ, ਪੁੱਛਣ ਲਗੇ—'ਮਹਾਰਾਜ !
ਕਿਸ ਦੀ ?' ਸੰਤ ਕਹਿਣ ਲਗੇ ਕਿ ਔਹ ਜੋ ਤੁੰਬੇ ਵਿਚ ਜਲ ਪਿਆ
ਹੈ ਤੇ ਐਹ ਦੀਵੇ ਵਿਚ ਜ ਤੇਲ ਬਲ ਰਿਹਾ ਹੈ ਆਪਸ ਵਿਚ ਲੜ
ਰਹੇ ਹਨ; ਪਾਣੀ ਕਹਿੰਦਾ ਹੈ—'ਤੇਲ ਰਾਮ, ਤੂੰ ਦੀਵੇ ਵਿਚ ਪੈ ਜਾਏਂ
ਤਾਂ ਬੁਝਦਾ ਜਗ ਪੈਂਦਾ ਹੈ, ਤੇ ਮੈਂ ਜਗਦੇ ਵਿਚ ਪੈ ਜਾਵਾਂ ਤਾਂ ਦੀਵਾ
ਜਗਦਾ ਬੁਝ ਜਾਂਦਾ ਹੈ। ਤੂੰ ਜਗੇਂ ਤਾਂ ਪੋਥੀਆਂ ਪੜ੍ਹਦੇ ਹਨ, ਇਹ
ਨੀਵੇਂ ਉੱਚਤਾ ਕਿਵੇਂ ਪ੍ਰਾਪਤ ਹੋਈ ?' ਤਾਂ ਤੇਲ ਨੇ ਕਿਹਾ—'ਭਾਈ
ਪਾਣੀ ਰਾਮ, ਇਹ ਉੱਚਤਾ ਮੈਂ ਐਵੇਂ ਪ੍ਰਾਪਤ ਨਹੀਂ ਕੀਤੀ, ਦੇਖ
ਕਦੇ ਮੈਂ ਭੀ ਤੇਰੇ ਵਾਂਗ ਸਾਂ, ਪਰ ਮੈਂ ਇਕ ਸਤਗੁਰੂ ਦੇ ਦਾਣੇ ਦੀ
ਸੁਹਬਤ ਕੀਤੀ, ਉਸ ਦੇ ਚਰਨਾਂ ਵਿਚ ਲਗ ਗਿਆ ਅਤੇ ਮੈਂ ਸਤਗੁਰੂ
ਦਾ ਸਰੂਪ ਧਾਰ ਲਿਆ। ਫਿਰ ਮੈਂ ਕਿਰਸਾਨ ਦੀਆਂ ਸੋਟੀਆਂ
ਸਹੀਆਂ, ਮੰਡੀ ਵਿਚ ਵਿਕਿਆ, ਕੋਹਲੂ ਵਿਚ ਪੀੜਿਆ ਗਿਆ,
ਮੇਰਾ ਅੰਗ ਅੰਗ ਦੁਖੀ ਹੋਇਆ ਤੇ ਫਿਰ ਮੈਂ ਇਹ ਰੂਪ ਧਾਰਿਆ।
ਸੋ, ਹੇ ਪਾਣੀ ਰਾਮ ! ਜੇ ਤੂੰ ਇਸ ਪਦ ਨੂੰ ਪਹੁੰਚਣਾ ਹੈ ਤਾਂ ਮੇਰੇ

ਵਾਂਙੁ ਕਰਮ ਕਰ, ਫਿਰ ਤੈਨੂੰ ਇਹ ਵਡਿਆਈ ਮਿਲ ਜਾਏਗੀ।"

ਘਾਣੀ ਤਿਲੁ ਪੀੜਾਇ ਤੇਲ ਕਢਾਇਆ ॥
ਦੀਵੇ ਤੇਲੁ ਜਲਾਇ ਅਨੇਰੁ ਗਵਾਇਆ ॥
[ਭਾਈ ਗੁਰਦਾਸ ਵਾਰ ੧੪-੧੦

ਪੰਡਤ ਇਹ ਬਚਨ ਸੁਣਦਿਆਂ ਹੀ ਸੰਤਾਂ ਦੇ ਚਰਨੀ ਡਿਗ ਪਿਆ ਤੇ ਕਹਿਣ ਲੱਗਾ "ਮਹਾਰਾਜ ! ਮੈਨੂੰ ਵੀ ਚਰਨੀ ਲਗਾ ਲਓ" ਸੋ ਇੰਜ ਸ੍ਰਵਨ ਕਰਕੇ ਇਸ ਪਦ ਨੂੰ ਪਹੁੰਚ ਜਾਈਦਾ ਹੈ।

ਕਿਸੇ ਪੁਸਤਕ ਵਿਚ ਅਥਵਾ ਕਿਸੇ ਵਿਖਿਆਨ ਵਿਚ ਏ ਲਿੰਗਾਂ ਦਾ ਹੋਣਾ ਅਤਿ ਜ਼ਰੂਰੀ ਹੈ :—

(੧) ਉਪਕ੍ਰਮ ਉਪਸੰਹਾਰ—ਜਿਸ ਬਾਤ ਦਾ ਸ਼ੁਰੂ ਵਿਚ ਬਿਆਨ ਕਰਨਾ ਅੰਤ ਤਕ ਉਸੇ ਦਾ ਬਿਆਨ ਹੋਣਾ।

(੨) ਅਭਿਆਸ—ਜਿਸ ਚੀਜ਼ ਦਾ ਬਿਆਨ ਕਰਨਾ ਉਸ ਨੂੰ ਘੜੀ ਮੁੜੀ ਦੁਹਰਾਉਣਾ ।

(੩) ਅਪੂਰਵਤਾ—ਕਿਸੇ ਚੀਜ਼ ਦਾ ਕਿਸੇ ਅਨੋਖੇ ਢੰਗ ਨਾਲ ਬਿਆਨ ਕਰਨਾ ।

(੪) ਫਲ—ਨਤੀਜਾ, ਸਿੱਧਾਂਤ ।

(੫) ਅਰਥ ਵਾਦ—ਗ੍ਰੰਥ ਵਿਚੋਂ ਰੁਚਿ ਪੈਦਾ ਕਰਨ ਦੇ ਵਾਕ।

(੬) ਉਪਪੱਤਿ—ਦਲੀਲ, ਯੁਕਤੀ, ਮੰਤਕ ਦੇ ਨਾਲ ਆਪਣੇ ਵਿਸ਼ੇ ਨੂੰ ਸਿੱਧ ਕਰਨਾ। ਜਪੁਜੀ ਵਿਚ ਸਤਿਗੁਰਾਂ ਨੇ ਏਹ ਸਰਵਾਂਗ ਸਫਲ ਕੀਤੇ ਹਨ ।

ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ

**ਜਾਣੈ ਮਨਿ ਕੋਇ ॥ ੧੨ ॥**

ਅੱਗੇ ਨਾਮ ਦੇ ਸੁਫਨ ਦੀ ਮਹਿਮਾ ਆਪ ਨੇ ਸੁਣੀ ਜਿਨ੍ਹਾਂ ਨੇ ਨਾਮ ਸੁਫਨ ਕੀਤਾ, ਉਹ ਸਿਧ, ਪੀਰ, ਸਤੀ, ਸੰਤੋਖੀ, ਗਿਆਨੀ, ਈਸ਼ਰ, ਬ੍ਰਹਮਾ ਬਣ ਗਏ। ਨਾਮ ਸੁਨਣ ਨੇ ਉਨ੍ਹਾਂ ਸਮੁੰਦਰ ਭੀ ਹਾਥ ਹੋ ਗਿਆ, ਅੰਧੇ ਰਸਤੇ ਪੈ ਗਏ ਤੇ ਉਨ੍ਹਾਂ ਹਿਰਦੇ ਵਿਚ ਸਦਾ ਵਿਕਾਸ਼, ਭਾਵ ਸਦੈਵੀ ਖੇੜਾ ਹੋ ਗਿਆ।

ਹੁਣ ਮੰਨਣ ਦੀ ਮਹਿਮਾਂ ਦੱਸਦੇ ਹਨ, ਮੰਨਣ ਵਿਚ ਤਿੰਨ ਚੀਜ਼ਾਂ ਹਨ :—

(੧) ਚਿੰਤਨ, ਭਾਵ ਸਿਮਰਨ। ਜੀਭ ਹਿੱਲਣ ਤੋਂ ਬਗੈਰ ਮਨ ਵਿਚ ਫੁਰਦਾ ਰਹੇ "ਵਾਹਿਗੁਰੂ"। ਮਨ ਹੀ ਕਹੇ ਮਨ ਹੀ ਸੁਣੇ।

(੨) ਆਪਣੇ ਆਪ ਫੁਰਨਾਂ ਨਾਮ, "ਵਾਹਿਗੁਰੂ" ਦਾ। ਇਸ ਅਵਸਥਾ ਵਿਚ ਚਸ਼ਮੇ ਵਾਲਾ ਹਿਸਾਬ ਹੋ ਜਾਂਦਾ ਹੈ। ਪਹਿਲੀ ਅਵਸਥਾ ਖੂਹ ਵਾਲੀ ਹੈ ਜਿਥੋਂ ਕੋਸ਼ਸ਼ ਕਰਕੇ ਪਾਣੀ ਕੱਢਣਾ ਪੈਂਦਾ ਹੈ; ਪਰ ਚਸ਼ਮੇ ਤੋਂ ਆਪਣੇ ਆਪ ਹੀ ਪਾਣੀ ਝਰਦਾ ਹੈ।

(੩) ਧਿਆਨ। ਨਾਮ ਪਰ ਨਿਸਚਾ ਹੋਣਾ। ਨਾਮ ਨੂੰ ਮੰਨਣਾ ਹੈ ਨਾਮ ਦਾ ਸਤਿਕਾਰ। ਹੁਣ ਮੰਨਣ ਦੀ ਮਹਿਮਾਂ ਕੋਈ ਨਹੀਂ ਕਹਿ ਸਕਦਾ ਯਾ ਲਿਖ ਸਕਦਾ ਅਤੇ ਜੇ ਕੋਈ ਦਮ ਮਾਰੇ ਤਾਂ ਉਹਨੂੰ ਪਛੁਤਾਣਾ ਪਏਗਾ। ਦੁਨੀਆਂ ਵਿਚ ਹੁਣ ਤਕ ਕੋਈ ਪੰਡਤ ਵਿਦਵਾਨ ਪੈਦਾ ਨਹੀਂ ਹੋਇਆ ਜੋ ਲਿਖ ਸਕੇ, ਨਹੀਂ ਕੋਈ ਕਾਗਦ, ਨਹੀਂ ਕੋਈ ਕਲਮ ਤੇ ਨਹੀਂ ਲਿਖਣ ਵਾਲਾ ਜੋ ਲਿਖ ਸਕੇ। ਨਾਮ ਨਿਰੰਜਨ ਦਾ ਐਸਾ ਪ੍ਰਤਾਪ ਹੈ ਪਰ ਜੇ ਕੋਈ ਇਸ ਨੂੰ ਮਨ ਦੇ ਵਿਚ ਮੰਨ ਜਾਣੇ ਸੋਈ ਕੋਈ ਉਸ ਦੇ ਰਸ ਨੂੰ ਜਾਣਦਾ ਹੈ।

ਨਿਰੰਜਨ—ਜਿਸ ਵਿਚ ਅੰਜਨ ਨਾ ਹੋਵੇ। ਅੰਜਨ ਦੋ ਪ੍ਰਕਾਰ

ਦਾ ਹੈ :—

(੧) ਇਕ ਸੁਰਮਾ । (੨) ਅਗਿਆਨ ਤੇ ਅਵਿਦਿਆ । ਭਾਵ ਵਾਹਿਗੁਰੂ ਵਿਚ ਅਗਿਆਨ ਤੇ ਅਵਿਦਿਆ ਰੂਪੀ ਅੰਧੇਰਾ ਜਾਂ ਕਾਲਖ ਨਹੀਂ, ਉਹ ਨਿਰਮਲ ਹੈ ।

"ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥
ਓਹੁ ਆਪੇ ਤਖਤਿ ਬਹੈ ਸਚਿਆਰਾ ॥
[ਮਾਰੂ ਅਹਲਾ ੧ ਸੋਹਲੇ ਪੰਨਾ ੧੦੨੬

ਇਕ 'ਮੰਨਿ' ਨੂੰ ਟਿੱਪੀ ਹੈ "ਜੇ ਕੋ ਮੰਨਿ ਜਾਣੈ ਮਨਿ ਕੋਇ" । ਟਿੱਪੀ ਵਾਲੇ ਮੰਨਿ ਦਾ ਭਾਵ ਮੰਨਣ ਕਰਨਾ, ਜਪ ਕਰਨਾ (ਜੀਭ ਬੋਲੇ ਤੇ ਕੰਨ ਤੇ ਮਨ ਸੁਣਨ)। ਫਿਰ ਨਾਮ ਅੰਦਰ ਅੰਮ੍ਰਿਤ ਬਣ ਜਾਏਗਾ । ਨਾਲ ਜਪਦਿਆਂ ਜਪਦਿਆਂ ਇਸ ਦਰਜੇ ਤੇ ਪੁਜ ਜਾਈਦਾ ਹੈ ਜਿਥੇ ਆਪਣੇ ਆਪ ਨਾਮ ਫੁਰਨ ਲੱਗ ਪੈਂਦਾ ਹੈ ਯਤਨ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ । ਨਾਮ ਰੂਪੀ ਅੰਮ੍ਰਿਤ ਪੀਂਦਾ ਰਹਿੰਦਾ ਹੈ । ਇਹ ਚਸ਼ਮਾ ਆਪਣੇ ਆਪ ਪ੍ਰਗਟ ਹੋ ਜਾਂਦਾ ਹੈ ਤੇ ਨਾਮ ਲਗਾਤਾਰ ਜਾਰੀ ਹੋ ਜਾਂਦਾ ਹੈ। ਦੇਹੀ ਅੰਦਰ ਨਾਮ ਦਾ ਨਿਵਾਸ ਨਾਮ ਦੇ ਜਪਣੇ (ਅਭਿਆਸ) ਨਾਲ ਹੋਏਗਾ। ਐਸਾ ਨਿਰੰਜਨ ਦਾ ਨਾਮ ਹੈ ਜੇ ਕੋਈ ਇਸ ਨੂੰ ਮੰਨ ਜਾਣੇ, ਇਸ ਦਾ ਜਪ ਕਰੇ, ਉਹੀ ਮਨ ਵਿਚ ਜਾਣ ਸਕਦਾ ਹੈ। ਇਸ ਦੀ ਗਤੀ ਕੋਈ ਨਹੀਂ ਜਾਣਦਾ । ਜਿਸ ਨੇ ਅੰਮ੍ਰਿਤ ਦਾ ਰਸ, ਸੁਆਦ ਮਾਣਨਾ ਹੈ ਉਹ ਅਭਿਆਸ ਕਰੇ । ਨਾਮ ਦੇ ਮੰਨਣ ਵਾਲਾ ਜਿਸ ਦਰਜੇ ਵਿਚ ਟਿਕਦਾ ਹੈ ਉਹ ਪਦਵੀ ਕਹੀ ਨਹੀਂ ਜਾ ਸਕਦੀ।

ਮੰਨਣ ਦੇ ਤਿੰਨ ਲੱਛਣ ਹਨ :—

(੧) ਗੰਮਤਾ ।

(੨) ਪ੍ਰਾਪਤੀ, ਨਾਮ ਸਿਮਰਨ ਨਾਲ ਜੋ ਪ੍ਰਾਪਤੀ ਹੁੰਦੀ ਹੈ।

'ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥" [ਸੁਖਮਨੀ, ਪੰਨਾ ੨੬੩

(੩) ਰਖਜਾ, ਜਿਨ੍ਹਾਂ ਜਿਨ੍ਹਾਂ ਮੁਸ਼ਕਲਾਂ ਤੋਂ ਬਚਾਉਂਦਾ ਹੈ,

ਉਹ ਕਹਿਆ ਨਹੀਂ ਜਾ ਸਕਦਾ। ਹਾਂ ਪਿਛੋਂ ਪਛੁਤਾਏਗਾ ਸ਼ਰਮਿੰਦਾ ਹੋਏਗਾ ਜੋ ਕਹਿਣ ਦਾ ਦਮ ਮਾਰੇਗਾ। "ਕਾਗਦਿ ਕਲਮ ਨ ਲਿਖਣਹਾਰੁ" = ਨਾ ਕੋਈ ਕਾਗਦ ਹੈ, ਨਾ ਕਲਮ ਹੈ, ਨਾ ਕੋਈ ਲਿਖਾਰੀ ਹੈ ਜੋ ਉਸ ਦੀ ਮਹਿਮਾ ਬਿਆਨ ਕਰ ਸਕੇ।

"ਮੰਨੇ ਕਾ ਬਹਿ ਕਰਨਿ ਵੀਚਾਰੁ" = ਨਹੀਂ ਕੋਈ ਪ੍ਰਾਣੀ ਜੋ ਬਹਿ ਕੇ ਵੀਚਾਰ ਕਰ ਸਕਣ।

ਮੰਨਣ, ਜਪ, ਅਭਿਆਸ, ਸਿਮਰਣ ਕਰਨਾ ਜੋ ਕੁਝ ਨਾਮ ਦੇ ਮੰਨਣ, ਭਾਵ ਅਭਿਆਸ ਨਾਲ ਪ੍ਰਾਪਤ ਹੁੰਦਾ ਹੈ ਉਹ ਬਿਆਨ ਵਿਚ ਨਹੀਂ ਆ ਸਕਦਾ। ਵਾਹ ਵਾਹ, ਨਿਰੰਜਨ ਆਤਮਾ ਦਾ ਨਾਮ ਐਸਾ ਹੈ ਕਿ ਜੋ ਇਸ ਦਾ ਅਭਿਆਸ ਕਰੇਗਾ ਉਹ ਹੀ ਜਾਣ ਸਕਦਾ ਹੈ।

ਜਿਸੁ ਰਸੁ ਆਇਆ ਸੋਈ ਜਾਨੈ ॥
ਪੇਖਿ ਪੇਖਿ ਮਨ ਮਹਿ ਹੈਰਾਨੈ ॥ [ਪ੍ਰਭਾਤੀ ਮ: ਪ, ਪੰਨਾ ੧੩੩੮

ਹੁਣ ਹੋਰ ਕਥਾ ਸੁਣਾਂਦੇ ਹਨ: ਭਾਈ ! ਕੀ ਕੁਛ ਮੰਨਣ ਵਾਲੇ ਤੇ ਵਰਤਦਾ ਹੈ :—

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਰਮ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੭੩॥

ਜੋ ਨਾਮ ਦਾ ਜਪ ਤੇ ਅਭਿਆਸ ਕਰੇਗਾ ਤੇ ਜਦੋਂ ਅਭਿਆਸ ਕਰਨ ਕਰਕੇ ਅੰਮ੍ਰਿਤ ਦਾ ਚਸ਼ਮਾ ਚੱਲ ਪੈਂਦਾ ਹੈ ਤਦੋਂ ਉਸ ਦੀ ਕੀ ਹਾਲਤ ਹੋਵੇਗੀ? ਉਸ ਦੇ ਅੰਦਰ ਜੋ ਸੁਰਤ, ਚਿੱਤ ਬੁਧੀ ਜਾ

ਚੇਤਨਸੱਤਾ ਹੈ, ਇਹ ਪ੍ਰਗਟ ਹੋ ਜਾਂਦੀ ਹੈ। ਉਸ "ਨੂੰ" ਪਤਾ ਲੱਗ ਜਾਏਗਾ ਕਿ ਚਿੱਤ ਦੀ ਸ਼ੁਧੀ, ਮਨ ਦਾ ਨਿਰਮਲ ਹੋਣਾ ਕਿਵੇਂ ਹੁੰਦਾ ਹੈ? ਉਸ ਨੂੰ ਰੂਹਾਨੀ ਜਾਗ੍ਰਤ ਆ ਜਾਂਦੀ ਹੈ। ਇਸ ਵਕਤ ਸਾਡੀ ਸੁਰਤ ਅਵਿਦਿਆ ਤੇ ਅਗਿਆਨ ਕਰਕੇ ਸੁੱਤੀ ਪਈ ਹੈ।

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੭॥ ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸ ਬਤੁ ਵਸਤੁ ਓਹੁ ਅਪਨੀ ਲਹੈ ॥ ॥੭॥ ਰਹਾਉ ॥

[ਗਉੜੀ ਮਹਲਾ ੫, ਪੰਨਾ ੧੮੨

ਮਨ ਜਾਗੇ ਕੀ ਏਹੁ ਨੀਸਾਨੀ ॥
ਪ੍ਰਿਯ ਲਾਗੇ ਮੁਖ ਗੁਰ ਕੀ ਬਾਨੀ ॥

[ਸੂਰਜ ਪ੍ਰਕਾਸ਼

ਸੌਣ ਦੀਆਂ ਕਿਸਮਾਂ :—

(੧) ਸਰੀਰਕ ਨਿੰਦ੍ਰਾ।
(੨) ਮਨ ਦਾ ਸੌਣਾ।
(੩) ਸੰਕਲਪ ਵਿਕਲਪ—ਪਾਠ ਕਰਦੇ ਸੰਕਲਪ ਵਿਕਲਪ ਹੁਰਨੇ— 'ਨਾਨਕ ਤਿਨ ਸੰਤਨ ਸਰਣਾਗਤੀ
ਜਿਨ ਮਨੁ ਵਸਿ ਕੀਨਾ ॥ [ਬਿਲਾਵਲ ਮਹਲਾ ੫, ਪੰਨਾ ੮੧੫

(੪) ਕਥਾ ਕੀਰਤਨ ਸੁਨਣਾ ਪਰ ਅਮਲ ਨਾ ਕਰਨਾ।

ਜਾਗ੍ਰਤ :—

ਜਿਨੀ ਸੁਣਿਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥

[ਸਿਰੀ ਰਾਗ ਮਹਲਾ ੩, ਪੰਨਾ ੨੭

ਇਹ ੪ ਪ੍ਰਕਾਰ ਦੀ ਨਿੰਦ੍ਰਾ ਜਿੱਤੀ ਜਾ ਸਕਦੀ ਹੈ ਨਾਮ ਦੇ ਅਭਿਆਸ ਨਾਲ।

ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥
ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥

[ਵਾਰ ਵਡਹੰਸ ਮਹਲਾ ੩, ਪੰਨਾ ੫੯੨

ਨਾਮ ਦੇ ਮੰਨਣ ਨਾਲ ਸਾਰਿਆਂ ਲੋਕਾਂ, ਖੰਡਾਂ, ਬ੍ਰਹਮੰਡਾਂ ਇਹਨਾਂ ਸਭਨਾਂ ਦੀ ਸੋਝੀ ਹੋ ਜਾਂਦੀ ਹੈ। ਪਾਤਾਲ, ਆਕਾਸ਼ ਸਭ ਦੀ ਸੋਝੀ ਹੋ ਜਾਂਦੀ ਹੈ।

ਜੋ ਨਾਮ ਨੂੰ ਮੰਨਣ ਕਰੇਗਾ ਉਸ ਦੀ ਬੁਧੀ ਉੱਜਲ ਹੋ ਜਾਵੇਗੀ। 'ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥'

[ਵਾਰ ਗੂਜਰੀ ਮਹਲਾ ੩, ਪੰਨਾ ੫੧੭

'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ [ਸੁਖਮਨੀ, ਪੰਨਾ ੨੬੩

ਸੁਰਤਿ—ਵਾਹਿਗੁਰੂ ਵਿਚ ਪ੍ਰੇਮ ਤੇ ਪ੍ਰੀਤੀ ਪੈ ਜਾਏਗੀ — ਸ਼ਰੀਰ ਵਿਚ ਮਨ, ਬੁੱਧੀ ਤੇ ਸੁਰਤ ਰਹਿੰਦੇ ਹਨ, ਇਨ੍ਹਾਂ ਦਾ ਗਿਆਨ ਹੋ ਜਾਏਗਾ। ਮੰਨਣ ਕਰਕੇ ਇਨਸਾਨ ਤਾਂ ਫਰਿਸ਼ਤਾ ਬਣ ਜਾਏਗਾ ਤੇ ੧੪ ਭਵਨਾਂ ਦੀ ਸੋਝੀ ਹੋ ਜਾਏਗੀ। ੧੪ ਭਵਨ = ੭ ਪਾਤਾਲ ਤੇ ੭ ਆਕਾਸ਼। ਜਦੋਂ ਨਾਮ ਦਾ ਮੰਨਣ ਕੀਤਾ ਤਾਂ ਹਉਮੈ ਦਾ ਪੜਦਾ ਵਿਚੋਂ ਹਟ ਜਾਏਗਾ, ਕਿਉਂਕਿ 'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥'

[ਧਨਾਸਰੀ ਪੀਪਾ ਜੀ, ਪੰਨਾ ੬੯੫

ਜੋ ਕੁਛ ਬਾਹਰ ਬ੍ਰਹਮੰਡ ਵਿਚ ਹੈ ਉਹੀ ਪਿੰਡ ਵਿਚ ਹੈ ਤੇ ਜੋ ਪੜਦਾ ਹੈ ਉਹ ਹਟ ਜਾਏਗਾ, ਹੁਣ ਸ਼ਰੀਰ ਛਡਣ ਤੋਂ ਬਾਦ ਕੀ ਹੋਏਗਾ ਤੇ ਕੀ ਹਾਲਤ ਹੋਵੇਗੀ ?

ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥ [ਜਪੁਜੀ ਸਾਹਿਬ, ਪੰਨਾ ੩

ਜੋ ਨਾਮ ਨੂੰ ਮੰਨੇਗਾ ਉਸ ਨੂੰ ਦਰਗਾਹ ਵਿਚ ਮੂੰਹ ਤੇ ਚੋਟਾਂ ਨਹੀਂ ਖਾਣੀਆਂ ਪੈਣਗੀਆਂ।

ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥੧॥ ਸਤਿਗੁਰ ਪੂਰੈ ਸਾਚੁ ਕਹਿਆ।
ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥

[ਆਸਾ ਮਹਲਾ ੫, ਪੰਨਾ ੩੯੩

ਸੋ ਜਮਾਂ ਦੇ ਰਸਤੇ ਨਹੀਂ ਪਏਗਾ, ਨਿਰੰਜਨ ਵਾਹਿਗੁਰੂ ਦਾ ਐਸਾ ਨਾਮ ਹੈ। ਇਹ ਵਿਸਮੈ ਬੋਧਕ ਵਾਕ ਹੈ। ਜੋ ਕੋਈ ਇਸ ਨੂੰ ਮੰਨੇਗਾ, ਅਭਿਆਸ ਕਰੇਗਾ, ਉਹੀ ਅਪਣੇ ਮਨਿ ਵਿਚ ਅੰਤਹਕਰਣ ਵਿਚ ਜਾਵੇਗਾ ਤੇ ਸਮਝੇਗਾ।

ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥

ਨਾਮ ਦੀ ਮਹਿਮਾ ਅਨੰਤ ਹੈ ਪਰ ਜੋ ਜਪਣ ਵਾਲੇ ਨੂੰ ਪ੍ਰਾਪਤ ਹੁੰਦਾ ਹੈ ਉਹ ਵਰਣਨ ਕਰਦੇ ਹਨ। ਜੋ ਨਾਮ ਮੰਨਣ ਕਰਦਾ ਹੈ ਜਮਦੂਤਾਂ ਦੀਆਂ ਚੋਟਾਂ ਤੋਂ ਬਚ ਜਾਂਦਾ ਹੈ। ਜਮਦੂਤ ਉਧਰ ਆ ਹੀ ਨਹੀਂ ਸਕਦੇ, ਇਸ ਨੇ ਜਮਦੂਤਾਂ ਵਾਲੇ ਪਾਸੇ ਜਾਣਾ ਹੀ ਨਹੀਂ ਫਿਰ ਸਰੀਰ ਛਡਕੇ ਗਿਆ ਕਿਥੇ? ਇਹ ਪਰਲੋਕ ਦੀ ਕਥਾ ਹੈ। ਪਰਲੋਕ ਦੇ ਤਿੰਨ ਮਾਰਗ ਹੈਨ।

(੧) ਕਰਮੀਆਂ ਦਾ ਮਾਰਗ .—

'ਕਰਮੀ ਕਰਮੀ ਹੋਇ ਵੀਚਾਰੁ ॥'

(੨) ਉਪਾਸ਼ਨਾ ਮਾਰਗ—ਭਗਤੀ ਕਰਦੇ ਨਾਮ ਸਮਾਧੀ ਵਿਚ ਇਸਥਿਤ।

(੩) ਗਿਆਨ ਮਾਰਗ—ਰਸੀਦਾ ਲੋਕ ਸਰੀਰ ਹੁੰਦਿਆਂ ਸਚਖੰਡ ਵਸਦੇ ਹਨ। ਜੋ ਨੀਚ ਕਰਮ ਕਰਦੇ ਹਨ ਉਹ ਨਰਕਾਂ ਵਿਚ ਅਰ ਜੋ ਉੱਤਮ ਕਰਮ ਕਰਦੇ ਹਨ ਉਹ ਸੁਰਗ ਵਿਚ ਜਾਂਦੇ ਹਨ।

ਇੰਦ੍ ਲੋਕ ਸਿਵ ਲੋਕਹਿ ਜੈਬੋ ॥

ਓਛੇ ਤੁਪ ਕਰਿ ਬਾਹੁੜਿ ਐਬੋ ॥ [ਧਨਾ: ਕਬੀਰ ਜੀ, ਪੰਨਾ ੬੯੨

ਜੋ ਭਗਤੀ ਕਰਦੇ ਹਨ ਉਹ ਸਰਮ ਖੰਡ ਵਿਚ ਜਾਂਦੇ ਹਨ।

ਸਰਮ ਖੰਡ ਕੀ ਬਾਣੀ ਰੂਪੁ ॥

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥.....

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ [ਜਪੁਜੀ, ਪੰਨਾ ੭

ਗਿਆਨੀ ਅਭੇਦ ਹੋ ਜਾਂਦੇ ਹਨ।

ਜਿਉ ਜਲ ਮਹਿ ਜਲੁ ਆਇ ਖਟਾਨਾ ॥

ਤਿਉ ਜੋਤੀ ਸੰਗਿ ਜੋਤਿ ਸਮਾਨਾ ॥ [ਸੁਖਮਨੀ, ਪੰਨਾ ੨੭੯

ਜੋ ਨਾਮ ਦਾ ਅਭਿਆਸ ਕਰਦੇ ਹਨ ਉਨ੍ਹਾਂ ਨੂੰ ਸਰੀਰ ਛਡੇ ਜਮਦੂਤਾਂ ਦੀ ਪਿੜ੍ਹੀ ਰੋਕ ਰੁਕਾਵਟ ਨਹੀਂ ਹੈ। ਪਤ ਸਹਿਤ ਸਤਿਕਾਰ ਨਾਲ ਮਸ਼ਹੂਰ ਹੋਕੇਂ ਜਾਂਦੇ ਹਨ।

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥

ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥

[ਮਾਰੂ ਮਹਲਾ ੧, ਪੰਨਾ ੯੯੬

ਉਹ ਓਸ ਰਸਤੇ ਨਹੀਂ ਜਾਂਦੇ ਜਿਸ ਰਸਤੇ ਨਰਕ ਤੇ ਸੁਰਗ ਨੂੰ ਜਾਣ ਵਾਲੇ ਜੀਵ ਲਿਜਾਏ ਜਾਂਦੇ ਹਨ। ਵਾਹਿਗੁਰੂ ਜੀ ਬਿਬਾਨ ਭੇਜਦੇ ਹਨ: ਇਸ ਪਰ ਚੜ੍ਹੀਏ। ਫਿਰ ਜਦ ਪੁੱਜਣਗੇ—

ਰੇ ਰੇ ਦਰਗਹ ਕਹੈ ਨ ਕੋਊ ॥

ਆਉ ਬੈਠੁ ਆਦਰੁ ਸੁਭ ਦੇਊ ॥ [ਗਉ: ਬਾਵਨ ਅਖਰੀ, ਪੰਨਾ ੨੫੨

ਸੰਗਤ ਪੁਛਦੀ ਹੈ: ਮਹਾਰਾਜ! ਧਰਮ ਰਾਜ ਲੇਖਾ ਨਹੀਂ ਪੁੱਛੇਗਾ? ਪੈਦਲ ਨਹੀਂ ਜਾਣਗੇ? ਦੇਵਤੇ ਚੁੱਕਣਗੇ? ਹਾਂ, ਜੋ ਨਾਮ ਅਭਿਆਸ ਕਰਨਗੇ ਅਨੰਦ ਮੰਗਲਾਚਾਰ ਸਹਿਤ ਜਾਣਗੇ, ਧਰਮਰਾਜ ਨਾਲ ਮਿਤ੍ਰਾਨਾ ਹੋਏਗਾ, ਉਹ ਸਗੋਂ ਪ੍ਰਸੰਨ ਹੋਏਗਾ:

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥

ਨਾਨਕ ਧਰਮ ਐਸੇ ਚਵਹਿ ਕੀਤੋ ਭੁਵਨੁ ਪੁਨੀਤ ॥

[ਸਲੋਕ ਵਾਰਾਂ ਤੇ ਵਧੀਕ ਮਹਲਾ ੫, ਪੰਨਾ ੧੪੨੫

ਧਰਮਰਾਜ ਅਖੇਗਾ ਮੇਰਾ ਘਰਿ ਪਵਿਤ੍ਰ ਹੋ ਗਿਆ ਹੈ। ਧਰਮਰਾਜ ਸੇਵਾ ਕਰੇਗਾ, ਐਸੇ ਨਾਮ ਅਭਿਆਸੀ ਮਹਾਂ ਪੁਰਖ ਆਏ ਹਨ, ਧੰਨ ਨਾਮ ਹੈ। ਜਮਾਂ ਤੋਂ ਛੁਡਾਕੇ ਧਰਮਰਾਜ ਨਾਲ ਦੋਸਤਾਨਾ ਤੁਅੱਲੁਕ ਪੈਦਾ ਕਰਦਾ ਹੈ।

ਨਿਰੰਜਨ ਸੁਧ ਸਰੂਪ ਪਰਮਾਤਮਾ ਐਸਾ ਹੀ ਹੈ, ਜੋ ਕੋਈ ਅਭਿਆਸ ਕਰੇਗਾ ਓਹੀ ਮਨ ਵਿਚ ਮੰਨਣ ਕਰੇਗਾ।

**ਮੰਨੈ ਪਾਵਹਿ ਮੋਖ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੭॥**

ਵਾਹਿਗੁਰੂ ਦਾ ਨਾਮ ਮੰਨਣ ਕਰਕੇ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਹੁੰਦਾ ਹੈ :—

ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥
ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥

[ਸੂਹੀ ਮਹਲਾ ੩, ਪੰਨਾ ੭੫੬

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥

[ਰਾਮਕਲੀ ਸਿਧ ਗੋਸਟਿ, ਪੰਨਾ ੯੩੮

ਉਹਨਾਂ ਵਾਸਤੇ ਮੌਤ ਨਹੀਂ।

ਨਾਮ ਪਰ ਨਿਸਚਾ ਹੋਣਾ ਇਹ ਨਾਮ ਨੂੰ ਮੰਨਣਾ ਹੈ। ਨਾਮ ਦਾ ਸਤਿਕਾਰ, ਜੈਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ, ਗੁਟਕੇ

ਪੋਥੀ ਦਾ ਸਤਿਕਾਰ 'ਬੇਅਦਬ ਖ਼ੁਦਾ ਰਾਹ ਗੁਮ ਗਸ਼ਤ' ਜਿਥੇ ਕੋਈ ਸ਼ਬਦ ਗਾਂਦਾ ਹੋਵੇ ਉਥੇ ਭੀ ਸਤਿਕਾਰ। ਇਹ ਨਾਮ ਦਾ ਮੰਨਣ ਹੈ।

ਹਰਿ ਸਿਮਰਨਿ ਨੀਚ ਚਹੁਕੁੰਟ ਜਾਤੇ ॥ [ਸੁਖਮਨੀ ਪੰਨਾ ੨੬੩
ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
[ਸੂਹੀ ਮਹਲਾ ੪, ਪੰਨਾ ੭੩੩

ਉਹ ਪਰਿਵਾਰ ਨੂੰ ਭੀ ਤਾਰ ਲਏਗਾ।

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥
[ਭੈਰਉ ਮਹਲਾ ੩, ਪੰਨਾ ੧੧੩੩

ਪੂਰਨ ਗੁਰੂ, ਸਿਖ ਨੂੰ ਤਾਰ ਲਏਗਾ ਅਰ ਸਿਖ, ਗੁਰੂ ਨੂੰ ਤਾਰ ਲਏਗਾ ਜਿਵੇਂ ਵਿਸ਼ੇਸ਼ਰ ਨਾਥ ਬਾਲਕਾ (ਕਾਲੀ ਨਾਥ ਜੋਗੀ), ਛੋਟੇ ਪਾਤਸ਼ਾਹ ਦੇ ਸਮੇਂ ਦਾ ਪ੍ਰਸੰਗ ਹੈ।

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ [ਜਪੁਜੀ, ਪੰਨਾ ੮

ਚੇਲੇ ਦਾ ਸਦਕਾ ਗੁਰੂ ਤਰ ਗਿਆ। ਨਾਮ ਨੂੰ ਮੰਨਣ ਵਾਲਾ ਮੰਗਤਾ ਹੋਕੇ ਭਿਖਿਆ ਲਈ ਨਹੀਂ ਭਵੇਗਾ; ਸਗੋਂ ਸਭ ਉਸ ਦੀ ਪੂਜਾ ਕਰਨਗੇ।

ਜਾਕੈ ਨਿਕਟਿ ਨ ਆਵੈ ਕੋਈ ॥
ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥
[ਆਸਾ ਮਹਲਾ ਪ, ਪੰਨਾ ੩੮੬

ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥
[ਆਸਾ ਮਹਲਾ ੪, ਪੰਨਾ ੪੫੦

ਜੂਨਾਂ ਵਿਚ ਨਹੀਂ ਪਏਗਾ; ਭਿਖ ਦਾ ਅਰਥ ਜੂਨਾਂ ਬੀ ਹੈ। ਉਹ ਜਨਾਂ ਵਿਚ ਨਹੀਂ ਫਿਰਨਗੇ, ਉਹਨਾਂ ਦੀ ਚੌਰਾਸੀ ਕੱਟੀ ਜਾਏਗੀ ਤੇ ਨਿਜ ਸਰੂਪ ਵਿਚ ਬਿਰਾਜਮਾਨ ਹੋਣਗੇ।

ਪ੍ਰਸੰਗ-ਇਕ ਸੰਤ ਵੈਸ਼ਨੋਂ ਸਨ, ਉਹਨਾਂ ਨੇ ਸ੍ਰੀ ਕਲਗੀਧਰ ਜੀ ਦਾ ਸਾਖਿਆਤ ਦਰਸ਼ਨ ਕੀਤਾ ਹੈ। ਪੰਜ ਸ਼ਸਤ੍ਰ ਲਗੇ ਹਨ, ਸ੍ਰੀ ਅਨੰਦ ਪੁਰ ਸਾਹਿਬ ਬਿਰਾਜ ਰਹੇ ਹਨ। ਚਿਤ ਵਿਚ ਆਈ: ਮੈਂ ਗ਼ਰੀਬ ਸਾਧੂ ਹਾਂ, ਨਾ ਧਨ, ਨਾ ਵਿਦਿਆ, ਨਾ ਰੂਪ, ਮੈਨੂੰ ਵਾਜ

ਮਾਰ ਕੇ ਬੁਲਾਉਣ ਤਾਂ ਦ੍ਰਿੜਤਾ ਬੱਝਦੀ ਹੈ। ਇਹ ਅਰਦਾਸ ਜੁੜਕੇ ਕੀਤੀ। ਸਤਿਗੁਰ ਜੀ ਨੇ ਅਵਾਜਾ ਦਿਤਾ 'ਓਇ ਬਿਰਾਗੜੇ ! ਆ ਜਾ।' ਮੰਢੇ ਤੇ ਸ਼ਸ਼ਤ੍ਰ ਰਖਿਆ, ਕਪਾਟ ਖੁਲ੍ਹ ਗਿਆ।

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ ॥
ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥
[ਆਸਾ ਛੰਤ ਮਹਲਾ ੫, ਪੰਨਾ ੪੫੨

ਸਾਡੀ ਸੇਵਾ ਇਹ ਹੀ ਹੈ, ਜਾਓ ! ਸੰਗਤਾਂ ਵਿਚ ਵੰਡੋ।

"ਆਦਿ ਅੰਤ ਏਕੈ ਅਵਤਾਰਾ" ਜੈਸੇ ਪ੍ਰਗਟ ਹੋਏ ਐਸੇ ਇਸਥਿਤ ਹੋਵੇ। ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਏ। ਇਹ ਕੌਤਕ ਸ੍ਰੀ ਕਰਤਾਰ ਪੁਰ ਵਰਤਿਆ। ਅਪਣਾ ਰੂਪ ਭਾਈ ਲਹਿਣਾ ਜੀ ਕੀਤਾ। ਮੁਰੀਦ ਮੁਸਲਮਾਨ ਭੀ ਸੇ, ਆ ਗਏ, ਆਖਣ :— "ਗੋਰ ਬਨਾਵਾਂਗੇ, ਜ਼ਿਆਰਤ ਕਰਾਂਗੇ"। ਹਿੰਦੂ ਆਖਣ : "ਦੇਹੁਰਾ ਬਨਾਵਣਾ ਹੈ"। ਆਪਸ ਵਿਚ ਬਿਬਾਦ ਹੋ ਗਿਆ। ਬਾਬਾ ਜੀ ਨੇ ਸੁਨੇਹਾ ਘੱਲਿਆ :—

'ਬਾਬਾ ਮੜੀ ਨ ਗੋਰ ਗੁਰ ਅੰਗਦ ਕੇ ਹੀਏ ਮਹਿ ॥' ਯਾ
'ਸਤ ਸੰਗਤ ਠੌਰ ਸਤਿਗੁਰ ਨਾਨਕ ਜੀ ਬਸਹਿ ॥'

ਪੁਨਾ:—'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥' [ਰਾਮਕਲੀ ਵਾਰ ਸਤਾ ਬਲਵੰਡ, ਪੰਨਾ ੯੬੬

ਬਾਬਾ ਜੀ ਅਚਲ ਵਟਾਲੇ ਗਏ "ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ"। ਜੋਗੀਆਂ ਕਹਿਆ ਇਥੋਂ ਉਠ ਜਾਓ, ਇਥੇ ਧਰਤੀ ਸਾਡੀ ਹੈ, ਅਚਲੇਸ਼ਵਰ ਦਾ ਮੰਦਰ ਹੈ। ਬਾਬੇ ਨੇ ਕੌਤਕ ਕੀਤਾ, ਜੋਗੀਆਂ ਦਾ ਪਾਖੰਡ ਨਾਸ਼ ਕੀਤਾ, ਧਰਤੀ ਸਤਿ ਕਰਤਾਰ ਦੀ :—

'ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ ॥ ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ ॥' [ਰਾਮਕਲੀ ਮ: ੫, ਪੰਨਾ ੮੮੩

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ
ਦਰਗਹਿ ਮਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ
ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ
ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ
ਬਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ
ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ
ਭਾਰ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ
ਕੇ ਨਾਵ । ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ
ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣ ਕੂਤੁ ॥ ਕੀਤਾ
ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ
ਦਰੀਆਉ ॥ ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ
ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ

# ਨਿਰੰਕਾਰ ॥ ੧੬ ॥

'ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥'
[ਵਾਰ ਜੈਤਸਰੀ ਮਹਲਾ ੫, ਪੰਨਾ ੭੧੦

ਮਹਾਰਾਜ ਜੀ ਨੇ ਜਪੁ ਜੀ ਦੀ ਬਖਸ਼ੀਸ਼ ਕੀਤੀ ਹੈ।

'ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥' [ਪ੍ਰਭਾਤੀ ਮ: ੪, ਪੰਨਾ ੧੩੩੭

ਓਹ ਧੰਨ ਹਨ ਜਿਨ੍ਹਾਂ ਦਾ ਲਗਾਤਾਰ ਧਿਆਨ ਹੈ।

ਸਹਜ ਸਮਾਧਿ ਉਪ ਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥
[ਮਾਰੂ ਰਵਿਦਾਸ ਜੀ, ਪੰਨਾ ੧੧੦੬

ਸਤਿਗੁਰ ਜੀ ਧਿਆਨ ਨੂੰ ਲਿਵ ਹੀ ਆਖਦੇ ਹਨ: 'ਪੰਚਾ ਕਾ ਗੁਰੁ ਏਕੁ ਧਿਆਨ'। ਪੰਜਾਂ ਕਾ, ਸੰਤਾਂ ਦਾ ਇਕ ਪਰਮਾਤਮਾ ਵਿਚ ਧਿਆਨ ਹੈ। ਵਾਹਿਗੁਰੂ ਦੇ ਧਿਆਨ ਬਿਨਾ ਉਨ੍ਹਾਂ ਨੂੰ ਹੋਰ ਕੋਈ ਫੁਰਨਾਂ ਹੀ ਨਹੀਂ ਫੁਰਦਾ, ਕੋਈ ਵਾਸ਼ਨਾ ਨਹੀਂ, ਇਕੋ ਤਰਫ ਧਿਆਨ ਹੈ। ਇਕ ਪਰਮਾਤਮਾ ਸਤਾਂ ਦਾ ਕੀਹ ਹੈ? ਗੁਰੂ ਹੈ। ਉਸ ਇਕ ਵਿਚ ਹੀ ਸੰਤਾਂ ਦਾ ਧਿਆਨ ਹੈ 'ਸੁਣਿਐ ਈਸਰੁ ਬਰਮਾ ਇੰਦ'। 'ਮੰਨੈ ਸਗਲ ਭਵਣ ਕੀ ਸੁਧਿ'। ਜਿਨ੍ਹਾਂ ਦੀ ਅਵਸਥਾ ਧਿਆਨ ਵਿਚ ਪੱਕ ਗਈ, ਸੋ ਪ੍ਰਵਾਣ ਹਨ। ਉਹ ਹੀ ਪੰਚ ਹਨ ਇਸ ਦੁਨੀਆ ਵਿਚ, ਵਾਹਿਗੁਰੂ ਦੀ ਗਿਣਤੀ ਵਿਚ ਆ ਗਏ ਹਨ, ਐਸੇ ਲੋਕ ਜੇਕਰ ਪਾਤਾਲਾਂ ਵਿਚ ਜਾਣ ਤਾਂ ਵੀ ਪ੍ਰਧਾਨ, ਜੇ ਦਰਗਾਹ ਵਿਚ ਜਾਣ ਤਾਂ ਭੀ ਮਾਣ ਪਾਉਂਦੇ ਹਨ। ਜਿਤਨੀ ਉਤਪੱਤੀ ਹੈ ਸਰੀਰ ਵਿਚ ਹੈ:—

'ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ
ਹਾਟ ਪਟਣ ਬਾਜਾਰਾ ॥' [ਸੂਹੀ ਮ: ੩, ਪੰਨਾ ੭੫੪

ਸਰੀਰ ਵਿਚ ਵਜ਼ਨੀ ਹੈ, ਸਮਸ਼ਟੀ ਹੈ, ਜੈਸੇ ਸੂਰਜ ਸਮਸ਼ਟੀ ਹੈ ਤੇ ਕਿਰਨ ਵਜ਼ਨੀ ਹੈ। ਸੰਤ ਲੋਕ ਦਰਗਾਹ ਵਿਚ ਆਦਰ ਪਾਉਂਦੇ ਹਨ। ਯਮ ਰਾਜ ਦੀ ਦਹਗਾਹ ਅਰ ਵਿਸ਼ਨੂੰ ਨਾਰਾਇਣ ਦੀ ਸਭਾ, ਸੰਤ ਜਨਾਂ ਦਾ ਸਭ ਜਗਾ ਆਦਰ ਸਤਿਕਾਰ

ਹੈ 'ਰੇ ਰੇ ਦਰਗਹ ਕਹੈ ਨ ਕੋਊ ॥' ਪੰਚ ਜੀ ਧੰਨ ਹਨ, ਸਦਕੇ ਸਦਕੇ ਰਾਜਾਨ ਰਾਜ ਹੈ ਪਰਮਾਤਮਾ :—

'ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੋਤ ਪਾਹੁਚਾ ॥
ਬੇਸੁਮਾਰ ਵਡ ਸਾਹ ਦਾਤਾਰਾ ਊਚੇ ਹੀ ਤੇ ਊਚਾ ॥
[ਸਾਰਗ ਮਹਲਾ ੫, ਪੰਨਾ ੧੨੬੫

ਪੰਚ ਜਨ ਸੋਭਾ ਪਾਂਦੇ ਹਨ।

'ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥'
[ਵਾਰ ਸਿਰੀ ਰਾਗ ਮ: ੧, ਪੰਨਾ ੮੫

ਸਾਧ ਸੰਗਤ ਜੀ ! ਇਹ ਕਥਾ ਨਹੀਂ, ਇਹ 'ਨਾਨਕ ਕਥਨੀ ਕਰੜਾ ਸਾਰੁ' ਹੈ।

'ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥
ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ ॥'
[ਗਉੜੀ ਮਹਲਾ ੫ ਥਿਤੀ, ਪੰਨਾ ੨੯੭

ਜਿਨ੍ਹਾਂ ਸੰਸਾਰ ਨੂੰ ਛਲ ਸਮਝਿਆ ਉਹ ਪੰਚ ਪ੍ਰਵਾਨ ਹਨ। ਜਿਨ੍ਹਾਂ ਪਰਮਾਤਮਾਂ ਨੂੰ ਜਾਣਿਆ ਸੋ ਪੰਚ ਹਨ। ਇਨ੍ਹਾਂ ਪੰਚਾਂ ਦੇ ਲੱਛਣ ਕੀ ਹਨ ?

'ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥'
[ਆਸਾ ਮਹਲਾ ੫, ਪੰਨਾ ੪੩੦

ਇਹ ਪੰਚਾਂ ਦੀ ਕਥਾ ਹੈ :—

'ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥'
[ਬਿਲਾਵਲੁ ਮਹਲਾ ੫, ਪੰਨਾ ੮੧੨

ਇਹ ਮਨਾ ਲਏ, ਅਪਣੇ ਬਣਾ ਲਏ। ਕਾਮ, ਕ੍ਰੋਧ, ਲੋਭ, ਮੋਹ ਨਿਕਲ ਵੰਞੋ ਅੰਦਰੋਂ, ਨਾ ਆਓ ਭਾਈ ! ਇਹ ਸਰੀਰ ਰੂਪੀ ਨਗਰੀ ਹੈ। ਰੁਸਾ ਛਡੋ। ਪੰਚਾਂ ਦੇ ਪਾਤਸ਼ਾਹ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ :—

'ਕਾਮ ਕ੍ਰੋਧ ਲੋਭੁ ਮੋਹੁ ਅਪਤੁ ਪੰਚ ਦੂਤ ਬਿਖੰਡਿਓ ॥'
[ਸਵਯੇ ਮਹਲੇ ੩ ਕੇ, ਪੰਨਾ ੧੩੯੬

ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ
ਤੇ ਤੂ ਰਹੁ ਰੇ ॥ [ਕੇਦਾਰਾ ਮਹਲਾ ੪, ਪੰਨਾ

ਕਾਮ ਕ੍ਰੋਧ ਲੋਭ ਮੋਹ ਬਿਨਾਸੀ ॥
ਜਨਮ ਮਰਨ ਦੁਹੁ ਤੇ ਰਹਿਓ ॥ [ਗਉੜੀ ਮਹਲਾ ਪ, ਪੰਨਾ

ਕਾਮ ਕ੍ਰੋਧ ਲੋਭ ਮੋਹ ਤਜਾਰੀ ॥
ਦ੍ਰਿੜ ਨਾਮ ਦਾਨੁ ਇਸਨਾਨੁ ਸੁਚਾਰੀ ॥ [ਸੂਹੀ ਮਹਲਾ ਪ, ਪੰਨਾ ੭੪੦

ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥
[ਬਸੰਤ ਮਹਲਾ ਪ, ਪੰਨਾ ੧੧੮੫

ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ
ਕਾਟੁ ਸਾਧ ਸੰਗਿ ਰਤਿ ਜੀਉ ॥ ਦੇਹ ਗੇਹੁ ਤ੍ਰਿਅ ਸਨੇਹੁ ਚਿਤ
ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ
ਜੀਉ ॥ ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ
ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥
[ਸਵਯੇ ਮਹਲੇ ੪ ਕੇ, ਪੰਨਾ ੧੪੦੩

ਸਤਿ,ਸੰਤੋਖ, ਧਰਮ, ਧੀਰਜ ਤੇ ਵੀਚਾਰ, ਇਨ੍ਹਾਂ ਪੰਜਾਂ ਨੂੰ ਜਿਨ੍ਹਾਂ ਨੇ ਸ਼ਰੀਰ ਵਿਚ ਵਸਾ ਲਿਆ ਹੈ, ਇਹ ਪੰਚ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੋ ਗਏ ਹਨ. ਤੇ ਜਿਨ੍ਹਾਂ ਪੰਜਾਂ (ਸਤਿ, ਸੰਤੋਖ, ਧਰਮ, ਧੀਰਜ ਤੇ ਵੀਚਾਰ) ਨੂੰ ਪ੍ਰਵਾਨ ਕਰ ਲਿਆ ਹੈ, ਤੇ ਸ਼ਰੀਰ ਵਿਚ ਵਸਾ ਲਿਆ ਹੈ; ਅਤੇ ਪੰਜ ਵੈਰੀ ਜੋ ਸਨ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਉਨ੍ਹਾਂ ਦੇ ਮੁੰਤਜ਼ਿਮ (ਪ੍ਰਬੰਧਕ) ਕੀਤੇ ਹਨ,ਇਨ੍ਹਾਂ ਨੂੰ ਵਸ ਕਰਨ ਵਾਲੇ ਹਨ ਸੋ ਪ੍ਰਧਾਨ ਹਨ,ਜਿਨ੍ਹਾਂ ਨੇ ਪੰਜਾਂ ਨੂੰ ਕੰਟਰੋਲ ਵਿਚ ਕਰ ਲਿਆ ਹੈ; ਇਹ ਪੰਚ ਸ਼ੋਭਾ ਪਾਂਦੇ ਹਨ। 'ਤਿਥੈ ਸੋਹਨਿ ਪੰਚ ਪ੍ਰਵਾਣੁ', ਕਿਥੇ ਜਿਥੇ 'ਸਚਾ ਆਪਿ ਸਚਾ ਦਰਬਾਰੁ' ਹੈ। ਉਹ ਸਚੇ ਸਤਿਨਾਮ ਵਾਹਿਗੁਰੂ ਦੇ ਦਰਬਾਰ ਵਿਚ 'ਪੰਚੇ ਪਾਵਹਿ ਦਰਗਹਿ ਮਾਨੁ' ॥

ਇਹੋ ਜੇਹੇ ਪੰਚ (ਸੰਤ) ਜੋ ਹਨ ਉਹ ਵਾਹਿਗੁਰੂ ਦੀ ਦਰਗਾਹ ਵਿਚ ਮਾਨ ਪਾਂਦੇ ਹਨ :—

ਤਿਰਸਕਾਰ ਨਹ ਭਵੰਤਿ ਨਹ ਭਵੰਤ ਮਾਨ ਭੰਗਨਹ ॥
ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ ॥
ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ ਨਾਨਕ
ਸੇ ਪ੍ਰਾਣੀ ਸੁਖ ਬਾਸਨਹ ॥ [ਸਲੋਕ ਸਹਸਕ੍ਰਿਤੀ ਮ:੫, ਪੰਨਾ ੧੩੫੭

ਸਭ ਸਤਿਕਾਰ ਕਰਦੇ ਹਨ। ਪਾਤਾਲ ਲੋਕ ਵਿਚ ਉਨ੍ਹਾਂ ਦਾ ਮਾਨ ਕੋਈ ਭੰਗ ਨਹੀਂ ਕਰਦਾ। 'ਪੰਚ ਪਰਵਾਣ ਪੰਚ ਪਰਧਾਨ' — ਜਿਨ੍ਹਾਂ ਪੰਚਾਂ ਦਾ ਧਿਆਨ ਪਰਮਾਤਮਾ ਨਾਲ ਲਗ ਗਿਆ ਹੈ ਉਹ ਪ੍ਰਵਾਨ ਹਨ, ਪ੍ਰਧਾਨ ਹਨ, ਉਹ ਮਾਨਨੀਯ ਹਨ। ਸ਼ੋਭਾ ਸੰਜੁਗਤ ਹਨ। ਸਤ, ਸੰਤੋਖ, ਦਇਆ, ਧਰਮ ਨੂੰ ਪ੍ਰਵਾਨ ਕਰਨ ਵਾਲਾ ਪ੍ਰਵਾਨ ਹੈ। ਕਾਮ ਕ੍ਰੋਧ, ਲੋਭ ਆਦੀ ਨੂੰ ਵੱਸ ਵਿਚ ਰੱਖਣ ਵਾਲਾ ਪ੍ਰਧਾਨ ਹੈ; ਐਸੇ ਪੰਚ ਚੌਦਾਂ ਭਵਨਾਂ ਵਿਚ ਪ੍ਰਵਾਨ ਹੋ ਗਏ।

'ਪੰਚੇ ਪਾਵਹਿ ਦਰਗਹਿ ਮਾਨੁ' ਉਨ੍ਹਾਂ ਦਾ ਆਦਰ ਮਾਨ ਦਰਗਾਹ ਵਿਚ ਬਹੁਤ ਹੁੰਦਾ ਹੈ। ਅਰ ਪੰਜ ਤੱਤਾਂ ਦੀ ਰਹਿਣੀ ਰਖੀ ਹੈ। ਜਿਨ੍ਹਾਂ ਪੰਜਾਂ ਤੱਤਾਂ ਦਾ ਸਰੀਰ ਬਣਿਆ ਹੈ, ਅਕਾਸ਼, ਵਾਯੂ, ਅਗਨੀ, ਜਲ ਅਰ ਪ੍ਰਿਥਵੀ :—

ਅਪੁਤੇਜੁ ਵਾਇ ਪ੍ਰਿਥਮੀ ਆਕਾਸਾ ॥ [ਮਾਰੂ ਮ: ੧, ਪੰਨਾ ੧੦੩੧

ਇਨ੍ਹਾਂ ਨੂੰ ਵਿਚਾਰ ਕੇ, ਇਨ੍ਹਾਂ ਦੇ ਗੁਣ ਭਾਵ ਉੱਤਮ ਸੁਭਾਵਾਂ ਨੂੰ ਅੰਦਰ ਗ੍ਰਹਣ ਕਰ ਲਿਆ ਹੈ :—

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥
ਜੈਸੇ ਮੈਲੁ ਨ ਲਾਗੈ ਜਲਾ ॥ [ਸ੍ਰੀ ਸੁਖਮਨੀ, ਪੰਨਾ ੨੭੨

'ਪੰਚ ਗਵਾਏ' (ਸ਼ਬਦ, ਸਪਰਸ਼, ਰੂਪ, ਰਸ, ਗੰਧ) ਜਿਹੜੇ ਪੰਜਾਂ ਤਤਾਂ ਦੇ ਭੈੜੇ ਵਿਸ਼ੇ ਹੈਨ ਉਹ ਗਵਾ ਦਿਤੇ ਹੈਨ, ਉਨ੍ਹਾਂ ਨੂੰ ਦੂਰ ਕਰ ਦਿਤਾ ਹੈ. ਤਿਆਗ ਦਿੱਤਾ ਹੈ ਇਨ੍ਹਾਂ ਸੰਤਾਂ ਪਿਆਰਿਆਂ ਨੇ।

'ਪੰਚੇ ਸੋਹਹਿ ਦਰਿ ਰਾਜਾਨੁ।' ਉਸ ਰਾਜਾਨ ਰਾਜ ਦੀ ਦਰਗਾਹ ਵਿਚ ਇਹ ਸ਼ੋਭਾ ਪਾਂਦੇ ਹਨ। ਉਸ ਸਾਚੇ ਦਰਬਾਰ ਦੀ ਸਭਾ ਵਿਚ ਉਨ੍ਹਾਂ ਦੀ ਸ਼ੋਭਾ ਹੁੰਦੀ ਹੈ। ਇਨ੍ਹਾਂ ਨੇ ਅੰਮ੍ਰਿਤ ਲੈ ਲਿਆ ਹੈ,

ਬਿਖ ਛਡ ਦਿੱਤੀ ਹੈ। ਫੁੱਲ ਦੀ ਖੁਸ਼ਬੋ, ਵਾਸ਼ਨਾ, ਰੰਗਤ ਲੈ ਲਈ, ਕੱਰੇ ਨਹੀਂ: 'ਪਰ ਨਾਰੀ ਦੇ ਨੇੜ ਨ ਜਾਵੈ' :—

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨ ਅਵਰੁ ਨ ਦੇਖਹੁ ਕੋਈ ॥ [ਰਾਮਕਲੀ ਅਨੰਦ ਮ: ੩ ਪੰਨਾ ੯੨੨
ਬਲਿਹਾਰੀ ਕੁਦਰਤਿ ਵਸਿਆ ॥ [ਵਾਰ ਆਸਾ ਮ: ੧, ਪੰਨਾ ੪੬੯
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
[ਵਾਰ ਗੂਜਰੀ ਮ: ੫ ਪੰਨਾ ੫੧੭

ਐਸੇ ਜੋ ਮਹਾਂ ਪੁਰਸ ਹੈਨ ਉਹ ਰਾਜਾਨ ਰਾਜ ਪ੍ਰਮਾਤਮਾ ਦੇ ਦਰ ਸੋਹਹਿ :—

ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥ [ਜਪੁਜੀ, ਪੰਨਾ ੮
ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥ ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥ [ਮਾਰੂ ਮ: ੫, ਪੰਨਾ ੧੦੭੭

ਆਪ ਦਾ ਬਿਰਦ ਹੈ :—

ਜਿਤੇ ਸਰਨ ਐ ਹੈ ਤਿਤੇ ਰਾਖ ਲੈ ਹੈ ॥ [ਪਾ: ੧੦

ਸਾਡੀ ਗੰਮਤਾ ਨਹੀਂ, ਪਾਤਸ਼ਾਹ ! ਪਰ 'ਨਾਨਕ ਦਾਸੁ ਚਿਤਾਰਣਾ' । ਸ਼ਬਦ, ਸਪਰਸ਼, ਰੂਪ, ਰਸ, ਗੰਧ ਤਿਆਗ ਦਿਤੇ । ਸਰੀਰ ਸੇਵਾ ਵਿਚ, ਰਸਨਾਂ ਭਗਤੀ ਵਿਚ । ਦੁਰਾਚਾਰੀ ਲੋਗ :—

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ ॥
[ਆਸਾ ਰਵਿਦਾਸ ਜੀ, ਪੰਨਾ ੪੮੬

ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥ ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥
[ਆਸਾ ਮਹਲਾ ੧, ਪੰਨਾ ੪੩੬

ਤਖਤ ਬਾਲਾ ਜ਼ੋਰ ਗੁਰ ਗੋਬਿੰਦ ਸਿੰਘ ॥

ਲਾ ਮਕਾਨੇ ਸੈਰ ਗੁਰ ਗੋਬਿੰਦ ਸਿੰਘ ॥

[ਭਾਈ ਨੰਦ ਲਾਲ

ਪੰਚਾ ਕਾ ਗੁਰੁ ਏਕੁ ਧਿਆਨੁ ॥
ਪੰਚਾਂ ਦਾ ਏਕ ਅਪਣੇ ਗੁਰੂ ਵਿਚ ਧਿਆਨੁ :—
ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥

[ਪ੍ਰਭਾਤੀ ਮਹਲਾ ੪, ਪੰਨਾ ੧੩੩੭

ਧਿਆਨ ਨੂੰ ਲਿਵ ਭੀ ਆਖਦੇ ਹਨ ।

ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥

ਜੇ ਕੋਈ ਆਖੇ ਅਸੀਂ ਬੀਚਾਰ ਕਰਾਂਗੇ ਤਾਂ ਕਿਸ ਕਿਸ ਦੀ ਦਾ ਵੀਚਾਰ ਕਰਨਗੇ: ਉਸ ਦੇ ਸ੍ਵਰੂਪ, ਦਾਤਿ ਯਾ ਕਿਰਤ ਦਾ ਵਿਚਾਰ ਕਰ ਸਕਦਾ ਹੈ ?

ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣ ਕੂਤੁ ॥

ਉਸ ਕਰਤੇ ਦੇ ਕਰਨੇ ਦਾ ਵੀ ਤਾਂ ਕੋਈ ਸ਼ੁਮਾਰੁ ਨਹੀਂ ਪਾ ਸਕਦਾ ।

ਧੌਲੁ ਧਰਮੁ ਦਇਆ ਕਾ ਪੂਤੁ ॥

ਪ੍ਰਸ਼ਨ–ਏਹ ਧਰਤੀ ਜੋ ਹੈ ਕੀਹ ਬਲਦ ਦੇ ਆਸਰੇ ਖੜੀ ਹੈ ?

ਜਵਾਬ—ਇਹ ਬਲਦ ਬਲਕਿ ਧਰਮ ਦੇ ਆਸਰੇ ਧਰਤੀ ਖੜੀ ਹੈ; ਧਰਮ ਦਇਆ ਦਾ ਪੁਤਰ ਹੈ ਤੇ ਉਸ ਦਾ ਭੋਜਨ ਸੰਤੋਖ ਹੈ ਭਾਵ ਦਇਆ ਤੋਂ ਧਰਮ ਉਤਪੰਨ ਹੁੰਦਾ ਹੈ ਦਇਆ ਹੀ ਅਵਤਾਰਾਂ ਨੂੰ ਲਿਆਉਂਦੀ ਹੈ ।

ਇਹ ਬਿਧਿ ਕਰਤ ਤਪਸਿਆ ਭਯੋ ॥
ਦੋਊ ਤੇ ਏਕ ਰੂਪ ਹ੍ਵੈ ਗਯੋ ॥...
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥
ਤਬ ਹਮ ਜਨਮ ਕਲੂ ਮਹਿ ਲੀਆ ॥੪॥

ਚਿਤ ਨ ਭਯੋ ਹਮਰੋ ਆਵਨ ਕਹ ॥
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ ॥

[ਬਚਿਤ੍ਰ ਨਾਟਕ

ਕਲਗੀਧਰ ਪਾਤਸ਼ਾਹ ਨੂੰ ਲਿਆਇਆ ਕੌਣ ? 'ਦਇਆ',
ਦਇਆ ਸਤਿਗੁਰ ਦੇ ਹਿਰਦੇ ਉਤਪੰਨ ਹੁੰਦੀ ਹੈ ।

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥

ਧਰਮ ਰੂਪੀ ਧੌਲ ਹੈ ਦਇਆ ਦਾ ਪੁਤ੍ਰ ਹੈ ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨ ॥

[ਬਾਰਹ ਮਾਹਾ ਮਾਝ ਮਹਲਾ ੫, ਪੰਨਾ ੧੩੬

ਰਾਤ੍ਰੀ ਦਾ ਸੁਭਾਵ ਹਨੇਰਾ ਹੈ, ਸੂਰਜ ਦਾ ਸੁਭਾਵ ਚਾਨਣਾ ਹੈ। ਦੁਖ ਦੇਖ ਕੇ ਦ੍ਰਵ ਜਾਣਾ ਦਇਆ ਦਾ ਸਰੂਪ ਹੈ। ਹੇ ਵਾਹਿਗੁਰੂ ! ਸਾਰੇ ਸੁਖੀ ਹੋਂ ਜਾਣ :—

ਰੋਗੀ ਕਾ ਪ੍ਰਭ ਖੰਡਹੁ ਰੋਗੁ ॥
ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥
ਨਿਥਾਵੈ ਕਉ ਤੁਮ ਥਾਨਿ ਬੈਠਾਵਹੁ ॥
ਦਾਸ ਅਪਨੇ ਕਉ ਭਗਤੀ ਲਾਵਹੁ ॥

[ਭੈਰਉ ਮਹਲਾ ੫, ਪੰਨਾ ੧੧੪੬

ਇਹ ਇਕ ਦਿਲੀ ਅਰਦਾਸ ਹੈ :—

ਹਾਥੀ ਕੀ ਚਿੰਘਾਰ ਪਲ ਪਾਛੇ ਪਹੁਚਤ ਤਾਂਹਿ,
ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ ।

[ਅਕਾਲ ਉਸਤਤ—੨੫੬

ਦੁਖੀਆਂ ਪਰ ਦਇਆ ਕਰਨੀ ਇਸ ਦੇ ਨਾਲ ਗੁਰੂ ਕੀ ਦਇਆ ਲੈਣੀ ਹੈ ।

ਮਨ ਵਿਖੇ ਜੋ ਧਾਰਨ ਕੀਤਾ ਜਾਏ ਸੋ ਧਰਮ, 'ਧਰ' ਅਰ 'ਮਮਾ' ਬਜ਼ੁਰਗਾਂ ਦਾ ਧਰਮ । ਸਤਿਗੁਰ ਦੀ ਜੋ ਆਗਿਆ ਹੈ ਸੋ ਧਰਮ ਹੈ । ਜੋ ਅਪਣੀ ਮਨਮਤਿ ਹੈ ਸੋ ਧਰਮ ਨਹੀਂ :—

ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ ॥
[ਵਾਰ ਭਾਈ ਗੁਰਦਾਸ ੨੯-੧੦

ਗੁਰ ਸਿਖੀ ਦਾ ਕਰਮ ਹੈ ਗੁਰ ਪ੍ਰਸਾਦਿ ਗੁਰ ਸਿਖੀ ਕਰਨਾ।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥ [ਸੁਖਮਨੀ, ਪਨਾ ੨੮੬

ਜੋ ਗੁਰੂ ਕੇ ਬਚਨ ਦੇ ਵਿਰੁੱਧ ਹੈ, ਸੋ ਅਧਰਮ ਹੈ। ਵਿਸ਼ਿਆਂ ਨਾਲ ਧਰਮ ਦੀ ਇਸਥਿਤੀ ਨਹੀਂ ਹੋ ਸਕਦੀ। ਧਰ+ਮ = ਧਰ = ਧਾਰਨਾ, ਮ = ਮਨ (ਅੰਤਸ਼ਕਰਣ) ਵਿਚ, ਭਾਵ ਮਨ ਦੇ ਅੰਦਰ "ਜੋ ਧਾਰਨ ਕੀਤਾ ਜਾਵੇ ਸਤਿਗੁਰੂ ਦੇ ਦੁਆਰੇ, ਉਸ ਦਾ ਨਾਮ ਹੈ ਧਰਮ। ਜੋ ਮਨ ਵਿਚ ਧਾਰਨ ਕੀਤਾ ਜਾਏ ਸੋ ਧਰਮ, ਸਭ ਦੀ ਏਕ ਧਰਮ: ਸਤਿਨਾਮ ਸ੍ਰੀ ਵਾਹਿਗੁਰੂ :—

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ ॥
[ਸਲੋਕ ਮਹਲਾ ੯, ਪੰਨਾ ੧੪੨੯

ਅਸਤਿ ਏਕ ਦਿਗਰਿ ਕੁਈ ॥
ਏਕ ਤੁਈ ਏਕ ਤੁਈ ॥ [ਵਾਰ ਮਾਝ ਮ: ੧, ਪੰਨਾ ੧੪੩

ਨਾਮ ਧਰਮ :—

ਨਾਮ ਕੇ ਧਾਰੇ ਆਗਾਸ ਪਾਤਾਲ ॥... [ਸੁਖਮਨੀ, ਪੰਨਾ ੨੮੪

ਸਰਬ ਧਰਮ ਮਹਿ ਸ੍ਰੇਸਟ ਧਰਮੁ ॥... [ਸੁਖਮਨੀ, ਪੰਨਾ ੨੬੬

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ ॥
[ਵਾਰ ਆਸਾ ਮ: ੨ ਪੰਨਾ੪੬੯

ਸ਼ਬਦ ਦੇ ਅਰਥ ਹਨ :—
(੧) ਆਵਾਜ਼, ਧੁਨੀ। (੨) ਧਾਰਨਾ।

ਜੋਗੀ ਦਾ ਧਰਮ ਪਰਮਾਤਮਾਂ ਦਾ ਗਿਆਨ, ਬ੍ਰਾਹਮਣ ਦਾ ਧਰਮ ਵੇਦ ਪਾਠ ਪੜ੍ਹੇ ਅਰ ਪੜ੍ਹਾਏ। ਖਾਲਸਾ: ਉਹੀ ਗ੍ਰੰਥੀ, ਓਹੀ ਪਾਠੀ, ਉਹੀ ਸਿਪਾਹੀ, ਲੰਗਰ ਵਿਚ ਭੀ ਉਹੀ। ਸਦਾਚਾਰ ਰੂਪ ਧਰਮ, ਨਾਮ ਰੂਪੀ ਧਰਮ, ਪ੍ਰਿਥਵੀ ਅਰ ਬ੍ਰਹਿਮੰਡ ਦਾ ਆਸਰਾ

ਕੇਵਲ ਧਰਮ ਹੈ।

ਸੰਤੋਖ ਤੋਂ ਉਹ ਸੁਖ ਪ੍ਰਾਪਤ ਹੁੰਦਾ ਹੈ ਜੋ ਰਾਜ ਤੋਂ ਵੀ ਪ੍ਰਾਪਤ ਨਹੀਂ ਹੋ ਸਕਦਾ। ਸੰਤੋਖ = ਸਬਰ = ਸ਼ੁਕਰਾਨਾ = ਤ੍ਰਿਪਤੀ। ਸੂਤ = ਮਿਹਰਬਾਨੀ।

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਸੰਪੂਰਨ ਸੰਸਾਰ ਦੀ ਜੋ ਮਿਹਰਬਾਨੀ ਸੰਤੋਖ ਨੇ ਅਸਥਾਪਨ ਕਰ ਰਖੀ ਹੈ। ਅਗਨੀ ਨੂੰ ਸੰਤੋਖ ਹੈ ਤਦ ਲਕੜੀ ਅੰਦਰ ਛਪੀ ਬੈਠੀ ਹੈ। ਧਰਮ ਰੂਪੀ ਬਲਦ ਦਇਆ ਦਾ ਪੂਤ ਅਰ ਮਾਤਾ ਸੰਤੋਖ ਹੈ। ਤਿਖੀਆਂ ਦਾ ਆਤਮਾ ਹੈ ਸੰਤੋਸ਼।

ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ
ਕਹਾ ਅਘਾਈ ॥ [ਧਨਾਸਰੀ ਮ: ੫ ਪੰਨਾ ੬੭੨

ਪ੍ਰਸ਼ਨ—ਪਹਿਲੇ ਜੋ ਲਿਖ ਗਏ ਹੈਨ ਕਿ ਧਰਤੀ ਬਲਦ ਦੇ ਸਹਾਰੇ ਹੈ ਇਹ ਵੀ ਤਾਂ ਸੱਚ ਹੋਵੇਗਾ ?

ਜਵਾਬ-ਜੇ ਇਸਨੂੰ ਕੋਈ ਬੁੱਝੇ ਤਾਂ ਸਚਿਆਰ ਹੈ ਧਵਲ (ਬਲਦ) ਜੋ ਕਿ ਕਾਮਧੇਨ ਦਾ ਪੁਤਰ ਤੇ ਇਤਨੇ ਬੋਝ ਨੂੰ ਚੁੱਕੀ ਖੜਾ ਹੈ, ਜੇ ਇਹ ਮੰਨ ਲਿਆ ਜਾਵੇ ਕਿ ਉਹ ਬਹੁਤ ਬਲਵਾਨ ਹੈ ਤੇ ਸਭ ਬੋਝ ਚੁਕ ਸਕਦਾ ਹੈ ਤਾਂ:—

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਮੰਨ ਲਿਆ ਕਿ ਧਰਤੀ ਬਲਦ ਦੇ ਆਸਰੇ ਹੈ ਦੂਸਰੀ ਧਰਤੀ ਮਛ ਦੇ ਆਸਰੇ, ਤੀਜੀ ਕਛੂ ਦੇ ਆਸਰੇ ਤਦ ਦੱਸੋ ਅਗਲੀ ਕਿਸ ਦੇ ਆਸਰੇ ਹੈ ? ਤੇ ਪਹਿਲੀ ਧਰਤੀ ਦਾ ਨਾਮ ਅਤਲ, ਦੂਸਰੀ ਦਾ ਵਿਤਲ, ਤੀਸਰੀ ਦਾ ਸੁਤਲ, ਚੌਥੀ ਦਾ ਨਾਮ ਤਲਾਤਲ, ਫਿਰ ਮਹਾਤਲ, ਰਸਾਤਲ ਤਾਂ ਅਗਲੀ ਧਰਤੀ ਕਿਸ ਦੇ ਆਸਰੇ ਹੋਈ ? ਇਹ ਤਾਂ ਪਤਾ ਨਹੀਂ, ਸੋ ਮਹਾਰਾਜ ਫੁਰਮਾਇਆ: 'ਸਭ ਧਰਤੀ ਧਰਮ ਦੇ ਆਸਰੇ ਖੜੀ ਹੈ'।

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ [ਆਸਾ ਮਹਲਾ ੫, ਪੰਨਾ ੪੦੧

ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਜੋਨਿ ਹਾਰੀ ॥ ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੰਮਿਓ ਅਤਿ ਭਾਰੀ ॥ [ਸਵਃ ਸ੍ਰੀ ਮੁਖਵਾਕ ਮਃ ੫, ਪੰਨਾ ੧੩੯੯

ਨਾਪਾਇਦਾਰ ਵਸਤ ਵਾਸਤੇ ਭੁਲਾ ਬੈਠਾ ਹੈ ' ਆਦਿ ਸਚੁ ਜੁਗਾਦਿ ਸਚੁ' ਨੂੰ ਕਿਉਂਕਿ ਸ਼੍ਰੀ ਵਾਹਿਗੁਰੂ ਜੀ ਜੋ ਕਰ ਰਹੇ ਹਨ ਉਹੋ ਹੀ ਹੋ ਰਿਹਾ ਹੈ।

ਜੇ ਤੂੰ ਕਹੇਂ ਕਿ ਮੈਂ ਵਿਚਾਰ ਕਰ ਸਕਦਾ ਹਾਂ ਤਾਂ ਭਾਈ ਸੁਣ–"ਕੇਤਾ ਤਾਣੁ ਸੁਆਲਿਹੁ ਰੂਪੁ" ਉਸ ਦਾ ਰੂਪ ਕਿਤਨਾ ਖ਼ੂਬਸੂਰਤ ਹੈ ? ਕੌਣ ਬਿਆਨ ਕਰ ਸਕਦਾ ਹੈ ? ਜਿਸ ਨੇ ਅਰਬੀ ਤੂੰ ਫੁਲ ਬਣਾ ਦਿਤੇ, ਉਹ ਕਿਤਨਾ ਕੁ ਸੁੰਦਰ ਹੋਵੇਗਾ ? ਦੁਨੀਆਂ ਦੇ ਜੀਵਾਂ ਦੀ ਖ਼ੂਬਸੂਰਤੀ ਝੱਲੀ ਨਹੀਂ ਜਾ ਸਕਦੀ ਤਾਂ ਉਸ ਦੀ ਸੁੰਦਰਤਾ ਨੂੰ ਕੌਣ ਬਿਆਨ ਕਰ ਸਕਦਾ ਹੈ ?

ਕੇਤੀ ਦਾਤਿ ਜਾਣੈ ਕੌਣੁ ਕੂਤੁ ॥

ਕੂਤ = ਤਾਕਤ, ਕੁੱਵਤ। ਭਾਵ ਉਸ ਦੀ ਕਿਤਨੀ ਕੁ ਦਾਤ ਬਖ਼ਸ਼ੀਸ਼ ਹੈ, ਇਹ ਕਿਸ ਦੀ ਤਾਕਤ ਹੈ ਕਿ ਦਾਤ ਦਾ ਅੰਦਾਜ਼ਾ ਲਾ ਸਕੇ। ਕੂਤ ਦਾ ਮਤਲਬ ਮਿਣਤੀ ਵੀ ਹੈ। ਉਸ ਦੀ ਕਿਤਨੀ ਕੁ ਮੇਣਤੀ ਹੈ ?

ਕੀਤਾ ਪਸਾਉ ਏਕੋ ਕਵਾਉ ॥...

ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥

[ਮਾਰੂ ਮਹਲਾ ੫, ਪੰਨਾ ੧੦੦੩

ਉਸ ਦੇ ਇਕ ਵਾਕ ਨਾਲ ਸਾਰੇ ਬ੍ਰਹਮੰਡ ਰਚੇ ਗਏ ਉਸ ਨੀ ਕਿਤਨੀ ਕੁ ਤਾਕਤ ਹੈ ? ਕੌਣ ਅੰਦਾਜ਼ਾ ਤੇ ਮਿਣਤੀ ਕਰ ਸਕਦਾ ਹੈ ? ਉਹ ਬਚਨ ਕਿਹੜਾ ਹੈ ? ਉਹ ਓਅੰਕਾਰ ਹੈ :–

ਪ੍ਰਿਥਮ ਕਾਲ ਜਬ ਕਰਾ ਪਸਾਰਾ ॥

ਓਅੰਕਾਰ ਤੇ ਸ੍ਰਿਸਟਿ ਉਪਾਰਾ ॥

'ਤਿਸਤੇ ਹੋਏ ਲਖ ਦਰੀਆਉ' ਉਸ ਤੋਂ ਦਰਿਆ ਤੇ ਸਮੁੰਦਰ ਬਣ ਗਏ, ਪ੍ਰਗਟ ਹੋਏ, ਯਾ ਦਰਿਆ ਦਾਂ ਭਾਵ = ਤਰੰਗ। [ਬਚਿਤ੍ਰ ਨਾਟਕ

ਉਸ ਦੇ ਹੁਕਮ ਰੂਪੀ ਸਮੁੰਦਰ ਵਿਚ ਬ੍ਰਹਮੰਡ ਰੂਪੀ ਲਹਿਰਾਂ ਪ੍ਰਗਟ ਹੋ ਗਈਆਂ।

ਕੁਦਰਤਿ ਕਵਣ ਕਹਾ ਵੀਚਾਰੁ ॥

ਕੁਦਰਤ ਦਾ ਅਰਥ ਹੈ ਸ਼ਕਤੀ, ਉਸ ਦੀ ਸ਼ਕਤੀ ਦਾ ਕੀ ਵੀਚਾਰ ਕਰ ਸਕਦਾ ਹਾਂ। ਤਾਂ ਤੇ :—

ਵਾਰਿਆ ਨ ਜਾਵਾ ਏਕ ਵਾਰ ॥

ਭਾਵ ਇਕ ਐਤਵਾਰ ਯਾ ਕੋਈ ਹੋਰ, ਨਹੀਂ, ਬਲਕਿ ਪਲ ਪਲ ਤੇ ਛਿਨ ਛਿਨ ਸਦਕੇ ਜਾਂਦਾ ਹਾਂ। ਵਾਰਿਆ = ਪ੍ਰਕਰਮਾ। ਸਦਕੇ। ਮੈਂ ਆਪ ਦੀ ਪ੍ਰਕਰਮਾਂ ਨਹੀਂ ਕਰ ਸਕਦਾ ਤੇ ਦੂਜਾ ਅਰਥ ਤੇਰੀ ਬੰਦਗੀ ਕਰਨ ਵਾਸਤੇ ਮੇਰੇ ਲਈ ਕੋਈ ਖਾਸ ਇਕ ਵਾਰ ਮੁਕੱਰਰ ਨਹੀਂ, ਬਲਕਿ ਦਮ ਦਮ ਹਰ ਦਮ ਯਾਦ ਤੇ ਸਿਮਰਨ ਕਰਦਾ ਹਾਂ :—

ਸਭੇ ਵਖਤ ਸਭੇ ਕਰਿ ਵੇਲਾ ॥
ਖਾਲਕੁ ਯਾਦਿ ਦਿਲੈ ਮਹਿ ਮਉਲਾ ॥

[ਮਾਰੂ ਮਹਲਾ ੫, ਪੰਨਾ ੧੦੮੪

ਹੇ ਮੇਰੇ ਮਾਲਕ ! ਓਹੋ ਭਲੀ ਕਾਰ ਹੈ ਜੋ ਆਪ ਨੂੰ ਚੰਗੀ ਲੱਗੇ :—

ਤੇਰਾ ਕੀਆ ਮੀਠਾ ਲਾਗੈ ॥ [ਆਸਾ ਮਹਲਾ ੫, ਪੰਨਾ ੩੯੪

ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥ [ਗਉੜੀ ਮਹਲਾ ੫, ਪੰਨਾ ੧੮੭

ਨਾਥ ! ਕ੍ਰਿਪਾ ਕਰੋ :—

ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥

[ਮਾਰੂ ਮਹਲਾ ੩, ਪੰਨਾ ੧੦੯੩

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥

[ਆਸਾ ਮਹਲਾ ੫, ਪੰਨਾ ੪੦੦

ਹੁਕਮ ਬੁਝੇਗਾ ਸਦਾ ਸੁਖੀ ਰਹੇਗਾ ।
ਹੇ ਨਿਰੰਕਾਰ ! ਤੂੰ ਸਦਾ ਸਲਾਮਤਿ ਰਹੁ । ਜੁਗੋ ਜੁਗ ਵਾਸ

ਆਪ ਦਾ :—
ਬੰਗ ਕੇ ਬੰਗਾਲੀ, ਫਿਰਹੰਗ ਕੇ ਫਿਰੰਗਾ ਵਾਲੀ
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈਂ ਚਲਤ ਹੈਂ ॥
[ਅਕਾਲ ਉਸਤਤ

ਹੇ ਵਾਹਿਗੁਰੂ ! ਤੂੰ ਸਦਾ ਸਲਾਮਤਿ ! ਮੇਰੇ ਸੀਸ ਪਰ ਸਦਾ ਤੇਰਾ ਹੱਥ ਟਿਕਿਆ ਰਹੇ । ਤੇਰੀਆਂ ਮਿਹਰਾਂ ਮੇਰੇ ਸਦਾ ਅੰਗ ਸੰਗ ਰਹਿਣ । ਤੇਰੀ ਰਹਿਮਤ ਮੇਰੇ ਪਾਸ ਸਦਾ ਟਿਕੀ ਰਹੇ ।

**ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥**

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ [ਜਪੁਜੀ ਪੰਨਾ ੭
ਤਿੰਨ ਚੇਲੇ, ਤਿੰਨ ਗੁਣ, ਰਜੋ, ਤਮੋ, ਸਤੋ । ਤਮੋ ਗੁਣ

ਅਗਨੀ ਹੈ ਜੋ ਆਏਗਾ ਜਲਾ ਦੇਵੇਗੀ :—

ਰੰਵਹਿ ਪਾਂਡਵ ਭਏ ਮਜੂਰ ॥ [ਵਾਰ ਰਾਮਕਲੀ ਮ: ੧, ਪੰਨਾ ੯੫੪

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥

ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ [ਗਉੜੀ ਕਬੀਰ ਜੀ, ਪੰਨਾ ੩੨੫

ਅਨੇਕ ਮਾਨਨੀਜ ਕੁਲਾਂ ਸ਼ਰਾਬ ਪੀਣੇ ਨਾਲ ਨਸ਼ਟ ਹੋ ਗਈਆਂ।

ਅਗਿਆਨ ਹਨੇਰਾ ਹੈ, ਪਾਪ ਹੈ 'ਅਸੰਖ ਮੂਰਖ ਅੰਧ ਘੋਰ' ਅਗਜਾਨੀ ਜਾਹਿਲ ਹੈ, ਚਖਸ਼ੂ ਨਹੀਂ, ਘੁਪ ਹਨੇਰਾ ਹੈ। ਇਨ੍ਹਾਂ ਦੇ ਬੀ ਤੂੰ ਦਰਜੇ ਹਨ ;—

ਤਮੋ ਗੁਣ, ਅੰਧ ਤਮੋ ਗੁਣ, ਤਾਮਸ ਤਮੋ ਗੁਣ। ਮਹਾਂ ਪੁਰਸ਼, ਸੰਤ ਲੋਗ ਤੇ ਜੋ ਅਭਿਆਸੀ ਹਨ ਉਹ ਸਤੋ ਗੁਣ ਹਨ। 'ਨਾਮ ਸ਼ਿਰੋਮਨ ਸਰਬ ਮੈਂ' 'ਊਚੇ ਉਪਰਿ ਊਚਾ ਨਾਉਂ'। 'ਕੁਦਰਤਿ ਕਵਣ ਕਹਾ ਵੀਚਾਰੁ'। 'ਕੁਦਰਤਿ ਕਰਿ ਕੈ ਵਸਿਆ ਸੋਇ'। ਸਰੀਰ ਭੀ ਇਕ ਕੁਦਰਤ ਹੀ ਹੈ, ਕਾਦਰ ਵਾਹਿਗੁਰੂ ਹੈ, ਹਿਰਦੇ ਵਿਚ ਹੀ ਰਹਿੰਦਾ ਹੈ। ਬਿਲਡਿੰਗ ਬਨਾ ਕੇ ਰਾਜ ਓਵਰਸੀਅਰ ਤਾਂ ਅਲੱਗ ਹੋ ਜਾਂਦੇ ਹਨ ਪਰ ਵਾਹਿਗੁਰੂ ਅਲੱਗ ਨਹੀਂ ਹੈ :—

ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥

ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥ [ਜਾਪ ਸਾਹਿਬ

ਕ੍ਰਿਤ, ਇੱਛਾ, ਗਿਆਨ ਵਾਹਿਗੁਰੂ ਜੀ ਨੇ ਤਿੰਨ ਬਖਸ਼ ਦਿਤੀਆਂ ਹਨ, ਜਿਤਨਾ ਜਿਸ ਵਿਚ ਪੁਰਸ਼ਾਰਥ ਹੈ, ਉਤਨੀ ਕਾਮਯਾਬੀ ਹੈ, ਜਿਤਨੀ ਨੇਕ ਨਿਜਤੀ ਹੈ ਉਤਨਾਂ ਉੱਚਾ ਹੈ। ਕਿਰਨ ਵਿਚ ਤਿੰਨੇ ਹਨ, ਰੋਸ਼ਨੀ, ਗਰਮੀ, ਪ੍ਰਕਾਸ਼। ਕੁਦਰਤ ਵਿਚ ਕਾਦਰ ਹੈ :—

ਸਭ ਤੇਰੀ ਕੁਦਰਤਿ, ਤੂੰ ਕਾਦਿਰੁ ਕਰਤਾ।। [ਵਾਰ ਆਸਾ ਮ:੧, ਪੰਨਾ ੪੬੪

'ਅਵਜਕਤ' ਸਾਡੀ ਦ੍ਰਿਸ਼ਟੀ ਵਿਚ ਨਹੀਂ ਆ ਸਕਦਾ। ਕੋਈ ਐਸੀ ਫੈਕਟਰੀ ਨਹੀਂ ਬਣੀ, ਜੋ ਬੀਜ ਵਿਚੋਂ ਲਾਈਫ (Life)

ਸਾਡੇ ਸਾਹਮਣੇ ਰਖੇ, ਅਪਣੇ ਅੰਦਰ ਕਦੇ ਲਾਈਫ ਕਿਸੇ ਡਿਠੀ ਹੈ?
ਸਬਦਿ ਅਤੀਤਿ ਅਨਾਹਦਿ ਰਾਤਾ ॥ [ਗਉੜੀ ਕਬੀਰ ਜੀ, ਪੰਨਾ ੩੨੭

ਪੇਟ ਵਿਚ ਜ਼ਿੰਦਗੀ ਕਿਥੋਂ ਆ ਗਈ ?
ਆਵਤੁ ਕਿਨੈ ਨ ਰਾਖਿਆ ॥ [ ਪ੍ਰਭਾਤੀ ਮਹਲਾ ੧, ਪੰਨਾ ੧੩੨੯

ਵਿਗਿਆਨੀ ਲਗੇ ਹੋਏ ਹਨ ਪਰ ਉਹ ਫੇਲ ਹਨ ਦੂਜਾ ਸਰੂਪ ਵਜਕਤੀ ਦਾ :—ਮਹਿਤਤ ਤੋਂ ਤਿੰਨ ਗੁਣ ਉਤਪੰਨ ਹੋਏ। ਅੰਬ ਦੀਆਂ ਡਾਲਾਂ ਤੋਂ ਅੰਬ ਰਸਵਤਾ, ਛਿੱਲੜ। ਅੰਦਰ ਇਕ ਲਾਈਫ ਜਿਥੋਂ ਅਗੇ ਅੰਬ ਹੋਣੇ ਹਨ। ਅਕਾਲ ਪੁਰਖ ਤੇ ਮਾਇਆ ਜੁੜੇ, ਪ੍ਰਸੂਤ ਹੋਈ ਮਾਇਆ, ਰਜੋ ਬ੍ਰਹਮਾ, ਤਮੋ ਸ਼ਿਵ, ਸਤੋ ਵਿਸ਼ਨੂੰ ਪ੍ਰਗਟ ਹੋਏ। 'ਅਸੰਖ ਜਪ' ਇਹ ਰਜੋ ਗੁਣ ਸਭ ਸ੍ਰਿਸ਼ਟੀ ਹੈ। ਅਤੇ ਤਮੋਂ ਗੁਣੀ ਸ੍ਰਿਸ਼ਟੀ ਹੈ 'ਅਸੰਖ ਮੂਰਖ ਅੰਧ ਘੋਰ' ਅਗੇ ਸਾਤਕ ਸ੍ਰਿਸ਼ਟੀ 'ਅਸੰਖ ਨਾਵ'। ਅਵਜਕਤ ਮਾਇਆ "ਪ੍ਰਥਮ ਕਾਲ ਸਭ ਜਗ ਕੋ ਤਾਤਾ' ਦੀ ਹਜ਼ੂਰੀ ਵਿਚ ਰਹਿੰਦੀ ਹੈ। ਤਮੋਂ ਗੁਣੀ ਸ੍ਰਿਸ਼ਟੀ 'ਅਸੰਖ ਮੂਰਖ ਅੰਧ ਘੋਰ' ਮੂਰਖ, ਅੰਧ ਮੂਰਖ, ਘੋਰ ਮੂਰਖ। ਮੂਰਖ ਕਿਸਨੋ ਆਖੀਐ।

ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ ॥
[ਰਾਮਕਲੀ ਮਹਲਾ ੫, ਪੰਨਾ ੯੦੦

ਉਨ੍ਹਾਂ ਅੰਦਰ ਅਪਨੀ ਸੁਧ ਨਹੀਂ। ਸਾਧ ਸੰਗਤ ਜੀ !
ਆਪ ਤਾਂ ਖੁਸ਼ਬੋ ਹੋ, ਗੁਰ ਕੇ ਦਰਬਾਰ ਆਏ ਹੋ।

ਜਨੁ ਨਾਨਕੁ ਮੁਸਕਿ ਝਕੋਲਿਆ ॥ [ਪੰਨਾ ੪੪੯

ਆਪਣਿਆਂ ਨੂੰ ਸਤਿਗੁਰ ਧੁਰੋਂ ਜਾਣਦਾ ਹੈ :—
'ਝੰਡਾ ਬਾਢੀ ਪਾਖਰ ਦਾ ਪੁਤਰ ਹੈ, ਮਰਦਾਨਾ ! ਤੂੰ ਪੁੱਛ ਕੇ ਓਥੇ ਜਾਹ'।

ਜਾ ਤੂ ਮੇਰੈ ਵਲਿ ਹੈ.....॥ [ਮਾਰੂ ਵਾਰ ਮ: ੫, ਪੰਨਾ ੧੦੯੬

ਹੇ ਵਾਹਿਗੁਰੂ ਜੀ ! ਮੈਂ ਆਪ ਦੀ ਕੁਦਰਤ ਦਾ ਕਿਹੜਾ ਵਿਚਾਰ ਕਰਾਂ ? ਸਿਧ ਬੁਧੀ ਮਨ ਨਹੀਂ ਲਖ ਸਕਦਾ, ਕੁਦਰਤ ਦਾ

ਮਹਿਤਤ, ਜਿਸ ਵਿਚ ਤਿੰਨ ਗੁਣ ਛਪੇ ਹੋਏ ਹਨ। ਮਾਤਾ ਪਿਤਾ ਵਿਚ ਸੰਤਾਨ, ਬੀਜ ਵਿਚ ਦਰਖਤ। ਦੂਜਾ ਸਰੂਪ ਜ਼ਾਹਰ ਹੋਣਾ। ਮਾਇਆ ਵਿਚ ਤਿੰਨ ਗੁਣ ਪ੍ਰਗਟ ਹੋਏ ਉਹ ਸਰੀਰ ਵਿਚ ਵਰਤ ਰਹੇ ਹਨ, ਖੋਟੇ ਖੋਟੇ, ਭੈੜੇ ਭੈੜੇ ਖਿਆਲ। 'ਅਸੰਖ ਮੂਰਖ ਅੰਧ ਘੋਰ' ਵੀਚ ਕਰਮ ਕਰਦੇ ਹਨ ਉਹ ਭੀ ਨੀਚ ਹਨ। ਕਰਮ ਕਰਕੇ ਜੀ ਨੀਚ ਜਾਂ ਨਾਂ ਬਣਦਾ ਹੈ।...ਜੋ ਨਾਮ ਜਪਦਾ ਹੈ, ਭਜਨ ਪਾਠ ਕਰਦਾ ਹੈ ਉਹ ਸਤੋ ਗੁਣ। ਵਾਹਿਗੁਰੂ ਮਿਹਰ ਕਰੇ ਸਾਨੂੰ ਸੁਮਤਿ ਆਵੇ:-

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥ [ਪੰਨਾ ੪੬੬

ਜਿਨ੍ਹਾਂ ਨੇ ਧਰਮ ਦਾ ਕਮਾਉਣਾ ਕੀਤਾ ਹੈ, ਉਨ੍ਹਾਂ ਦਾ ਜ਼ਿਕਰ ਬਾਬਾ ਜੀ ਨੇ ਪਹਿਲਾਂ ਕੀਤਾ ਹੈ :—

ਅਸੰਖ ਜਪ ਅਸੰਖ ਭਾਉ ॥

ਕਾਦਰ ਦੀ ਰਚਨਾਂ ਵਿਚ ਬੇਅੰਤ ਹੀ ਜਪ ਕਰਨੇ ਵਾਲੇ ਬੇਅੰਤ ਹੀ ਸਤਿਕਾਰ ਕਰਨੇ ਵਾਲੇ, ਪ੍ਰਿਆ ਬਚਨ ਕਰਦੇ ਹਨ, ਬੈਠਣ ਲਈ, ਜਲ ਪਾਣੀ, ਭੋਜਨ, ਮਿਸਟ ਬਚਨ ਕੋਮਲ ਬਾਣੀ। ਪ੍ਰਿਆ ਬਚਨ ਤਾਂ ਹੈਵਾਨਾਂ ਤੇ ਵੀ ਤਾਸੀਰ ਕਰਦਾ ਹੈ। ਜਪੁ ਤਿੰਨ ਪ੍ਰਕਾਰ ਦਾ ਹੈ :—

(੧) ਵਾਚਕ, (੨) ਉਪਾਸੂ, (੩) ਮਾਨਸਕ।

(੧) ਵਾਚਕ-ਮੂੰਹ ਨਾਲ।

(੨) ਉਪਾਸੂ-ਸਿਰਫ ਰਸਨਾਂ ਨਾਲ, ਪਰ ਹੋਠ ਨਾ ਹਿੱਲਣ।

(੩) ਮਾਨਸਕ-ਮਨ ਨਾਲ ਜਪਣਾ :—

ਅੰਤਰਿ ਪੂਜਾ ਮਨ ਤੇ ਹੋਇ ॥ [ਬਸੰਤ ਮਹਲਾ ੩, ਪੰਨਾ ੧੧੭੩

ਗੁਰਮਤ ਵਿਚ :—

(ੳ) ਰੋਮਾਂ ਨਾਲ ਜਪਣਾ :—

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥

ਹਰੇਕ ਰੋਮ ਨੂੰ ਜੀਭ ਲਗ ਜਾਂਦੀ ਹੈ 'ਵਾਹਿਗੁਰੂ'।

(ਅ) ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ

ਸਭ ਹਰਿ ਹਰਿ ਨਾਮੁ ਧਿਆ ਵੈ ਰਾਮ ॥
[ਬਿਹਾਗੜਾ ਮਹਲਾ ੪, ਪੰਨਾ ੫੪੦

ਲਤਾ ਬਲੀ ਸਾਖ ਸਭਿ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ ॥
[ਮਾਰੂ ਸੋਹਲੇ ਮਹਲਾ ੫, ਪੰਨਾ ੧੦੭੪

ਬ੍ਰਹਮੰਡ ਵਿਚ ਕਿਣਕਾ ਕਿਣਕਾ ਵਾਹਿਗੁਰੂ ਜਪ ਰਿਹਾ ਹੈ। ਹਰੇਕ ਚੀਜ਼ ਨੂੰ ਜੀਭ ਲੱਗੀ ਹੋਈ ਹੈ।

ਤਾਤਪਰਜ—ਜਿਸ ਤਰ੍ਹਾਂ ਇਕ ਮੁਲਕ ਵਿਚ ਕੀਰਤਨ ਹੁੰਦਾ ਹੈ, ਦੂਜੇ ਮੁਲਕ ਵਿਚ ਨਹੀਂ ਸੁਣ ਸਕਦਾ, ਪਰ ਰੇਡੀਓ ਨਾਲ ਸੁਣ ਸਕੀਦਾ ਹੈ। ਇਸੇ ਤਰ੍ਹਾਂ ਹਰੇਕ ਚੀਜ਼ ਇਸ ਸੰਸਾਰ ਦੀ ਨਾਮ ਜਪ ਰਹੀ ਹੈ, ਪਰ ਅਸੀਂ ਸੁਣ ਨਹੀਂ ਸਕਦੇ। ਪਰ ਜਦੋਂ ਅਸੀਂ ਨਾਮ ਦਾ ਸਿਮਰਣ ਕਰਦੇ ਹੋਏ ਉੱਚੀ ਪੌੜੀ ਤੇ ਚੜ੍ਹਦੇ ਹਾਂ ਤਾਂ ਲੂੰ ਲੂੰ ਤੇ ਕਿਣਕੇ ਕਿਣਕੇ ਵਿਚੋਂ ਆਵਾਜ਼ ਸੁਣੀਂਦੀ ਹੈ—'ਵਾਹਿਗੁਰੂ' 'ਵਾਹਿਗੁਰੂ'।

ਜੋ ਜਪੀਐ, ਸੋ ਸੁਣੀਐ।

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ [ਜਪੁਜੀ, ਪੰਨਾ ੨

ਜਿਸ ਨਾਮ ਨੂੰ ਮਨ ਸੁਣੇਗਾ, ਇਕਾਗਰ ਹੋਏਗਾ।

ਨਾਮ ਰਤਨੁ ਸੁਨਿ ਜਪਿ ਜਪਿ ਜੀਵਾ
ਹਰਿ ਨਾਨਕ ਕੰਠ ਮਝਾਰੇ ॥ [ਟੋਡੀ ਮਹਲਾ ੫, ਪੰਨਾ ੭੧੮

ਇਹ ਵਰਡ (Word) ਨਹੀਂ। ਜੇ ਇਕ ਮਨੁਖ ਕੌੜਾ ਬਚਨ ਬੋਲੇ, ਕਹਿੰਦਾ ਹੈ "ਮੇਰੇ ਅੱਗ ਲੱਗ ਗਈ"; ਪਰ ਇਹ ਤਾਂ ਨਾਮ ਹੈ। ਮਹਾਂ ਪੁਰਸ਼ਾਂ ਦੀ ਤਾਸੀਰ ਨਾਲ ਧੂੰਆ ਬਣ ਜਾਂਦਾ ਹੈ। ਅਗਿਆਤ ਬੱਚੇ ਨੂੰ ਹੁੰਡੀ ਦਾ, ਨੋਟ ਦਾ ਕੀਹ ਪਤਾ? ਪਰ ਸਾਧ ਸੰਗਤ ਜੀ! ਆਪ ਨੂੰ ਨੋਟ ਵਿਚੋਂ ਅਨੰਤ ਪਦਾਰਥ ਮਿਲ ਸਕਦੇ ਹਨ। ਇਹ ਨਾਮ ਰਤਨ ਹੈ, ਗੁਰਬਾਣੀ ਦੀਆਂ ਹੁੰਡੀਆਂ ਹਨ, ਇਸ ਦਾ ਪਤਾ ਗੁਰੂ ਨੂੰ ਹੈ। ਪਰਮ ਧੰਨ ਤਾਂ ਗੁਰੂ ਨਾਨਕ ਹੈ।

ਰਤਨਾਂ ਵੇਖੈ ਸਭ ਕੋ ਰਤਨਾਂ ਪਾਰਖੂ ਵਿਰਲਾ ਕੋਈ ॥
[ਭਾਈ ਗੁਰਦਾਸ ਜੀ

ਕਦਰ ਲਾਅਲੇ ਓ ਬਜੁਜ਼ ਆਸ਼ਕ ਨ ਦਾਨਦ ਹੇਚ ਕਸ ।
[ਭਾਈ ਨੰਦ ਲਾਲ

ਸਾਧ ਸੰਗਤ ਜੀ ! ਬ੍ਰਹਮੰਡ ਦੀ ਪਾਤਸ਼ਾਹੀ ਕੋਈ ਦੇ ਦੇਵੇ, ਸੁਰਗ ਦ ਦੇਵੇ, ਪਰ ਸ੍ਰੀ ਜਪੁ ਸਾਹਿਬ ਦਾ ਵੱਟਾ ਨਾ ਕਰਨਾ। ਪੁੰਨ ਧੀਨ ਹੋਣ ਤੇ ਸੁਰਗ ਵਿਚੋਂ ਧੱਕੇ ਮਾਰਕੇ ਕੱਢ ਦੇਣਗੇ। ਧੰਨ ਗੁਰਬਾਣੀ ਹੈ, ਧੰਨ ਨਾਮ ਹੈ, ਸਾਰੇ ਜਪਾਂ ਦਾ ਸਾਹਿਬ ਹੈ ਜਪੁ ਸਾਹਿਬ, ਇਹ ਸੱਚੀ ਦਰਗਾਹ ਦਾ ਸਰਟੀਫਿਕੇਟ ਹੈ, ਇਸ ਵਿਚ ਆਗਿਆ ਲਿਖੀ ਹੈ।

ਮੰਨੈ ਮਾਰਗਿ ਠਾਕ ਨ ਪਾਇ ॥ [ਜਪੁਜੀ, ਪੰਨਾ ੩

ਰੱਬ ਦੀ ਦਰਗਾਹ ਪੁੱਜਣ ਦਾ ਨਗਾਰਾ ਹੈ। 'ਸਬਦ ਨਿਸਾਨ ਬਜਾਇਓ' ਜੁਗੋ ਜੁਗ ਝੁਲਦੇ ਰਹਿਣ ਅਰ ਆਪ ਝੁਲਾਂਦੇ ਰਹੋ। ਜਪੁ ਜੀ ਸਾਹਿਬ ਗੁਰੂ ਨਾਨਕ ਦਾ ਸ਼ਾਹੀ ਝੰਡਾ ਹੈ। ਪਾਤਾਲਾਂ ਪਾਤਾਲ, ਆਗਾਸਾਂ ਆਗਾਸ ਵਿਚ ਝੂਲ ਰਿਹਾ ਹੈ। ਸ਼ੇਸ਼ਨਾਗ, ਜਮਰਾਜ, ਵਿਸ਼ਨੂੰ, ਦੈਤ ਤੇ ਜਗਤ ਦੇ ਭਗਤ, ਦੇਵਤੇ, ਮਾਨੁਸ਼ ਇਕ ਪਾਸੇ। ਸਮਾਧੀ, ਉਨਮਨੀ, ਮੁਦਰਾ, ਰਾਗ, ਬਾਜ, ਬ੍ਰਾਹਮਣ ਸੰਪੂਰਨ ਮਹਾਤਮਾਂ ਇਕੱਠੇ ਦੇਵਤੇ ਪੂਰਦੇ ਹਨ: ਗੁਰੂ ਦੀ ਸ਼ਰਨ ਜਾਹ, ਕੈਸ਼ (Cash) ਉਨ੍ਹਾਂ ਦੇ ਪਾਸ ਹੈ। ਇਹ ਜੋ ਜਪ ਹੈ, ਮੌਨ, ਚਿੰਤਨ, ਧਿਆਨ, ਛੰਦ, ਰਿਸ਼ੀ ਦਾ ਧਿਆਨ, ਦੀਰਘ ਕਾਲ, ਇਹ ਜਪ ਦੇ ਅੰਗ ਹਨ। ਐ ਨਦਰ ਕੁਨਿੰਦਾ ! ਆਪ ਨਦਰ ਪਾਓ, ਰਹਿਮਤ ਕਰੋ ਹੇ ਮੇਰੇ ਵਾਹਿਗੁਰੂ ! ਤੂ ਸਦਾ ਸਲਾਮਤ ਨਿਰੰਕਾਰ ਜੀ ! ਅਸੰਖ ਸੇਵਾ, ਭਾਉ, ਭਗਤੀ, ਪੂਜਾ, ਮਨੋਰਥ, ਸਿਧੀ ਵਾਸਤੇ ਤਪ ਤਪ ਰਹੇ ਹਨ। ਗ੍ਰੰਥਾਂ ਦਾ ਪਾਠ ਕਰ ਰਹੇ ਹਨ। ਮੂੰਹ ਜ਼ੁਬਾਨੀ ਵੇਦ ਪਾਠ ਉਚਾਰਨ ਕਰਦੇ ਹਨ। ਵੇਦ ਪਾਠੀ ਅਸੰਖ ਹਨ। ਸੂਖਮ ਤੋਂ ਸੂਖਮ ਇਹ ਆਤਮਾ ਹੈ। ਉਚੇ ਤੋਂ ਉਚਾ ਹੈ।

ਸੂਖਮ ਤੇ ਸੂਖਮ ਕਰ ਚੀਨੇ ਬਿਧਨ ਬਿਧ ਬਤਾਏ ॥
ਐਸਾ ਪਰਮਾਤਮਾ ਕਿਥੇ ਹੈ ? ਜੀਵਾਂ ਦੇ ਹਿਰਦੇ ਵਿੱ
ਬੈਠਾ ਹੈ ।

ਕਾਹੇ ਰੇ ਬਨ ਖੋਜਨ ਜਾਈ ॥ [ਧਨਾਸਰੀ ਮਃ ੯, ਪੰਨਾ ੬੮੪

ਜੀਵਾਂ ਦੇ ਹਿਰਦੇ ਵਿਚ :—

ਦਿਲਾ ਕਾ ਮਾਲਕੁ ਕਰੇ ਹਾਕੁ । [ਤਾਮਕਲੀ ਮਃ ਪ, ਪੰਨਾ ੮੬੭
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ॥
[ਪ੍ਰਭਾਤੀ ਕਬੀਰ ਜੀ, ਪੰਨਾ ੧੩੪੯

ਅਕਾਲ ਪੁਰਖ ਦਾ ਇਹ ਸਿੰਘਾਸਨ ਹੈ :—

ਹਿਰਦੇ ਕਮਲ ਮਹਿ ਹਰਿ ਕਾ ਬਾਸ ॥
[ਗਉੜੀ ਕਬੀਰ ਜੀ, ਪੰਨਾ ੩੪੪

ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖ ਹੋਇ ॥
[ਵਾਰਾਂ ਤੇ ਵਧੀਕ ਸਲੋਕ ਮਹਲਾ ੩, ਪੰਨਾ ੧੪੧੪

ਮਹਾਨ ਆਤਮਾਂ ਤਾਂ ਹਿਰਦੇ ਵਿਚ ਲਖ ਲੈਂਦਾ ਹੈ। ਪ੍ਰਾਪਤ
ਕੀਹ ? ਸਭ ਦੁਖ ਨਿਵਰਤ ਹੋ ਗਏ, ਸੂਰਜ ਆਇਆਂ ਰਾਤ ਗਈ।
ਜਿਸ ਪਰਮਾਤਮਾ ਦਾ ਅਸੀਂ ਬਿਅ ਨ ਕਰ ਰਹੇ ਹਾਂ ਉਹ 'ਥਾਪਿਆ
ਨ ਜਾਇ ਕੀਤਾ ਨ ਹੋਇ' ਕ੍ਰਿਤ ਨਹੀਂ ਹੈ, 'ਤੂੰ ਸਦਾ ਸਲਾਮਤਿ
ਨਿਰੰਕਾਰ'! ਜੱਫੀ ਪਾ ਲਓ ! ਹੇ ਮੇਰੇ ਨਿਰੰਕਾਰ ! ਆ ਜਾ ! ਆਪ ਤੂੰ
ਆਏ ਬੈਠੇ ਹੋ ਮੇਰੀ ਹੀ ਗ਼ੈਰ ਹਾਜ਼ਰੀ ਹੈ। ਸੂਰਜ ਤਾਂ ਹੈ ਪਰ ਕਾਲ਼ਾ
ਬੱਦਲ ਹੈ ਅਗੇ :—

ਹਉ ਹਉ ਭੀਤਿ ਭਇਓ ਹੈ ਬੀਚੋ ॥ [ਸੋਰਠ ਮਃ ਪ, ਪੰਨਾ ੬੨੪
ਆਪ ਮਿਹਰ ਕਰੋ ਬੱਦਲ ਜਾਏ ਭੱਜ, ਤੇ ਸੂਰਜ ਪ੍ਰਤਖ ਦੇਖੀਏ।
ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥
[ਸੂਹੀ ਮਹਲਾ ੧, ਪੰਨਾ ੭੬੪

ਵਾਯੂ ਵਿਚ ਲਾਊਡ ਸਪੀਕਰ ਰਾਹੀਂ ਸੁਨੇਹੇ ਭੇਜ ਰਹੇ ਹਾਂ।
ਛਪੜ ਵਿਚ ਪਈ ਗੰਦੀ ਪਾਣੀ ਦੀ ਬੂੰਦ ਅਪਣੇ ਆਪ ਕੀ ਕਰੇ ?
ਆਪ ਆਪਣੀ ਮਿਹਰ ਦੀ ਕਿਰਣ ਭੇਜਕੇ ਲੜ ਲਾ ਲਓ। ਆਪ ਹੀ

ਬਖਸ਼ਣਹਾਰ ਹੈਂ। 'ਹਮ ਮੈਲੁ ਭਰੇ ਦੁਹਚਾਰੀਆ' ਆਪ ਹੀ ਅੰਮ੍ਰਿਤ ਸਰੰਵਰ ਵਿਚ ਮੇਰੇ ਮਨ ਨੂੰ ਇਸ਼ਨਾਨ ਕਰਾਓ, ਇਹ ਸ਼ੁਧ ਹੋ ਜਾਏ, ਆਪ ਦੀ ਅਨੁਗ੍ਰਹ ਤੇ ਕਿਰਪਾ ਨਾਲ ਮੈਂ ਦੇਖ ਰਿਹਾ ਹਾਂ।

ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ [ਪੰਨਾ ੩੬੫

ਇਕ ਰਾਜੇ ਨੇ ਵਿਸ਼ਵ ਜਗ ਕਰਨਾ ਚਾਹਿਆ। ਜਗ ਤਾਂ ਆਰੰਭ ਕੀਤਾ ਪਰ ਮੋਹ ਨਾ ਦੂਰ ਹੋਇਆ। ਚੰਗੀ ਵਸਤੂ ਸਭ ਇਕੱਠੀ ਕਰਕੇ ਵੱਖਰੇ ਕਮਰੇ ਵਿਚ ਬੰਦ ਕੀਤੀ। ਪੁਤ੍ਰ ਨਿਚਕੇਤਾ ਹਜ਼ਰ ਹੋਯਾ: 'ਪਿਤਾ ਜੀ! ਸੁਣਿਆ ਹੈ ਤੁਸੀ ਸਰਬੰਸ ਦਾਨ ਕਰੋਗੇ, ਸਰਬੰਸ ਵਿਚ ਤਾਂ ਮੈਂ ਭੀ ਹਾਂ? ਜੈਸੇ ਕਲਗੀਧਰ ਪਾਤਸ਼ਾਹ ਦੀ ਹਜ਼ੂਰੀ ਵਿਚ ਮਾਈ ਦਾਸ ਨੇ ਅਪਣੇ ਪੰਜੇ ਪੁਤ੍ਰ ਅਜਬ ਸਿੰਘ, ਉਦੈ ਸਿੰਘ, ਬਚਿਤ੍ਰ ਸਿੰਘ ਆਦਿ ਅਪਣੇ ਸਮੇਤ ਸੇਵਾ ਵਿਚ ਹਾਜ਼ਰ ਕਰ ਦਿਤੇ ਸਨ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ॥

[ਰਾਮਕਲੀ ਮਹਲਾ ੩, ਪੰਨਾ ੯੧੮

ਜੋ ਉਤਮ ਸਭ ਜਗ ਦੇ ਨਾਇਕ ॥
ਉਤਮ ਵਸਤ ਤਿਨਹੁ ਕੈ ਲਾਇਕ ॥

ਗੁਰਦੇਵ ਨੂੰ ਸੋਹਣੀ ਚੀਜ਼ ਭੇਟਾ ਕਰੀਏ।

ਜਬ ਪ੍ਰਸਾਦਿ ਨਿਜ ਸਨਮੁਖ ਆਵੈ ॥
'ਤਉ ਪ੍ਰਸਾਦਿ' ਕਹਿ ਮੁਖ ਮੈਂ ਪਾਵੈ ॥
ਵਾਹਿਗੁਰੂ ਗੁਰ ਸ਼ਬਦ ਅਲਾਵੈ ॥
ਤਿਸ ਕਾ ਖਾਧਾ ਸਫਲ ਹੋ ਜਾਵੈ ॥
ਅਸੰਖ ਜਪ ਅਸੰਖ ਭਾਉ ॥

ਸੰਸਾਰ ਵਿਚ ਤਿੰਨ ਗੁਣ ਵਰਤ ਰਹੇ ਹਨ। ਪ੍ਰਥਮ ਰਜੋ ਦਾ ਵੀਚਾਰ ਮਹਾਰਾਜ ਜੀ ਕਰ ਰਹੇ ਹਨ। ਅਸੰਖ ਹੀ ਮਹਾਂ ਪੁਰਸ਼ ਜਪ ਕਰ ਰਹੇ ਹਨ। ਸਨਮਾਨ ਜੋਗ ਪੁਰਖਾਂ ਦਾ ਸਦਾ ਹੀ ਮਾਨ। 'ਤੇਰੇ ਭਾਣੇ ਸਰਬਤ ਕਾ ਭਲਾ'। ਕੀੜੀ ਤੇ ਲੈ ਕਰ ਬ੍ਰਹਮਾ ਤਕ ਸਭ

ਦਾ ਭਲਾ। ਪੂਜਾ ਅਰ ਭਪ। ਅਨੰਤ ਹੀ ਪੂਜਾ ਹਨ ਪਰ ਪਰਧਾਨ ਚਾਰ ਹਨ :—

(੧) ਸਰੂਪ ਦੀ ਪੂਜਾ।

(੨) ਸਾਕਾਰ ਦੀ ਪੂਜਾ, ਪਰ ਗੁਰਮਤਿ ਵਿਖੇ ਧੰਨ ਸ੍ਰੀ ਗ੍ਰੰਥ ਸਾਹਿਬ ਜੀ ਦੀ ਪੂਜਾ।

ਏਕ ਨਾਮ ਕੋ ਥੀਓ ਪੂਜਾਰੀ। [ਗਉੜੀ ਮਹਲਾ ੫, ਪੰਨਾ ੨੦੬

(੩) ਸ਼ਬਦ ਬ੍ਰਹਮ ਦੀ ਪੂਜਾ। ਮਨ ਬਾਣੀ ਤੇਂ ਜੋ ਅਗੋਚਰ ਹੈ, ਉਸਦਾ ਪੂਜਨ ਭੀ ਅਗੋਚਰ ਹੈ, ਅਸੀਂ ਮਨ, ਬਾਣੀ, ਸਰੀਰ ਵਾਲੇ ਹਾਂ।

(੪) ਸਰਗੁਣ ਵਿਖੇ ਨਿਰਗੁਨ ਵਿਖੇ ਨਾਮ ਦੀ ਪੂਜਾ ਹੈ। ਚਾਰ ਸਮਾਧੀਆਂ :—

ਤੂ ਸਦਾ ਸਲਾਮਤਿ ਨਿਰੰਕਾਰ ॥
ਨਾਨਕ ਭਗਤਾ ਸਦਾ ਵਿਗਾਸੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਕੁਦਰਤਿ ਕਵਣ ਕਹਾ ਵੀਚਾਰੁ ॥

ਨਿਰਗੁਣ ਦਾ ਸਰੂਪ, ਜ ਨਾਮ ਹੈ ਗੁਰਬਾਣੀ, ਇਹ ਪੂਜ੍ਯ ਹੈ :—

ਜਿਨ ਕਉ ਸਤਿਗੁਰ ਥਾਪਿਆ ਤਿਨ ਮੇਟਿ ਨ ਸਕੈ ਕੋਇ ॥
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥
ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥
[ਸਿਰੀ ਰਾਗ ਮਹਲਾ ੧, ਪੰਨਾ ੧੭

ਨਾਮ ਦੀ ਪ੍ਰਸਤਸ਼ ਸਭ ਕਰਦੇ ਹਨ, ਨਾਮ ਨਿਰਗੁਨ ਦੀ ਪੂਜਾ ਹੈ।

ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥
ਕਾਇਮ ਮੁਕਾਮਿ 'ਪੋਥੀ ਪਰਮੇਸਰ ਕਾ ਥਾਨੁ ॥'[ਸਾਰਗ ਮਹਲਾ ੫

ਗੁਰ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤ ਵਿਚ

ਪ੍ਰਗਟੀ ਆਇਆ ॥

ਇਹ ਸਾਕਾਰ ਪੂਜਾ ਹੈ :— [ਭਾਈ ਗੁਰਦਾਸ

ਅੰਤਰਿ ਪੂਜਾ ਮਨ ਤੇ ਹੋਇ ॥ [ਬਸੰਤ ਮਹਲਾ ੩, ਪੰਨਾ ੧੧੭੩

ਮਾਨਸਕ, ਪੂਜਾ ਮਨ ਤੇ ਪੂਜਨ ਕਰੇ, ਸੇਵਾ ਦੀ ਭੀ ਤਾਕੀਦ ਹੈ :—

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥ ਹਰਿ ਨਾਮੁ ਹਮ ਸੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥ [ਵਾਰ ਵਡਹੰਸ ਮ: ੪, ਪੰਨਾ ੫੬੨

ਨਾਮ ਦੀ ਮਹਿਮਾ ਕੀ ਕਹਾਂ ? ਸਾਧ ਸੰਗਤ ਜੀਓ ! ਨਾਮ ਦੇ ਪ੍ਰਤਾਪ ਨਾਲ ਹੀ ਗਣੇਸ਼ ਦੀ ਪੂਜਾ ਹੈ।

ਊਚੇ ਉਪਰਿ ਊਚਾ ਨਾਉ ॥

ਆਪ ਭਗਵਾਨ ਰਾਮਚੰਦਰ ਜੀ ਭੀ ਨਾਮ ਦੀ ਮਹਿਮਾਂ ਨਹੀਂ ਗਾ ਸਕਦੇ :—

ਰਾਮ ਨ ਸਕੇ ਨਾਮ ਗੁਣ ਗਾਈ ।

ਨਿਰਗੁਣ ਸਰਗੁਣ ਜਿਸ ਦਰਸ਼ਨ ਪਾਇਆ, ਨਾਮ ਦੇ ਪ੍ਰਤਾਪ ਨਾਲ।

ਪੰਚਮ ਪਾਤਸ਼ਾਹ ਪ੍ਰਸ਼ਾਦ ਲੈਕੇ, ਫੁਲ ਲੈਕੇ, ਸਾਹਿਬਜ਼ਾਦੇ ਨੂੰ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ :—

ਪੁਨ ਸ੍ਰੀ ਗੁਰ ਅਰਜਨ ਗਤਿ ਦਾਈ ।
ਨਿਜ ਤੇ ਮਹਿਮਾਂ ਅਧਿਕ ਲਖਾਈ ।
ਸ੍ਰੀ ਸੁ ਗ੍ਰੰਥ ਮਹਿ ਲਿਖ ਜਸ ਨਾਮੂ ।
ਤਿਹ ਤੇ ਅਧੈ ਭਏ ਸੁਖਧਾਮੂ । [ਨਾਨਕ ਪ੍ਰਕਾਸ਼

ਸਿਹਰੇ ਚੜ੍ਹਾਏ, ਮੱਥਾ ਟੇਕਿਆ, ਸਣ ਪਰਵਾਰ ਲੇਟ ਗਏ। ਸਭ ਰਾਜੇ, ਮਹਾਰਾਜੇ, ਸੰਤ, ਮਹੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਸ ਹਨ। ਸ਼ੇਰੇ ਪੰਜਾਬ ਪੰਜ ਪਤਰੇ ਰੋਜ਼ ਨਿਤ ਨਿਯਮ ਨਾਲ ਪੜ੍ਹਦੇ ਸੁਣਦੇ ਸਨ।

ਰੋਹਤਾਸ ਕਿਲੇ ਵਿਚ, ਇਕ ਜਰਨੈਲ ਨੇ ਡਾਇਰੀ ਲਿਖੀ ਹੈ, ਉਸ ਨੇ ਲਿਖਿਆ ਹੈ ਕਿ ਜਦ ਪਿਸ਼ਾਵਰ ਦਾ ਫਤਹ ਕਰਨਾ ਸੀ, ਮੈਂ ਪੁਛਿਆ: ਪਿਸ਼ਾਵਰ ਫਤਹ ਕਰਨਾ ਬੜਾ ਕਠਨ ਹੈ, ਕਿਵੇਂ ਫਤਹ ਹੋਸੀ ? ਮਹਾਂਰਾਜ ਨੇ ਉਤਰ ਦਿਤਾ: ਰਣਜੀਤ ਸਿੰਘ ਦੇ ਸਿਰ ਤੇ ਗੁਰੂ ਨਾਨਕ ਦਾ ਹੱਥ ਹੈ, ਮੈਂ ਤੁਸੀਂ ਨਹੀਂ ਫਤਹ ਕਰਨਾ, ਇਹ ਤਾਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' — ਮੁਸਕਰਾ ਕੇ ਆਖਦੇ ਹਨ। ਪਿਸ਼ਾਵਰ ਫਤਹ ਦੀ ਕਠਨਤਾ ਤੇਂ ਕੰਮ ਨਹੀਂ ਆਇਆ। ਬਾਬਾ ਜੀ ਦੇ ਅਗੇ ਨਕ ਰਗੜਨ ਬਹਿ ਗਏ: ਇਹ ਰਾਜ ਦਾਤਾ ! ਆਪ ਜੀ ਦਾ ਹੈ; ਮੇਰਾ ਨਹੀਂ। ਦੁਸਹਿਰੇ ਤੇ ਦਰਬਾਰ ਕਰਦੇ ਹੁੰਦੇ ਸਨ ਆਪ ਹਮੇਸ਼ਾ।

ਰਾਇ ਪੁਰ ਦੀ ਰਾਣੀ ਦਾ ਪ੍ਰਸੰਗ ਪੜ੍ਹੋ : ਟਿਕਾ ਛੋਟਾ ਜਿਹਾ ਹੈ, ਸੋਚਣ ਲੱਗੀ : ਮੈਂ ਹੁਣ ਕੀ ਕਰਾਂ। ਸਤਿਗੁਰ ਜੀ ਕੋਲ ਦੀ ਲੰਘ ਰਹੇ ਹਨ :—

ਤਖਤ ਬਾਲਾ ਜ਼ੋਰ ਗੁਰ ਗੋਬਿੰਦ ਸਿੰਘ।
ਲਾਮਕਾਨੀ ਸੈਰ ਗੁਰ ਗੋਬਿੰਦ ਸਿੰਘ।

ਅਬਲਾ ਕੀ ਸੁਆਗਤ ਕਰੇ ? ਦਿਲ ਵਿਚ ਪ੍ਰੇਮ ਹੈ, ਗੋਲੀ ਨੂੰ ਕਹਿਣ ਲਗੀ: ਨਿੱਕੇ, ਮੈਂ ਕੀ ਕਰ ਸਕਦੀ ਹਾਂ ? ਗੋਲੀ ਕਿਹਾ: ਆਪ ਸਭ ਕੁਛ ਕਰ ਸਕਦੇ ਹੋ, ਟਿੱਕੇ ਨੂੰ ਨਾਲ ਲੈਕੇ ਜਿਥੋਂ ਦੀ ਸਤਿਗੁਰ ਜੀ ਲੰਘਣਗੇ ਜਾਕੇ ਨਮਸਕਾਰ ਕਰੋ :—

ਜਬ ਹੀ ਪਾਤਸ਼ਾਹ ਦਰਸ਼ਨ ਦੀਨੋ :
ਵਿਚ ਰਕਾਬ ਸਿਰ ਕੋ ਧਰ ਦੀਨੋ।

ਸੁਹਣੇ ਸਤਿਗੁਰ ਨੇ ਜਥੇਦਾਰ ਨੂੰ ਆਖਿਆ, ਅੱਜ ਅਸੀਂ ਰਾਇਪੁਰ ਹੀ ਰਹਾਂਗੇ, ਅਗੇ ਪੈਗਾਮ ਭੇਜ ਦਿਓ ਕਿ ਅੱਜ ਨਹੀਂ ਪਹੁੰਚਾਂਗੇ।

ਸਾਚ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ [ਮਾਰੂ ਮਹਲਾ ੧, ਪੰਨਾ ੧੦੩੫

ਰਾਜੇ ਦਾ ਸਰੀਰ ਸ਼ਾਂਤ ਸੀ. ਇਕ ਬੱਚਾ ਛੋਟਾ ਸੀ, ਰਿਆਸਤ ਨਿੱਕੀ ਜਿਹੀ, ਕੀੜੀ ਦੇ ਘਰ ਨਾਰਾਇਣ ਵਾਲੀ ਗੱਲ। ਜਪ, ਭਾਉ ਪਹਿਲਾਂ, ਪਿਛੋਂ ਪੂਜਾ ਅਰ ਤਪ ਹੈ।

ਦੀਵਾਨ ਚੰਦ ਲਾਲ ਨੇ ਦੱਖਣ ਹੈਦਰਾਬਾਦ ਵਿਚੋਂ ਚਾਂਦਨੀ ਭੇਜੀ, ਜਦ ਸਜੀ, ਮਹਾਂਰਾਜਾ ਰਣਜੀਤ ਸਿੰਘ ਵੇਖਕੇ ਹੇਠੋਂ ਨਿਕਲ ਗਏ, 'ਚਾਂਦਨੀ ਉਤਾਰੋ' ਪੰਜ ਸੌ ਪੌਂਡ ਸ਼ਾਹਜ਼ਾਦੇ ਨੂੰ ਦੇ ਕੇ ਸ੍ਰੀ ਅੰਮ੍ਰਿਤਸਰ ਜੀ ਭੇਜਿਆ ਤੇ ਆਖਿਆ: 'ਇਹ ਗੁਰੂ ਰਾਮਦਾਸ ਜੀ ਨੂੰ ਹੀ ਸੋਭਦੀ ਹੈ' ਜੋ ਅਜ ਤਕ ਤੋਸ਼ੇਖਾਨੇ ਵਿਚ ਪਈ ਹੈ।

ਦਾਣੇ ਵਿਚ ਲਾਈਫ਼ (Life) ਗੁਪਤ ਹੈ। ਮਾਇਆ ਤਿੰਨ ਰੂਪਾਂ ਵਿਚ ਫੈਲੀ, ਮਾਇਆ ਦਾ ਮਹੱਤਤ ਬਣ ਗਿਆ, ਫਿਰ ਸਥੂਲ ਸਰੂਪ ਤ੍ਰਿਗੁਣ ; ਬ੍ਰਹਮਾਂ, ਵਿਸ਼ਨੂੰ ਅਰ ਸ਼ਿਵ। ਸੰਸਾਰੀ ਬ੍ਰਹਮਾ, ਰਜੋ ਗੁਣ, ਪ੍ਰਧਾਨ ਭੰਡਾਰੀ ਵਿਸ਼ਨੂੰ, ਪਰਲੈ ਸ਼ਿਵ। ਇਹ ਕਰਤਾ ਨੇ ਹੀ ਕੀਤੇ ਹਨ ਕੁਲ ਵਿਗਿਆਨੀ ਇੰਦਰ ਆਦਿ ਮੱਥਾ ਟੇਕਦੇ ਹਨ ਤੇ ਓਹ ਬੀ :—

ਕੋਟਿ ਬਿਸਨ ਅਵਤਾਰ ਸੰਕਰ ਜਟਾ ਧਾਰ ॥
ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ।

[ਆਸਾ ਮਹਲਾ ੫, ਪੰਨਾ ੪੫੫

ਪੂਜਾ ਚਾਰ ਪ੍ਰਕਾਰ ਦੀ ਹੈ —

(੧) ਪਰਮਾਤਮਾਂ ਦੀ ਪੂਜਾ ॥
(੨) ਅਸਥੂਲ=ਮੂਰਤੀ, ਸਰੀਰਕ ਪੂਜਾ।
(੩) ਇੰਦਰੀਆਂ ਨਾਲ ਪੂਜਾ=ਪੜ੍ਹਨਾ, ਸੁਣਨਾ, ਗਾਣਾ ਆਦਿ। ਇਸ਼ਨਾਨ ਭੀ ਪੂਜਾ ਵਿਚ ਸ਼ਾਮਲ ਹੈ।
(੪) ਮਾਨਸਕ ਪੂਜਾ=ਹਥ ਜੋੜਕੇ, ਅਖੀਂ ਨੂੰਟਕੇ, ਬਿਰਤੀ ਜੋੜਕੇ, ਸ਼ੁਧ ਅਤੇ ਪਾਕ ਦਿਲ ਨਾਲ ਪੂਜਾ ਕਰਨੀ।
(ੳ) ਧਿਆਨ ਪੂਜਾ।

(ਅ) ਸ਼ਬਦ ਪੂਜਾ। ਧਿਆਨ ਧਰਨਾ ਮਨ ਨਾਲ।

ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ਼ਨਾਨੁ ॥ ਇਸ਼ਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥ [ਸਵਈਏ ਮਹਲੇ ਚਉਥ ਕੇ ਪੰਨਾ ੧੪੦੨

ਗੁਰਮਤ ਵਿਚ ਗੁਰਬਾਣੀ ਨਾਮ ਦਾ ਧਿਆਨ। ਗੁਰਬਾਣੀ ਦਾ ਧਿਆਨ ਤਿੰਨ ਪ੍ਰਕਾਰ ਦਾ ਹੈ :—

(੧) ਗੁਰਬਾਣੀ ਪੜ੍ਹਨੀ ਤੇ ਸੁਣਨੀ ਆਪ।

(੨) ਗੁਰਬਾਣੀ ਦੇ ਭਾਵ ਦੀ ਇਸਥਿਤੀ ਮਨ ਵਿਚ ਕਰ ਲੈਣੀ। ਜਿਉਂ ਜਿਉਂ ਗੁਰਬਾਣੀ ਪੜ੍ਹਦਾ ਜਾਵੇ। ਮਨ ਵਿਚ ਟਿਕਾਕੇ ਉਹੋ ਜਿਹਾ ਨਕਸ਼ਾ ਅੰਦਰ ਖਿੱਚਦਾ ਜਾਵੇ। ਇਹ ਹੀ ਵਾਹਿਗੁਰੂ ਦੀ ਪੂਜਾ ਹੈ।

(੩) ਸ਼ਾਂਤੀ—ਚੂੰਕਿ ਉਹ ਸ਼ਾਂਤੀ ਦਾ ਸਮੁੰਦਰ ਹੈ, ਇਸ ਧਿਆਨ ਵਿਚ ਸ਼ਾਂਤੀ ਆ ਜਾਵੇ ਤਾਂ ਸ਼ਾਂਤ ਹੋ ਜਾਵੇ।

ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥

[ਬਿਲਾਵਲੁ ਮਹਲਾ ੫, ਪੰਨਾ ੮੪੭

ਪੂਜਾ ੧੬ ਪ੍ਰਕਾਰ ਦੀ ਬੀ ਕਹੀ ਜਾਂਦੀ ਹੈ :—

(੧) ਬੰਦਨਾ, (੨) ਫੁਲ ਚੜ੍ਹਾਨੇ, (੩) ਤਿਲਕ ਲਗਾਣਾ, (੪) ਆਵਾਹਨ, (੫) ਆਸਨ, (੬) ਪੈਰ ਧੋਣੇ, (੭) ਮੁਕਤ ਹੋਣ ਲਈ ਜਲ ਲੈਣਾ, (੮) ਆਚਮਨ, (੯) ਇਸ਼ਨਾਨ, (੧੦) ਵਸਤ੍ਰ, (੧੧) ਭੂਸ਼ਨ, (੧੨) ਚੰਦਨ, (੧੩) ਨਈ ਵੇਦ, (੧੪) ਦੀਪ, (੧੫) ਵਿਦਾਇਗੀ, (੧੬) ਧੂਪ।

ਇਸ਼ਨਾਨ ੪ ਪ੍ਰਕਾਰ ਦਾ ਹੈ :—

(੧) ਸਰੀਰਕ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥

[ਸੋਰਠਿ ਮਹਲਾ ੫, ਪੰਨਾ ੬੧੧

(੨) ਮੰਤ੍ਰ ਇਸ਼ਨਾਨ = ਇਸ਼ਨਾਨ ਕਰਨ ਵੇਲੇ ਪਾਠ ਕਰਨਾ।

ਰਾਮ ਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥ [ਸੋਰਠਿ ਮਹਲਾ ੫, ਪੰਨਾ ੬੨੫

(੩) ਮਾਨਸਕ ਇਸ਼ਨਾਨ = ਮਨ ਨੂੰ ਅਡੋਲ ਕਰਕੇ ਸ੍ਰੀ ਅੰਮ੍ਰਿਤਸਰ ਦਾ ਇਸ਼ਨਾਨ ਕੀਤਾ ਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਮੱਥਾ ਟੇਕਿਆ।

(੪) ਸਮਾਧੀ ਇਸ਼ਨਾਨ = ਸਿਖ ਦੇ ਹਿਰਦੇ ਵਿਚ ਆਪ ਗੁਰੂ ਬਾਬਾ ਸ਼੍ਰੀ ਅੰਮ੍ਰਿਤਸਰ ਦਾ ਮਾਲਕ ਪ੍ਰਵੇਸ਼ ਕਰ ਜਾਂਦਾ ਹੈ।

ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ ॥
ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ ॥

[ਭਾਈ ਨੰਦ ਲਾਲ

ਸਾਧ ਸੰਗਿ ਮਲ ਲਾਥੀ ॥ [ਸੋਰਠਿ ਮਹਲਾ ੫, ਪੰਨਾ ੬੨੫

ਮਲ ਤਿੰਨ ਕਿਸਮ ਦੀ ਹੈ :—

(੧) ਪਾਪ—ਕੀਤੇ ਹੋਏ ਕੁਕਰਮ ਯਾ ਜੋ ਕੁਕਰਮਾਂ ਦੀ ਆਦਤ ਸੀ।

(੨) ਵਿਕਸ਼ੇਪ—ਚੰਚਲਤਾਈ, ਦਲੀਲਾਂ, ਵਾਸ਼ਨਾਵਾਂ, ਖਿੰਡਾਉ।

(੩) ਆਵਰਨ—ਅਗਿਆਨ।

ਸ਼ਬਦ—ਭਾਉ = ਪ੍ਰੇਮ, ਸਤਿਕਾਰ। ਇਹ ਮੰਤ੍ਰ ਰਾਜ ਜਪੁਜੀ ਸਾਹਿਬ, ਦਾਤਾ ਜੀਉ ! ਆਪ ਦੇਂਦੇ ਜਾਓ, ਅਸੀਂ ਲੈਂਦੇ ਜਾਈਏ। ਹੇ ਮੇਰੇ ਸਦਾ ਸਲਾਮਤਿ ਨਿਰੰਕਾਰ ਜੀ ! ਅਸੰਖ ਜਪ, ਭਾਉ, ਭਗਤੀ, ਪੂਜਾ, ਤਪ ਰਹੇ ਹਨ। ਗ੍ਰੰਥ ਬੀ ਪਾਠ ਕਰ ਰਹੇ ਹਨ; ਤੇਰੇ ਭਗਤ ਭੀ ਅਸੰਖ ਹੈਨ। ਗਿਆਨ ਵਿਚਾਰ ਕਰਨ ਵਾਲੇ ਭੀ ਅਸੰਖ ਹੈਨ। ਵਿਚਾਰ ਦਾ ਸਬੰਧ ਗਿਆਨ ਨਾਲ ਹੈ, ਗਯਾਨ ਦਾ ਸਬੰਧ ਗੁਰੂ ਨਾਲ ਹੈ।

ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥

[ਸੂਹੀ ਮਹਲਾ ੫, ਪੰਨਾ ੭੬੯

ਅਸੰਖ ਸਤਿਵਾਦੀ ਹੈਨ, ਦਾਤਾਰ ਹੈਨ, ਦਾਤਾ ਅਨੰਤ ਹੈਨ, ਸੂਰਮੇ ਅਸੰਖ ਹੈਨ, ਸ਼ਸਤ੍ਰ ਅਗੇ ਕਦਮ ਕਰਕੇ ਆਖਦੇ ਹਨ 'ਕੁਰਬਾਨ ਵਾਰ'। ਮੌਨੀ ਬਹੁਤ ਹੈਨ, ਲਗਾਤਾਰ ਸਮਾਧਿ ਇਸਥਿਤ ਹੈਨ ਤੇ ਉਨ੍ਹਾਂ ਦੀ ਧਾਰਾ ਵਤ। ਮੇਰੇ ਦਾਤਾ ਆਪ ਦੀ ਕੁਦਰਤ ਦਾ ਕੀ ਵਿਚਾਰ ਕਰਾਂ ਅਤੇ ਇਕ ਰੋਮ ਮਾਤ੍ਰ ਵਰਣਨ ਨਹੀਂ ਹੋ ਸਕਦਾ। ਆਪ ਦਾ, ਅਤੇ ਕੁਦਰਤ ਦਾ। ਹੇ ਮੇਰੇ ਨਿਰੰਕਾਰ! ਜੋ ਆਪ ਨੂੰ ਭਾਵੇ 'ਆਪਿ ਭਲਾ ਕਰਤੂਤਿ ਅਤਿ ਨੀਕੀ' ਤੂੰ ਸਦਾ ਅਬਿਨਾਸ਼ੀ ਰਹੇਂ। ਜੇ ਮੈਂ ਵਹੁਟੀ ਤੂੰ ਖਾਵੰਦ; ਅਸੀਂ ਪਰਜਾ ਤੁਸੀਂ ਬਾਦਸ਼ਾਹ; ਅਸੀਂ ਸੇਵਕ ਤੁਸੀਂ ਮਾਲਕ। ਜੈਸੇ ਸਰੀਰ ਵਿਚ, ਬ੍ਰਹਮੰਡ ਵਿਚ, ਐਸੇ ਐਸੇ ਸ੍ਰੀ ਜਪੁਜੀ ਸਾਹਿਬ ਵਿਖੇ ਬੀ।

**ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮ ਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲ ਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥**

ਅਗਿਆਨ ਦੇ ਘੁੱਪ ਹਨੇਰੇ ਵਿਚ ਅੰਨ੍ਹੇ ਹੋਏ ਅਸੰਖ ਮੂੜਖ ਹਨ।

ਮੂੜਖ ਕੇ ਕਿਆ ਲਖਣ ਹੈ ਕਿਆ ਮੂੜਖ ਕਾ ਕਰਣਾ ॥
ਮੂੜਖ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥
[ਰਾਮਕਲੀ ਵਾਰ ਮ: ੩, ਪੰਨਾ ੯੫੩

ਮੂੜਖ ਉਹ ਹੈ ਜਿਸ ਕੋਲ ਆਪਣੀ ਅਕਲ ਨਹੀਂ, ਪਰ ਸਮਝਾਇਆਂ ਸਮਝ ਜਾਏ, ਅੰਧ ਮੂੜਖ ਉਹ ਹੈ ਜਿਸਨੂੰ ਸਮਝਾਈਏ ਪਰ ਓਹ ਨਾ ਸਮਝੇ ਅਰ ਘੋਰ ਮੂੜਖ ਉਹ ਹੈ ਜਿਸਨੂੰ ਭਲੇ ਦੀ ਕਹੋ ਤਾਂ ਅਗੋਂ ਪਤ ਲਾਹੇ। ਅਸੰਖ ਚੋਰ ਹਨ, ਹਰਾਮ ਖਾਣੇ ਵਾਲੇ ਹਨ, ਹੁਕਮ ਕਰਨ ਵਾਲੇ ਹਾਕਮ ਵੀ ਅਸੰਖ ਹਨ, ਪਰ ਜ਼ਾਲਮ ਹਨ। ਅਮਰ = ਦੇਵਤਾ ਹੈਨ, ਉਹਨਾਂ ਨੂੰ ਦੁਖ ਦੇਣੇ ਵਾਲੇ ਦੈਂਤ ਭੀ ਅਨੰਤ ਹੈਨ, ਅਸੰਖ ਗਲਾ ਵੱਢਣ ਦੀ ਹੱਤਿਆ ਕਮਾਉਂਦੇ ਹਨ, ਅਸੰਖ ਪਾਪੀ ਹਨ, ਅਸੰਖ ਕੂੜਿਆਰ ਹਨ, ਕੂੜ ਕਰਦੇ ਫਿਰਦੇ ਹਨ; ਜੈਸੇ ਸਤਿ ਵਾਲੇ ਸਤੀ, ਐਸੇ ਕੂੜਿਆਰ। ਅਸੰਖ ਮਲੇਛ ਹਨ, ਮਲ ਦਾ ਭੋਜਨ ਖਾਂਦੇ ਹਨ।

ਫੋਲ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
[ਵਾਰ ਮਾਝ ਮਹਲਾ ੧, ਪੰਨਾ ੧੪੯

ਵਿਸ਼ਟਾ ਸੇਵੜੇ ਖਾਂਦੇ ਹਨ। 'ਪਰ ਨਿੰਦਾ ਪਰਮਲੁ' : ਅਸੰਖ ਨਿੰਦਕ ਹਨ, ਨਿੰਦਾ ਕਰਕੇ ਸਿਰ ਤੇ ਭਾਰ ਚੁਕਦੇ ਹਨ।

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
[ਸੂਹੀ ਮਹਲਾ ੩, ਪੰਨਾ ੭੫੫

ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥
[ਆਸਾ ਮਹਲਾ ੫, ਪੰਨਾ ੩੮੧

ਜੋ ਨੀਚ ਪੁਰਸ਼ ਹਨ ਉਹਨਾਂ ਦਾ ਵੀਚਾਰ ਕੀਤਾ ਹੈ; ਇਸ ਮਾਰਗ ਮਤ ਜਾਣਾ, ਬਾਬਾ ਜੀ ਰੋਕਦੇ ਹਨ।

ਅਸੰਖ ਸਤੀ ਅਸੰਖ ਦਾਤਾਰ ॥
[ਜਪੁਜੀ, ਪੰਨਾ ੪

ਅਸੀਂ ਇਧਰ ਜਾਣਾ ਹੈ। ਜੀਭ ਵਿਚ ਸਚਿਆਈ ਭੀ ਹੈ, ਕੂੜ

ਭੀ ਹੈ। ਸਤੁ ਗੁਣ ਲੈ ਕੇ ਜਪੋ, ਸਤੋ ਹੀ ਬਨਣਾ ਚਾਹੀਏ।

ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥
[ਵਾਰ ਸੋਰਠਿ ਮਹਲਾ ੪, ਪੰਨਾ ੬੪੬

ਉਤਮ ਸਲੋਕ ਸਾਧ ਕੇ ਬਚਨ ॥ [ਸੁਖਮਨੀ, ਪੰਨਾ ੨੬੫

ਇਹ ਹੀਰੇ ਲਾਲ ਹੰਸ ਖਾਂਦੇ ਹਨ, ਗੁਰ ਸਿਖ ਹੰਸ ਬਣਦਾ ਹੈ। ਉਚੇ ਜਾਣਾ ਹੈ ਨੀਚੇ ਨਹੀਂ ਜਾਣਾ। ਹੇ ਵਾਹਿਗੁਰੂ! ਮੈਂ ਇਕ ਵਾਲ ਵਾਲ, ਲੂੰ ਲੂੰ ਕਰਕੇ ਸਦਕੇ ਜਾਵਾਂ।

ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥
[ਧਨਾਸਰੀ ਮਹਲਾ ੧, ਪੰਨਾ ੬੬੦

ਹੇ ਰਾਜਾਨ ਰਾਜ! ਤੇਰੀ ਸਾਹਿਬੀ ਅਟਲ ਰਹੇ, ਮੈਂ ਆਪ ਦੀ ਦਾਸੀ ਹਾਂ :—

ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥
[ਸੂਹੀ ਮਹਲਾ ੫, ਪੰਨਾ ੭੭੬

ਕੀੜੀ ਤੋਂ ਭੀ ਹੇਠਾਂ ਹਾਂ।

ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਉ ਦੇਖਿ ਬਛਰਾਕ ॥
[ਕਾਨੜਾ ਮਹਲਾ ੪, ਪੰਨਾ ੧੨੯੫

ਸੰਤ ਪਿਆਰੇ ਸਚੈ ਧਾਰੇ ॥ [ਮਾਝ ਮਹਲਾ ੫

ਵਾਹਿਗੁਰੂ ਜੀ ਨੂੰ ਸੰਤ ਬਹੁਤ ਪਿਆਰੇ ਹਨ। ਜਗਤ ਤਾਰਦੇ ਬਾਬਾ ਜੀ ਇਕ ਟਾਪੂ ਵਿਚ ਜਾ ਪੁੱਜੇ, ਸੁੰਦਰ ਨਦੀ ਜਲ ਦੀ ਚਲ ਰਹੀ ਹੈ। ਬ੍ਰਿਛਾਂ ਦਾ ਬਨ ਹੈ, ਫੁਰਮਾਉਣ ਲਗੇ: 'ਮਰਦਾਨਿਆਂ! ਏਥੇ ਕੀਰਤਨ ਕਰੀਏ।' ਮਰਦਾਨੇ ਕਿਹਾ ਸੰਗਤ ਤਾਂ ਸ਼ਹਿਰ ਵਿਚ ਹੈ'। ਬਾਬੇ ਫੁਰਮਾਇਆ: "ਮਰਦਾਨਿਆਂ! ਇਹ ਭੀ ਸੰਗਤ ਹੈ":—

ਬਲਿਹਾਰੀ ਕੁਦਰਤਿ ਵਸਿਆ ॥ [ਵਾਰ ਆਸਾ ਮਹਲਾ ੧, ਪੰਨਾ ੪੬੯

ਉਹ ਸੰਗਤ ਆਪੇ ਆ ਜਾਏਗੀ। ਤੂੰ ਕਰਤਾਰ ਦਾ ਕੀਰਤਨ ਕਰ। ਕੀਰਤਨ ਸ਼ੁਰੂ ਹੋ ਜਾਂਦਾ ਹੈ; ਗੁਪਤ ਸ੍ਰਿਸ਼ਟੀ: ਫਰੇਸ਼ਤੇ ਆਂਦੇ ਹਨ ਬਾਣੀ ਸੁਣਨ। ਭੌਰਿਆਂ ਨੂੰ ਕੋਈ ਸੱਦਣ ਜਾਂਦਾ ਹੈ? ਉਹ ਖ਼ੁਸ਼ਬੂ ਲੈਣ ਆਪੇ ਆਂਦੇ ਹਨ :—

ਹਮਾ ਜਬਰੂਤੀਆ ਫਿਦਾਏ ਓ ॥

'ਤਮ'ਮ ਫਰਿਸ਼ਤੇ ਤੇਰੇ ਚਰਨਾਂ ਵਿਚ ਟਿਕੇ ਰਹਿਣ, ਮੈਨੂੰ ਤਾਂ ਆਪ ਦੇ ਦਰਸ਼ਨ ਹੁੰਦੇ ਰਹਿਣ'। 'ਮਰਦਾਨਿਆਂ ! ਤੇਰੇ ਵਿਚ ਵਾਹਿਗੁਰੂ ਪ੍ਰਗਟ ਹੋ ਆਂਦਾ ਹੈ ਕੀਰਤਨ ਕਰਕੇ ।' [ਭਾਈ ਨੰਦ ਲਾਲ

ਨਦੀ ਤੇ ਲੋਕ ਨ੍ਹਾਵਣ ਆਏ ਨਾਦ ਸੁਣਕੇ ਆ ਗਏ, ਸੰਗਤ ਜੁੜ ਗਈ, ਕਿਸੇ ਅਹਿਲਕਾਰ ਨੇ ਰਾਜੇ ਨੂੰ ਜਾ ਦੱਸਿਆ ਨਦੀ ਕਿਨਾਰੇ ਜਿਹੜਾ ਰਾਗੀ ਕੀਰਤਨ ਕਰਦਾ ਹੈ ਕੋਈ ਗੰਧਰਬ ਹੈ। ਰਾਜਾ ਰਾਣੀ ਇਸ਼ਨਾਨ ਨੂੰ ਆਏ, ਬੱਚੇ ਨੂੰ ਨਾਲ ਲਿਆਏ, ਗ਼ਰੀਬੀ ਨਿੰਮ੍ਰਤਾ ਨਾਲ ਦਰਸ਼ਨ ਕੀਤਾ । ਤੁਸੀਂ ਭੀ ਸਾਧ ਸੰਗਤ ਜੀ ! ਹਿਰਦੇ ਵਿਚ ਧਿਆਨ ਨਾਲ ਦਰਸ਼ਨ ਕਰੋ। ਕੀਰਤਨ ਸੁਣਿਆ ਸੁਖ ਹੁੰਇਆ। ਬੇਨਤੀ ਕੀਤੀ : ਸ਼ਹਿਰ ਚੱਲੀਏ ! ਫੁਰਮਾਇਆ :—'ਹੁਣ ਨਹੀਂ, ਫਿਰ'। ਰਾਜੇ ਦੀ ਆਗਿਆ ਨਾਲ ਸਾਰੇ ਸ਼ਹਿਰ ਵਿਚ ਛੁੱਟੀ ਹੋ ਗਈ, ਸਵੇਰੇ ਸਭ ਕੀਰਤਨ ਸੁਣਨ, ਫੌਜੀ ਲੋਕ ਤੇ ਸਿਵਲ ਦੇ ਸਾਰੇ ਆ ਜਾਣ। ਇਕ ਦਿਨ ਪ੍ਰਾਥਨਾ ਕੀਤੀ :—

"ਮਹਾਰਾਜ ! ਨਿਰੰਕਾਰ ਦੇ ਪਾਸ ਤੇਤੀ ਕਰੋੜ ਦੇਵਤੇ ਹਨ, ਵਲੀ, ਪੈਗ਼ੰਬਰ, ਪੀਰ ਹਨ, ਜਦੋਂ ਕਿਸੇ ਭਗਤ ਨੂੰ ਭੀੜ ਪੈਂਦੀ ਹੈ ਤਦੋਂ ਭਗਵਾਨ ਆਪ ਕਿਉਂ ਭੱਜ ਪੈਂਦੇ ਹਨ ? ਕਿਸੇ ਨੂੰ ਭੇਜ ਕਿਉਂ ਨਹੀਂ ਦੇਂਦੇ ?"

ਸਤਿਗੁਰ ਆਖਿਆ: "ਤੈਨੂੰ ਦਿਖਾ ਦੇਈਏ ਜਾਂ ਸਮਝਾ ਦੇਈਏ ?" ਕਹਿਣ ਲਗਾ; "ਮਹਾਰਾਜ ! ਦਿਖਾ ਦਿਓ, ਤਾਕਿ ਪਿਛੇ ਕਿਸੇ ਕਿਸਮ ਦਾ ਸ਼ੰਕਾ ਨਾ ਰਹੇ।" ਸਤਿਗੁਰ ਨੇ ਕਿਹਾ : "ਬਹੁਤ ਅੱਛਾ, ਕਿਸੇ ਦਿਨ ਦਿਖਾ ਦਿਆਂਗੇ।" ਤਿੰਨ ਚਾਰ ਦਿਨਾਂ ਬਾਦ ਰਾਜਾ ਰਾਣੀ ਸਹਿਤ, ਸਤਿਗੁਰਾਂ ਦੇ ਦਰਸ਼ਨ ਨੂੰ ਆਇਆ। ਭਾਈ ਮਰਦਾਨਾ ਕੀਰਤਨ ਕਰ ਰਿਹਾ ਸੀ, ਟਿਕਕੇ ਬੈਠ ਗਿਆ। ਜਦੋਂ ਕੀਰਤਨ ਦਾ ਭੋਗ ਪਿਆ ਤੇ ਦਾਤੇ ਦੇ ਨੈਣ ਖੁੱਲੇ, ਤੱਕਿਆ, ਰਾਜਾ ਅਡੋਲ ਬੈਠਾ ਹੈ, ਰਾਣੀ ਬੱਚਾ ਲਈ ਟਿਕੀ ਹੋਈ ਹੈ। ਭਾਈ ਬਾਲੇ

ਨੂੰ ਬਾਬਾ ਜੀ ਨੇ ਆਖਿਆ : "ਪੋਲੇ ਜਿਹੇ ਕਾਕਾ ਲੈ ਲੈ ਤੇ ਜਿਸ ਵੇਲੇ ਰਾਣੀ ਬਚਨਾਂ ਨੂੰ ਸੁਣਨ ਵਿਚ ਭਿੱਜ ਜਾਵੇ ਉਸ ਵੇਲੇ ਕਾਕੇ ਨੂੰ ਚੁਕਕੇ ਨਦੀ ਵਿਚ ਸੁਟ ਦੇਵੀਂ।" ਭਾਈ ਬਾਲੇ ਨੇ ਕਾਕਾ ਲੈ ਲਿਆ, ਬੜਾ ਪਿਆਰ ਕੀਤਾ, ਰਾਣੀ ਦੇਖਕੇ ਬੜੀ ਖਿੜੀ, ਸੰਤਾਂ ਕਾਕੇ ਨੂੰ ਚੁਕਿਆ ਹੈ, ਪਿਆਰ ਕਰਿਆ ਹੈ। ਬਾਬਾ ਜੀ ਬਚਨ ਕਰਨ ਲਗੇ, ਸਾਰੇ ਟਿਕ ਗਏ, ਮੌਕਾ ਪਾਕੇ ਭਾਈ ਬਾਲੇ ਨੇ ਕਾਕੇ ਨੂੰ ਨਦੀ ਵਿਚ ਸੁਟ ਦਿਤਾ, 'ਘੜੰਮ' ਦੀ ਆਵਾਜ਼ ਆਈ, ਸੰਗਤ ਦੇ ਨੈਣ ਖੁਲ੍ਹੇ, ਕਿਸੇ ਨੇ ਆਵਾਜ਼ ਦਿਤੀ ਕਿ ਰਾਜ ਕੰਵਰ ਨਦੀ ਵਿਚ ਡੁਬ ਗਿਆ ਹੈ, 'ਬਚਾਓ, ਬਚਾਓ'। ਰਾਜੇ ਨੇ ਸੁਣਿਆ, ਰਾਣੀ ਨੇ ਤੱਕਿਆ ਕਿ ਭਾਈ ਬਾਲਾ ਹੈ, ਪਰ ਬੱਚਾ ਹੈ ਨਹੀਂ, ਚੀਕੀ। ਰਾਜੇ ਨੇ ਫੌਰਨ ਦੌੜਕੇ ਨਦੀ ਵਿਚ ਛਾਲ ਮਾਰੀ ਤੇ ਡੁਬਦੇ ਹੋਏ ਬੱਚੇ ਨੂੰ ਕੱਢਕੇ ਬਾਹਰ ਲੈ ਆਇਆ। ਪਾਣੀ ਕੱਢਿਆ, ਬੱਚਾ ਸਾਵਧਾਨ ਹੋਇਆ, ਫਿਰ ਸਤਿਸੰਗ ਜੁੜ ਗਿਆ ਤਾਂ ਰਾਜਾ ਕਹਿਣ ਲਗਾ: "ਮਹਾਰਾਜ! ਇਹ ਆਪ ਦੇ ਸੰਤ ਨੇ ਕੀ ਕੀਤਾ ? ਮਾਸੂਮ ਨਾਲ ਇਤਨਾ ਵੈਰ ?" ਤਾਂ ਬਾਬਾ ਜੀ ਕਹਿਣ ਲਗੇ: "ਵੈਰ ਨਹੀਂ, ਤੇਰੇ ਪ੍ਰਸ਼ਨ ਦਾ ਉੱਤਰ ਹੈ। ਤੱਕ ! ਐਸ ਵੇਲੇ ਸਤਿਸੰਗ ਵਿਚ ਵਜ਼ੀਰ ਬੈਠੇ ਸਨ, ਅਮੀਰ ਬੈਠੇ ਸਨ, ਜਰਨੈਲ ਸਨ, ਬੱਚਾ ਡਿਗਿਆ, ਤੂੰ ਕਿਸੇ ਨੂੰ ਆਗਿਆ ਕਿਉਂ ਨਹੀਂ ਕੀਤੀ ? ਆਪ ਕਿਉਂ ਦੌੜਿਆ ?" ਕਹਿਣ ਲੱਗਾ: "ਮਹਾਰਾਜ ! ਉਸ ਵੇਲੇ ਤਾਂ ਮੈਨੂੰ ਹੋਸ਼ ਵੀ ਨਾ ਰਹੀ ਅਰ ਮੇਰੀਆਂ ਆਂਦਰਾਂ ਰਹਿ ਨਾ ਸਕੀਆਂ ਤੇ ਮੈਂ ਛਾਲ ਮਾਰ ਦਿੱਤੀ।" ਸਤਿਗੁਰ ਜੀ ਨੇ ਕਿਹਾ: "ਇਸੇ ਤਰ੍ਹਾਂ, ਰਾਜਾ ! ਸਤਿਗੁਰ ਦੇ ਪਿਆਰਿਆਂ ਉਤੇ ਜਦੋਂ ਕਦੋਂ ਭੀੜ ਆਉਂਦੀ ਹੈ ਤਦੋਂ ਤਦੋਂ ਉਹ ਆਪ ਦੌੜ ਕੇ ਮਦਦ ਲਈ ਪਹੁੰਚਦਾ ਹੈ ਤੇ ਉਸ ਨੂੰ ਆਪਣਾ ਖਿਆਲ ਵੀ ਨਹੀਂ ਆਂਦਾ।"

ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ ਸਾਸ ਨਿਹਾਰੇ ॥ ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ

ਜਗੁ ਨਿਸਤਾਰੇ ॥ [ਨਟ ਮਹਲਾ ੪, ਪੰਨਾ ੯੮੨

ਸਤਿਗੁਰੂ ਜੀ ਓਹ ਦਿਨ ਪ੍ਰਵਾਨ ਕਰਦੇ ਹਨ :—

ਮਨ ਓਇ ਦਿਨਸ ਧੰਨਿ ਪਰਵਾਨਾ ॥ [ਸਾਰਗ ਮਹਲਾ ੫, ਪੰਨਾ ੧੨੧੩

ਦਿਨ ਪਰਵਾਨ ਹੈ, ਜਿਸ ਦਿਨ ਸੰਤਾਂ ਦਾ ਸੰਜੋਗ ਹੋ ਜਾਏ। ਸੰਤਾਂ ਦਾ ਸੰਗ ਕੀ ਹੁੰਦਾ ਹੈ ? ਗੁਰੂ ਦਾ ਸੰਗ ਹੋ ਜਾਂਦਾ ਹੈ।

ਜਿਹ ਠਾਕੁਰੁ ਸੁਪ੍ਰਸੰਨੁ ਭਜੁ ਸਤਸੰਗਤਿ ਤਿਹ ਪਿਆਰੁ ॥

[ਸਵਜ ਸ੍ਰੀ ਮੁਖਵਾਕ ਮਹਲਾ ੫, ਪੰਨਾ ੧੩੮੬

ਸਾਧ ਸੰਗਤ ਸਚਿਖੰਡ ਹੈ ਆਇ ਝਰੋਖੇ ਖੋਲੈ ਬਾਰੀ ॥

[ਭਾਈ ਗੁਰਦਾਸ ਜੀ

ਸਤਿਗੁਰ ਦਾ ਧਿਆਨ ਪ੍ਰਗਟ ਹੁੰਦਾ ਹੈ, ਲੋਕ ਪ੍ਰਲੋਕ ਸਫਲ ਹੁੰਦਾ ਹੈ, ਜੀਵਨ ਸਫਲ ਹੁੰਦਾ ਹੈ। ਜੇ ਸਾਰੀ ਦਿਹਾੜੀ ਨਾ ਕਰ ਸਕੋ ਤਾਂ 'ਸਫਲ ਸੋ ਘੜੀ' ਘੜੀ ਹੀ ਕਰ ਲਓ। ਬਾਲਟੀ ਖੂਹ ਵਿਚ ਪਾਈ ਨਾ ਰੱਸੀ ਬੰਨ੍ਹਕੇ, ਪਰ ਜੇ ਥੋੜੀ ਜੇਹੀ ਰਸੀ ਬੀ ਹੱਥ ਵਿਚ ਹੈ, ਤਾਂ ਬਾਲਟੀ ਰੱਸੀ ਪਾਣੀ ਲੈਕੇ ਆ ਜਾਏਗੀ, ਜੇ ਹੱਥ ਵਾਲੀ ਗਈ ਤਾਂ ਸਭ ਕੁਛ ਗਿਆ। ਲਾਈਫ ਡੋਰੀ ਹੈ, ਘੜੀ ਦੇ ਘੜੀ ਹੱਥ ਵਿਚ ਹੈ, ਮਨੁੱਖ ਡੋਲ, ਰਸ ਅੰਮ੍ਰਿਤ ਜਲ, ਨਿਤ ਨਿਯਮ, ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਪਾਠ।

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ
ਜੋ ਨਾਮਿ ਹਰਿ ਰਾਤੇ। [ਵਾਰ ਸੋਰਠਿ ਮ: ੪, ਪੰਨਾ ੬੪੮

ਥੋੜੀ ਨੂੰ ਬਹੁਤ ਕਰਨ ਵਾਲੇ ਤੇ ਨਿੱਕੀ ਜਿਹੀ ਨੂੰ ਪਰਵਾਨ ਕਰਨ ਵਾਲੇ ਧੰਨ ਸ੍ਰੀ ਵਾਹਿਗੁਰੂ ਜੀ।

ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥

[ਵਾਰ ਕਾਨੜਾ ਮ: ੪, ਪੰਨਾ ੧੩੧੭

ਕਥਾ ਧੰਨ ਹੈ, ਕਥਾ ਹੈ ਤਾਂ ਦਾਨ ਬੀਰਤਾ ਹੈ, ਦਾਨ ਬੀਰਤਾ ਹੈ ਤਾਂ ਧਰਮ ਯੁਧ। ਧਰਮ ਯੁਧ ਹੈ: ਅਬਲਾ ਹੈ ਬਚਾਣਾ, ਮਜ਼ਲੂਮ ਦੀ ਰਖਿਆ ਕਰਨੀ।

ਅਸੰਖ ਸਤੀ ਅਸੰਖ ਦਾਤਾਰ ॥ [ਜਪੁਜੀ, ਪੰਨਾ ੪
ਇਹ ਸਾਤਕ ਰਾਜਕ ਸ੍ਰਿਸ਼ਟੀ ਸੀ ।

ਤਮ ਗੁਣੀ ਸ੍ਰਿਸਟੀ : 'ਆ' ਹਜ਼ੂਮੇ ਬਦ ਕਿ ਸ਼ੈਤਾਨੀ ਬਹੱਦੇ ਅਸੰਖ ਮੂਰਖ । ਇਨ੍ਹਾਂ ਦੀ ਸੰਗਤ ਨਹੀਂ ਕਰਨੀ ਇਹ ਨਰਕਾਂ ਦਾ ਦਰਵਾਜ਼ਾ ਹਨ । ਨਾ ਕਰਨੀ ਹੈ, ਨਾ ਕਰਨ ਵਾਲੇ ਦੇ ਨੇੜੇ ਜਾਣਾ ਹੈ । ਹਰਿ ਅਰਥ ਜੋ ਖਰਚਦੇ ਹਨ, ਉਹ ਗੁਰਮੁਖ ਹਨ, ਸੇਵਾ ਲੰਗਰ ਦੀ ਗੁਰਮੁਖ ਦੀ ਸੇਵਾ ਕਰਕੇ ਸਿਖ ਠਰਦਾ ਹੈ । ਜੋ ਖਧਾ ਸੋ ਅਰੂੜੀ ਹੋ ਗਿਆ, ਜੋ ਗੁਰੂ ਅਰਥ ਖਰਚਿਆ ਅਬਿਨਾਸ਼ੀ ਹੋ ਗਿਆ ।

**ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ**
**ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ**
**ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥**
**ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ**
**ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ**
**ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ**
**ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥**
**ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ**
**ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ**
**ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ**

## ਨਿਰੰਕਾਰ ॥ ੧੬ ॥

ਵਾਹਿਗੁਰੂ ਦੇ ਨਾਮ ਅਸੰਖ ਹਨ ਤੇ ਉਸ ਦੇ ਟਿਕਾਣੇ (ਥਾਵ) ਵੀ ਬੇਸ਼ੁਮਾਰ ਹਨ। ਅਸੰਖ ਹੀ ਲੋਕ ਹਨ 'ਪਾਤਾਲ ਪਾਤਾਲ ਲਖ ਆਗਾਸਾ ਆਗਾਸ'। ਸਿਰਫ ੭ ਲੋਕ ਹੀ ਨਹੀਂ ਬਲਕਿ ਬੇਸ਼ੁਮਾਰ ਹਨ; ਭਾਵ ਜੋ ਕੋਈ ਇਨ੍ਹਾਂ ਦਾ ਅੰਤ ਪਾਣਾ ਚਾਹੇ ਉਹ ਭੁੱਲ ਕਰਦਾ ਹੈ, ਕਿਉਂਕਿ ਓਥੇ ਗੰਮਤਾ ਨਹੀਂ। ਉਸ ਵਾਹਿਗੁਰੂ ਨੂੰ ਜਪਦੇ ਹਨ ਅਨੰਤ ਜੋਗੀ ਕਪਾਲੀ ਆਣਿ (ਸਿਰ ਭਾਰ ਹੋਏ) ਵਿਚ, ਉਸ ਦੇ ਨਾਮ ਨੂੰ ਕਹਿੰਦੇ ਰਨ, ਯਾ ਜੋ ਆਖਣ ਕਿ ਅਸੀਂ ਕਹਾਂਗੇ, ਅਸੀਂ ਵਰਣਨ ਕਰ ਸਕਦੇ ਹਾਂ, ਉਹਨਾਂ ਦੇ ਸਿਰ ਤੇ ਭਾਰ ਹੋਵੇਗਾ। ਹੁਣ ਅਖਰਾਂ ਦਾ ਵਰਣਨ ਚਲਦਾ ਹੈ ਅਖਰ ਦੋ ਕਿਸ਼ਮ ਦੇ ਹਨ :—

(੧) ਪਹਿਲੇ ਵਿਦਿਆ ਦੇ।

(੨) ਦੂਜੇ ਮਸਤਕ ਦੇ।

ਇਹ ਅਗੋਂ ਫੇਰ ਦੋ ਪ੍ਰਕਾਰ ਦੇ ਹਨ :—

ਇਕ ਹਿਰਦੇ ਦੇ, ਦੂਜੇ ਮਸਤਕ ਦੇ। ਤੇ ਇਨ੍ਹਾਂ ਅਖਰਾਂ ਦੇ ਨਾਲ ਹੀ ਵਾਹਿਗੁਰੂ ਦਾ ਨਾਮ ਬੋਲਿਆ ਜਾਂਦਾ ਹੈ ਤੇ ਉਸ ਦੀ ਸਿਫਤ ਸਾਲਾਹ ਕੀਤੀ ਜਾਂਦੀ ਹੈ। ਅਖਰਾਂ ਦੇ ਨਾਲ ਹੀ ਗਿਆਨ ਤੇ ਗੀਤ ਦੇ ਰਾਹੀਂ ਉਸ ਦੇ ਗੁਣ ਗਾਏ ਜਾਂਦੇ ਹਨ। ਅਖਰਾਂ ਨਾਲ ਹੀ ਲਿਖਣਾ ਤੇ ਬਾਣੀ ਬੋਲੀ ਜਾਂਦੀ ਹੈ।

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।

[ਫੁਨਹੇ ਮਹਲਾ ੫, ਪੰਨਾ ੧੩੬੧

ਅਖਰਾਂ ਨਾਲ ਸਿਰ ਦੇ ਸੰਜੋਗ ਵਖਾਣੇ ਜਾਂਦੇ ਹਨ। ਜਿਸ ਨੇ ਲਿਖੇ ਉਸ ਵਾਹਿਗੁਰੂ ਦੇ ਸਿਰ ਦੇ ਨਹੀਂ।

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥

[ਵਾਰ ਸਾਰੰਗ ਮਹਲਾ ੧, ਪੰਨਾ ੧੨੪੧

ਜਿਸ ਤਰ੍ਹਾਂ ਉਹ ਵਾਹਿਗੁਰੂ ਫੁਰਮਾਂਦਾ ਹੈ ਉਸੇ ਤਰ੍ਹਾਂ ਹੀ ਆਦਮੀ ਦੇ ਲੇਖ ਲਿਖੇ ਜਾਂਦੇ ਹਨ। 'ਜੇਤਾ ਕੀਤਾ ਤੇਤਾ ਨਾਉ =

ਜਿਤਨਾ ਕਿ ਇਹ ਸੰਸਾਰ ਵਾਹਿਗੁਰੂ ਨੇ ਬਣਾਇਆ ਹੈ ਸਭ ਵਿਚ ਹੀ ਨਾਮ ਰਵਿਆ ਹੋਇਆ ਹੈ ਅਤੇ ਬਗ਼ੈਰ ਨਾਮ ਤੋਂ ਕੋਈ ਥਾਉਂ ਨਹੀਂ। ਮਹਾਰਾਜ ਫ਼ੁਰਮਾਉਂਦੇ ਹਨ ਕਿ ਕੁਦਰਤ ਦਾ ਕਿਤਨਾ ਵਿਚਾਰ ਕਰੀਏ ? ਤਾਂ ਤੇ ਮੈਂ ਸਾਰੇ ਵਾਰਾਂ ਦੇ ਵਿਚ ਉਸ ਉਪਰ ਬਲਿਹਾਰ ਜਾਂਦਾ ਹਾਂ ਕਿ ਜੋ ਤੈਨੂੰ ਵਾਹਿਗੁਰੂ ਜੀ ਭਾਵੇ ਆਪ ਅਸੀਂ ਭਲੀ ਕਰਕੇ ਮੰਨੀਏ। ਐ ਵਾਹਿਗੁਰੂ ਨਿਰੰਕਾਰ ਜੀ ! ਆਪ ਦਾ ਜੁਗ ਜੁਗ ਅਟੱਲ ਰਾਜ ਰਹੇ ਤੇ ਆਪ ਦਾ ਈਸ਼ੂਰਤੂ ਅਸਾਂ ਸਿਰ ਤੇ ਸਦਾ ਸਲਾਮਤ ਰਹੇ। ਹੁਣ ਸਰੀਰਕ, ਮਾਨਸਕ ਤੇ ਸ਼ਾਸਤ੍ਰ ਸ਼ੁਧੀ ਬਾਬਤ ਹੁਕਮ ਕਰਦੇ ਹਨ :—

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥

ਜਦ ਸ਼ਰੀਰ ਯਾ ਕੋਈ ਅੰਗ ਕਿਸੀ ਅਪਾਵਨ ਚੀਜ਼ ਯਾ ਖੇਹ (ਮਿਟੀ) ਦੇ ਨਾਲ ਭਰ ਜਾਵੇ ਤਾਂ ਪਾਣੀ ਦੇ ਨਾਲ ਮੈਲ ਉਤਰ ਜਾਂਦੀ ਹੈ। 'ਮੂਤਿ ਪਲੀਤੀ ਕਪੜੁ ਹੋਇ' ਕਪੜੇ ਜੇ ਕਰ ਮੂਤਰ ਆਦਿ ਅਪਾਵਨ ਚੀਜ਼ ਨਾਲ ਲਿਬੜ ਜਾਵਣ ਤਾਂ ਸਾਬਣ ਤੇ ਪਾਣੀ ਨਾਲ ਸ਼ੁੱਧ ਹੋ ਜਾਂਦੇ ਹਨ। ਇਸੇ ਤਰ੍ਹਾਂ ਜਦ ਬੁਧੀ ਪਾਪਾਂ ਦੀ ਮੈਲ ਨਾਲ

ਭਰੀ ਜਾਵੇ ਤਾਂ ਨਾਮ ਰੂਪੀ ਅੰਮ੍ਰਿਤ ਜਲ ਨਾਲ ਧੋਕੇ ਇਹ ਮੈਲ
ਦੂਰ ਹੋ ਜਾਂਦੀ ਹੈ। 'ਪੁੰਨੀ ਪਾਪੀ ਆਖਣੁ ਨਾਹਿ ॥' ਆਖਣ ਨਾਲ
ਕਿ ਪਾਪੀ ਕਹੇ ਕਿ ਮੈਂ ਪੁੰਨੀ ਹੀ ਬਣ ਜਾਵਾਂ, ਅਥਵਾ ਦਾਨ ਪੁੰਨ
ਵਿਖਾਲੇ ਲਈ ਕਰੇ ਯਾ ਕਿਸੇ ਦੇ ਕਹਿਣ ਨਾਲ ਪੁੰਨੀ ਯਾ ਪਾਪੀ
ਨਹੀਂ ਬਣ ਸਕਦਾ, ਬਲਕਿ 'ਕਰਿ ਕਰਿ ਕਰਣਾ ਲਿਖਿ ਲੈ
ਜਾਹੁ ॥' ਉਸ ਨੇ ਜਿਸ ਹੱਥ ਨਾਲ ਕੀਤਾ ਹੈ ਉਸ ਦਾ ਅਕਸ ਉਸ
ਦੇ ਅੰਤਸ਼ਕਰਣ ਤੇ ਲਿਖਿਆ ਜਾਂਦਾ ਹੈ ਤੇ ਇਹ ਚੰਗੇ ਯਾ ਬੁਰੇ
ਕਰਮ, ਜੋ ਵੀ ਕੀਤੇ ਜਾਂਦੇ ਹਨ, ਇਨ੍ਹਾਂ ਦਾ ਛੋਟੇ ਆਦਮੀ ਨਾਲ
ਲੈਕੇ ਜਾਂਦਾ ਹੈ। ਇਸ ਦਾ ਬੀਜ ਜੇ ਕੋਈ ਬੀਜਦਾ ਹੈ ਤਾਂ ਫਲ
ਖਾਂਦਾ ਹੈ। ਅਕਾਲ ਪੁਰਖ ਹੁਕਮੀ ਦੇ ਹੁਕਮ ਅਨੁਸਾਰ ਇਸ ਸੰਸਾਰ
ਵਿਚ ਆਓ ਤੇ ਹੁਕਮ ਅਨੁਸਾਰ ਹੀ ਜਾਓ।

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ [ਸਾਰੰਗ ਮਃ ੨ ਪੰਨਾ ੧੨੩੯

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ
ਪਾਵੈ ਤਿਲ ਕਾ ਮਨੁ ॥ ਸੁਣਿਆ ਮੰਨਿਆ
ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ
ਮਲਿ ਨਾਉ ॥ ਸਭਿ ਗੁਣ ਤੇਰੇ ਮੈ ਨਾਹੀ
ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ
ਸੁਹਾਣੁ ਸਦਾ ਮਨਿ ਚਾਉ ॥ ਕਵਣੁ ਸੁ ਵੇਲਾ
ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ

ਆਕਾਰੁ ॥ ਵੇਲ ਨ ਪਾਈਆ ਪੰਡਤੀ ਜਿ ਹੋਵੈ
ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ ॥ ਖਿਤਿ ਵਾਰੁ ਨ
ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ
ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ਕਿਵ
ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ
ਜਾਣਾ ॥ ਨਾਨਕ ਆਖਣਿ ਸਭੁ ਕੋ ਆਖੈ ਇਕ ਦੂ
ਇਕੁ ਸਿਆਣਾ ॥ ਵਡਾ ਸਾਹਿਬੁ ਵਡੀ ਨਾਈ
ਕੀਤਾ ਜਾਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ
ਅਗੈ ਗਇਆ ਨ ਸੋਹੈ ॥ ੨੧ ॥

ਜੋ ਆਦਮੀ ਤੀਰਥ ਤੇ ਤਪ ਆਦਿ ਕਰਦੇ ਹਨ ਤੇ ਦਇਆ ਕਰਕੇ ਆਪਣਾ ਕਮਾਇਆ ਹੋਇਆ ਧਨ ਦਾਨ ਕਰਦੇ ਹਨ ਤੇ ਉਤਮ ਦਾਨ ਭੂਮੀ ਦਾ, ਸ੍ਵਰਨ ਦਾ ਕੀਤਾ ਹੈ ਤੇ ਇਹ ਦਾਨ ਪੁੰਨ ਕਰਕੇ ਵਾਹਿਗੁਰੂ ਦੇ ਸਮਰਪਨ ਕੀਤਾ ਹੈ, ਉਨ੍ਹਾਂ ਲੋਕਾਂ ਦਾ ਇਕ ਤਿਲ ਦਾ ਮਣ ਬਣ ਜਾਏਗਾ ਤੇ ਜੇਕਰ ਸਕਾਮ ਹੋਕੇ ਕੀਤਾ ਤਾਂ ਉਸ ਦਾ ਫਲ ਸ੍ਵਰਗ ਆਦਿਕ ਪ੍ਰਾਪਤ ਹੋਣਗੇ, ਜੋ ਕਿ ਨਾ-ਪਾਇਦਾਰ ਹਨ।

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥
ਓਛੇ ਤਪ ਕਰਿ ਬਾਹੁਰਿ ਐਬੋ ॥ [ਧਨਾਸਰੀ ਕਬੀਰ ਜੀ, ਪੰਨਾ ੬੯੨
ਸਿਵਪੁਰੀ ਕਾ ਹੋਇਗਾ ਕਾਲਾ ॥ [ਗਉੜੀ ਮਹਲਾ ੫, ਪੰਨਾ ੨੩੭

ਸੋ, ਸਕਾਮੀ ਪੁਰਖ ਇਹੋ ਜਿਹੇ ਨਾਪਾਇਦਾਰ ਸੁਖ ਹਾਸਲ ਕਰਕੇ ਫਿਰ ਧੱਕੇ ਖਾਂਦਾ ਹੈ। ਜੋ ਜੋ ਸੁਰਗ ਵਿਚ ਗਏ ਆਪਣਾ ਆਪਣਾ ਸਮਾਂ ਕੱਟਣ ਪਿਛੋਂ ਬਾਹਰ ਕੱਢੇ ਗਏ। ਇਹ ਛਲ ਗੁਰਮਿਖ ਨਾਲ ਨਹੀਂ ਹੋ ਸਕਦਾ, ਉਸ ਦੇ ਨਾਲ ਵਾਹਿਗੁਰੂ ਆਪ ਹੈ, ਸਾਰੇ ਹੀ ਉਸ ਦੇ ਦਾਸ ਬਣ ਜਾਂਦੇ ਹਨ। ਤੀਰਥ ਯਾਤਰਾ ਕਰੇ, ਦਾਨ ਦੇਵੇ, ਦਤ=ਮੋਹਰਾਂ ਦੇਵੇ, ਜੇਹੜਾ ਕੋਈ ਕਰੇਗਾ ਉਸ ਨੂੰ ਤਿਲ ਦਾ ਮਣ ਮਿਲੇਗਾ ਭਾਵ ਕਿ ਉਹ ਫਲੇਗਾ। ਸ੍ਰੀ ਲਹਿਣਾ ਜੀ ਪੁਛਦੇ ਹਨ. "ਹੇ ਦਾਤਾਰ ! ਵਾਹਿਗੁਰੂ ਕਿਵੇਂ ਮਿਲੇਗਾ ?" ਤਾਂ ਬਾਬਾ ਜੀ ਕਿਹਾ : "ਵਾਹਿਗੁਰੂ ਇਉਂ ਮਿਲਦਾ ਹੈ, ਜਿਨ੍ਹਾਂ ਨੇ ਨਾਮ ਨੂੰ ਸੁਣਿਆ ਹੈ, ਨਾਮ ਨੂੰ ਮੰਨਿਆ ਹੈ, ਨਾਮ ਨਾਲ ਲਿਵ ਲਾਈ ਹੈ, ਤਿੰਨਾਂ ਨੂੰ ਅੰਦਰ ਤੀਰਥ ਇਸ਼ਨਾਨ ਪ੍ਰਾਪਤ ਹੁੰਦਾ ਹੈ ਤੇ ਉਹ ਤੀਰਥ ਰਾਜ ਤਾਂ ਹਿਰਦੇ ਦੇ ਵਿਚ ਹੀ ਹੈ। ਇਹ ਇਸ਼ਨਾਨ ਪਾਪਾਂ ਨੂੰ, ਚੰਚਲਤਾਈ ਨੂੰ, ਵਾਸ਼ਣਾਂ ਨੂੰ, ਅਗਿਆਨ ਨੂੰ, ਅਵਿਦਿਆ ਨੂੰ ਦੂਰ ਕਰੇਗਾ। ਉਸ ਵਿਚ ਮਲ ਮਲਕੇ ਨ੍ਹਾਵੇ ਤੇ ਉਪੋਕਤ ਅਉਗੁਣਾਂ ਨੂੰ ਦੂਰ ਕਰਕੇ ਅਰਦਾਸ ਕਰੇ ਕਿ, ਹੇ ਦਾਤਾ ! ਸੰਪੂਰਨ ਗੁਣ ਆਪ ਵਿਚ ਹਨ, ਮੇਰੇ ਵਿਚ ਕੋਈ ਗੁਣ ਨਹੀਂ।

ਹਭਿ ਗੁਣ ਤੈਡੇ ਨਾਨਕ ਜੀਉ ਮੈ ਕੁ ਥੀਏ ਮੈ ਨਿਰਗੁਣ ਤੇ ਕਿਆ ਹੋਵੈ ॥ ਤਉ ਜੇਵਡੁ ਦਾਤਾਰੁ ਨ ਕੋਈ ਜਾਚਕੁ ਸਦਾ ਜਾਚੋਵੈ ॥

[ਰਾਮਕਲੀ ਵਾਰ ਮ: ਪ, ਪੰਨਾ ੯੬੪

ਜਦ ਤਕ ਆਪ ਦੇ ਗੁਣਾਂ ਨੂੰ ਸਿੱਧ ਨਾ ਕੀਤਾ ਜਾਏ ਤਾਂ ਭਗਤੀ ਦਾ ਕੋਈ ਫਾਇਦਾ ਨਹੀਂ। ਹੇ ਪਾਤਸ਼ਾਹ ! ਆਪ ਮੈਨੂੰ ਗੁਣ ਬਖਸ਼ੋ, ਅਸੀਂ ਭਗਤੀ ਸਫਲ ਕਰੀਏ। ਹੇ ਦਾਤਾ ! ਮੈਂ ਆਪ ਦੇ ਸਾਹਮਣੇ ਕੋਈ ਭੇਟਾ ਨਹੀਂ ਰਖ ਸਕਦਾ, ਮੈਂ ਤਾਂ ਸਿਰਫ ਅਸ਼ੀਰ-ਵਾਦ ਦੇ ਸਕਦਾ ਹਾਂ। ਇਹ ਸੁਅਸਤੈਣ ਹੈ। ਮੈਂ ਇਕ ਬ੍ਰਾਹਮਣ ਹਾਂ, ਭਾਵ ਭਿਖਸ਼ਕ ਹਾਂ, ਰਾਜਾਨ ਰਾਜ ਨੂੰ ਇਹ ਬ੍ਰਾਹਮਣ ਇਤਨੀ ਹੀ ਬਾਣੀ ਕਹਿ ਸਕਦਾ ਹੈ ਕਿ ਸੁਅਸਤ=ਆਪ ਦਾ ਅਟੱਲ ਰਾਜ

ਰਹੇ। ਸੁਅਸਤੈਨ ਕੀ ਹੈ? 'ਸਤਿ ਸੁਹਾਣੁ ਸਦਾ ਮਨਿ ਚਾਉ॥' ਸੁਹਾਣ ਤੇ ਸਤਿ ਨੂੰ ਜਦੋਂ ਚਾਉ ਚੜ੍ਹਿਆ ਤਾਂ ਬਾਣੀ ਹੋਈ "ਬਰਮਾਉ ਭਾਵ ਬ੍ਰਹਮਾ ਆਦਿਕ ਉਤਪਤ ਹੋਏ।

ਹੇ ਵਾਹਿਗੁਰੂ ਜੀ! ਆਪ ਸਤਿ ਹੋ, ਸਦਾ ਹੀ ਸਤਿ ਰਹੋ। ਆਪ ਸਦਾ ਹੀ ਚੇਤਨ ਹੋ ਤੇ ਸਦਾ ਚੇਤਨ ਰਹੋ। ਆਪ ਸਦਾ ਹੀ ਅਨੰਦ ਹੋ, ਆਪ ਅਨੰਦ-ਘਣ ਹੋ, ਆਪ ਦਾ ਸਤਿ ਮੇਰੇ ਵਿਚ ਆ ਜਾਏ। ਸਤਿ ਦਾ ਗੁਣ ਹੈ ਮਾੜੇ ਨੂੰ ਚੰਗਾ ਕਰਨਾ। ਜਿਤਨੀ ਚੇਤਨਤਾ ਤੇ ਸੁੰਦਰਤਾ ਬ੍ਰਹਮੰਡ ਵਿਚ ਵਰਤ ਰਹੀ ਹੈ ਇਹ ਆਪ ਦੀ ਹੀ ਹੈ, ਕਿਉਂਕਿ ਮੁਰਦੇ ਵਿਚ ਸੁੰਦਰਤਾ ਨਹੀਂ ਹੈ। ਸਤਿ ਹੈ, ਚੇਤਨ ਹੈ, ਇਹ ਭਗਵਾਨ ਦੇ ਗੁਣ ਹਨ। ਜਿਵੇਂ ਸ਼ੂਰਜ ਦਾ ਗੁਣ ਰੌਸ਼ਨੀ ਹੈ, ਆਪ ਕਿਰਪਾਲੂ ਹੋ, ਕਿਉਂਕਿ ਆਪ ਕਿਰਪਾ ਕਰਦੇ ਹੋ, ਕਿਰਪਾ ਹੈ:—'ਕਰੁਣਾਲਯ ਹੈਂ॥ ਅਰਿ ਘਾਲਯ ਹੈਂ॥' ਅਸੰਤਾਂ ਨੂੰ ਨਸ਼ਟ ਕਰਨ ਵਾਲੇ ਹੋ, ਇਹ ਨਾਮ ਕਰਮ ਕਰਕੇ ਪੈ ਗਿਆ ਹੈ; ਇਹ ਸਫਾਤੀ ਨਾਮ ਹੈ। ਆਪ ਹੀ ਤਾਂ ਹੋ 'ਆਦਿ ਸਚੁ ਜੁਗਾਦਿ ਸਚੁ'। ਚੇਤਨਤਾ ਹੈ ਤਾਂ ਸਰੀਰ ਹੈ। ਆਪ ਦੀ ਕਿਰਪਾ ਨਾਲ ਹੀ ਗੁਣ ਪ੍ਰਾਪਤ ਹੋਣਗੇ, ਤਾਂ ਮੈਂ ਭਗਤੀ ਕਰ ਸਕਾਂਗਾ, ਨਹੀਂ ਤਾਂ ਮੈਂ' ਗੁਣਾਂ ਤੋਂ ਬਿਨਾਂ ਭਗਤੀ ਨਹੀਂ ਕਰ ਸਕਦਾ। ਕੀਰਤਨ ਕਥਾ ਆਦਿ ਇਹ ਸੰਪੂਰਨ ਗੁਣ ਹਨ, ਲੰਗਰ ਦਾ ਚਲਾਣਾ ਭੀ ਗੁਣ ਹੈ, ਸੁਹਣੀ ਲਿਖਾਈ ਇਹ ਭੀ ਗੁਣ ਹੈ। ਬਿਨਾਂ ਕਿਸੇ ਗੁਣਾਂ ਤੋਂ ਗਰਬ ਕਰਨਾ ਉਸ ਦੀ ਬਾਬਤ ਬਾਬਾ ਜੀ ਇੰਜ ਫੁਰਮਾਂਦੇ ਹਨ :—

ਮਨਹੁ ਜਿ ਅੰਧੇ ਘੁਪ ਕਹਿਆ ਬਿਰਦੁ ਨਾ ਜਾਣਨੀ॥
ਮਨਿ ਅੰਧੈ ਉਂਧੈ ਕਵਲਿ ਦਿਸਨਿ ਖਰ ਕਰੂਪ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥ਇਕਨ੍ਹਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ॥ ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ

ਕਾ ਭੇਉ ਨ ਲਹੰਤਿ ॥ ਨਾਨਕ ਤੇ ਨਰ ਅਸਲਿ ਖਰ ਜਿ
ਬਿਨੁ ਗੁਣ ਗਰਬੁ ਕਰੰਤਿ ॥ [ਵਾਰ ਸਾਰਗ ਮ: ੧, ਪੰਨਾ ੧੪੧੧

ਦੋ ਅਖੀਆਂ ਤਾਂ ਸਭ ਦੀਆਂ ਹਨ ਪਰੰਤੂ ਵਿਦਿਆ ਨਾਲ ਤਿੰਨ ਹੋ ਜਾਂਦੀਆਂ ਹਨ । ਪੁੰਨ ਆਤਮਾ ਦੇ ਸੱਤ ਨੇਤ੍ਰ ਹਨ, ਗਿਆਨੀਆਂ ਦੇ ਅਨੰਤ ਨੇਤ੍ਰ ਹਨ। ਜੋ ਮਨ ਕਰਕੇ ਅੰਧਾ ਹੈ ਉਹ ਮਹਾਂ ਪੁਰਖਾਂ ਦਾ ਉਚਾਰਨ ਨਹੀਂ ਸਮਝ ਸਕਦਾ, ਉਸ ਦੇ ਹਿਰਦੇ ਦਾ ਕਵਲ ਪੁੱਠਾ ਹੈ, ਚੰਗੀ ਮਤ ਉਹ ਨਹੀਂ ਲੈ ਸਕਦਾ, ਉਹ ਮਨ ਕਰਕੇ, ਸ਼ਕਲ ਤੇ ਸੂਰਤ ਕਰਕੇ ਕੋਝਾ ਹੈ ।

ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ ॥
[ਦੇਵ ਗੰਧਾਰੀ ਮਹਲਾ ੪, ਪੰਨਾ ੫੨੮

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
[ਗੂਜਰੀ ਵਾਰ ਮਹਲਾ ੫, ਪੰਨਾ ੫੨੨

ਹੇ ਵਾਹਿਗੁਰੂ ਜੀ ! ਸਾਰੇ ਗੁਣ ਤੁਹਾਡੇ ਹਨ, ਇਨ੍ਹਾਂ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ । ਭਗਤੀ ਨੌਂ ਪ੍ਰਕਾਰ ਦੀ ਹੈ ।

ਭਗਤ ਨਵੈ ਪ੍ਰਕਾਰਾ ॥ [ਸਿਰੀ ਰਾਗ ਮਹਲਾ ੫, ਪੰਨਾ ੭੧

ਇਹ ਭਗਤੀ ਗੁਣਾਂ ਤੋਂ ਬਿਨਾਂ ਨਹੀਂ (ਨੌਂ ਪ੍ਰਕਾਰ ਦੀ ਭਗਤੀ ਦਾ ਵੇਰਵਾ ਪਿਛੇ ਆ ਚੁਕਾ ਹੈ)।

ਹੇ ਵਾਹਿਗੁਰੂ ਜੀ ! ਇਕ ਬ੍ਰਾਹਮਣ ਤੁਸਾਂ ਪਾਸ ਆਇਆ ਹੈ, ਹੋਰ ਤਾਂ ਉਸ ਪਾਸ ਕੁਛ ਨਹੀਂ ਕੇਵਲ ਉਸਤਤੀ ਹੈ। ਮੈਂ ਆਪ ਦਾ ਪ੍ਰੋਹਤ ਹਾਂ, ਵਾਹਿਗੁਰੂ ਜੀ ! ਆਪ ਮੇਰੇ ਜਜਮਾਨ ਹੋ ।

ਕਰਤਾ ਤੂ ਮੇਰਾ ਜਜਮਾਨੁ ॥
[ਪ੍ਰਭਾਤੀ ਮਹਲਾ ੧, ਪੰਨਾ ੧੩੨੯

ਆਪ ਸੁੰਦਰ ਹੋ ਨਾ, ਆਪ ਅਹਿਲ ਸੇ ਅਹਿਲ ਹੋ, ਮੈਂ ਤਾਂ ਖ਼ਾਕ ਦੀ ਢੇਰੀ ਹਾਂ :—

ਮਨਮ ਯਕ ਮੁਸ਼ਤੇ ਗਿਲ ਗੋਇਆ ॥
ਦਰੂਨਮ ਨੂਰੇ ਊ ਲਾਮਹ ॥
[ਭਾਈ ਨੰਦ ਲਾਲ

ਦਾਤਿ ਜੋਤਿ ਸਭ ਸੂਰਤਿ ਤੇਰੀ ॥

[ਵਾਰ ਸਾਰੰਗ ਮਹਲਾ ੫, ਪੰਨਾ ੧੨੫੭

ਦਾਤ ਹੈ, ਜੋਤ ਹੈ, ਸੂਰਤ ਹੈ, ਖ਼ੂਬਸੂਰਤੀ ਹੈ, ਸਭ ਤੇਰੀ ਹੈ। ਦਾਤਾ ਜੀ ਆਪ ਸਦਾ ਸਥਿ ਹੈ, ਸਦਾ ਚੇਤਨ ਹੈ, ਸਦਾ ਅਨੰਦ ਘਨ ਹੈ। 'ਸਰੂਪ ਲਖਸ਼ਨ ਤੱਟਸਥ ਲਖਸ਼ਨ' । ਕਦੀ ਹੋਏ, ਕਦੀ ਨਾ ਹੋਏ, ਪਰ ਲਖਾ ਦੇਵੇ ਉਸ ਦਾ ਨਾਮ ਤਟਸਥ ਲਖਸ਼ਨ ਹੈ । ਸ੍ਰਿਸ਼ਟੀ ਰਚਨਾ ਇਸ ਦਾ ਇਕ ਰੂਪ ਹੈ, ਵਾਹਿਗੁਰੂ ਜੀ ਨੇ ਰਚਨਾ ਕੀਤੀ, ਆਦਮੀ ਦੀ ਸੂਰਤ ਬਣੀ, ਦੇਵਤਿਆਂ ਨੇ ਭੀ ਨੂਹੀ ਤੁੰ ਖ਼ਾਕੀ ਅਪਣੇ ਆਪ ਨੂੰ ਕੀਤਾ ।

"ਇਸ ਦੇਹੀ ਕਉ ਸਿਮਰਹਿ ਦੇਵ ॥'

[ਭੈਰਉ ਕਬੀਰ ਜੀ, ਪੰਨਾ ੧੧੫੬

ਪੁਰਾਣਾਂ ਵਿਚ ਇਕ ਕਥਾ ਹੈ ਕਿ ਜਦੋਂ ਪਰਮੇਸ਼ੁਰ ਨੇ ਮਨੁੱਖ ਦਾ ਬੁੱਤ ਘੜ ਲਿਆ ਤਦੋਂ ਇਹ ਕੰਮ ਨਾ ਕਰੇ ਤਾਂ ਪਰਮੇਸ਼ੂਰ ਨੇ ਸਾਰੇ ਮੁੱਖੀ ਦੇਵਤਿਆਂ ਨੂੰ ਬੁਲਾਇਆ ਤੇ ਕਿਹਾ ਕਿ ਅਪਣੀ ਸੂਰਤ ਤੇ ਮੈਂ ਇਹ ਬੁਤ ਘੜਿਆ ਹੈ, ਤੁਸੀਂ ਇਸ ਵਿਚ ਪ੍ਰਵੇਸ਼ ਕਰੋ । ਤਾਂ ਦੇਵਤਿਆਂ ਵਿਚੋਂ ਸ਼ੁੰਮਣੀ ਦੇਵਤੇ ਵਿਸ਼ਨੂੰ ਜੀ ਨੇ ਕਿਹਾ ਮੈਂ ਇਸ ਦੇ ਚਰਨਾਂ ਵਿਚ ਪ੍ਰਵੇਸ਼ ਕਰਾਂਗਾ, ਇੰਦ੍ਰ ਦੇਵਤੇ ਨੇ ਕਿਹਾ ਮੈਂ ਇਸ ਦੇ ਹੱਥਾਂ ਵਿਚ ਪ੍ਰਵੇਸ਼ ਕਰਾਂਗਾ, ਸੂਰਜ ਨੇਤ੍ਰਾਂ ਵਿਚ, ਵਰਨ ਜੀਭ ਵਿਚ, ਚੰਦਰਮਾਂ ਮਨ ਵਿਚ, ਸ਼ਿਵ ਚਿਤ ਵਿਚ, ਇਤਜਾਦਕ ਚੌਦਾਂ ਦੇਵਤੇ, ਚੌਦਾਂ ਹੀ ਇੰਦਰਿਆ ਵਿਚ, ਚੌਦਾਂ ਹੀ ਵਿਸ਼ੇ ਲੈਣ ਲਈ ਪ੍ਰਵਿਰਤ ਹੋ ਗਏ ਪਰ ਇਹ ਮਿਟੀ ਦਾ ਬੁਤ ਹਿੱਲਿਆ ਨਾ, ਟੁਰਿਆ ਨਾ ਤਾਂ ਪਰਮੇਸ਼ੂਰ ਨੂੰ ਦੇਵਤਿਆਂ ਨੇ ਕਿਹਾ; ਮਹਾਰਾਜ ਅਸੀਂ ਇਸ ਅੰਦਰ ਵੜ ਗਏ ਹਾਂ, ਪਰ ਇਸ ਵਿਚ ਸੱਤਿਆ ਨਹੀਂ ਆਈ, ਸੱਤਿਆ ਕਿਥੇ ਹੈ ? ਤਾ ਵਾਹਿਗੁਰੂ ਜੀ ਬੋਲੇ: 'ਲਓ ਫਿਰ ਹੁਣ ਮੈਂ ਪ੍ਰਵੇਸ਼ ਕਰਦਾ ਹਾਂ' ਤਦ ਫੇਰ ਇਹ ਤੁਰਨ ਫਿਰਨ ਲਗਾ :—

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ

ਵਿਣੁ ਸੱਤ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥

[ਵਾਰ ਮਾਝ ਮਹਲਾ ੨, ਪੰਨਾ ੧੩੯

"ਤੂ ਘਟ ਘਟ ਅੰਤਰਿ ਸਰਬ ਨਿਰੰਤਰਿ
ਸੀ ਹਰਿ ਏਕੋ ਪੁਰਖੁ ਸਮਾਣਾ ॥ [ਆਸਾ ਮ: ੪, ਪੰਨਾ ੩੪੯

ਸਰੀਰਾਂ ਨੂੰ ਬਣਾ ਕੇ ਇੰਦਰੀਆਂ ਨੂੰ ਘੜ ਕੇ ਵਿਚ ਆਪ ਪ੍ਰਵੇਸ਼ ਕੀਤਾ ਹੈ ਸ੍ਰੀ ਵਾਹਿਗੁਰੂ । ਚੇਤਨਤਾ, ਗਿਆਨ, ਬੁਧੀ ਉਸੀ ਤੋਂ ਹੈ । ਸਤਿ ਹੈ, ਸੁੰਦਰ ਹੈ, ਅਨੰਦ ਘਨ ਹੈ, ਉਤਪਤੀ ਕਰਤਾ ਹੈ, ਪਾਲਣਹਾਰ ਹੈ, ਸੰਘਾਰ ਕਰਨ ਵਾਲਾ ਹੈ, ਉਸ ਸੁਅਸਤ ਸਰੂਪ ਨੇ ਧੁਨੀ ਕੀਤੀ ਤਾਂ ਮਾਇਆ ਪ੍ਰਗਟ ਹੋਈ । ਜਦ ਮਾਇਆ ਹੋਈ ਦੇਵਤੇ ਪ੍ਰਗਟ ਹੋ ਗਏ ।

ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥

[ਮਾਰੂ ਮਹਲਾ ੫, ਪੰਨਾ ੧੦੦੩

ਇਹ ਬ੍ਰਹਮੰਡ ਬਣੇ ।

ਉਹ ਕਿਹੜਾ ਵੇਲਾ ਸੀ ? ਕਿਹੜਾ ਵਕਤ ਸੀ ? ਵਾਰ ਕੀ ? ਥਿਤ ਕੀ ? ਰੁਤ ਕੀ ਸੀ ? ਤੇ ਮਹੀਨਾ ਕਿਹੜਾ ? ਜਿਸ ਵੇਲੇ ਕਰਤਾਰ ਨੇ ਸ੍ਰਿਸ਼ਟੀ ਰਚੀ । ਮਹਾਰਾਜ ਜੀ ਜਵਾਬ ਦਿੰਦੇ ਹਨ ਕਿ ਪੰਡਤਾਂ ਨੂੰ ਵੇਲੇ ਦੀ ਖ਼ਬਰ ਨਹੀਂ ਮਿਲੀ, ਜੇ ਉਹਨਾਂ ਨੂੰ ਪਤਾ ਲਗਦਾ ਤਾਂ ਵੇਦਾਂ ਤੇ ਪੁਰਾਣਾਂ ਵਿਚ ਅੰਕਤ ਕਰ ਦੇਂਦੇ; ਤੇ ਵਕਤ ਦਾ ਭੇਦ ਕੁਰਾਨ ਲਿਖਣ ਵਾਲਿਆਂ ਨੂੰ ਭੀ ਨਹੀਂ ਹੈ, ਵਰਨਾਂ ਉਹ ਕੁਰਾਨ ਵਿਚ ਨਾਂ ਲਿਖ ਦੇਂਦੇ । ਜੋਗੀ ਦਾ ਭਾਵ ਜੋਤਸ਼ੀ ਹੈ । ਜੋਤਸ਼ੀਆਂ ਨੂੰ ਥਿਤ ਅਤੇ ਵਾਰ ਰੁਤ ਤੇ ਮਹੀਨੇ ਦਾ ਪਤਾ ਨਹੀਂ । ਤਾ ਮਹਾਂਰਾਜ ! ਫਿਰ ਪਤਾ ਤਾਂ ਕੁਛ ਨਾ ਲਗਾ ? ਹਾਂ, ਜਦੋਂ ਕਰਤੇ ਨੇ ਸ੍ਰਿਸ਼ਟੀ ਸਾਜੀ ਉਹ ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ।

ਜਿਹੜਾ ਸਤਿ ਹੈ, ਸੁੰਦਰ ਹੈ, ਚੇਤਨ ਹੈ, ਅਨੰਦ ਘਨ ਹੈ ਉਸ ਦਾ ਵੀਚਾਰ ਮੈਂ ਕੀ ਪ੍ਰਗਟ ਕਰਾਂ ? ਉਸ ਦੇ ਸਤਿ ਸਰੂਪ ਨੂੰ ਮੈਂ ਕਿਵੇਂ ਪ੍ਰਗਟ ਕਰਾਂ, ਕਿਵੇਂ ਵਰਣਨ ਕਰਾਂ, ਮੈਂ ਵਰਣਨ ਨਹੀਂ

ਕਰ ਸਕਦਾ 'ਨਾਨਕ ਕਥਨਾ ਕਰੜਾ ਸਾਰੁ'। ਜਿਸ ਤਰ੍ਹਾਂ ਲੋਹੇ ਦਾ ਚਬਾਣਾ ਮੁਸ਼ਕਲ ਹੈ, ਉਸੇ ਤਰ੍ਹਾਂ ਵਰਣਨ ਕਰਨਾ ਮੁਸ਼ਕਲ ਹੈ। ਆਖਣ ਨੂੰ ਤਾਂ ਹਰ ਕੋਈ ਕਹਿੰਦਾ ਹੈ ਪਰ ਦੂਸਰਾ ਉਸ ਨੂੰ ਗਲਤ ਕਰ ਦੇਂਦਾ ਹੈ। ਸਾਹਿਬ ਵਡਾ ਹੈ ਉਸ ਦੀ ਵਡਿਆਈ ਭੀ ਵਡੀ ਹੈ ਜਿਸ ਦੀ ਇਕ ਧੁਨੀ ਨਾਲ ਬ੍ਰਹਮੰਡ ਰਚਿਆ ਜਾ ਸਕਦਾ ਹੈ, ਉਹ ਬਹੁਤ ਹੀ ਵਡਾ ਹੈ। ਵਡਾ ਕਹਿਣ ਤੇ ਸੁਆਦ ਆਏਗਾ, ਅੰਦਰ ਪਵਿਤ੍ਰਤਾ ਆਏਗੀ। ਵਡਾ ਸਾਹਿਬ ਹੈ, ਵਡਿਆਈ ਦੀ ਉਤਪਤੀ ਹੋਵੇਗੀ। ਉਸ ਦਾ ਕੀਤਾ ਹੋਇਆ ਉਸਦਾ ਅੰਤ ਨਹੀਂ ਪਾ ਸਕਦਾ ; ਜੇ ਕੋਈ ਆਪਣੇ ਆਪ ਨੂੰ ਇਹ ਸਮਝੇ ਕਿ ਮੈਂ ਜਾਣਦਾ ਹਾਂ, ਉਹ ਅਗੇ ਨਹੀਂ ਪਹੁੰਚਿਆ, ਉਹ ਥੱਠਾਂ ਹੀ ਹੇਠਾਂ ਹੈ ਅਤੇ ਅਗੇ ਸ਼ੋਭਾ ਨਹੀਂ ਪਾਂਦਾ। ਉਹ ਉਰੇ ਉਰੇ ਹੀ ਮੁੜ ਆਇਆ ਹੈ, ਜੋ ਪਹੁੰਚੇ ਹਨ, ਉਨ੍ਹਾਂ ਉਸ ਨੂੰ ਬੇਅੰਤ ਹੀ ਆਖਿਆ ਹੈ :—

ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ ॥

[ਆਸਾ ਮਹਲਾ ੫, ਪੰਨਾ ੪੫੮

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥ [ਪੰਨਾ ੪

ਇਹ ਲਖਸ਼ਨ ਪਹਿਲੇ ਦੱਸੇ ਹਨ :—ਸਤਿ, ਸੁਹਾਣ, ਸਦਾ ਮਨ ਚਾਉ। ਹੁਣ ਦੱਸਦੇ ਹਨ, ਕਿਵ ਕਰ ਆਖਾਂ ਸੁੰਦਰਤਾ ਕਿਤਨੀ ਕੁ ਸਿਫਤ ਕਰਾਂ, ਚੇਤਨਤਾ ਦਾ ਕਿਤਨਾ ਕੁ ਵਰਣਨ ਕਰੀਏ, ਤੇ ਉਸ ਦੇ ਅਨੰਦਮਯ ਸਰੂਪ ਦਾ ਕਿਤਨਾ ਕੁ ਜਾਣਨ ਹੋ ਸਕਦਾ ਹੈ ? ਭਾਵ ਨਹੀਂ ਹੋ ਸਕਦਾ।

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ**
**ਵਾਤ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੁ**
**ਇਕ ਧਾਤੁ॥ ਲੇਖਾ ਹੋਇ ਤ ਲਿਖੀਐ ਲੇਖੈ**

ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥

ਚਿੜੀ ਅਸਮਾਨ ਦੀ ਪੈਮਾਇਸ਼ ਨਹੀਂ ਕਰ ਸਕਦੀ, ਅੱਖ ਅੰਤਹਕਰਣ ਨੂੰ ਨਹੀਂ ਦੇਖ ਸਕਦੀ, ਜੋ ਦਮ ਮਾਰਦਾ ਹੈ, ਉਹ ਅਗੇ ਗਿਆ ਹੀ ਨਹੀਂ, ਜੋ ਆਪਣੇ ਆਪ ਵਿਚ ਕੁਛ ਜਾਣਦਾ ਹੈ ਉਹ ਅਗੇ ਨਹੀਂ ਪਹੁੰਚਿਆ। ਉਹ ਤਾਂ :—

ਬੇਅੰਤ ਬੇਅੰਤ ਕੋ ਕਰੰਤ ਪਾਠ ਪੇਖੀਐ ॥

[ਦਸਮ ਪਾਤਸ਼ਾਹ ਜੀ

ਵਾਹਿਗੁਰੂ ਜੀ ਆਪ ਅੰਤ ਤੋਂ ਰਹਿਤ ਹੈ, ਉਸ ਦੀ ਰਚਨਾ ਵੀ ਬੇਅੰਤ ਹੈ, ਸਤ ਪਾਤਾਲ, ਸਤ ਆਕਾਸ ਗਿਣੇ ਜਾ ਚੁਕੇ ਹਨ। ਪਰ ਇਥੇ ਤਾਂ ਲਖਾਂ ਹੀ ਪਾਤਾਲ, ਲੱਖਾਂ ਹੀ ਆਗਾਸ ਹਨ। ਪਾਤਾਲਾਂ ਦਾ ਓੜਕ (ਅੰਤ) ਲੈਣ ਨੂੰ ਤੇ ਆਗਾਸਾਂ ਦੇ ਓੜਕ (ਅੰਤ) ਨੂੰ ਲੈਣ ਵਾਸਤੇ ਢੂੰਡ ਢੂੰਡਕੇ ਥੱਕ ਗਏ, ਪਰ ਅੰਤ ਨਾ ਪਾ ਸਕੇ, ਦੂਜਾ ਉਸ ਓੜਕ ਨੂੰ ਓੜਕ (ਮ੍ਰਤੂ) ਪ੍ਰਯੰਤ ਭਾਲ ਭਾਲ ਕੇ ਥੱਕ ਗਏ, ਪਰ ਅੰਤ ਨਾ ਪਾ ਸਕੇ ਅਤੇ ਵੇਦ ਵੀ ਇਕ ਹੀ ਗੱਲ ਆਖਦੇ ਹਨ ਕਿ 'ਨਹੀਂ ਅੰਤ' 'ਨਹੀਂ ਅੰਤ'। 'ਸਹਸ ਅਠਾਰਹ ਕਹਨਿ ਕਤੇਬਾ' ਸ਼ਾਸਤਰਾਂ ਤੇ ਕੁਰਾਨ ਕਿਤਾਬਾਂ ਸਭ ਏਹੀ ਆਖਦੇ ਹਨ ਕਿ 'ਅਸੁਲੂ ਇਕੁ ਧਾਤੁ' ਅਸਲ ਵਿਚ ਇਕ ਹੀ ਸਤਿ ਹੈ। 'ਲੇਖਾ ਹੋਇ ਤ ਲਿਖੀਐ' ਭਾਵ ਲਿਖਣ ਤੇ ਮਨਨ ਵਿਚ ਉਹ ਨਹੀਂ ਆ ਸਕਦਾ, ਉਹ ਬੇਅੰਤ ਹੈ। ਜੇ ਕੋਈ ਲਿਖਣਾ ਚਾਹੇ, ਉਹ ਲਿਖਣ ਵਿਚ ਬਿਨਾਸ (ਤਬਾਹ) ਹੋ ਜਾਏਗਾ 'ਨਾਨਕ ਵਡਾ ਆਖੀਐ ਆਪੇ ਜਾਣੈ ਆਪੁ' ਉਹ ਵੱਡਾ ਹੈ ਤੇ ਉਸ ਨੂੰ ਵੱਡਾ ਆਖਣਾ ਹੀ ਬਣਦਾ ਹੈ, ਉਹ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ ਕੋਈ ਨਹੀਂ ਹੋਰ ਜਾਣ ਸਕਦਾ।

ਸਾਲਾਹੀ ਸਾਲਾਹਿ ਏਤੀ ਸੁਰਤਿ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ ਸਮੁੰਦ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਪ੍ਰਸ਼ਨ–ਜਦੋਂ ਉਹ ਆਪਣੇ ਆਪ ਨੂੰ ਜਾਣਦਾ ਹੈ, ਤੇ ਪਰਮਾਰਥ ਕੀ ? ਭਗਤੀ, ਗਿਆਨ, ਉਪਾਸ਼ਨਾ ਵਗੈਰਾ ਨਿਸ਼ਫਲ ਹੋ ਜਾਣਗੇ ? ਮਹਾਰਾਜ ਆਖਦੇ ਹਨ 'ਤੁਸੀਂ ਗੰਗਾ ਨੂੰ ਰੜਵੀ ਵਿਚ ਨਹੀਂ ਪਾ ਸਕਦੇ, ਅਖਾਂ ਵਿਚ ਸੂਰਜ ਨਹੀਂ ਲੈ ਸਕਦੇ, ਗੰਗਾ ਵਿਚ ਇਸ਼ਨਾਨ ਕਰ ਸਕਦੇ ਹੋ, ਸੂਰਜ ਤੋਂ ਲਾਈਟ (Light) ਲੈ ਸਕਦੇ ਹੋ 'ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥' ਏਤੀ ਦਾ ਅਰਥ ਹੈ ਵਾਹਿਗੁਰੂ ਇਤਨਾ ਹੈ। ਅਨੁਮਾਨ ਹੈ ਕਿ ਓਹ ਇਤਨਾ ਹੈ, ਸੁਰਤਿ ਨ ਪਾਈਆ=ਏਹ ਸੁਰਤ ਨਹੀਂ ਪਾ ਸਕਦੇ। ਨਦੀ ਚਲਦੀ ਚਲਦੀ ਪਰਬਤ ਲੰਘਦੀ ਹੋਈ ਸਮੁੰਦਰ ਵਿਚ ਗਈ, ਉਹ ਸਮੁੰਦਰ ਬਣ ਗਈ, ਸਭ ਦਰਿਆਵਾਂ ਦਾ ਸ਼ਹਿਨਸ਼ਾਹ ਸਮੁੰਦਰ ਹੈ, ਨਦੀ ਸਮੁੰਦਰ ਵਿਚ ਰਲਕੇ ਸਮੁੰਦਰ ਹੋ ਗਈ, ਨਦੀਆਂ ਨਾਲੇ ਛੋਟੇ ਨਾਲੇ ਭੀ ਸਮੁੰਦਰ ਹੋ ਗਏ ਉਨ੍ਹਾਂ ਦਾ ਗੁੰਮਣਾ ਨਿਸ਼ਫਲ ਨਹੀਂ ਗਿਆ। ਜੋ ਸਾਲਾਹੀ ਹੈ ਭਾਵ ਜੋ ਪਰਮਾਤਮਾ ਦੀ ਸਾਲਾਹ (ਉਸਤੁਤੀ) ਕਰਦੇ ਹਨ, ਉਨ੍ਹਾਂ ਜਗਿਆਸੂਆਂ ਦੇ ਹਿਰਦੇ ਪਰਮਾਤਮਾਂ ਵਿਚ ਪ੍ਰਵੇਸ਼ ਕਰ ਜਾਂਦੇ ਹਨ, ਪਰ ਉਹ ਨਹੀਂ ਪਾ ਸਕਦੇ 'ਏਤੀ' ਕਿ ਉਹ ਵਾਹਿਗੁਰੂ ਇਤਨਾ ਹੈ। ਇਸ ਦੀ ਖ਼ਬਰ ਕਿਸੇ ਨੇ ਨਹੀਂ ਪਾਈ।

ਧਿਆਇ ਧਿਆਇ ਭਗਤਹ ਸੁਖੁ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥ [ਸੁਖਮਨੀ ਪੰਨਾ ੨੯੪

ਵਡੇ ਭਾਗ ਹਨ ਜਿਸਦੀ ਲਿਵ ਲਗੀ ਹੈ, ਚਿਤ ਚਿੰਤਨ ਵਿਚ ਲੀਨ ਹੋ ਗਿਆ ।

ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥
[ਫੁਨਹੇ ਮਹਲਾ ਪ, ਪੰਨਾ ੧੩੬੨

ਇਕਾਗਰਤਾ ਚੰਚਲਤਾ ਲੁੱਟ ਲੈ ਜਾਂਦੀ ਹੈ. ਅੰਮ੍ਰਿਤ ਵੇਲੇ ਦੇ ਜਾਗਣ ਵਾਲੇ ਇਸ ਨੂੰ ਜਾਣਦੇ ਹਨ । ਉਹ ਵੇਲਾ ਜਿਸ ਵੇਲੇ ਅੰਮ੍ਰਿਤ ਵਰਸਦਾ ਹੈ, ਨਾਮ ਅੰਮ੍ਰਿਤ, ਭਜਨ ਅੰਮ੍ਰਿਤ ਦਾ ਪੀਣਾ ਬਧੀ ਨੂੰ ਸਫਲ ਕਰਦਾ ਹੈ; ਜਿਸ ਨੇ ਇਹ ਅੰਮ੍ਰਿਤ ਪੀ ਲਿਆ ਉਹ ਹੋਰ ਪੀਣ ਦੀ ਇਛਾ ਨਹੀਂ ਕਰਦਾ :—

ਜਾਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ
ਖੁਧਿਆ ਤਾ ਕੈ ਚਿਤਿ ਨ ਬਸਾ ॥ [ਧਨਾਸਰੀ ਮ: ਪ, ਪੰਨਾ ੬੭੨

ਜਿਨ੍ਹਾਂ ਮਹਿਮਾ ਗਾਈ ਉਨ੍ਹਾਂ ਅੰਮ੍ਰਿਤ ਪਾ ਲਿਆ, ਖੂਹ ਖੋਦਣ ਵਾਲਾ ਹੀ ਪਾਣੀ ਪਾਏਗਾ, ਮਿਹਨਤ ਕਰਨ ਵਾਲੇ ਨੂੰ ਪਾਣੀ ਮਿਲੇਗਾ, ਅੰਮ੍ਰਿਤ ਵਿਚ ਅਮਰਤਾ ਹੈ, ਨਾ ਮ੍ਰਿਤੂ ਦਾ ਡਰ, ਨਾ ਭੈ । ਮ੍ਰਿਤੂ ਸਰੀਰ ਦੀ ਹੈ, ਆਤਮਾ ਤਾਂ ਅਮਰ ਹੈ, ਜੋ ਆਤਮਾ ਹੈ ਉਹ ਮਰਦਾ ਨਹੀਂ ।

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹ ਨ ਮੂਆ
ਜੋ ਦੇਖਣਹਾਰੁ ॥ [ਗਉੜੀ ਮ: ੧, ਪੰਨਾ ੧੫੨

ਨਦੀ ਸਾਗਰ ਵਲ ਜਾ ਰਹੀ ਹੈ, ਨਾਲਾ ਭੀ ਉਸ ਨਾਲ ਰਲ ਗਿਆ, ਉਸ ਨੂੰ ਨਦੀ ਨਾਲ ਲੈ ਗਈ ਨਾਲੇ ਨੂੰ ਗੰਗਾ ਦਾ ਸੰਗ ਹੋ ਗਿਆ । ਅਪਵਿਤ੍ਰ, ਨਾਪਾਕ ਨਾਲੇ, ਟੋਬੇ, ਛੱਪੜ, ਸਾਰੇ ਗੰਦੇ ਚੰਗੇ, ਗੰਗਾ ਨਾਲ ਰਲ ਪਵਿਤ੍ਰ ਹੋ ਗਏ, ਅਰ ਸ਼ੁਹ ਸਾਗਰ ਵਿਚ ਸਮਾ ਗਏ :—

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤੁ
ਪਾਵਨੁ ਹੋਇ ਜਾਵੈ ॥ [ਵਾਰ ਬਿਲਾਵਲ ਮਃ ੧, ਪੰਨਾ ੮੫੪

ਧੰਨ ਗੁਰ ਨਾਨਕ ਪਤਿਤਾਂ ਨੂੰ ਪਾਵਨ ਕਰਕੇ ਸ਼ਹੁ ਨਾਲ ਜੋੜਨ ਵਾਲੇ :—

ਕਲਿਜੁਗੁ ਉਧਾਰਿਆ ਗੁਰਦੇਵ ॥ ਮਲ ਮੂਤ ਮੂੜ ਜਿ
ਮੁਘਦ ਹੁੰਤੇ ਸਭਿ ਲਗੇ ਤੇਰੀ ਸੇਵ ॥ [ਆਸਾ ਮਹਲਾ ੫, ਪੰਨਾ ੪੦੬

ਨਦਰ ਪਰਮਾਤਮਾ ਦੇ ਫ਼ਜ਼ਲ ਦਾ ਨਿਸ਼ਾਨ ਹੈ :—

ਜੋ ਮਨਿ ਚਿਤਿ ਇਕੁ ਅਰਾਧਿਦੇ ਤਿਨ ਕੀ ਬਰਕਤਿ
ਖਾਹਿ ਅਸੰਖ ਕਰੋੜੇ ॥ [ਵਾਰ ਗਉੜੀ ਮਃ ੪, ਪੰਨਾ ੩੦੬

ਧੰਨ ਸੰਤ ਹਨ ਜਿਨ੍ਹਾਂ ਦੀ ਸੰਗਤ ਨਾਲ ਬਦੀ ਛੁਟ ਗਈ।
ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ।
[ਸੋਰਠਿ ਮਹਲਾ ਪ, ਪੰਨਾ ੬੧੪

ਅੰਮ੍ਰਿਤ ਵਿਚ ੪ ਗੁਣ ਹਨ :—

(੧) ਜੋ ਪੀ ਲੈਂਦਾ ਹੈ ਉਸ ਨੂੰ ਫਿਰ ਹੋਰ ਕਿਸੇ ਚੀਜ਼ ਦੀ ਭੁੱਖ ਨਹੀਂ ਰਹਿੰਦੀ :—

ਜਾ ਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ
ਖੁਧਿਆ ਤਾ ਕੈ ਚਿਤਿ ਨ ਬਸਾ ॥ [ਧਨਾਸਰੀ ਮਃ ਪ, ਪੰਨਾ ੬੭੨

(੨) ਮ੍ਰਿਤੂ ਦਾ ਡਰ ਖਤਮ ਹੋ ਜਾਂਦਾ ਹੈ :—

ਨਹ ਕਿਛੁ ਜਨਮੈ ਨਹ ਕਿਛੁ ਮਰੈ ॥ [ਗਉ: ਸੁਖਮਨੀ, ਪੰਨਾ ੨੮੧

(੩) ਪੀਵਣ ਵਾਲਾ ਦੇਵਤਾ ਤੇ ਦੈਵੀ ਜੀਵਨ ਵਾਲਾ ਬਣ ਜਾਂਦਾ ਹੈ :—

ਫੀਕੇ ਹਰਿ ਕੇ ਨਾਮ ਬਿਨੁ ਸਾਦ ॥ [ਸਾਰੰਗ ਮਃ ਪ, ਪੰਨਾ ੧੨੧੬

(੪) ਅਜਰ=ਸਰੀਰਕ ਅਵਸਥਾ ਹੀਣੀ ਨਹੀਂ ਹੋ ਸਕਦੀ :—

ਗੁਰਮੁਖਿ ਬੂਢੇ ਕਦੇ ਨਾਹੀ···॥ [ਸਲੋਕ ਵਾਰਾਂ ਤੇ ਵਧੀਕ ਮਃ ੩, ਪੰਨਾ ੧੪੧੮

ਸੁਰ=ਜੋ ਅਪਣੀ ਸ਼ੁਭ ਕਰਨੀ ਕਰਕੇ ਤਰੱਕੀ ਕਰਕੇ ਸੁਰਗ

ਵਿਚ ਚਲੇ ਜਾਂਦੇ ਹਨ।
ਦੇਵ = ਜੋ ਪਹਿਲਾਂ ਹੀ ਦੇਵਤੇ ਬਣੇ ਤੇ ਸੁਰਗ ਵਿਚ ਰਖੇ ਗਏ।

ਜੋ ਆਦਮੀ ਸਾਲਾਹਨ ਜੋਗ ਵਾਹਿਗੁਰੂ ਦੀ ਸਿਫਤ ਸਾਲਾਹ ਕਰਨਗੇ, ਤੇ ਜਿਨ੍ਹਾਂ ਨੇ ਸਾਲਾਹਿਆ, ਉਨ੍ਹਾਂ ਨੂੰ 'ਵਾਹਿਗੁਰੂ ਕਿਤਨਾ ਹੈ' ਇਹ ਤਾਂ ਸੋਝੀ ਨਹੀਂ ਪਈ, ਪਰ ਜੋ ਨਦੀ ਨਾਲੇ ਰਲ ਗਏ ਗੰਗਾ ਨਾਲ, ਉਹ ਸਮੁੰਦਰ ਵਿਚ ਜ਼ਰੂਰ ਜਾ ਪਏ। ਨਦੀ ਨਾਲੇ ਨੂੰ ਕੋਈ ਬੂੰਦ ਭੀ ਮਿਲ ਗਈ ਤਾਂ ਉਹ ਭੀ ਸਮੁੰਦਰ ਵਿਚ ਮਿਲ ਗਈ। ਸਮੁੰਦਰ ਵਿਚ ਤਾਂ ਪਈ ਪਰ ਉਸ ਨੂੰ ਸਮੁੰਦਰ ਦਾ ਕੋਈ ਥਹੁ ਨਹੀਂ ਲਗਾ। ਨਦੀ ਨਾਲੇ ਵਿਚੋਂ ਤਾਂ ਪੱਥਰ ਹੀ ਪੱਥਰ ਨਿਕਲਦੇ ਹਨ ਪਰ ਸਮੁੰਦਰ ਵਿਚੋਂ ਮੋਤੀ ਨਿਕਲਦੇ ਹਨ। ਸਿਫਤ ਕਰਨ ਵਾਲੇ, ਜਪ ਕਰਨ ਵਾਲੇ, ਪਾਠ ਕਰਨ ਵਾਲੇ ਉਸ ਦੀਆਂ ਸਿਫਤਾਂ ਕਰਦੇ ਹਨ, ਪਰ ਉਸ ਦੀ ਵਡਿਆਈ ਦੀ ਉਨ੍ਹਾਂ ਨੂੰ ਖ਼ਬਰ ਨਹੀ :—

ਸਫਲ ਸਫਲ ਭਈ ਸਫਲ ਜਾਤ੍ਰਾ ॥ [ਧਨਾਸਰੀ ਮ: ੫, ਪੰਨਾ ੬੮੭

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ [ਪੰਨਾ ੫

ਸਮੁੰਦਰ ਬਾਦਸ਼ਾਹ ਹੈ, ਪਹਾੜਾਂ ਦੇ ਬਰਾਬਰ ਉਸ ਦੇ ਖਜ਼ਾਨੇ ਭਰੇ ਪਏ ਹਨ। ਦੂਸਰੇ-ਪਹਾੜਾਂ ਨੂੰ ਫਤਿਹ ਕਰਣ ਵਾਲਾ ਹੈ। ਗਿਰਹਾ = ਪਹਾੜਾਂ ਜੇਡੇ ਕੈਸ਼ ਦੇ ਢੇਰ ਲੱਗੇ ਪਏ ਹਨ। ਇੰਦਰ, ਉਸ ਦੇ ਘਰ ਵਿਚ ਖੂਬਸੂਰਤ ਇਸਤ੍ਰੀਆਂ ਹਨ, ਪਟਰਾਣੀਆਂ ਜਿਨ੍ਹਾਂ ਨੂੰ ਦੇਖ ਕਰ ਦੇਵਤੇ ਮੋਹਤ ਹੁੰਦੇ ਹਨ, ਐਸੇ ਇਕ ਪਾਸੇ ਅਰ ਦੂਜੇ ਪਾਸੇ ਕੀੜੀ ਹੈ 'ਕੀੜੀ ਤੁਲਿ ਨ ਹੋਵਨੀ'। ਕੀੜੀ ਗ਼ਰੀਬਣੀ, ਪਰ ਗੁਰੂ ਗ੍ਰੰਥ ਸਾਹਿਬ ਜੀ ਗ਼ਰੀਬ ਨਹੀਂ ਆਖਦੇ :—

ਕਹਿ ਕਬੀਰ ਨਿਰਧਨ ਹੈ ਸੋਈ ॥ ਜਾਕੇ ਹਿਰਦੈ ਨਾਮ ਨ ਹੋਈ ॥

[ਭੈਰਉ ਭਗਤ ਕਬੀਰ ਜੀ, ਪੰਨਾ ੧੧੫੯

ਗਰਬੰਤਿ ਨਾਰੀ ਮਦੋਨ ਮਤੰ ॥ [ਸ਼ਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੯

ਮਹਾਰਾਣੀ ਹੋ ਕੇ ਤੂੰ ਵਾਹਿਗੁਰੂ ਨੂੰ ਭੁੱਲੀ ਬੈਠੀ ਹੈ, ਤੂੰ ਇਕ ਕੀੜੀ ਤੋਂ ਵੀ ਘੱਟ ਹੈਂ :—

ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥
ਨਾਨਕ ਅਨਿਕ ਬਾਰ ਨਮੋ ਨਮਹ ॥

[ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੯

ਹੇ ਰਾਜ ਮਦ ਵਿਚ ਰੱਤੀ ਹੋਈ ਮਲਕਾ ਤੂੰ ਕਿਸ ਲਈ ਗਰਬ ਕਰਦੀ ਹੈਂ; ਜਿਸ ਤੈਨੂੰ ਰਾਜ ਦਿੱਤਾ, ਭਾਗ ਬਖਸ਼ਿਆ, ਜੇ ਤੂੰ ਉਸ ਦਾ ਸਿਮਰਨ ਨਹੀਂ ਕਰਦੀ, ਤਾਂ ਤੂੰ ਐਸੀ ਤੁੱਛ ਹੈਂ, ਜੈਸੇ ਹਲਕਾ ਕੱਖ, ਤਖਤ ਬਖਤ ਪਾਕੇ ਜੇ ਤੂੰ ਭਿੱਜਦੀ ਨਹੀਂ ਤੂੰ ਕੀੜੀ ਤੋਂ ਬੀ ਤੁੱਛ ਹੈਂ। ਹੇ ਕੀੜੀ ! ਤੂੰ ਹਿਮਾਲੀਆ ਨਾਲੋਂ ਭੀ ਭਾਰੀ ਹੈਂ, ਪਰਬਤ ਤੋਂ ਉੱਚੇ ਵਜ਼ਨ ਵਾਲੀ ਹੈਂ, ਉਸ ਮਲਕਾ ਤੋਂ ਭੀ ਜੋ ਰਾਜ ਭਾਗ ਵਾਲੀ ਹੈ, ਭਾਵੇਂ ਉਸ ਦੀਆਂ ਚੀਜ਼ਾਂ ਤੇਰੇ ਕੋਲ ਨਹੀਂ ਹਨ ਪਰ ਤੇਰੇ ਕੋਲ ਵਾਹਿਗੁਰੂ ਦਾ ਨਾਂ ਹੈ; ਇਸ ਲਈ ਤੂੰ ਧੰਨ ਹੈਂ ਤੇਰਾ ਜਨਮ ਧੰਨ ਹੈ, ਕੁਲ ਪਵਿਤ੍ਰ ਹੈ :—

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥

[ਸਿਰੀ ਰਾਗ ਮਹਲਾ ੩, ਪੰਨਾ ੩੨

ਪਿਆਰ ਆਂਦਾ ਹੈ, ਤੇਰੇ ਵਿਚ ਵਾਹਿਗੁਰੂ ਹੈ, ਮੈਂ ਅਨੇਕ ਵਾਰੀ ਤੈਨੂੰ ਮੱਥਾ ਟੇਕਦਾ ਹਾਂ :—

ਕਬੀਰ ਹੈਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ ॥
ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ ॥
ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿਚੇਰੀ ਕੌ ਮਾਨੁ ॥
ਓਹੁ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮੁ ॥

[ਸਲੋਕ ਕਬੀਰ ਜੀ ਪੰਨਾ ੧੩੭੨

ਰਾਣੀ ਨੂੰ ਨੀਵਾਂ ਦੱਸਿਆ ਹੈ ਅਤੇ ਗ਼ਰੀਬਣੀ ਨੂੰ ਉੱਚਾ। ਗਰੀਬਣੀ ਤਾਂ ਪਾਣੀ ਭਰਦੀ ਵਾਹਿਗੁਰੂ ਕਹੇਗੀ, ਸਿਮਰਨ ਕਰੇਗੀ, ਯਾਦ ਵਿਚ ਵਸੇਗੀ, ਹਜ਼ੂਰੀ ਵਿਚ ਵਸੇਗੀ।

ਓਹ ਸਾਧਨ ਕਰਨ ਵਾਲਿਆਂ ਦੀ ਤਿਲ ਮਾਤ੍ਰ ਭੀ ਘਾਲ ਥਿਰਥੀ ਨਹੀਂ ਗਵਾਂਦਾ 'ਤਿਲੁ ਨਹੀ ਭੰਨੈ ਘਾਲੇ' ਸੋ ਸਾਧਨ ਭੀ ਸਫਲ ਹੈ ਤੇ ਉਸ ਦੀ ਬੇਅੰਤਤਾ ਵੀ ਕਾਇਮ ਹੈ :—

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾਕੇ ਅੰਤੁ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬ ਊਚਾ ਥਾਉ ॥ ਊਚੇ ਊਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥

ਪ੍ਰਸੰਗ—ਸੰਗਲਾ ਦੀਪ, ਰਾਜਾ ਸ਼ਿਵਨਾਭ ਤੇ ਰਾਣੀ ਚੰਦਰ ਕਲਾ, ਟਿਕਾ ਰਾਏ ਸਿੰਘ ਦੇ ਇਲਾਕੇ ਵਰਤੀ ਬਾਤ ਹੈ।

ਇਕ ਲਕੜਹਾਰੇ ਮਿਹਨਤੀ ਦੇ ਘਰ ਬੈਠੇ ਹਨ ਦੀਨ ਦੁਨੀ ਦੇ ਸਾਹਿਬ ਧੰਨ ਗੁਰੂ ਨਾਨਕ ਸਾਹਿਬ ਜੀ। ਇਕ ਹੋਰ ਰਾਜਾ ਦਰਸ਼ਨ ਨੂੰ ਆਇਆ ਪਰਵਾਰ ਸਮੇਤ ਪਰ ਉਦਾਸ। ਕਾਕੀ ਯੋਗ

ਵਰ ਨਹੀਂ ਸੀ ਮਿਲਦਾ, ਬਾਬਾ ਜੀ ਦੇ ਪ੍ਰਤਾਪ ਨਾਲ ਉਹ ਕੰਨਿਆ ਓਸੇ ਲਕੜਹਾਰੇ ਨੂੰ ਵਿਆਹੀ ਗਈ ਅਰ ਧਰਤੀ ਵਿਚੋਂ ਦੇਗ ਧਨ ਦੀ ਨਿਕਲੀ, ਗਰੀਬ ਤੋਂ ਅਮੀਰ ਹੋ ਗਿਆ :—

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ [ਜਪੁਜੀ, ਪੰਨਾ ੪

ਹੇ ਵਾਹਿਗੁਰੂ ਜੀ ! ਤੇਰੀਆ ਸਿਫਤਾਂ ਦਾ ਕੋਈ ਅੰਤ ਨਹੀਂ । ਜ਼ਿਮੀ ਕਾਗਜ਼ ਬਣ ਜਾਏ, ਦਰਖਤ ਕਲਮਾਂ ਹੋ ਜਾਣ, ਲਿਖਣ ਲਈ ਵਾਯੂ ਹੋਵੇ ਤਾਂ ਵੀ ਤੂੰ ਬੇਅੰਤ ਹੈਂ .—

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ
ਬਨਰਾਇ ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ
ਲਿਖਨੁ ਨ ਜਾਇ ॥੯੧॥ [ਸਲੋਕ ਕਬੀਰ ਜੀ, ਪੰਨਾ ੧੩੬੯

ਤੇਰਾ ਅੰਤ ਕਿਸੇ ਵੀ ਨਹੀਂ ਪਾਇਆ । ਅਪਣਾ ਨਾਮ ਹੀ ਦੇਹ । ਅੱਗ ਦੇ ਕੋਲ ਜੇ ਜਾਈਏ, ਗਰਮੀ ਤੇ ਨਿੱਘ ਮਿਲਦੀ ਹੈ, ਪਾਪਾਂ ਨਾਲ ਸਰੀਰ ਭਰ ਜਾਏ, ਝਟ ਨਾਮ ਦੀ ਸ਼ਰਨ ਪੈ ਜਾਈਏ ।

ਅੰਤੁ ਨ ਕਰਣੈ ਦੇਣਿ ਨ ਅੰਤੁ ॥

ਭਾਈ ਸਾਹਿਬ ਭਾਈ ਸ਼ਾਮੂ ਸਚਿਆਰ ਜੀ ਦਾ ਪ੍ਰਸੰਗ ਸੁਣਾਇਆ ਤੇ ਕਿਹਾ: ਕਿਵ ਸਚਿਆਰਾ ਹੋਈਐ' ਸਤਿਗੁਰ ਦਰੋਂ ਬਖਸ਼ਿਸ਼ ਹੋਈ ਸਚਿਆਰ ਦਾ ਵਰ ਮਿਲਿਆ* ਅਰ ਵਰਤਾਉਣ ਲਈ ਆਗਿਆ ਹੋਈ :—

ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤ ਸੰਗਤਿ ਸੇਤੀ
ਮਨੁ ਖਚਨਾ ॥ [ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੩

ਹੇ ਵਾਹਿਗੁਰੂ ! ਸਿਫ਼ਤਾਂ ਵਾਲਿਆ, ਤੇਰਾ ਅੰਤ ਨਹੀਂ ਹੈ ਜਿਹੜੇ ਤੇਰੀ ਸਿਫਤ ਕਰਦੇ ਹਨ ਉਨ੍ਹਾਂ ਦਾ ਭੀ ਕੋਈ ਅੰਤ ਨਹੀਂ: 'ਕਈ ਕੋਟਿ ਨਾਮ ਗੁਨ ਗਾਵਹਿ' ਵਾਹਿਗੁਰੂ ਜੀ ਆਪ ਦੇ ਕਰਨਿਆਂ ਦਾ ਭੀ ਕੋਈ ਅੰਤ ਨਹੀਂ, ਆਪ ਦੀਆਂ ਦਾਤਾਂ ਦਾ ਭੀ ਕੋਈ ਅੰਤ

*ਸੰਤਾਂ ਪਾਸ ਜਾਣ ਲਗਿਆਂ ਤਿੰਨ ਗੱਲਾਂ ਦਾ ਖਾਸ ਧਿਆਨ ਰਖੇ :—
(੧) ਪਰਨਾਮ । (੨) ਖਿਦਮਤ । (੩) ਮਨੋਰਥ ਪ੍ਰਗਟ ਕਰਨਾ ।

ਨਹੀਂ 'ਕਈ ਕੋਟਿ ਨਾਮ ਗੁਨ ਗਾਵਹਿ' ਵਾਹਿਗੁਰੂ ਜੀ ! ਆਪ ਦੇ ਕਰਨਿਆਂ ਦਾ ਭੀ ਕੋਈ ਅੰਤ ਨਹੀਂ, ਆਪ ਦੀਆਂ ਦਾਤਾਂ ਦਾ ਭੀ ਕੋਈ ਅੰਤ ਨਹੀਂ, ਹੋਰ ਸਾਰੇ ਗਿਣ ਗਿਣ ਕੇ ਦੇਂਦੇ ਹਨ ਪਰ ਤੁਸੀਂ ਅਣਗਿਣਤ ਦੇਂਦੇ ਹੋ, ਤੁਸੀਂ ਧੰਨ ਹੋ। ਮੈਂ ਗ਼ਰੀਬ ਤੁਛ ਬੁੱਧੀ ਵਾਲਾ ਕੀ ਗਾ ਸਕਦਾ ਹਾਂ :—

ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥
ਖਲ ਮੁਗਧ ਮੂੜ ਕਟਾਖ੍ ਸ੍ਰੀ ਧਰ ਭਏ ਗੁਣ ਮਤਿ ਧੀਰ ॥
[ਗੁਜਰੀ ਮਹਲਾ ੫, ਪੰਨਾ ੫੦੮

ਹੇ ਵਾਹਿਗੁਰੂ ਜੀ ! ਜੇਹੜੇ ਨੰਗੇ ਹਨ ਤੁਸੀਂ ਉਨ੍ਹਾਂ ਨੂੰ ਇਤਨੇ ਖ਼ਜ਼ਾਨੇ ਬਖ਼ਸ਼ਦੇ ਹੋ ਕਿ ਅਮੀਰ ਭੀ ਉਨ੍ਹਾਂ ਦੇ ਕਰਜ਼ਾਈ ਹੋ ਜਾਣ। ਆਪ ਨੇ ਜਿਸ ਪਰ ਭੀ ਨਜ਼ਰ ਕੀਤੀ ਲਕਸ਼ਮੀ ਦਾਸੀ ਬਣ ਗਈ, ਮੂਰਖ ਚਤੁਰ ਹੋ ਗਿਆ। ਜੇਹੜਾ ਕਿਸੇ ਦੀ ਮਤਿ ਲੈਂਦਾ ਹੀ ਨਹੀਂ, ਜਦ ਆਪ ਦੀ ਮਤਿ ਲਈ, ਤਾਂ ਮਤੀ ਦਾਨ ਕਰਨ ਲਗ ਪਿਆ, ਗੰਭੀਰ ਹੋ ਗਿਆ।

ਨੋਟ—ਵੇਦ ਤਾਂ ਨਾ ਬਰਾਏ ਰਾਸਤ ਆਏ ਤੇ ਨਾਹੀ ਬ੍ਰਹਮਾ ਨੇ ਖੁਦ ਆਂਦੇ ਅਥਵਾ ਕਲਮ ਨਾਲ ਲਿਖੇ; ਇਸ ਲਈ ਵੇਦ ਸੰਪੂਰਨ ਨਹੀਂ ਮਿਲਦੇ। ਬ੍ਰਹਮਾ ਤੋਂ ਸੂਰਜ, ਅਰ ਫਿਰ ਮੰਨੂ ਨੇ ਸੁਣਿਆ, ਪਹਿਲੇ ਸ਼ਰੁਵਨ ਵਿਚ ਰਹੇ, ਫਿਰ ਬਾਦ ਵਿਚ ਲਿਖੇ ਗਏ, ਇਸ ਲਈ ਪੂਰਨ ਨਹੀਂ ਹਨ। ਅਧਯਾਇ ਦੇ ਅਧਯਾਇ ਹੀ ਗੁਮ ਹਨ। ਇਹ ਸਿਖ ਧਰਮ ਨੂੰ ਹੀ ਫ਼ਖ਼ਰ ਹਾਸਲ ਹੈ :—

ਧੁਰ ਕੀ ਬਾਣੀ ਆਈ ॥ [ਸ੍ਰੀਰਠਿ ਮਹਲਾ ੫, ਪੰਨਾ ੬੨੮

ਆਪ ਹਜ਼ੂਰ ਗੁਰੂ ਪੰਚਮ ਪਾਤਸ਼ਾਹ ਨੇ ਕਲਮ ਬੰਦ ਕਰਾ ਕੇ ਆਪਣੇ ਮੁਬਾਰਕ ਹੱਥਾਂ ਨਾਲ ਮੁਹਰ ਲਾਈ, ਕਿਸੇ ਨੂੰ ਲਗ ਮਾਤਰ ਤਕ ਤਬਦੀਲ ਕਰਨ ਦੀ ਆਗਿਆ ਨਹੀਂ। ਨੰਦੇੜ ਵਿਚ ਮਹਾਰਾਜ ਜੀ ਨੇ ਭਾਰੀ ਜਗ ਕੀਤਾ, ਸਿਖਾਂ ਪੁਛਿਆ 'ਮਹਾਰਾਜ ਕਿਸਦਾ ਕਰਨਾ ਹੈ ?' ਹੁਕਮ ਹੋਇਆ 'ਮੇਰਾ'। ਸਿਖ ਸਮਝ ਗਏ

ਕਿ ਹਜ਼ੂਰ ਦਸਮ ਪਾਤਸ਼ਾਹ ਜੀ ਜੋਤੀ ਜੋਤ ਸਮਾਣਾ ਚਾਹੁੰਦੇ ਹਨ 'ਮਹਾਰਾਜ ! ਸਾਨੂੰ ਕਿਸ ਦੇ ਲੜ ਲਾਓਗੇ ?'

ਪੋਥੀ ਪਰਮੇਸਰ ਕਾ ਥਾਨੁ ॥ [ਸਾਰਗ ਮਹਲਾ ੫, ਪੰਨਾ ੧੨੬੫

ਗੁਰੁ ਪੂਰਾ ਪੂਰੀ ਤਾਕੀ ਕਲਾ ॥ ਗੁਰ ਕਾ ਸਬਦੁ ਸਦਾ ਸਦ ਅਟਲਾ ॥ ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭ ਤਾ ਕਾ ਨਸੈ ॥ [ਪ੍ਰਭਾਤੀ ਮਹਲਾ ੫, ਪੰਨਾ ੧੩੩੯

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ !

ਮਹਾਰਾਜ ਜੀ ਨੇ ਪਿਛਲੀ ਪੌੜੀ ਵਿਚ ਦੱਸਿਆ ਹੈ ਕਿ ਨਾਮ ਜਪਣ ਵਾਲੀ ਕੀੜੀ ਪਾਤਸ਼ਾਹ ਕੋਲੋਂ ਭੀ ਵੱਡੀ ਤੇ ਭਾਰੀ ਹੈ ਹੁਣ ਦੱਸਦੇ ਹਨ ਕਿ ਹੇ ਸਿਫ਼ਤੀ ! ਤੇਰੀਆਂ ਸਿਫ਼ਤਾਂ ਦਾ ਅੰਤ ਨਹੀਂ।

ਹੇ ਸਿਫ਼ਤਾਂ ਵਾਲਿਆ ! ਤੇਰੀਆਂ ਸਿਫਤਾਂ, ਮਹਿਮਾਂ ਤੇ ਗੁਣਾਂ ਦਾ ਕੋਈ ਅੰਤ ਨਹੀਂ, ਅਤੇ ਜੋ ਤੇਰੇ ਗੁਣ ਗਾ ਰਹੇ ਹੈਨ ਉਨ੍ਹਾਂ ਦਾ ਵੀ ਅੰਤ ਨਹੀਂ: 'ਕਈ ਕੋਟਿ ਨਾਮ ਗੁਨ ਗਾਵਹਿ'। ਹੇ ਮਹਾਰਾਜ ! ਜੋ ਆਪ ਨੇ ਬ੍ਰਹਮੰਡ ਰਚਿਆ ਹੈ, ਉਸ ਦਾ ਵੀ ਅੰਤ ਨਹੀਂ, ਤੇਰੀਆਂ ਦਾਤਾਂ ਦਾ ਵੀ ਅੰਤ ਨਹੀਂ :—

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰ ॥
[ਗਉੜੀ ਮਹਲਾ ੧, ਪੰਨਾ ੧੨

ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥
[ਗੂਜਰੀ ਮਹਲਾ ੫, ਪੰਨਾ ੫੦੮

ਕ੍ਰਿਪਾ ਕਟਾਖ੍ਰ ਅਵਲੋਕਨ ਕੀਨੋ ਦਾਸ ਕਾ ਦੂਖੁ ਬਿਦਾਰਿਓ ॥
[ਧਨਾਸਰੀ ਮਹਲਾ ੫, ਪਨਾ ੬੯੧

ਯਕ ਨਿਗਾਹੇ ਜਾਂ ਫ਼ਿਜ਼ਾਇਸ਼ ਬਸ ਬਵੱਦ ਦਰਕਾਰੇ ਮਾ ॥
[ਭਾਈ ਨੰਦ ਲਾਲ

ਹੇ ਵਾਹਿਗੁਰੂ ਜੀ ! ਸਲਾਹੁਣ ਜੋਗ ਦਾਤੇ ! ਸਭ ਆਪ ਦੀਆਂ ਸਿਫਤਾਂ ਕਰ ਰਹੇ ਹਨ, ਪਰ ਆਪ ਦੀ ਸਿਫਤ ਦਾ ਅੰਤ ਨਹੀਂ ਪਾ ਸਕਦੇ । ਹੇ ਦਾਤਾ ! ਜਿਵੇਂ ਇਕ ਗੜਵੀ ਵਿਚ ਗੰਗਾ ਨਹੀਂ ਆ ਸਕਦੀ, ਭਾਵੇਂ ਸਿਫਤ ਕਰਨ ਵਾਲਿਆਂ ਦਾ ਵੀ ਅੰਤ

ਨਹੀਂ ਪਰ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ।

ਜੋ ਆਤਮ ਸਰੂਪ ਨਾਲ ਆਪ ਦਾ ਦਰਸ਼ਨ ਕਰਦੇ ਹਨ ਉਨ੍ਹਾਂ ਦਾ ਵੀ ਅੰਤ ਨਹੀਂ, ਜੋ ਆਪ ਦੀ ਪ੍ਰੇਮ ਨਾਲ ਕਥਾ ਕੀਰਤਨ ਸ਼ਰਵਣ ਕਰਦੇ ਹਨ ਉਨ੍ਹਾਂ ਦਾ ਵੀ ਅੰਤ ਨਹੀਂ (ਮੰਤ=ਮਸ਼ਵਰਾ=ਦਿਲ ਦਾ ਭੇਦ) ਆਪ ਦੇ ਮਨ ਮੰਤ ਨੂੰ, ਜੋ ਆਪ ਨੇ ਨਿਯਤ ਕਰ ਦਿੱਤਾ ਹੈ, ਉਸ ਦਾ ਵੀ ਅੰਤ ਨਹੀਂ। ਜੋ ਅਕਾਰ, ਪਰਪੰਚ, ਬ੍ਰਹਮੰਡ, ਆਪ ਜੀ ਨੇ ਰਚੇ ਹਨ, ਇਨ੍ਹਾਂ ਦਾ ਵੀ ਅੰਤ ਨਹੀਂ, ਆਪ ਦੇ ਆਦਿ ਅੰਤ ਦਾ ਕੋਈ ਭੇਦ ਨਹੀਂ ਪਾ ਸਕਦਾ :—

ਸ੍ਰਿਸਟੇ ਭੇਉ ਨ ਜਾਣੈ ਕੋਇ ॥ [ਓਅੰਕਾਰ, ਪੰਨਾ ੯੩੭

ਅਥਵਾ: 'ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ' ॥

ਸੋ ਉਸ ਦੇ ਪਾਰ ਤੇ ਉਰਵਾਰ ਭਾਵ ਆਦਿ ਅੰਤ ਨੂੰ ਕੋਈ ਨਹੀਂ ਜਾਣਦਾ। 'ਅੰਤ ਕਾਰਣਿ ਕੇਤੇ ਬਿਲਲਾਹਿ' ਕਿਤਨੇ ਵਿਦਵਾਨ ਅੰਤ ਦੇ ਪਾਉਣ ਲਈ ਬਿਰਲਾਪ ਕਰ ਰਹੇ ਹਨ; ਪਰ ਉਸ ਦਾ ਅੰਤ ਕੋਈ ਨਹੀਂ ਪਾ ਸਕਦੇ, ਯਾ ਉਨ੍ਹਾਂ ਦਾ ਵੀ ਕੋਈ ਅੰਤ ਨਹੀਂ ਪਾ ਸਕਦਾ।

ਏਹੁ ਅੰਤੁ ਨ ਜਾਣੈ ਕੋਇ ॥

ਇਹ ਜੋ ਮੇਰੇ ਸਾਹਮਣੇ ਵਾਹਿਗੁਰੂ ਹੈ :—

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥

[ਆਸਾ ਮਹਲਾ ੫, ਪੰਨਾ ੩੯੭

"ਜ਼ਾਹਰ ਜ਼ਹੂਰ ਹੈ ਕਿ ਹਾਜ਼ਰ ਹਜ਼ੂਰ ਹੈ" ਜਿਸ ਦੀ ਸਿਫਤ ਮੈਂ ਗਾ ਰਿਹਾ ਹਾਂ ਉਸ ਦਾ ਕੋਈ ਅੰਤ ਨਹੀਂ ਜਾਣਦਾ। ਜੇ ਕੋਈ ਬਹੁਤਾ ਕਹੇਗਾ ਤਾਂ ਉਹ ਹੋਰ ਵੀ ਬਹੁਤਾ ਹੋਏਗਾ; ਜਿਵੇਂ ਆਕਾਸ਼ ਦਾ ਸਿਰਾ ਇਕ ਜਗ੍ਹਾ ਤੋਂ ਇਕ ਪਾਸੇ ਨਜ਼ਰ ਆਉਂਦਾ ਹੈ, ਪਰ ਅਗੇ ਗਿਆਂ ਹੋਰ ਵੀ ਅਗੇ; ਇਸ ਲਈ ਜਿਸ ਨੇ ਭੀ ਖੋਜ ਕੀਤੀ ਹੈ ਉਸ ਨੇ ਬੇਅੰਤ ਹੀ ਬੇਅੰਤ ਪਾਇਆ ਹੈ, ਜੇ ਆਪ ਬਹੁਤ ਕਹੋਗੇ ਤਾਂ ਆਪ

ਨੂੰ ਹੋਰ ਭੀ ਅਨੁਭਵ ਹੋਏਗਾ ਕਿ ਉਹ ਇਸ ਤੋਂ ਬੀ ਬਹੁਤ ਵਡਾ ਹੈ ਤੇ ਉਸ ਦੀ ਉੱਚਤਾ ਤੇ ਵਡਿਆਈ ਦਾ ਪਤਾ ਲਗੇਗਾ। ਬਹੁਤ ਜਾਨਣ ਨਾਲ ਇਹ ਅੰਤ ਮੁਕਦਾ ਨਹੀਂ ਤਾਂ ਤੇ :—

'ਵਡਾ ਸਾਹਿਬੁ ਊਚਾ ਥਾਉ' ਉਹ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੇ ਕਰਮ ਖੰਡ ਤੋਂ ਵੀ ਉਚਾ ਹੈ।

ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥

[ਸਿਰੀ ਰਾਗੁ ਮਹਲਾ ੧, ਪੰਨਾ ੧੪

ਅਥਵਾ—"ਊਚੇ ਊਪਰਿ ਊਚਾ ਨਾਉ' ਉਸ ਦਾ ਨਾਉਂ ਉਸ ਤੋਂ ਵੀ ਉਚਾ ਹੈ ਕਿਉਂਕਿ ਉਹ ਨਾਮ ਤੋਂ ਪ੍ਰਤੱਖ ਹੁੰਦਾ ਹੈ।

ਚੇਤਤ ਚੇਤਤ ਨਿਕਸਿਓ ਨੀਰੁ॥

[ਗਉੜੀ ਕਬੀਰ ਜੀ, ਪੰਨਾ ੩੨੮

ਉਹ ਚੇਤਨ ਨਾਲ ਹੀ ਪ੍ਰਗਟ ਹੁੰਦਾ ਹੈ, ਜਿਵੇਂ ਉਦਮ ਤੇ ਹੀ ਧਰਤੀ ਵਿਚੋਂ ਪਾਣੀ ਨਿਕਲਦਾ ਹੈ।

ਨਾਮ ਔਰ ਨਾਮੀ ਕੋ ਭੇਦ ਨਹੀਂ ਇਹ ਮੂਰਤ ਸ੍ਰੀ ਕਰਤਾਰ ਸੁਹਾਏ॥

[ਨਾਨਕ ਪ੍ਰਕਾਸ਼

ਜੈਸੇ ਸਾਹਿਬ ਵਡਾ ਹੈ ਵੈਸੇ ਉਸ ਦਾ ਅਸਥਾਨ ਵੀ ਵਡਾ ਤੇ ਉਚਾ ਹੈ :—

ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥
ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ॥

[ਦੇਵ ਗੰਧਾਰੀ ਮਹਲਾ ੫, ਪੰਨਾ ੫੩੪

ਹੁਣ ਦੱਸਦੇ ਹਨ ਕਿ ਨਾਮ ਉਸ ਤੋਂ ਵੀ ਉਚਾ ਹੈ।

ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ॥

[ਸਿਰੀ ਰਾਗੁ ਮਹਲਾ ੧, ਪੰਨਾ ੧੭

ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥

[ਸਿਧ ਗੋਸ਼ਟਿ, ਪੰਨਾ ੯੩੯

ਊਚਾ ਥਾਨ ਕਿਹੜਾ ਹੈ? ਦੁਨੀਆਂ ਵਿਚ ਤਾਂ ਸਤਿਸੰਗ ਹੈ

੩ ਪ੍ਰਲੋਕ ਵਿਚ (ਗੁਪਤ) ਸਚ ਖੰਡ ਹੈ।

ਦੁਨੀਆਂ ਵਿਚ ਵਡੇ ਵਡੇ ਰਾਜੇ ਹਨ, ਪ੍ਰਲੋਕ ਵਿਚ ਇੰਦਰ ਰਾਜੇ ਆਦਿਕ ਹਨ, ਅਰ ਅਵਤਾਰ ਰਾਜਿਆਂ ਦੇ ਦੇਵਤਿਆ ਤੋਂ ਵਡਾ ਹੈ, ਹੇ ਲੋਕੋ ! ਜੋ ਦੁਨੀਆਂ ਦੇ ਹਿਸਾਬਾਂ ਨੂੰ ਸਾਹਿਬ ਬਣਾਈ ਫਿਰਦੇ ਹੋ, ਭੁੱਲੋ ਨਹੀਂ, ਇਹ ਤਾਂ ਉਸ ਦੇ ਬਣਾਏ ਹੋਏ ਹਨ ਉਸ ਵਡੇ ਸਾਹਿਬ ਦੀ ਸ਼ਰਨ ਆਓ।

ਪ੍ਰਸ਼ਨ—ਜਦ ਉਹ ਹਰ ਥਾਂ ਪਰੀਪੂਰਨ ਹੋਇਆ ਤਾਂ ਉਸ ਦਾ ਥਾਨ ਮੁਕਾਮ ਕਿਸ ਤਰ੍ਹਾਂ ਹੋਇਆ ?

ਜਵਾਬ-ਜਿਸ ਤਰ੍ਹਾਂ ਹਵਾ ਹਰ ਥਾਂ ਹੈ ਪਰ ਅਸਾਡੇ ਅੰਦਰ ਵੀ ਹੈ ਤੇ ਇਸ ਦੇ ਅਧਾਰ ਤੇ ਸੁਆਸ ਚਲ ਰਹੇ ਹਨ, ਇਸ ਤਰ੍ਹਾਂ:—

ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ
ਹਰਿ ਪ੍ਰਭੁ ਵਸੈ ਜੀਉ ।  [ਮਾਝ ਮਹਲਾ, ੪, ਪੰਨਾ ੯੪

ਬ੍ਰਹਮੰਡ ਵਿਚ ਉਚਾ ਅਸਥਾਨ ਹੈ ਸਚ ਖੰਡ,, ਪਿੰਡ ਵਿਚ ਉਚਾ ਅਸਥਾਨ ਹੈ ਦਸਮ ਦੁਆਰ। ਇਸ ਲੋਕ, ਧਰਮ ਲੋਕ ਵਿਚ ਹੈ ਸਤਿਸੰਗ। ਇਨ੍ਹਾਂ ਉਚਿਆਂ ਅਸਥਾਨਾਂ ਵਿਚ ਉਸ ਦਾ ਨਿਵਾਸ ਹੈ ਤੇ ਹਰ ਥਾਂ ਉਹ ਪਰੀਪੂਰਨ ਹੈ।

ਦ੍ਰਿਸ਼ਟਾਂਤ—ਜਿਵੇਂ ਪਾਣੀ ਹਰ ਥਾਂ ਪ੍ਰਿਥਵੀ ਵਿਚ ਮੌਜੂਦ ਹੈ ਪਰ ਜਿਥੇ ਖੂਹ ਯਾ ਚਸ਼ਮਾ ਹੈ ਪ੍ਰਤੱਖ ਉਥੇ ਹੀ ਹੈ। ਗਰਮੀ ਤੇ ਪਿਆਸ ਦੂਰ ਉਥੋਂ ਹੀ ਹੁੰਦੀ ਹੈ। ਇਸੇ ਤਰ੍ਹਾਂ ਪਰਮਾਤਮਾਂ ਹਰ ਥਾਂ, ਹਰ ਸਰੀਰ, ਹਰ ਲ੍ਹੂੰ ਲ੍ਹੂੰ ਵਿਚ ਰਮਿਆ ਹੋਇਆ ਹੈ, ਪਰ ਸਰੀਰ ਵਿਚ ਦਸਮ ਦੁਆਰ ਵਿਚ ਪ੍ਰਤੱਖ ਦਰਸ਼ਨ ਦੇਂਦਾ ਹੈ।

ਸੁਖ ਮਹਲ ਜਾਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥
[ਸੂਹੀ ਮਹਲਾ ਪ, ਪੰਨਾ ੭੩੯

ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥
ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥  [ਗਉੜੀ ਮਹਲਾ ਪ, ਪੰਨਾ ੧੮੬

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥

ਏਵਡੁ ਦਾ ਅਰਥ ਹੈ ਜਿਤਨਾ ਵਡਾ ਉਹ ਹੈ ਉਤਨਾ : ਭਾਵ ਜਿਤਨਾ ਵਡਾ ਉਹ ਹੈ ਉਤਨਾ ਵਡਾ ਕੋਈ ਹੋਵੇ ਤਾਂ ਉਚੇ ਨੂੰ ਜਾਣੇ, ਪਰ ਉਸ ਜੇਡਾ ਕੋਈ ਹੈ ਹੀ ਨਹੀਂ, ਕਿਉਂਕਿ ਸਭ ਉਸ ਦੇ ਬਣਾਏ ਹੋਏ ਹਨ, ਇਸ ਲਈ ਉਸ ਦੇ ਬਣਾਏ ਹੋਏ ਉਸ ਨੂੰ ਕਿਵੇਂ ਜਾਣ ਸਕਦੇ ਹਨ ?

ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥ [ਜਪੁਜੀ, ਪੰਨਾ ੪

ਸਿਧਾਂਤ ਇਹ ਨਿਕਲਿਆ ਕਿ ਜਿਤਨਾ ਵਡਾ ਉਹ ਆਪ ਹੈ ਉਹ ਆਪ ਹੀ ਜਾਣਦਾ ਹੈ ਅਤੇ ਉਸ ਕਰਮੀ (ਕਿਰਪਾਲੂ) ਦੀ ਨਜ਼ਰ ਹੋ ਜਾਵੇ ਤਾਂ ਦਾਤ ਮਿਲਦੀ ਹੈ, ਭਾਵ ਉਹ ਆਪਣੀ ਕਿਰਪਾ ਨਾਲ ਦਾਤ ਬਖਸ਼ਦਾ ਹੈ।

**ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ**

ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥ ਜਿਸਨੋ ਬਖਸੇ
ਸਿਫਤਿ ਸਾਲਾਹ ॥ ਨਾਨਕ ਪਾਤਸਾਹੀ
ਪਾਤਿਸਾਹੁ ॥੨੫॥

ਪ੍ਰਸ਼ਨ—ਜੇ ਉਹ ਦਾਤ ਬਖਸ਼ਿਦਾ ਹੈ ਤਾਂ ਦੁਨੀਆਂ ਵਿਚ ਕੋਈ ਉੱਚ ਹੈ ਕੋਈ ਨੀਚ ਹੈ ਦਾਤ ਵਖੋ ਵੱਖ ਕਿੰਝ ਹੋਈ ?

ਕਰਮੀ ਕਰਮੀ ਹੋਇ ਵੀਚਾਰੁ ॥ [ਜਪੁਜੀ, ਪੰਨਾ ੭

ਉੱਤਰ—ਦਾਤ ਤੇ ਬਖਸ਼ਿਸ਼ ਵਿਚ ਜੀਵ ਦੇ ਕਰਮ ਭੀ ਸਹਾਈ ਹੈਨ, ਜਿਹੋ ਜਿਹੇ ਕੋਈ ਕਰਮ ਕਰਦੇ ਹਨ ਤਿਹੋ ਜਿਹੀ ਦਾਤ ਮਿਲਦੀ ਹੈ। ਕਰਮੀ ਦਾ ਭਾਵ ਹੈ ਕਰਮ ਕੁਨਿੰਦਾ।

(੧) ਜੋ ਕੀਤੇ ਜਾਣ ਉਨ੍ਹਾਂ ਦਾ ਨਾਉਂ ਹੈ ਕਰਮ।

(੨) ਕੀਤੇ ਹੋਏ ਕੰਮ ਯਾ ਕਰਮ।

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
[ਬਾਰਹ ਮਾਹਾ ਮਾਝ ਮ: ਪ, ਪੰਨਾ ੧੩੪

ਹੁਕਮ ਚਲਾਏ ਆਪਣੈ ਕਰਮੀ ਵਹੈ ਕਲਾਮ ॥
[ਵਾਰ ਸਾਰਗ ਮਹਲਾ ੧, ਪੰਨਾ ੧੨੪੧

'ਬਹੁਤਾ ਕਰਮੁ ਲਿਖਿਆ ਨਾ ਜਾਇ' ਜਿਸ ਤਰ੍ਹਾਂ ਸੂਰਜ ਤੋਂ ਰੌਸ਼ਨੀ ਹੀ ਰੌਸ਼ਨੀ ਨਿਕਲ ਰਹੀ ਹੈ, ਇਸੇ ਤਰ੍ਹਾਂ ਉਸ ਦਿਆਲੂ ਤੋਂ ਬਖਸ਼ਿਸ਼ ਹੀ ਬਖਸ਼ਿਸ਼ ਦਾ ਅੰਮ੍ਰਿਤ ਝਰ ਰਿਹਾ ਹੈ, ਇਸ ਲਈ ਉਸ ਦੀ ਬਖਸ਼ਿਸ਼ ਦਾ ਅੰਤ ਨਹੀਂ ਪਾਇਆ ਜਾ ਸਕਦਾ ਉਹ ਬੜਾ ਦਾਤਾ ਹੈ ਪਰ ਇੱਛਾ ਉਸ ਨੂੰ ਤਿਲ ਮਾਤ੍ਰ ਭੀ ਨਹੀਂ। ਤਮਾਇ=ਇੱਛਾ। ਜਿਵੇਂ ਲੋਭੀ ਦਾਨ ਕਰਦੇ ਹਨ, ਤਾਂ ਇੱਛਾ ਰਖਦੇ ਹਨ ਕਿ ਦਾਨ ਦਾ ਮੈਨੂੰ ਫਲ ਮਿਲੇਗਾ, ਪਰ ਉਹ ਵਾਹਿਗੁਰੂ ਕਿਸੇ ਕਿਸਮ ਦੀ ਇੱਛਾ ਨਹੀਂ ਰਖਦਾ।

ਕੇਤੇ ਮੰਗਹਿ ਜੋਧ ਅਪਾਰ ॥

ਜੋਧੇ ਕੌਣ ਹੁੰਦੇ ਹਨ, ਏਹ ਕਈ ਪ੍ਰਕਾਰ ਦੇ ਗਿਣੇ ਜਾਂਦੇ ਹਨ, ਰਥੀ, ਅਤਿ ਰਥੀ, ਮਹਾਂ ਰਥੀ, ਆਦਿ ।

(੧) ਜੋਧੇ—ਜੋ ਇਕ ਨਾਲ ਇਕ ਲੜੇ ਤੇ ਆਪਣੇ ਵਿਪੱਖੀ ਨੂੰ ਆਖੇ ਕਿ ਤੂੰ ਪਹਿਲਾ ਵਾਰ ਕਰ ਲੈ।

(੨) ਮਹਾਂ ਬਲੀ—ਜੋ ਬਹੁਤਿਆਂ ਦਾ ਮੁਕਾਬਲਾ ਕਰੇ ਤੇ ਨਾ ਡਰੇ ।

(੩) ਅਤਿ ਬਲੀ—ਜੋ ਅਨਗਿਣਤਾਂ ਨਾਲ ਲੜ ਸਕੇ, ਜਿਵੇਂ ਬਾਬਾ ਅਜੀਤ ਸਿੰਘ ਜੀ ਸਾਹਿਬ ਚਮਕੌਰ ਵਿਚ ।

(੧) ਨਿਰੰਕਾਰੀ ਜੋਧੇ—ਜਿਨ੍ਹਾਂ ਨੇ ਅਪਣੇ ਸਰੀਰ ਨੂੰ ਵਿਕਾਰਾਂ ਤੋਂ ਵਜੀਕਾਰ ਵਿਚ ਰਖਿਆ ਹੋਇਆ ਹੈ ।

(੨) ਮਹਾਂ ਰਥੀ—ਜਿਨ੍ਹਾਂ ਸਰੀਰ ਤੋਂ ਵਧਕੇ ਇੰਦਰੇ ਵੀ ਵਸ ਕਰ ਲਏ ਹਨ ।

(੩) ਅਤਿ ਰਥੀ (ਸੂਰ)—ਜਿਨ੍ਹਾਂ ਸਰੀਰ, ਇੰਦਰੇ ਤੇ ਮਨ ਨੂੰ ਕਾਬੂ ਵਿਚ ਰਖਿਆ ਹੋਇਆ ਹੈ ।

ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥

[ਬਿਲਾਵਲੁ ਮਹਲਾ ੫, ਪੰਨਾ ੮੧੫

ਸਿੱਖ ਦੇ ਤਿੰਨ ਫਰਜ਼ :—

(੧) ਅਪਣੇ ਸਰੀਰ ਤੇ ਕੁਟੰਬ ਦੀ ਪਰਵਰਿਸ਼ ਕਰਨੀ ।

(੨) ਅਪਣੇ ਭਰੋਸੇ ਤੇ ਸਿਦਕ ਤੋਂ ਨਾ ਡੋਲਣਾ ਭਾਵੇਂ ਜਿੱਥੇ ਭੀ ਚਲਾ ਜਾਏ ।

(੩) ਪ੍ਰਭਾਵਾਂ ਤੋਂ ਬਚਣਾ ਪਰ ਅਪਣੀ ਖ਼ੁਸਬੋ ਫੈਲਾਣੀ ।

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥

[ਸਲੋਕ ਕਬੀਰ-੧੧, ਪੰਨਾ ੧੩੬੫

ਕਿਤਨੇ ਹੀ ਜੋਧਾ ਪਾਰਬ੍ਰਹਮ ਤੋਂ ਮੰਗਦੇ ਹਨ । ਕਿਆ ?— 'ਜੁੱਧ,' ਜੰਗ ਜਾਂ ਅਨਿਕ ਪ੍ਰਕਾਰ ਦੀ ਭਾਵਨਾ ਮੰਗਦੇ ਹਨ ।

ਕਿਤਨੇ ਹੀ ਹੋਰ ਵਿਚਾਰ ਮੰਗ ਰਹੇ ਹਨ। ਪਰਮਾਰਥ ਦੇ ਜੋਧੇ ਤਾਂ ਵਿਚਾਰ ਦਾ ਦਾਨ ਹੀ ਮੰਗਦੇ ਹਨ ਅਰ ਉਨ੍ਹਾਂ ਦੀ ਗਿਣਤੀ ਨਹੀਂ ਹੈ।

ਪ੍ਰਾਣ ਨਿਕਲਣ ਦੇ ਚਾਰ ਦੁਆਰ :-

(੧) ਮੂੰਹ - ਪਿਤਰ ਲੋਕ।

(੨) ਨਾਸਕਾਂ - ਸੁਰਗ ਲੋਕ।

(੩) ਹੇਠਲੇ ਦੁਆਰ—ਨਰਕਾਂ ਵਿਚ ਜਾਂਦੇ ਹਨ।

(੪) ਦਸਮ ਦੁਆਰ - ਜੋਗੀ ਤਪਸਵੀ ਲੋਕ ਅਰ ਭਗਤਾਂ ਦੇ ਪ੍ਰਾਣ ਵਾਹਿਗੁਰੂ ਵਿਚ ਲੀਨ ਹੋ ਜਾਂਦੇ ਹਨ ਤੇ ਪ੍ਰਾਣ ਨਿਕਲਦੇ ਨਹੀਂ।

ਇਸ ਲਈ ਨਾਮ ਦਾ ਅਭਿਆਸ ਅਵੱਸ਼ ਚਾਹੀਏ। ਮਨ ਤੇ ਪ੍ਰਾਣਾਂ ਦਾ ਮਿਲਾਪ ਹੈ ਤੇ ਦੋਵੇਂ ਅਭੇਦ ਹਨ, ਇਸ ਲਈ ਸ੍ਵਾਸਾਂ ਨਾਲ ਨਾਮ ਜਪੀਏ ਤਾਂ ਮਨ ਟਿਕਿਆ ਰਹਿੰਦਾ ਹੈ; ਜਦੋ ਬਾਹਰ ਸ੍ਵਾਸ ਆਵੇ ਤਾਂ 'ਵਾਹਿ' ਅੰਦਰ ਜਾਵੇ ਤਾਂ 'ਗੁਰੂ'; ਇਉਂ ਨਾਮ ਸਿਮਰਨ ਨਾਲ ਸਾਰੇ ਸ੍ਵਾਸ ਓਤ ਪੋਤ ਪ੍ਰੋਤੇ ਰਹਿਣ। ਧਰਮ ਜੁੱਧ ਦਾ ਜੋਧਾ ਤੇ ਉਪਾਸ਼ਕ ਸੁਰਜ ਮੰਡਲ ਨੂੰ ਭੇਦ ਕੇ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਕਰਦਾ ਹੈ ;—

ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥

[ਸੂਹੀ ਮਹਲਾ ੧, ਪੰਨਾ ੭੬੪

(੧) ਰਥੀ—ਕੁਸੰਗਤ ਤੇ ਵਿਕਾਰਾਂ ਦੇ ਘੇਰੇ ਵਿਚ ਹੋਇਆ ਹੋਇਆ ਜੋ ਅਡੋਲ ਰਹੇ,ਤੇ ਉਨ੍ਹਾਂ ਤੋਂ ਬਚ ਨਿਕਲੇ। ਜਿਸ ਨੇ ਅਪਣੇ ਸਰੀਰ ਨੂੰ ਬਚਾ ਕੇ ਰਖਿਆ, ਭਾਵ ਮਨ ਤੇ ਇੰਦਰੇ ਭਾਵੇਂ ਵਿਕਾਰ ਵਲ ਗਏ, ਪਰ ਸਰੀਰ ਨੂੰ ਬਚਾਈ ਰਖਿਆ, ਉਹ ਰਥੀ ਹੈ।

(੨) ਮਹਾਂ ਰਥੀ—ਜਿਸ ਨੇ ਇੰਦਰੀਆਂ ਨੂੰ ਵਸੀਕਾਰ ਵਿਚ ਕਰ ਲਿਆ, ਅੱਖੀਆਂ ਨੂੰ ਪਰ ਇਸਤ੍ਰੀ ਦੇਖਣ ਤੋਂ, ਕੰਨਾਂ ਨੂੰ ਪਰਾਈ ਨਿੰਦਿਆਂ ਦੇ ਨੇੜੇ ਨਹੀਂ ਜਾਣ ਦੇਂਦਾ ਉਹ ਮਹਾਂ ਰਥੀ ਹੈ।

(੩) ਅਤਿ ਰਥੀ—ਜਿਨ੍ਹਾਂ ਨੇ ਮਨ ਨੂੰ ਵੀ ਇਨ੍ਹਾਂ ਸਭ ਵਿਕਾਰਾਂ ਤੋਂ ਰੋਕ ਲਿਆ :—

ਤਿਥੈ ਜੋਧ ਮਹਾ ਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥

ਸੰਸਾਰ ਵਿਚ ਛੇ ਗੁਣ ਉੱਤਮ ਹਨ :—
(੧) ਐਸ਼੍ਵਰਜ: (੨) ਜੱਸ, (੩) ਲਕਸ਼ਮੀ, (੪) ਧਰਮ, (੫) ਵੈਰਾਗ, (੬) ਮੋਖ ।

ਇਨ੍ਹਾਂ ੬ ਗੁਣਾਂ ਦਾ ਜੋ ਮਾਲਕ ਹੈ, ਉਹ ਵੱਡਾ ਦਾਤਾ ਹੈ ਅਤੇ ਉਸ ਵੱਡੇ ਦਾਤੇ ਨੂੰ, ਚੂੰਕਿ ਉਹ ਸੰਪੂਰਨ ਗੁਣਾਂ ਦਾ ਮਾਲਕ ਹੈ, ਇਕ ਤਿਲ ਮਾਤ੍ਰ ਭੀ ਇੱਛਾ ਯਾ ਲਾਲਚ ਨਹੀਂ ਹੈ । ਉਹ ਆਪ ਜੋ ਇਤਨਾ ਵੱਡਾ ਹੈ :—

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥ [ਪੰਨਾ ੧੨

ਉਸ ਅਪਾਰ ਤੋਂ ਕਿਤਨੇ ਹੀ ਜੋਧਾ ਜੁੱਧ ਮੰਗਣਾ ਕਰਦੇ ਹਨ ਅਰ ਕਿਤਨੇ ਵਿਚਾਰ ਦੀ ਮੰਗ ਮੰਗਦੇ ਹਨ, ਜੋ ਪਰਮਾਰਥ ਦੇ ਜੋਧੇ ਹਨ ਉਹ ਵਿਚਾਰ ਦਾ ਦਾਨ ਮੰਗ ਰਹੇ ਹਨ ਅਤੇ ਇਹੋ ਜਿਹੇ ਮੰਗਤਿਆਂ ਦੀ ਗਿਣਤੀ ਹੀ ਨਹੀਂ ਹੋ ਸਕਦੀ । ਪ੍ਰਾਰਥਨਾ ਕਰਦੇ ਹਨ: ਹੇ ਦਾਤਾ ! ਜਦੋਂ ਮੈਂ ਪਾਠ ਕਰਦਾ ਹਾਂ ਮੇਰਾ ਮਨ ਫੁਰਨਿਆਂ ਤੋਂ ਬਚਾ ਕੇ ਪਾਠ ਵਿਚ ਜੋੜੇ । ਹੇ ਸਾਈਂ ! ਪਰ ਇਸਤ੍ਰੀ, ਪਰ ਨਿੰਦਿਆ, ਚੁਗਲੀ ਤੇ ਪਰ ਧਨ ਤੇ ਬੁਰਾ ਚਿਤਵਨਾਂ ਤੋਂ ਬਚਾਕੇ ਰਖੇ, ਇਹੋ ਜੇਹੀਆਂ ਮੰਗਾਂ ਮੰਗ ਰਹੇ ਹਨ । ਭਾਵਾਰਥ—ਜੋ ਵਿਵੇਕੀ ਤੇ ਵਿਚਾਰਵਾਨ ਅਣਗਿਣਤ ਪੁਰਖ ਹਨ ਉਹ ਗਿਆਨ ਦੀ ਵਿਚਾਰ ਤੇ ਮਨ ਤੇ ਜਿੱਤ ਪਾਣ ਦੀ ਦਾਤ ਦੀ ਭਿਖਸ਼ਾ ਆਪ ਦੇ ਦਰ ਤੋਂ ਮੰਗ ਰਹੇ ਹਨ:—ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ [ਧਨਾਸਰੀ ਮਹਲਾ ੫, ਪੰਨਾ ੬੯੦

ਕੇਤੇ ਖਪਿ ਤੁਟਹਿ ਵੇਕਾਰ ॥

ਕਿਤਨੇ ਹੀ ਐਸੇ ਮਾਨਸ ਹੈਂ ਜੋ ਵਿਕਾਰ ਹੀ ਕਰਦੇ ਰਹਿੰਦੇ ਹਨ ਤੇ ਇਨ੍ਹਾਂ ਵਿਕਾਰਾਂ ਕਰਕੇ ਉਹਨਾਂ ਦਾ ਬਲ, ਇੱਜ਼ਤ, ਐਸ਼ਵਰਜ, ਜਸ ਟੁਟ ਜਾਂਦਾ ਹੈ ।

ਕੇਤੇ ਲੈ ਲੈ ਮੁਕਰੁ ਪਾਹਿ ॥

ਕਿਤਨੇ ਹੀ ਵਾਹਿਗੁਰੂ ਦੀਆਂ ਦਾਤਾਂ ਪਾਕੇ ਮੁੱਕਰਦੇ ਹਨ ਤੇ ਸ਼ੁਕਰ ਨਹੀਂ ਕਰਦੇ, ਕਿਤਨੇ ਹੀ ਐਸੇ ਹਨ ਮੂਰਖ ਜੋ ਆਪਣਾ ਕੰਮ ਖਾਣ ਪੀਣ ਹੀ ਸਮਝਦੇ ਹਨ।

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥

ਕਿੰਨਿਆਂ ਨੂੰ ਹੀ ਦੁੱਖ ਭੁੱਖ ਦੀ ਸਦਾ ਮਾਰ ਵੱਜੀ ਰਹਿੰਦੀ ਹੈ, ਭਾਵ ਸਦਾ ਦੁਖੀ ਤੇ ਥੁੜ ਵਿਚ ਰਹਿੰਦੇ ਹਨ। ਹੇ ਦਾਤਾਰ! ਇਹ ਭੀ ਤੇਰੀ ਦਾਤਿ ਹੈ ਕਿਉਂਕਿ ਇਸ ਦਾਤਿ ਨਾਲ ਅਨੇਕਾਂ ਲੋਕੀ ਤੈਂ ਵਿਚ ਆਕੇ ਤੇਰੇ ਵਲ ਲਗ ਜਾਂਦੇ ਹਨ।

ਬੰਦਿ ਖਲਾਸੀ ਭਾਣੈ ਹਇ ॥

ਕਰਮਾਂ ਤੋਂ ਖਲਾਸੀ, ਵਾਸ਼ਨਾਂ ਦੇ ਜ਼ੰਜੀਰਾਂ ਤੋਂ ਖਲਾਸੀ ਇਹ ਸਭ ਆਪ ਦੇ ਭਾਣੇ ਵਿਚ ਹੈ, ਇਸ ਵਿਚ ਹੋਰ ਕੋਈ ਕੁਛ ਆਖ ਨਹੀਂ ਸਕਦਾ, ਜੇ ਕੋਈ ਮੂਰਖ ਆਖੇ ਕਿ ਇਸ ਤਰ੍ਹਾਂ ਨਹੀਂ ਤੇ ਇਸ ਤਰ੍ਹਾਂ ਹੈ ਤੇ ਵਾਹਿਗੁਰੂ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਸੀ ਤਾਂ ਉਹ ਹੀ ਜਾਣਦਾ ਹੈ ਕਿ ਅਗੇ ਜਾਕੇ ਕਿਤਨੀਆਂ ਕੁਝ ਮੂੰਹ ਤੇ ਮਾਰਾਂ ਖਾਏਗਾ।

ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥

ਦਾ ਦੂਜਾ ਭਾਵ ਹੈ: ਜੇ ਕੋਈ ਖਾ ਕੇ ਕੁਬਚਨ ਵਾਹਿਗੁਰੂ ਨੂੰ ਆਖੇ ਤਾਂ ਉਹ ਹੀ ਜਾਣਦਾ ਹੈ ਕਿ ਉਸ ਨੂੰ ਅਗੇ ਕਿਤਨੀ ਕਿ ਮੂੰਹ ਤੇ ਮਾਰ ਪਵੇਗੀ।

ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥

'ਸਿ ਭਿ' = ਉਤਮ ਪੁਰਸ਼, ਉਤਮ ਪੁਰਸ਼ ਤਾਂ ਏਹੀ ਆਖਦੇ ਹਨ ਕਿ ਉਹ ਆਪ ਹੀ ਜਾਣਦਾ ਹੈ ਤੇ ਆਪ ਹੀ ਦੇ ਰਿਹਾ ਹੈ। ਉਹ ਉੱਤਮ ਪੁਰਸ਼ ਵਾਹਿਗੁਰੂ ਦਾ ਯਸ਼ ਕਰਦੇ ਤੇ ਗੁਣ ਗਾਉਂਦੇ ਹਨ।

ਏਹੋ ਜੇਹੇ ਪੁਰਸ਼ 'ਕੇਈ ਕੇਇ' ਵਿਰਲੇ ਹਨ 'ਕੋਈ ਕੋਈ' ਹਨ।

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥

[ਸਲੋਕ ਮਹਲਾ ੧, ਪੰਨਾ ੧੪੧

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥

[ਗੂਜਰੀ ਵਾਰ ਮਹਲਾ ੫, ਪੰਨਾ ੫੧੭

ਜਿਸਨੋ ਬਖਸੇ ਸਿਫਤਿ ਸਾਲਾਹ ॥

ਨਾਨਕ ਪਾਤਿਸਾਹੀ ਪਾਤਿਸਾਹੁ ॥

ਸਭ ਤੋਂ ਉਚੀ ਦਾਤ ਹੈ ਸਿਫਤ ਸਲਾਹ, ਜਿਸ ਨੂੰ ਵਾਹਿਗੁਰੂ ਜੀ ਅਪਣੀ ਇਹ ਸਿਫਤ ਸਾਲਾਹ ਬਖਸ਼ ਦੇਵੇ ਉਹ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ। ਕਿਉਂਕਿ ਸਲਾਹਣ ਜੋਗ ਇਕ ਵਾਹਿਗੁਰੂ ਹੀ ਹੈ।

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥

[ਸੂਹੀ ਮਹਲਾ ੩, ਪੰਨਾ ੭੫੫

ਸਿਫਤਿ ਜੋ ਉਸ ਦੇ ਰੂਪ ਵਿਚ ਹੈ, ਸਾਲਾਹ। ਕਰਤਬਾਂ ਦੀ ਸਿਫ਼ਤ।

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ [ਸੁਖਮਨੀ

ਦੇਵਤਿਆਂ ਦੇ ਰਾਜੇ ਦੇ ਭੀ ਪਾਤਸ਼ਾਹ ਹਨ, ਚਕ੍ਰਵਰਤੀਆਂ ਦੇ ਵੀ ਪਾਤਸ਼ਾਹ ਹਨ।

ਵਾਹਿਗੁਰੂ ਦੇ ਸਮਝਣ ਲਈ ੪ ਤਰੀਕੇ ਹਨ :—

(੧) ਅਕਾਸ਼ ਬਾਣੀ—ਜੋ ਭਗਤ ਤੇ ਅਵਤਾਰ ਸੁਣਦੇ ਹਨ।

(੨) ਗੁਰਬਾਣੀ —"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥"

[ਵਾਰ ਗਉੜੀ ਮਹਲਾ ੪, ਪੰਨਾ ੩੦੮

(੩) ਮਹਾਂ ਪੁਰਸ਼ਾਂ ਦੇ ਵਾਕ=ਜੋ ਗੁਰਬਾਣੀ ਦੀ ਸੋਝੀ ਨਹੀਂ ਰਖਦੇ ਉਹਨਾਂ ਨੂੰ ਮਹਾਂ ਪੁਰਸ਼ ਬਚਨਾਂ ਨਾਲ ਰਾਹ ਪਾਂਦੇ ਹਨ:-

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ [ਸੁਖਮਨੀ, ਪੰਨਾ ੨੬੩

(੪) ਜੋ ਇਹਨਾਂ ਤਿੰਨਾਂ ਨੂੰ ਨਹੀਂ ਸਮਝਦੇ:--

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥

ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ

ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥ ਮੰਞੁ
ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਹੁ
ਸੋਇ ॥ ਜੇ ਕੋ ਆਖੈ ਬੋਲੁ ਵਿਗਾੜ ॥ ਤਾ
ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

ਹੁਣ ਉਸ ਦੇ ਗੁਣ ਚੰਗਿਆਈਆਂ ਵਰਣਨ ਕਰਦੇ ਹਨ :—

ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥

ਗੁਣ—ਇਸ ਦੇ ਕਈ ਭਾਵ ਹਨ। ਮਾਇਆ ਪ੍ਰਕ੍ਰਿਤੀ ਦੇ ਤ੍ਰੈ ਗੁਣ ਹਨ: ਰਜ, ਤਮ, ਸਤ। ਇਥੇ ਵਾਹਿਗੁਰੂ ਦੇ ਗੁਣ ਹਨ, ਜਿਨ੍ਹਾਂ ਦੀ ਸਿਫਤੀ ਕਰਨੀ ਹੈ ਸੋ ਉਸ ਦੇ ਗੁਣ ਜੋ ਹਨ; ਉਹ ਕਿਸੇ ਮੁੱਲ ਨਾਲ ਹੱਥ ਨਹੀਂ ਆ ਸਕਦੇ, ਇਸ ਲਈ ਅਮੁੱਲ ਕਹੇ ਹਨ। ਇਸ ਦਾ ਵਾਪਾਰ ਭੀ ਅਮੁੱਲ ਹੈ, ਉਸ ਦੇ ਵਾਪਾਰੀ ਜਗਿਆਸੂ ਭੀ ਅਮੁੱਲ ਹਨ, ਜਿਸ ਭੰਡਾਰ ਵਿਚ ਇਹ ਗੁਣ ਗਾਂਦੇ ਹਨ ਉਹ ਖਜ਼ਾਨਾ ਤੇ ਭੰਡਾਰ ਵੀ ਅਮੁੱਲ ਹੈ।

ਸਾਹ ਵਾਪਾਰੀ ਦੁਆਰੈ ਆਏ ॥
ਵਖਰੁ ਕਾਢਹੁ ਸਉਦਾ ਕਰਾਏ ॥
ਸਾਹਿ ਪਠਾਇਆ ਸਾਹੈ ਪਾਸਿ ॥
ਅਮੋਲ ਰਤਨ ਅਮੋਲਾ ਰਾਸਿ ॥ [ਆਸਾ ਮ: ਪ, ਪੰਨਾ ੩੭੨
ਗੁਣ ਰਾਸਿ ਬੰਨਿ ਪਲੈ ਆਨੀ ॥ [ਆਸਾ ਮ: ਪ, ਪੰਨਾ ੩੭੨

ਇਥੇ ਗੁਣ ਭਰੋਸਾ, ਪ੍ਰੇਮ, ਸਿਦਕ, ਉਤਸ਼ਾਹ, ਗਰੀਬੀ, ਸੇਵਾ ਭਾਵ ਇਹ ਗੁਣਾਂ ਦੀ ਰਾਸ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਕੇ ਆਂਦੀ ਹੈ : ਦੇਖਿ ਰਤਨੁ ਇਹੁ ਮਨੁ ਲਪਟਾਨੀ ॥ [ਆਸਾ ਮ: ਪ, ਪੰਨਾ ੩੭੨

ਪਾਤਸ਼ਾਹ ਕੱਲ ਤਾਂ ਮੁੱਲ ਵਾਲੇ ਲਾਲ ਤੇ ਹੀਰੇ ਹੁੰਦੇ ਹਨ, ਪਰ ਪਾਤਸ਼ਾਹਾਂ ਦੇ ਪਾਤਸ਼ਾਹ ਦੇ ਕੱਲ ਤਾਂ ਲਾਲ ਹਨ, ਉਹ ਅਮੋਲਕ ਤੇ ਦੁਰਲਭ ਹਨ।

ਗੁਣ -(੧) ਵਾਹਿਗੁਰੂ ਦੇ ਗੁਣ। ਇਹ ਗੁਣ ਗਾਇਣ ਕੀਤੇ ਜਾ ਸਕਦੇ ਹਨ।

(੨) ਦੈਵੀ ਗੁਣ ਜਗਿਆਸੂ ਵਿਚ। ਇਹ ਗ੍ਰਹਿਣ ਕੀਤੇ ਜਾ ਸਕਦੇ ਹਨ; ਇਨ੍ਹਾਂ ਗੁਣਾਂ ਦਾ ਭੰਡਾਰ ਕਿਹੜਾ ਹੈ? (ਜਵਾਬ) ਸੰਤਾਂ ਦਾ ਹਿਰਦਾ, ਇਹ ਭੰਡਾਰ ਅਮੁੱਲ ਹੈ, ਜਗਿਆਸੂ ਆਪਣੇ ਦੈਵੀ ਗੁਣ ਭੇਟਾ ਕਰਦਾ ਏ ਤੇ ਸਤਿਗੁਰੂ ਉਸ ਨੂੰ ਨਾਮ ਤੇ ਵਾਹਿਗੁਰੂ ਦੇ ਗੁਣ ਬਖਸ਼ਦੇ ਹਨ; ਪਰ ਸ਼ਾਹ ਵਾਹਿਗੁਰੂ ਹੀ ਪ੍ਰੇਰਕੇ ਸ਼ਾਹ ਸੰਤਾਂ ਕੋਲ ਭੇਜਦਾ ਹੈ, ਜਿਵੇਂ ਦੇਵੀ ਨੇ ਭਾਈ ਭਗੀਰਥ ਨੂੰ ਸਤਿਗੁਰ ਬਾਬਾ ਨਾਨਕ ਦੇਵ ਜੀ ਪਾਸ ਭੇਜਿਆ ਹੈਸੀ। ਸੋ ਵਾਹਿਗੁਰੂ ਸਚੇ ਪਾਤਸ਼ਾਹ ਨੇ ਜਗਿਆਸੂ ਨੂੰ ਸ਼ਾਹ ਰੂਪੀ ਸੰਤਾਂ ਦੇ ਪਾਸ ਭੇਜਿਆ, ਉਨ੍ਹਾਂ ਪਾਸ 'ਰਤਨ ਜਵੇਹਰ ਨਾਮ' ਹੈ। ਉਹ ਸੰਤ ਫਿਰ ਨਾਮ ਰੂਪੀ ਰਤਨ ਜਗਿਆਸੂ ਨੂੰ ਬਖਸ਼ਦੇ ਹਨ। ਸੋ ਵਾਹਿਗੁਰੂ ਦੇ ਗੁਣ ਅਰ ਦੈਵੀ ਗੁਣ ਜਗਿਆਸੂ ਦੇ ਦੋਵੇਂ ਹੀ ਅਮੁੱਲ ਹਨ।

ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥

ਸਿੱਖ ਦਾ ਸਤਿਗੁਰ ਪਾਸ ਸ਼ਰਧਾ ਨਾਲ ਆਉਣਾ ਭੀ ਅਮੁੱਲ ਹੈ, ਸੋ ਭਲੇ ਪਾਸੇ ਚੱਲਣੇ ਦੀ ਕ੍ਰਿਆ ਭੀ ਅਮੁੱਲ ਹੈ ਤੇ ਸਤਿਗੁਰੂ ਪਾਸੋਂ ਰਤਨ ਰੂਪੀ ਨਾਮ ਲੈਕੇ ਜਾਣੇ ਦੀ ਭਲੀ ਕ੍ਰਿਆ ਵੀ ਅਮੁੱਲ ਹੈ, ਬਾਕੀ ਸਭ ਉਪਾਸ਼ਕ ਰੂਪੀ ਕਰਮ ਤੇ ਜਗ ਰੂਪੀ ਕਰਮ ਸਭ ਮੁੱਲ ਵਾਲੇ ਹਨ, ਜਿਨ੍ਹਾਂ ਦੀ ਕੀਮਤ ਸ਼ਾਸਤ੍ਰ ਨੇ ਪਾਈ ਹੈ। ਅਮਕਾ ਕਰਮ ਕਰਨੇ ਨਾਲ ਅਮਕੀ ਪਦਵੀ ਮਿਲਦੀ ਹੈ। ਪਰ ਸਤਿਗੁਰ ਪਾਸ ਜੋ ਆਵਣ ਓਹ ਨਾਮ ਦੀ ਵਸਤੂ ਲੈ ਜਾਣ। ਇਨ੍ਹਾਂ ਦਾ ਕੋਈ ਮੁੱਲ ਨਹੀਂ ਪਾ ਸਕਦਾ।

ਸੰਤ ਸਮਾਗਮ ਹਰਿ ਕਥਾ ਤੁਲਸੀ ਦੁਰਲਭ ਦੋਇ ॥

ਉਸ ਦੇ ਗੁਣ ਤੇ ਮਹਿਮਾਂ ਕਥਨ ਵਿਚ ਨਹੀਂ ਆ ਸਕਦੀ, ਪਰ ਕਹਿਣ ਤੇ ਕਥਨ ਨਾਲ ਪਵਿਤ੍ਰ ਹੋ ਜਾਈਦਾ ਹੈ।

ਅਮੁਲ ਭਾਇ ਅਮੁਲਾ ਸਮਾਹਿ ॥

ਗੁਰਸਿਖਾਂ ਦੀ ਜੋ ਭਾਵਨੀ ਪ੍ਰੇਮ ਭਾਇ ਹੈ, ਸਤਿਗੁਰ ਜੋ ਸਿਖ ਨਾਲ ਪ੍ਰੇਮ ਤੇ ਭਾਵ ਕਰਦੇ ਹਨ, ਇਹ ਵੀ ਅਮੁੱਲ ਹੈ ਗੁਰਾਂ ਦੇ ਦਰਸ਼ਨ ਤੇ ਸ਼ਰਨ ਵਿਚ ਜੋ ਅਨੰਦ ਆਉਂਦਾ ਹੈ,ਉਹ ਵੀ ਅਮੁੱਲ ਹੈ।

ਜਿਸ ਤਰ੍ਹਾਂ ਪ੍ਰਕਾਸ਼ ਤੇ ਗਰਮੀ ਦਾ ਭਡਾਰ ਸੂਰਜ ਹੈ, ਪਰ ਕਿਰਨਾਂ ਸਾਡੇ ਤਕ ਆਉਂਦੀਆਂ ਹਨ, ਇਸੇ ਤਰ੍ਹਾਂ ਸਰਬ ਗੁਣਾਂ ਦਾ ਖ਼ਜ਼ਾਨਾ ਵਾਹਗੁਰੂ ਜੀ ਆਪ ਹਨ, ਓਸ ਦੇ ਗੁਣਾਂ ਦਾ ਕੁਝ ਹਿੱਸਾ ਸੰਸਾਰ ਵਿਚ ਹੈ ਤੇ ਇਸਥਿਤ ਹੈ; ਇਸੇ ਤਰ੍ਹਾਂ ਆਤਮਾ ਹਰ ਸਰੀਰ ਵਿਚ ਵਿਚਰਦੀ ਗੁਣ ਪ੍ਰਗਟ ਕਰਦੀ ਤੇ ਪ੍ਰਕਾਸ਼ ਕਰਦੀ ਤੇ ਚੇਤਨ ਸੱਤਾ ਦੇਂਦੀ ਅਖ਼ੀਰ ਵਿਚ ਸਤਿਨਾਮ ਸ੍ਰੀ ਵਾਹਿਗੁਰੂ ਵਿਚ ਹੀ ਲੀਨ ਹੈ ਅਰ ਉਸ ਦਾ ਪ੍ਰਤੱਖ ਰੂਪ ਹੈ । ਜੋ ਵਾਹਿਗੁਰੂ ਵਿਚ ਗਣ ਤੇ ਵਸਫ ਹਨ ਉਨ੍ਹਾਂ ਦਾ ਗਾਇਨ ਕਰਨਾ ਚਾਹੀਏ, ਗੁਣ ਗਾਣਾ ਹੀ ਸਿਫਤ ਸਾਲਾਹ ਹੈ।

ਗੁਣ ਗਾਵਾ ਦਿਨੁ ਰਾਤ ਨਾਨਕ ਚਾਉ ਏਹੁ ॥

[ਸੂਹੀ ਮਹਲਾ ੫

ਹੁਣ ਗੁਣਾਂ ਦਾ ਅਰਥ ਚਲਦਾ ਹੈ। ਵਾਹਿਗੁਰੂ ਵਿਚ ਅਨੰਤ ਗੁਣ ਹਨ ਤੇ ਉਸ ਦੀ ਅੰਸ਼ ਮਾਈ ਭਾਈ ਸੰਸਾਰ ਵਿਚ ਹਨ ।

ਸਭ ਗੁਣ ਕਿਸਹੀ ਨਾਹਿ ਹਰਿ ਪੂਰ ਭੰਡਾਰੀਆ ॥

[ਗਉੜੀ ਮਾਝ ਮਹਲਾ ਪ, ਪੰਨਾ ੨੪੧

ਅਮੁਲੁ ਬਖ਼ਸੀਸ ਅਮੁਲੁ ਨੀਸਾਣੁ ॥

ਨੀਸਾਣੁ=ਬਖਸ਼ਿਆ ਹੋਇਆ, ਭਾਵ ਬਖਸ਼ਿਸ਼ ਦਾ ਚਿੰਨ੍ਹ ਤੇ ਤੇ ਨਿਸ਼ਾਨ ਬ੍ਰਹਮ ਵਿਦਿਆ ਦਾ ਸ਼ ਰਵਣ ਤੇ ਨਾਮ ਜੋ ਹੈ ਇਸ ਤੋਂ ਉੱਚੀ ਬਖਸ਼ੀਸ਼ ਹੋਰ ਕੋਈ ਨਹੀਂ :

ਗੁਣਾਂ ਦੀ ਵੰਡ :—

(੧) ਮੈਤਰੀ, (੨) ਮੁਦਤਾ, (੩) ਉਪੇਖਸ਼ਾ, (੪) ਕਰੁਣਾ, ਈਸ਼ੁਰ ਗੁਣ, (ਅਰਸ਼ੀ ਗੁਣ), ਦੈਵੀ ਗੁਣ ਇਹ ਅਰਸ਼ੀ ਗੁਣਾਂ ਦੀਆਂ ਸ਼ਾਖਾਂ ਹਨ । ਇਨ੍ਹਾਂ ਗੁਣਾਂ ਵਿਚ ਭਾਵ ਪ੍ਰੇਮ ਕਰਨਾ ਅਮੁੱਲ ਹੈ, ਫਿਰ ਜੋ ਇਸ ਪ੍ਰੇਮ ਵਿਚ ਅਨੰਦ ਪ੍ਰਾਪਤ ਹੁੰਦਾ ਹੈ ਉਹ ਅਮੁੱਲ ਹੈ ।

ਅਮੁਲੁ ਧਰਮੁ ਅਮੁਲੁ ਦੀਬਾਨੁ ॥

ਸਿਖ ਦਾ ਧਰਮ ?—

ਗੁਰ ਕੈ ਗਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥

ਪੁਨਾ:—ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ [ਸੁਖਮਨੀ, ਪੰਨਾ ੨੮੬

ਸਤਿਗੁਰ ਦਾ ?—

ਸਤਿਗੁਰ ਸਿਖ ਕਉ ਨਾਮ ਧਨ ਦੇਇ ॥

ਦੀਬਾਨ=ਸਭਾ, ਜਿਥੇ ਸਤਿਗੁਰ, ਸੰਤ ਤੇ ਸਿਖ ਬੈਠਦੇ ਹਨ ।

ਸਾਂ ਧਰਤੀ ਭਈ ਹਰੀਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
[ਵਾਰ ਗਉੜੀ ਮਹਲਾ ੪, ਪੰਨਾ ੩੧੦

ਸੋ ਇਹ ਦੋਹਾਂ ਦੇ ਧਰਮ ਤੇ ਸਤਿਸੰਗ ਦੀ ਸਭਾ ਇਹ ਸਭ ਅਮੁੱਲ ਹਨ ।

ਅਮੁਲੁ ਤੁਲੁ ਅਮੁਲੁ ਪਰਵਾਣੁ ॥

ਇਥੇ ਬੁਧੀ ਹੀ ਤੁਲੁ (ਤਰਾਜ਼ੂ) ਹੈ । ਬੁਧੀ ਤਦ ਹੀ ਸਫਲ ਹੈ ਜਦ ਕਿ ਇਹ ਵਾਹਿਗੁਰੂ ਦਾ ਨਾਮ ਤੋਲਦੀ ਹੈ । ਪਰਵਾਣੁ=ਵੱਟਾ । ਇਥੇ ਭਾਵ ਵੀਚਾਰ ਹੈ । ਇਹ ਵੀ ਅਮੁੱਲ ਹੈ ।

ਅਮੁਲੁ ਬਖਸੀਸ ਅਮੁਲੁ ਨੀਸਾਣੁ ॥

ਇਸ ਬੁਧੀ ਦੇ ਨਾਲ ਵਾਹਿਗੁਰੂ ਦੇ ਨਾਮ ਦਾ ਵਿਚਾਰ ਕਰਨ

ਤੋਂ ਬਖ਼ਸ਼ੀਸ਼ ਹੁੰਦੀ ਹੈ, ਫਿਰ ਜੋ ਇਸ ਤੋਂ ਨੀਸਾਣ, ਚਿੰਨ੍ਹ, ਸਰਟੀ-
ਫੀਕੇਟ ਮਿਲਦਾ ਹੈ ਯਾ ਪ੍ਰਵਾਨਾ, ਅਮੁੱਲ ਹੈ, ਦੁਰਲੱਭ ਹੈ :—

ਜਾਕਉ ਅਪੁਨਾ ਕਰੈ ਬਖਸੀਸ ॥
ਤਾਕਾ ਲੇਖਾ ਨ ਗਨੈ ਜਗਦੀਸ ॥ [ਸੁਖਮਨੀ, ਪੰਨਾ ੨੭੭
ਅਮੁਲੁ ਕਰਮੁ ਅਮੁਲੁ ਫੁਰਮਾਣ ॥

ਕਰਮ ਦੋ ਕਿਸਮ ਦੇ ਹਨ :—

(੧) ਸੁਕਲ ਕਰਮ । ਪੁੰਨ ਕਰਮ=ਜੋ ਜੀਵ ਇਹ ਕਰਮ ਕਰਦੇ ਹਨ ਉਹ ਸਦਾ ਸਨਮੁਖ ਰਹਿੰਦੇ ਹਨ; ਜੇ ਕਿਧਰੇ ਡਿਗਦੇ ਹਨ ਤਾਂ ਸਤਿਸੰਗ ਕਢ ਲੈਂਦਾ ਹੈ ।

ਦੂਸ਼ਨ ਕਰਮ = ਪਾਪ ਕਰਮ ।

ਰਹਿਮਤ ਵਾਹਿਗੁਰੂ ਦੀ ਤੇ ਸਿਖ ਦੇ ਕਰਮ ਤੇ ਸਤਿਗੁਰੂ ਜੀ ਦਾ ਕਰਮ = ਬਖ਼ਸ਼ੀਸ਼ ਹੁੰਦੀ ਹੈ ਝੁਠਣ ਨਾਲ । ਕਰਮ ਹੁੰਦਾ ਹੈ ਦਇਆ ਨਾਲ । ਵਾਹਿਗੁਰੂ ਦੀ ਰਹਿਮਤ ਵੀ ਅਮੁੱਲ ਤੇ ਉਸ ਦਾ ਹੁਕਮਨਾਮਾ ਵੀ ਅਮੁੱਲ ਹੈ ।

ਅਮੁਲੋ ਅਮੁਲੁ ਆਖਿਆ ਨ ਜਾਇ ॥

ਅਮੁੱਲ ਆਖਕੇ ਭੀ ਅੱਗੇ ਅਮੁੱਲ ਹੈ ਤੇ ਕੀਮਤ ਆਖੀ ਹੀ ਨਹੀਂ ਜਾ ਸਕਦੀ, ਜਿਸ ਵਾਹਿਗੁਰੂ ਦੇ ਗੁਣਾਂ ਦੇ ਵਾਪਾਰੀ ਤੇ ਗੁਣ ਤੇ ਬਖ਼ਸ਼ੀਸ਼ ਤੇ ਰਹਿਮਤ ਇਤਨੀ ਅਮੁੱਲ ਹੈ ਉਹ ਆਪ ਵੀ ਅਮੁੱਲ ਹੈ, ਜਿਸ ਦੀ ਸਮੱਗਰੀ ਜੋ ਉਪਰ ਵਰਣਨ ਕੀਤੀ ਹੈ, ਉਹ ਵੀ ਅਮੋਲਕ ਹੈ ਤੇ ਆਖਿਆ ਨਹੀਂ ਜਾ ਸਕਦਾ ।

ਆਖਿ ਆਖਿ ਰਹੇ ਲਿਵ ਲਾਇ ॥

(੧) ਧਿਆਨ (ਲਗਾਤਾਰ) ਬਿਰਤੀਆਂ ਦੀ ਸੰਕੋਚਤਾ ਨਾਲ, (੨) ਪ੍ਰੇਮ, (੩) ਸ਼ਰਧਾ. (੪) ਉਤਸ਼ਾਹ । ਇਹ ਚਾਰ ਚੀਜ਼ਾਂ ਇਕੱਠੀਆਂ ਹੋਣ ਤਾਂ ਲਿਵ ਲਗਣੀ ਆਖਦੇ ਹਨ ।

ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥

[ਮਾਰੂ ਰਵਿਦਾਸ ਜੀ, ਪੰਨਾ ੧੧੦੬

ਜੋ ਸੰਤ ਉਸ ਦੀ ਉਸਤਤੀ ਤੇ ਗੁਣਾਂ ਨੂੰ ਗਾਇਨ ਕਰਦੇ ਹਨ ਤੇ ਆਖਦੇ ਹਨ, ਉਹ ਆਖਦੇ ਆਖਦੇ ਵਿਚ ਹੀ ਲੀਨ ਹੋ ਜਾਂਦੇ ਹਨ ਯਾ ਮਠ ਤੇ ਬਾਣੀ ਨਾਲ ਆਖ ਆਖਕੇ ਲਿਵ ਲਗਾ ਬੈਠਦੇ ਹਨ, ਉਹਨੂੰ—

ਕਬੀਰ ਜਾਕਉ ਖੋਜਤੇ ਪਾਇਓ ਸੋਈ ਠਉਰੁ ॥
ਸੋਈ ਫਿਰਿਕੈ ਤੂ ਭਇਆ ਜਾਕਉ ਕਹਤਾ ਅਉਰੁ ॥

[ਸਲੋਕ ਕਬੀਰ ਜੀ, ਪੰਨਾ ੧੩੬੯

ਹੁਣ ਦੱਸਦੇ ਹਨ ਕਿ ਜਦ ਮਹਾਂ ਪੁਰਸ਼ ਲਿਵ ਤੋਂ ਉਥਾਨ ਹੋਏ।

ਚਲੀ ਲੂਨ ਕੀ ਪੂਤਰੀ ਥਾਹ ਸਿੰਧ ਕੀ ਲੈਨ।

ਮਹਾਰਾਜ! ਜਦ ਕਥਨ ਕਰਨ ਵਾਲੇ ਵਿਚ ਹੀ ਲੀਨ ਹੋ ਗਏ ਤਾਂ ਫਿਰ ਉਸ ਦਾ ਕਥਨ ਸੁਣਾਏਗਾ ਕੌਣ ? ਬਾਬਾ ਜੀ ਜਵਾਬ ਬਖਸ਼ਦੇ ਹਨ ਕਿ ਭਾਈ ਸੁਨਾਉਣ ਵਾਲੇ ਭੀ ਬਹੁਤ ਹਨ :—

ਆਖਹਿ ਵੇਦ ਪਾਠ ਪੁਰਾਣ ॥

ਉਸ ਵਾਹਿਗੁਰੂ ਦਾ ਵੇਦ (ਗਿਆਨ ਕਰਦੇ ਹਨ), ਵੇਦ ਦੇ ਪਾਠ ਤੇ ਪੁਰਾਣਾਂ ਦੇ ਪਾਠੀ ਵੀ ਉਸ ਦਾ ਬਿਆਨ ਕਰਦੇ ਹਨ। ਵੇਦ ਦੇ ਪਾਠੀ (ਪਾਠ ਕਰਨ ਵਾਲੇ) ਨੂੰ ਪੰਜ ਗੱਲਾਂ ਦਾ ਧਿਆਨ ਕਰਨਾ ਚਾਹੀਦਾ ਹੈ :—

(੧) ਵਰਨ ਭਾਵ—ਸ਼ੁਧ ਪਾਠ ਲਗ ਮਾਤ੍ਰ ਸੋਧਕੇ।

(੨) ਅਰਥ ਸ਼ੁਧੀ—ਅਰਥ ਦਾ ਗਿਆਨ ਜ਼ਰੂਰ ਚਾਹੀਦਾ ਹੈ। ਪਾਠ ਕਰਨ ਦਾ ਫਲ ਵੀ ਇਹ ਹੈ ਕਿ ਅਰਥ ਆਂਦਾ ਹੋਵੇ।

(੩) ਤਾਲਾ ਯਾ ਸੁਰ ਦੀ ਸ਼ੁਧੀ—ਜਿਸ ਮੰਤ੍ਰ ਨਾਲ ਜੋ ਸੁਰ ਲਿਖੀ ਹੈ ਉਸੇ ਸੁਰ ਵਿਚ ਪਾਠ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਮਹਲਾ ੫ ਘਰੁ ੯' ਘਰੁ ਜੋ ਹੈ ਇਸਦਾ ਮਤਲਬ ਸੁਰ ਹੀ ਹੈ।

(੪) ਰਿਸ਼ੀ ਦਾ ਗਿਆਨ:—ਜਿਸ ਦਾ ਮਤਲਬ ਇਹ ਹੈ ਕਿ ਹੇਠ ਲਿਖਿਆ ਮੰਤ੍ਰ ਕਿਸ ਨੂੰ ਸਫੁਰ ਹੋਇਆ, ਅਸਾਡੇ ਬਾਬਾ ਜੀ ਵਿਚ ਵੀ ਹੈ ਕਿ 'ਸੋਰਠ ਮਹਲਾ ੫' ਕਿ ਪੰਜਵੇਂ ਪੰਨ ਗੁਰੂ ਨਾਨਕ

ਉਤਰਿਆ ਹੈ ।

(੫) ਇਸ਼ਟ ਦੇਵਤਾ—ਮੰਤ੍ਰ ਜਿਸ ਦਾ ਹੈ, ਉਸ ਦਾ ਧਿਆਨ ਧਾਰਕੇ ਮੰਤ੍ਰ ਗਾਇਨ ਕਰਨਾ ।

ਏਕ ਰੂਪ ਤ੍ਰੈਗੁਣ ਤੇ ਪਰੇ ॥
ਨੇਤ ਨੇਤ ਜਿਹ ਬੇਦ ਉਚਰੇ ॥

ਹੇ ਪ੍ਰਭੂ ! ਮੈਂ ਪਾਠ ਕਰਨ ਲਗਾ ਹਾਂ, ਜੋ ਮੈਂ ਪਾਠ ਕਰਾਂ ਉਹ ਮੇਰੀ ਰਹਿਣੀ ਵਿਚ ਆਵੇ । ਯਾ ਉਹ ਵਾਹਿਗੁਰੂ ਦੀ ਮਹਿਮਾਂ ਕਰਦੇ ਹਨ, ਫਿਰ ਵੇਦ ਪਾਠੀ ਤੇ ਪੁਰਾਣ ਪਾਠੀ ਪੜ੍ਹਦੇ ਹਨ, ਪਾਠ ਕਰਦੇ ਹਨ ਤੇ ਫਿਰ ਵਖਿਆਨ ਕਰਦੇ ਹਨ, ਜੋ ਇਹ ਕੰਮ ਕਰਦੇ ਹਨ ਉਹ ਵੀ ਆਪ ਦੀ ਮਹਿਮਾਂ ਆਖਦੇ ਹਨ ।

ਆਖਹਿ ਪੜੇ ਕਰਹਿ ਵਖਿਆਣ ॥

ਜੋ ਪੜੇ ਹੋਏ ਹਨ ਭਾਵ ਪੰਡਤ, ਤੇ ਜੋ ਪੜ੍ਹ ਰਹੇ ਹਨ ਭਾਵ ਵਿਦਿਆਰਥੀ, ਸੋ ਦੋਵੇਂ ਉਸ ਵਾਹਿਗੁਰੂ ਜੀ ਦੀ ਮਹਿਮਾਂ ਆਖ ਰਹੇ ਹਨ ਤੇ ਵਖਿਆਨ = ਕਥਾ ਕਰਦੇ ਹਨ ।

ਆਖਹਿ ਬਰਮੇ ਆਖਹਿ ਇੰਦ ॥

ਬਰਮਾ ਜੀ ਮਹਾਰਾਜ ਵੀ ਆਪ ਦੀ ਉਸਤੂਤੀ ਕਰਦੇ ਹਨ। ਬ੍ਰਹਮਾ ਇਕ ਦੇਵਤਾ ਹੈ ਜਿਸ ਦੇ ਸਤ ਅਵਤਾਰ ਹੋਏ ਹਨ ਤੇ ਜਿਸ ਦਾ ਕਰਮ ਜਗਤ ਦੀ ਉਤਪਤੀ ਹੈ, ਸੋ, ਬ੍ਰਹਮਾ ਜੀ ਪ੍ਰਤੱਖ ਕਰਕੇ 'ਹੰਸ' ਜੀ ਮਹਾਰਾਜ ਦੇ ਪ੍ਰਸੰਗ ਵਾਂਗ 'ਖੀਰ ਤੇ ਨੀਰ' ਨੂੰ ਵਖ ਕਰਕੇ ਉਸ ਦੀ ਉਸਤਤੀ ਕਰਦੇ ਹਨ । ਹੇ ਵਾਹਿਗੁਰੂ ਜੀ! ਦੇਵਤਿਆਂ ਦੇ ਰਾਜਾ ਇੰਦਰ ਭੀ ਆਪ ਦੀ ਮਹਿਮਾਂ ਗਾਂਦੇ ਹਨ ।

ਬ੍ਰਹਮੇ ਉਸ ਵਾਹਿਗੁਰੂ ਦਾ ਯਸ ਕਥਨ ਕਰਦੇ ਹਨ । ਇੰਦਰ ਦੇਵਤਾ ਜਿਸ ਦੇ ਹੁਕਮ ਵਿਚ ੯੬ ਕਰੋੜ ਬੱਦਲ ਹਨ, ਉਹ ਭੀ ਆਪ ਦਾ ਯਸ ਕਰ ਰਹੇ ਹਨ ।

ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ ॥

ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥

[ਗੂਜਰੀ ਕੀ ਵਾਰ ਮਹਲਾ ੫, ਪੰਨਾ ੫੧੮

ਆਖਹਿ ਗੋਪੀ ਤੇ ਗੋਵਿੰਦ ॥

ਗੋਪੀਆਂ ਤੇ ਗੋਵਿੰਦ ਭ ਵ ਕ੍ਰਿਸ਼ਨ ਜੀ ਮਹਾਰਾਜ ਆਪ ਦਾ ਜਸ਼ ਕਥਨ ਕਰ ਰਹੇ ਹਨ।

ਆਖਹਿ ਈਸਰ ਆਖਹਿ ਸਿਧ ॥

ਈਸ਼ਰ ਭਾਵ ਸ਼ਿਵ ਸ਼ੰਕਰ ਭੋਲਾ ਤੇ ਸਿਧਾਂ ਦੀਆਂ ਮੰਡਲੀਆਂ ਆਪ ਦਾ ਜਸ ਕਥਨ ਕਰ ਰਹੇ ਹਨ।

ਆਖਹਿ ਕੇਤੇ ਕੀਤੇ ਬੁਧ ॥

ਜਿਤਨੇ ਬੁਧਿਵਾਨ (ਬੁਧੀ ਵਾਲੇ) ਜੋ ਆਪ ਨੇ ਕੀਤੇ ਜਾਂ ਬਣਾਏ ਹਨ ਆਪ ਦਾ ਜਸ ਕਰ ਰਹੇ ਹਨ। ਦੂਜਾ ਭਾਵ ਬੁਧ ਅਦਿਕ ਜੋ ੯ ਗ੍ਰਹ ਹਨ (ਅਕਾਸ਼ ਵਿਚ ਤਾਰੇ) ਉਹ ਵੀ ਆਪ ਦਾ ਜਸ਼ ਗਾ ਰਹੇ ਹਨ।

ਆਖਹਿ ਦਾਨਵ ਆਖਹਿ ਦੇਵ ॥

ਦਾਨਵ=ਦੈਂਤ, ਭਗਤ ਪ੍ਰਹਿਲਾਦ ਜੀ ਦੈਂਤਾਂ ਦੀ ਕੁਲ ਵਿਚੋਂ ਹੀ ਸਨ ਤੇ ਭਬੀਖਨ ਜੀ ਵੀ ਤਾਂ ਦੈਂਤਾਂ ਦੀ ਕੁਲ ਵਿਚੋਂ ਸਨ; ਇਹ ਸਭ ਦੈਂਤ ਤੇ ਦੇਵਤੇ ਆਪ ਦਾ ਜਸ ਕਰ ਰਹੇ ਹਨ।

ਆਖਹਿ ਸੁਰਿ ਨਰ ਮੁਨਿ ਜਨ ਸੇਵ ॥

ਦੇਵ ਉਹ ਹਨ ਜੋ ਵਾਹਿਗੁਰੂ ਜੀ ਨੇ ਪਹਿਲੇ ਤੋਂ ਨੂਰੀ ਬਣਾਏ ਤੇ ਸੁਰ ਉਹ ਜੋ ਮਨੁਖ ਤੋਂ ਤਰੱਕੀ ਕਰਕੇ ਦੇਵਤੇ ਦੀ ਪਦਵੀ ਨੂੰ ਪਹੁੰਚੇ। ਸੁਰ ਭਾਵ ਪੁੰਨੀ ਆਤਮਾ। ਸੁਰ ਆਦਮੀ ਮੁਨ (ਜੋ ਆਪ ਧਰਮ ਪਰ ਚਲਦੇ ਹੈਨ ਅਰ ਲੋਕਾਂ ਨੂੰ ਉਪਦੇਸ਼ ਦਿੰਦੇ ਹਨ) ਜਨ (ਭਗਤ) ਤੇ ਸੇਵਾ ਸੰਮਤੀ ਵਾਲੇ ਆਪ ਦਾ ਯਸ ਕਥਨ ਕਰ ਰਹੇ ਹਨ।

ਕੇਤੇ ਆਖਹਿ ਆਖਣਿ ਪਾਹਿ ॥

ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

ਕਈ ਕਥਨ ਕਰਦੇ ਆਏ ਹਨ ਤੇ ਕਿਤਨੇ ਕਥਨ ਕਰਨ

ਵਿਚ ਪ੍ਰਵੇਸ਼ ਕਰ ਰਹੇ ਹਨ ਤੇ ਕਿਤਨੇ ਹੀ ਯਸ ਕਰਦੇ ਕਰਦੇ ਉਠ ਕੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ; ਪਰ ਇਹ ਯਸ਼ ਤੇ ਨਾਮ ਉਹਨਾਂ ਦੇ ਨਾਲ ਹੀ ਜਾਂਦਾ ਹੈ।

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥

[ਧਨਾਸਰੀ ਮਹਲਾ ੫, ਪੰਨਾ ੬੭੫

ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥
ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤਹੀ ਨ ਜਾਵੈ ॥

[ਗਉੜੀ ਕਬੀਰ ਜੀ, ਪੰਨਾ ੩੩੬

ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥

ਏਤੇ ਭਾਵ ਜਿਤਨੇ ਮੈਂ ਗਿਣੇ ਹਨ ਤੇ ਆਪ ਦੇ ਕੀਤੇ ਹਨ, ਜੇ ਇਤਨੇ ਹੋਰ ਵੀ ਕਰ ਦੇਵੇਂ ਤਾਂ ਵੀ, ਹੇ ਮੇਰੇ ਵਾਹਿਗੁਰੂ ਜੀ! ਆਪ ਦਾ ਜਸ ਵਰਣਨ ਨਹੀਂ ਕਰ ਸਕਦੇ।

ਬੇਅੰਤ ਬੇਅੰਤ ਬੇਅੰਤ ਕੋ ਕਰੰਤ ਪਾਠ ਪੇਖੀਐ ॥

[ਦਸਮ ਪਾਤਸ਼ਾਹ ਜੀ

ਜੇ ਇਤਨੀਆਂ ਸ੍ਰਿਸ਼ਟੀਆਂ ਹੋਰ ਵੀ ਹੋ ਜਾਣ ਤਾਂ ਵੀ ਆਪ ਵਰਣਨ ਤੋਂ ਬਾਹਰ ਹੋ ਤੇ ਨਹੀਂ ਕੋਈ ਕਥਨ ਕਰ ਸਕਦਾ ਕਿ ਆਪ ਕਿਤਨੇ ਕੁ ਹੋ।

ਪ੍ਰਸ਼ਨ ਹੁੰਦਾ ਹੈ: ਮਹਾਰਾਜ ! ਜੇ ਇਤਨੇ ਹੋਰ ਉਹ ਕਰ ਦੇਵੇ ਤਾਂ ਉਹ ਘਟੇਗਾ ਨਹੀਂ ਤੇ ਵਰਣਨ ਵਿਚ ਨਹੀਂ ਆ ਜਾਵੇਗਾ?

ਜੇਵਡੁ ਭਾਵੈ ਤੇਵਡੁ ਹੋਇ ॥

ਹੁਕਮ ਕੀਤਾ: ਭਾਈ! ਉਹ ਜਿਤਨਾ ਵਡਾ ਆਪ ਨੂੰ ਕਰਨਾ ਚਾਹੇ ਉਤਨਾ ਹੀ ਵਡਾ ਹੋ ਜਾਂਦਾ ਹੈ। ਸਿੱਧਾਂਤ ਏਹ ਹੋਇਆ: ਉਹ ਸਚਾ ਵਾਹਿਗੁਰੂ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ।

ਜੇਕੋ ਆਖੈ ਬੋਲੁ ਵਿਗਾੜੁ ॥

ਤਾ ਲਿਖੀਐ ਸਿਰਿ ਗਾਵਾਰਾ ਗਾਵਾਰ ॥

ਜੇ ਕੋਈ ਬੋਲੀ ਵਿਗਾੜ ਕੇ ਆਖੇ ਕਿ ਅਸੀਂ ਕਿਉਂ ਨਹੀਂ ਆਖ ਸਕਦੇ, ਕਦੀ ਹੋ ਸਕਦਾ ਹੈ ਕਿ ਉਹ ਵਰਣਨ ਵਿਚ ਨਾ ਆ ਸਕੇ ? ਤਾਂ ਮਹਾਰਾਜ ਫੁਰਮਾਉਂਦੇ ਹਨ ਉਸ ਨੂੰ ਮੂਰਖਾਂ ਤੋਂ ਵੀ ਵਡੇ ਮੂਰਖਾਂ ਵਿਚ ਸ਼ਾਮਲ ਕੀਤਾ ਜਾਏਗਾ, ਭਾਵ ਉਹ ਮੂਰਖਾਂ ਤੋਂ ਵੀ ਵਡਾ ਮੂਰਖ ਹੈ ਤੇ ਉਹ ਬਾਦ ਵਿਚ ਪਛੁਤਾਏਗਾ। ਬੋਲ ਵਿਗਾੜ = ਵਿਗਾੜ ਵਾਲੀ ਬੋਲੀ ਭਾਵ ਗਾਲ੍ਹਾਂ ਤੇ ਮੰਦੀਆਂ ਗਲ੍ਹਾਂ। ਜੇ ਆਦਮੀ ਵਾਹਿਗੁਰੂ ਸਿਮਰਨ ਦੀ ਥਾਂ ਵਿਗਾੜ ਵਾਲੀਆਂ ਬੋਲੀਆਂ ਵਿਚ ਜੀਭ ਨੂੰ ਲਾ ਦੇਂਦਾ ਹੈ ਉਹ ਮੂਰਖਾਂ ਸਿਰ ਮੂਰਖ ਹੈ।

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਹਿ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥

ਗਾਵਨਿ ਜਤੀ ਸਤੀ ਸੰਤੋਖੀ ਗਾਵਨਿ ਵੀਰ
ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ
ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ
ਰਤਨ ਉਪਾਏ ਤੇਰੇ ਅਠਸਠਿ ਤੀਰਥਿ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ
ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ
ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਹਿ ਜੋ
ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਵੀਚਾਰੇ ॥ ਸੋਈ ਸੋਈ ਸਦਾ
ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ
ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ
ਮਾਇਆ ਜਿਨਿ ਉਪਾਈ ॥ ਕਰਿ ਕਰਿਵੇਖੈ
ਕੀਤਾ ਆਪਣਾ ਜਿਵ ਤਿਸਦੀ ਵਡਿਆਈ ॥
ਸੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ

ਸਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥

ਸੋਦਰ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਥਾਵਾਂ ਤੇ ਹੈ: ਪਹਿਲਾ ਜਪੁਜੀ ਸਾਹਿਬ ਵਿਚ, ਦੂਸਰਾ ਸਰੂਪ ਸ੍ਰੀ ਰਹਿਰਾਸ ਸਾਹਿਬ ਜੀ ਵਿਚ ਤੇ ਤੀਸਰਾ ਸਰੂਪ ਸੋਦਰ ਰਾਗ ਆਸਾ ਵਿਚ ਦਰਸ਼ਨ ਦੇ ਰਿਹਾ ਹੈ। ਇਹ ਸੋਦਰ ਧਿਆਨ ਰੂਪ-ਭਗਤੀ ਰੂਪ ਹੈ। ਚੂੰਕਿ ਇਹ ਸੋਦਰ ਮੰਤ੍ਰ ਵਿਚ ਹੈ ਇਸ ਲਈ ਧਿਆਨ ਮਯ ਹੈ ਦੂਸਰਾ ਤੇ ਤੀਸਰਾ ਰਹਿਰਾਸ ਜੀ ਵਿਚ ਤੇ ਆਸਾ ਰਾਗ ਵਿਚ ਅਪੇਖਸ਼ ਰੂਪ ਭਾਵ ਪ੍ਰਤੱਖ ਹੈ।

ਹੇ ਮੇਰੇ ਵਾਹਿਗੁਰੂ ਜੀ ! ਉਹ ਆਪ ਦਾ ਦਰਵਾਜ਼ਾ ਤੇ ਘਰ ਕੇਹੋ ਜੇਹਾ ਹੈ ? ਹੇ ਮੇਰੇ ਸੱਚੇ ਪਾਤਸ਼ਾਹ ! ਆਪ ਦਾ ਦਰ ਕੇਹੋ ਜੇਹਾ ਹੋਸੀ ? (ਵਿਸਮਾਦ) ਭਾਵ ਕਮਾਲ ਤੇ ਅਚਰਜ ਹੀ ਹੋਸੀ ! ਆਪ ਦਾ ਦਰ ਕੈਸਾ ਅਚਰਜ ਹੈ ? ਤੇ ਘਰ ਕੈਸਾ ਅਚਰਜ ਹੈ ? ਹੁਣ ਘਰ ਦਾ ਵਰਣਨ ਕਰਦੇ ਹਨ ਕਿ ਹੇ ਮੇਰੇ ਪਾਤਸ਼ਾਹ ਜੀ ! ਜਿਸ ਘਰ ਵਿਚ ਆਪ ਬੈਠ ਕਰ ਸਰਬ ਬ੍ਰਹਮੰਡਾਂ ਦੀ ਸੰਭਾਲਣਾ ਕਰ ਰਹੇ ਹੋ।

ਜਿਸਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥

[ ਰਾਮਕਲੀ ਮਹਲਾ ੧, ਪੰਨਾ ੮੭੭

ਉਸ ਦਾ ਦਰ ਕਿਹੜਾ ਹੈ ? 'ਸਤਿ ਸੰਗ' ਤੇ ਘਰ ਕਿਹੜਾ ਹੈ ? 'ਸਚ ਖੰਡ'।

ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥

[ ਵਾਰ ਆਸਾ ਮਹਲਾ ੧, ਪੰਨਾ ੪੬੭

ਉਸ ਦਰ ਤੇ ਅਸੰਖ ਵਾਜੇ ਹਨ ਤੇ ਅਨੇਕ ਕਿਸਮ ਦੀਆਂ ਧੁਨੀਆਂ ਹਨ, ਭਾਵ ਅਵਾਜ਼ਾਂ ਹਨ ਤੇ ਕਿਤਨੇ ਹੀ ਵਾਵਣਹਾਰੇ (ਵਜਾਵਣ ਵਾਲੇ) ਹਨ। 'ਅਨੇਕ', 'ਅਸੰਖ' ਤੇ 'ਕੇਤੇ' ਵੀ ਤਿੰਨ, ਅਖਰ ਹਨ ਤੇ ਵਾਜੇ, ਧੁਨੀਆਂ ਤੇ ਵਾਵਣਹਾਰੇ ਵੀ ਤਿੰਨ ਹਨ,

ਆਪਸ ਵਿਚ ਇਨ੍ਹਾਂ ਦਾ ਸੰਬੰਧ ਹੈ। ਪਿੰਡ ਦੇ ਬ੍ਰਹਮੰਡ ਵਿਚ ਕੀ ਅਰਥ ਲਾਉਂਦੇ ਹਨ:—

ਪਿੰਡ ਸਰੀਰ ਵਿਚ—ਦਰ=ਸੁਖਮਨ ਨਾੜੀ ਤੇ ਹਿਰਦੇ ਵੀ ਹੈ:—

(੧) ਜੋਗੀਆਂ ਲਈ-ਸੁਖਮਨਾ।

(੨) ਗਿਆਨੀਆਂ ਲਈ-ਹਿਰਦਾ।

ਹਿਰਦਾ ਕਵਲ ਫੁਲ ਹੈ ਤੇ ਇਸ ਦੀਆਂ ਪੰਖੜੀਆਂ ਬਾਰਾਂ (੧੨) ਹਨ। ਪ ਛਿਦ੍ ਖੁਲੇ ਹਨ ਤੇ ਇਕ ਬੰਦ ਹੈ। ਜਿਨ੍ਹਾਂ ਸਿਮਰਨ ਤੇ ਭਗਤੀ ਕੀਤੀ ਹੈ ਉਨ੍ਹਾਂ ਦਾ ਹਿਰਦਾ ਉਲਟੇ ਕਵਲ ਤੋਂ ਸਿੱਧਾ ਹੋ ਜਾਂਦਾ ਹੈ 'ਚਾਰਿ ਪਦਾਰਥ ਕਮਲ ਪ੍ਰਗਾਸ'॥ ਇਸ ਕਵਲ ਵਿਚ ਇਕ ਡੋਡੀ ਹੈ, ਉਸ ਵਿਚ ਸੁਗੰਧੀ ਹੈ, ਵਿਚ ਸ੍ਰੀ ਵਾਹਿਗੁਰੂ ਜੀ ਬੈਠੇ ਹਨ:

'ਬੁਧ ਵਾਰਿ ਬੁਧਿ ਕਰੈ ਪ੍ਰਗਾਸ॥
ਹਿਰਦੈ ਕਮਲ ਮਹਿ ਹਰਿ ਕਾ ਬਾਸ॥

[ਗਉੜੀ ਕਬੀਰ ਜੀ, ਪੰਨਾ ੩੪੪

ਜੋਗੀ ਲੋਕ:—

ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥

[ ਵਾਰ ਮਲਾਰ ਮਹਲਾ ੧, ਪੰਨਾ ੧੨੯੧

ਉਹ ਸੁਖਮਨ ਨਾੜੀ ਵਿਚ ਪ੍ਰਵੇਸ਼ ਕਰਦੇ ਹਨ :—

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

[ ਧਨਾਸਰੀ ਭਗਤ ਪੀਪਾ, ਪੰਨਾ ੬੯੫

| ਬ੍ਰਹਮੰਡ ਵਿਚ | ਪਿੰਡ ਵਿਚ |
|---|---|
| (੧) ਦਰ-ਸਤਿਸੰਗ। | ਹਿਰਦਾ ਯਾ ਤ੍ਰਿਕੁਟੀ। |
| (੨) ਘਰ-ਸਚਖੰਡ। | ਦਸਮ ਦੁਆਰ। |

ਹਿਰਦੇ ਕਵਲ ਦੇ ਦੋ ਦਰਵਾਜ਼ੇ ਹਨ: ਇਕ ਤਾਂ ਦੇਵ ਲੋਕ ਦੀ ਤਰਫ ਹੈ ਉਹ ਬੰਦ ਹੈ, ਦੂਜਾ ਸੰਸਾਰ ਦੀ ਤਰਫ ਹੈ ਉਹ ਖੁੱਲਾ ਹੈ, ਕਿਉਂਕਿ ਜਦ ਬੱਚਾ ਜੰਮਦਾ ਹੈ, ਅੱਖੀਆਂ ਖੋਲਦਾ ਹੈ, ਰੋਂਦਾ ਹੈ

ਪਰ ਇਹ ਗ਼ਮ ਮਾਂ ਦੇ ਪੇਟ ਵਿਚ ਨਹੀਂ ਸੀ। ਇਸੇ ਤਰ੍ਹਾਂ ਜਦ ਕੋਈ ਮਹਾਂ ਪੁਰਸ਼ ਨਾਮ ਵਿਚ, ਧਿਆਨ ਵਿਚ ਜੁੜ ਕੇ ਲਿਵ ਵਿਚ ਲੱਗ ਜਾਂਦਾ ਹੈ ਤਾਂ ਦੂਜਾ ਦਰ ਦੇਵ ਲੋਕ ਵਾਲਾ ਖੁੱਲ੍ਹ ਜਾਂਦਾ ਹੈ:—

ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ ॥

[ਕੇਦਾਰਾ ਕਬੀਰ ਜੀ, ਪੰਨਾ ੧੧੨੩

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥

[ਰਾਮ: ਅਨੰ:, ਪੰਨਾ ੯੨੨

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥

ਹੇ ਮੇਰੇ ਵਾਹਿਗੁਰੂ! ਸਚੇ ਪਾਤਸ਼ਾਹ ਜੀ! ਹੇ ਸਰਬ ਬ੍ਰਹਮੰਡਾਂ ਦੇ ਕਰਤਾ ਜੀ! ਆਪ ਦੇ ਦੁਆਰੇ ਕਿਤਨੇ ਹੀ ਰਾਗ ਹਨ ਜੋ ਕਿ ਆਪਣੀਆਂ ਪਰੀਆਂ (ਰਾਗਣੀਆਂ) ਸਮੇਤ ਹਨ ਅਤੇ ਕਿਤਨੇ ਹੀ ਉਥੇ ਗਵੱਯੇ ਗਾਵਨ ਵਾਲੇ ਹਨ, ਆਪ ਨੂੰ ਗਾਂਵਦੇ ਹਨ। ਪਉਣੁ, ਪਾਣੀ ਤੇ ਬੈਸੰਤਰ ਸਭ ਆਪ ਦਾ ਕੀਰਤਨ ਕਰ ਰਹੇ ਹਨ ਤੇ ਨਾਲ ਸਾਰੇ ਜੀਵਾਂ ਦੇ ਕਰਮ ਫਲ ਲਿਖਣ ਵਾਲਾ ਧਰਮ ਰਾਜ ਵੀ ਆਪ ਦਾ ਯਸ਼ ਕਰ ਰਿਹਾ ਹੈ। ਦੂਜਾ ਅਰਥ:—ਤੁਹਨੋ = ਤੁਹਨ ਦਾ ਅਰਥ ਹਿਮਾਚਲ ਪਰਬਤ ਹੈ, ਭਾਵ ਹਿਮਾਲੀਆ ਵਗੈਰਾ ਵੀ।

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥

ਆਪ ਨੂੰ ਗਾਂਦੇ ਹਨ ਚਿਤ੍ ਤੇ ਗੁਪਤ ਜੋ ਧਰਮ ਰਾਜ ਦੇ ਮੁਨਸ਼ੀ ਹਨ, ਉਹ ਵੀ ਗਾਂਦੇ ਹਨ ਜਿਨ੍ਹਾਂ ਦੇ ਲਿਖੇ ਹੋਏ ਲੇਖ ਨੂੰ ਧਰਮ ਰਾਜਾ ਬੈਠ ਕੇ ਵੀਚਾਰ ਕਰਦਾ ਹੈ। ਜੋ ਗੁਪਤ ਹੋ ਕੇ ਚਿਤ੍ ਭਾਵ ਲੇਖ ਲਿਖਦੇ ਹਨ। ਸ਼ਿਵ ਤੇ ਬ੍ਰਹਮਾ ਆਪਣੀਆਂ ਦੇਵੀਆਂ ਸਮੇਤ ਜੋ ਆਪ ਦੀ ਕਿਰਪਾ ਨਾਲ ਸਵਾਰੇ ਭਾਵ ਪਦਵੀ ਪਰ ਲਗਾਏ ਹੋਏ ਹਨ, ਉਹ ਵੀ ਆਪ ਦਾ ਗਾਇਨ ਕਰ ਰਹੇ ਹਨ। ਦੂਜਾ ਭਾਵ 'ਸੋਹਨਿ ਸਦਾ ਸਵਾਰੇ' ਸ਼ੋਭਾ ਪਾ ਰਹੇ ਹਨ ਦੇਵੀਆਂ ਸਹਿਤ. ਆਪਣੇ ਸਵਾਰੇ (ਬਚਿਆਂ)

ਸਮੇਤ। ਆਪ ਜੀ ਦੇ ਦੁਆਰੇ ਉਨ੍ਹਾਂ ਨੂੰ ਜਪਾ ਰਹੇ ਹਨ 'ਸਤਿਨਾਮ ਵਾਹਿਗੁਰੂ' ਤੇ ਓਥੇ ਸ਼ੋਭਾ ਪਾ ਰਹੇ ਹਨ।

ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਇੰਦਰ ਆਸਣਾਂ ਪਰ ਬਠੇ ਹੋਏ ਸੰਪੂਰਨ ਦੇਵਤਿਆਂ ਦੇ ਨਾਲ ਆਪ ਦੇ ਜਸ ਨੂੰ ਗਾਇਨ ਕਰ ਰਹੇ ਹਨ। ਦੂਜਾ ਭਾਵ ਦੇਵਤੇ ਅਤੇ ਇੰਦ੍ਰ ਰਾਜ ਦੇ ਸਹਿਤ ਆਦਰ ਨਾਲ ਭਾਵ ਸਤਿਕਾਰ ਸਹਿਤ ਆਪ ਦਾ ਯਸ਼ ਗਾ ਰਹੇ ਹਨ। ਜੋ ਸਿਧ ਹਨ ਜੈਸੇ ਕਪਲ ਦੇਵ ਉਹ ਵੀ ਸਮਾਧੀ*ਸਥਿਤ ਹੈ ਕਿ ਬ੍ਰਿਤੀ ਨੂੰ ਰੋਕ ਕੇ ਆਪ ਦਾ ਯਸ਼ ਗਾ ਰਹੇ ਹਨ।

ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥

ਜਤੀ-ਜਿਨ੍ਹਾਂ ਅਠ ਪ੍ਰਕਾਰ ਦੇ ਕਾਮ ਨੂੰ ਜਿੱਤਿਆ ਹੈ।

ਸਤੀ-ਸਤਿ ਵਾਦੀ; ਚਾਰ ਪ੍ਰਕਾਰ ਦੇ ਸਤੀ:—

(੧) ਦੇਂਦੇ ਜਾਂਦੇ ਹਨ ਪਰ ਆਸ਼ਾ ਕੋਈ ਨਹੀਂ।

(੨) ਜੋ ਦਾਨ ਦੇਂਦੇ ਹਨ ਸੋਚਕੇ ਤੇ ਵਿਚਾਰ ਕੇ ਰਿਸ਼ਤੇਦਾਰ ਯਾ ਗੁਣ ਵੇਖਕੇ ਦੇਂਦੇ ਹਨ।

(੩) ਦੇਂਦੇ ਹਨ ਪਰ ਨਾਲ ਹੀ ਮੰਗਦੇ ਹਨ ਤੇ ਕੋਈ ਆਸ਼ਾ ਰਖਦੇ ਹਨ।

(੪) ਜੋ ਉਥੇ ਜਾਕੇ ਦੇਂਦੇ ਹਨ ਜਿਥੇ ਉਹਨਾਂ ਦੀ ਉਪਮਾ ਹੋਵੇ। ਸੰਤੋਖੀ-ਤਿੰਨ ਪ੍ਰਕਾਰ ਦੇ ਸੰਤੋਖੀ :—

(੧) ਤਮੋ ਗੁਣੀ ਸੰਤੋਖੀ = ਜ਼ਬਾਨ ਦਾ ਸੰਤੋਖ ਹੈ ਪਰ ਮਨ ਵਿਚ ਨਹੀਂ।

---

*ਸਮਾਧੀ ਦੋ ਪ੍ਰਕਾਰ ਦੀ ਹੈ:—

(1) ਵਿਕਲਪ ਸਮਾਧੀ-ਜਿਸ ਵਿਚ ਵਾਹਿਗੁਰੂ ਦਾ ਫੁਰਨਾ ਫੁਰਦਾ ਹੈ।

(੨) ਨਿਰਵਿਕਲਪ ਸਮਾਧੀ—ਜਿਥੇ ਫੁਰਨਾ ਬਿਲਕੁਲ ਨਹੀਂ।

(੨) ਰਜੋ ਗੁਣੀ ਸੰਤੋਖੀ=ਜੋ ਪਦਾਰਥ ਪ੍ਰਾਪਤ ਹੋਵੇ ਉਸ ਵਿਚ ਪ੍ਰਸੰਨ ਰਹਿਣ ਵਾਲੇ।

(੩) ਸਤੋ ਗੁਣੀ ਸੰਤੋਖੀ=ਜੋ ਪਦਾਰਥ ਪ੍ਰਾਪਤ ਹੋਵਨ ਉਹਨਾਂ ਵਿਚੋਂ ਆਪਣੀ ਲੋੜ ਪੂਰੀ ਕਰਕੇ ਬਾਕੀ ਵੰਡ ਦੇਵਣ ਵਾਲੇ। ਸੰਪੂਰਨ ਸਤੀ,ਸਤੀ, ਸੰਤੋਖੀ ਤੇ ਵੀਰ ਸਭ ਆਪ ਦਾ ਯਸ਼ ਗਾਇਨ ਕਰ ਰਹੇ ਹਨ। ਚਤੁਰ ਵੇਦੀ ਪੰਡਿਤ(ਵਿਦਵਾਨ)ਅਤੇ ਜੋ ਉਹਨਾਂ ਪੰਡਤਾਂ ਤੋਂ ਪੜ੍ਹਨ ਵਾਲੇ ਵਿਦਿਆਰਥੀ ਹਨ ਤੇ ਜੋ ਰਿਖੀ ਲੋਕ ਜਗ ਕਰਾਣੇ ਵਾਲੇ ਸਾਰੇ ਕਰਮਾਂ ਦੇ ਗਿਆਤਾ (ਸਤਿਜੁਗ ਵਿਚ ਰਿਗ ਵੇਦ, ਤ੍ਰੇਤੇ ਵਿਚ ਸਾਮ ਵੇਦ, ਦੁਆਪਰ ਵਿਚ ਯਜੁਰ ਵੇਦ ਤੇ ਕਲਜੁਗ ਵਿਚ ਅਥਰਵਣ ਵੇਦ) ਆਪਣੇ ਆਪਣੇ ਜੁਗਾਂ ਦੇ ਨਾਲ ਰਲਕੇ ਹਰ ਇਕ ਵੇਦ ਆਪ ਦਾ ਕੀਰਤਨ ਕਰ ਰਹੇ ਹਨ।

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥

ਮੋਹਣੀਆਂ ਜੋ ਮਨ ਨੂੰ ਮੋਹਿਤ ਕਰ ਲੈਂਦੀਆਂ ਹਨ ਅਤੇ ਜੋ ਸੁਰਗ ਵਿਚ ਰਹਿੰਦੀਆਂ ਹਨ।

ਮਛ-ਮਾਤ ਲੋਕ, ਇਹ ਸੰਸਾਰ।

ਆਪ ਨੂੰ ਮੋਹਨੀਆਂ(ਸੁਰਗ ਲੋਕ ਦੇ ਵਾਸੀ)ਏਸ ਸੰਸਾਰ ਦੇ ਤੇ ਹੇਠਾਂ ਰਹਿਣ ਵਾਲੇ ਪਾਤਾਲ ਵਾਸੀ ਆਪ ਦਾ ਕੀਰਤਨ ਕਰ ਰਹੇ ਹਨ।

ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥

ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥

[ਰਾਮਕਲੀ ਵਾਰ ਸਤਾ ਬਲਃ ਪੰਨਾ ੯੬੮

ਚੌਦਾਂ ਰਤਨ ਜੋ ਆਪ ਨੇ ਸਾਗਰ ਵਿਚੋਂ ਪ੍ਰਗਟ ਕੀਤੇ ਹਨ, ਇਹ ਭੀ ਆਪ ਦਾ ਜਸ ਕਰ ਰਹੇ ਹਨ।

ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥ ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥

[ਆਸਾ ਮਹਲਾ ੧, ਪੰਨਾ ੩੫੦

ਜੇਹੜੇ ਰਤਨ ਤੂੰ ਉਤਪੰਨ ਕੀਤੇ ਹਨ ਅਤੇ ਤੇਰੇ ਹੀ

ਹਨ ਉਹ ਤੇਰੇ ਹੀ ਜਸ ਨੂੰ ਗਾਇਨ ਕਰ ਰਹੇ ਹਨ। ਜੋ ਸ਼ੋਭਨ ਅਠਸਠਿ ਤੀਰਥ ਹਨ ਤੇ ਓਨ੍ਹਾਂ ਨਾਲ ਸਬੰਧ ਰਖਣ ਵਾਲੇ ਦਰਿਆ ਅਤੇ ਨਦੀਆਂ ਤੇ ਨਾਲੇ ਹਨ, ਉਹ ਸਭ ਆਪ ਦਾ ਕੀਰਤਨ ਕਰ ਰਹੇ ਹਨ। ਸੁਰਸਤੀ, ਸੁਰਸਰੀ, ਗੰਗਾ, ਜਮਨਾ, ਗੋਦਾਵਰੀ ਨਦੀਆਂ ਹਨ।

ਰਤਨ ਚੌਦਾਂ ਮੰਨੇ ਜਾਂਦੇ ਹਨ :-

(੧) ਸ੍ਰੀ-ਲਕਸ਼ਮੀ ਦੇਵੀ (ਵਿਸ਼ਨੂ ਮਹਾਰਾਜ ਦੀ ਸੁਪਤਨੀ, ਲੋੜ ਥੋੜ ਪੂਰੀ ਕਰਨ ਵਾਲੀ) ਪਰ ਇਹ ਵਾਹਿਗੁਰੂ ਦੀ ਕੀਤੀ ਹੋਈ ਹੈ, ਇਸ ਲਈ ਸਿਖਾਂ ਨੂੰ ਇਸ ਦੀ ਪੂਜਾ ਨਹੀਂ ਕਰਨੀ ਚਾਹੀਏ, ਬਲਕਿ ਵਾਹਿਗੁਰੂ ਉਸ ਦੇ ਮਾਲਕ ਦੀ ਪੂਜਾ ਕਰਨੀ ਹੈ:-

ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰ ॥

[ਬਿਲਾਵਲੁ ਕਬੀਰ ਜੀ ਪੰਨਾ ੮੫੭

ਪੁਤ੍ ਕਲਤ੍ ਲਛਮੀ ਮਾਇਆ ॥
ਇਨ ਤੇ ਕਹੁ ਕਵਨੈ ਸੁਖੁ ਪਾਇਆ ॥

[ਧਨਾਸਰੀ ਕਬੀਰ ਜੀ,ਪੰਨਾ ੬੯੨

ਇਹੋ ਜਿਹੀ ਮਾਇਆ ਨਹੀਂ ਚਾਹੀਦੀ ਜੋ ਵਾਹਿਗੁਰੂ ਤੋਂ ਨਿਖੇੜ ਦੇਵੇ।

(੨) ਮਣੀ। (੩) ਇਸਤ੍ਰੀ ਜਿਸ ਦਾ ਨਾਮ ਰੰਭਾ ਸੀ। (੪) ਸ਼ਰਾਬ। (੫) ਅੰਮ੍ਰਿਤ। (੬) ਸੰਖ, ਰਣ ਵਿਚ ਵਜਾਣ ਲਈ। (੭) ਐਰਾਵਤ ਹਾਥੀ ਜੋ ਚਿੱਟਾ ਸੁਫੈਦ ਸੀ। (੮) ਜ਼ਹਿਰ। (੯) ਚੰਦਰਮਾਂ। (੧੦) ਕਾਮਧੇਨ ਗਊ। (੧੧) ਕਲਪ ਬ੍ਰਿਛ। (੧੨) ਸਾਰੰਗਧਰ ਧਨੁਸ਼। (੧੩) ਧਨੰਤਰ ਵੈਦ। (੧੪) ਸਤ-ਮੁਖੀ ਘੋੜਾ।

ਇਹਨਾਂ ਰਤਨਾਂ ਦੀ ਵੰਡ ਐਉਂ ਹੋਈ:--
ਵਿਸ਼ਨੂੰ ਜੀ ਨੂੰ--ਲਖਸ਼ਮੀ, ਮਣੀ, ਸੰਖ ਤੇ ਧਨੁਸ਼।
ਦੈਤਾਂ ਨੂੰ--ਸ਼ਰਾਬ ਮਿਲੀ ਤੇ ਉਹ ਪੀ ਪੀਕੇ ਮਸਤ ਹੋ ਗਏ

ਤੇ ਲੜਾਈ ਵਗੈਰਾ ਵਿਚ ਰੁਝ ਗਏ ਅਤੇ ਆਪਣੇ ਚਿੱਸਿਆਂ ਨੂੰ ਭੁੱਲ ਗਏ।

ਇੰਦਰ ਨੂੰ--ਐਰਾਵਤ ਹਾਥੀ, ਰੰਭਾ ਇਸਤ੍ਰੀ, ਜੋ ਇੰਦਰ ਦੀ ਪਟਰਾਣੀ ਬਣੀ।

ਸ੍ਵਰਗ ਵਿਚ ਰਹੇ-ਕਾਮਧੇਨ ਗਊ, ਕਲਪ ਬ੍ਰਿਛ, ਅੰਮ੍ਰਿਤ। ਇਹ ਸ੍ਵਰਗ ਵਿਚ ਇਸਥਿਤ ਕਰ ਦਿਤੇ ਗਏ।

ਆਕਾਸ਼ ਵਿਚ--ਆਕਾਸ਼ ਸ਼ਸ਼ੋਭਤ ਕਰਨ ਲਈ ਆਕਾਸ਼ ਵਿਚ ਚੰਦਰਮਾਂ ਇਸਥਿਤ ਕਰ ਦਿਤਾ।

ਜ਼ਹਿਰ--ਸ਼ਿਵ ਜੀ ਨੂੰ ਬੁਲ ਇਆ ਤੇ ਕਿਹਾ ਕਿ ਭਾਈ ਤੂੰ ਅਗੇ ਵੀ ਅੱਕ ਤੇ ਧਤੂਰਾ ਖਾਂਦਾ ਹੈਂ ਤੂੰ ਇਸ ਨੂੰ ਸਮੇਟ ਲੈ, ਉਸ ਨੇ ਘੜਾ ਚੁਕਕੇ ਸਾਰਾ ਪੀ ਲਿਆ ਤੇ ਗਲੇ ਵਿਚ ਹੀ ਟਿਕਾ ਲਿਆ ਤੇ ਥਲੇ ਨਹੀਂ ਜਾਣ ਦਿਤਾ।

ਨਾਮ ਮਹਾਤਮ ਸੰਕਰ ਜਾਨਤ ਕੰਠ ਹਲਾਹਲ ਲੀਨ ਪਚਾਈ।

[ਨਾਨਕ ਪ੍ਰਕਾਸ਼

ਇਸੇ ਕਰਕੇ ਉਸ ਦਾ ਨਾਮ 'ਨੀਲਕੰਠ' ਹੋਇਆ।

ਸੂਰਜ:--ਇਸ ਨੂੰ ਸਵਾਰੀ ਲਈ ਸਤ ਮੂੰਹਾ ਵਾਲਾ ਉਚੈਸ਼੍ਰਵਾ ਘੋੜਾ ਮਿਲਿਆ।

ਧਨੰਤਰ ਵੈਦ-ਇਸ ਨੂੰ ਕਿਹਾ ਕਿ ਤੂੰ ਸਭਨਾਂ ਦਾ ਸਾਂਝਾ ਹੈਂ, ਜੋ ਆਵੇ ਉਸ ਦਾ ਇਲਾਜ ਕਰ ਤੇ ਪੁਸਤਕ ਵੀ ਲਿਖੀਂ। ਇਹ ਵੀ: ਇਕ ਵੇਦ ਹੈ, ਆਯੁਰ ਵੇਦ ਇਸ ਦਾ ਨਾਮ ਹੈ।

ਚੌਦਾਂ ਰਤਨਾਂ* ਦਾ ਸ਼ਲੋਕ:—

ਸ਼੍ਰੀ, ਮਣਿ, ਰੰਭਾ, ਵਾਰਨੀ, ਅਮੀ, ਸੰਖ, ਗਜਰਾਜ।
ਬਿਖੂ, ਧੇਨੁ, ਸਸਿ, ਕਲਪ ਤਰੁ, ਧਨੁਖ, ਧਨੰਤਰ ਬਾਜ।

---

*ਚੌਦਾਂ ਰਤਨਾਂ ਦੇ ਅੰਤ੍ਰੀਵ ਅਰਥ ਲਈ ਦੇਖੋ 'ਟਿੱਕੇ ਦੀ ਵਾਰ ਸਟੀਕ' ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ।

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਸੋ ਧਰਮ ਰਖਜਕ ਜੋਧੇ ਅਤੇ ਮਹਾਰਥੀ ਜੋਧ, ਮਹਾਂਬਲੀ ਸੂਰੇ ਇਹ ਵੀ ਆਪ ਦਾ ਜਸ ਗਾ ਰਹੇ ਹਨ ਅਤੇ ਚਾਰੇ ਖਾਣੀਆਂ ਵੀ.

ਅੰਡਜ ਜੇਰਜ ਸੇਤਜ ਕੀਨੀ ॥
ਉਤ ਭੁਜ ਖਾਨ ਬਹੁਰ ਰਚ ਦੀਨੀ ॥ਚੌਪਈ ਪਾ: ੧੦

ਅੰਡਜ ਜੋ ਅੰਡੇ ਤੋਂ ਪੈਦਾ ਹੋਏ, ਜੇਰਜ ਮਨੁੱਖ ਤੇ ਪਸ਼ੂ ਸ਼ੈਲੀ, ਉਤ (ਜ਼ਮੀਨ) ਭੁਜ (ਪਾੜ) ਕੇ ਨਿਕਲਣ ਵਾਲੀ ਭਾਵ ਬਨਾਸਪਤ, ਸੇਤਜ ਪਸੀਨੇ ਤੋਂ, ਜੂੰਆਂ ਆਦਿਕ, ਸਭ ਗਾ ਰਹੇ ਹਨ ਤੈਨੂੰ।

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

ਭਾਰਤ ਖੰਡ ਦੀ ਬਾਬਤ ੧੦੦ ਕੋਹ ਦਾ ਇਕ ਮੰਡਲ ਹੁੰਦਾ ਹੈ, ੧੦੦ ਮੰਡਲ ਦਾ ਇਕ ਦੇਸ਼ ਹੁੰਦਾ ਹੈ, ਇਹ ਪੈਮਾਨਾ ਹੈ। ਵਰਭੰਡਾ (੧) ਜਲ ਦਾ ਭਾਂਡਾ ਭਾਵ ਸਮੁੰਦਰ। (੨) ਬ੍ਰਹਮੰਡ- ਕਰਿ ਕਰਿ ਰਖੇ ਧਾਰੇ ॥ ਜੋ ਆਪ ਨੇ ਉਤਪਤ ਕੀਤੇ ਹਨ ਤੇ ਫਿਰ ਉਨ੍ਹਾਂ ਨੂੰ ਧਾਰੇ ਭਾਵ ਇਸਥਿਤ ਕੀਤਾ ਹੈ।

ਨਿਥਾਵੇ ਕਉ ਤੁਮ ਥਾਨਿ ਬੈਠਾਵਹੁ ॥[ਭੈਰਉ ਮਹਲਾ ੫, ਪੰਨਾ ੧੧੪੬

ਇਹ ਸਭੇ ਜੋ ਤੈਰੇ ਰਚਕੇ ਧਾਰੇ ਹੋਏ ਹਨ, ਗਾ ਰਹੇ ਹਨ ਤੈਨੂੰ।

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ॥

ਗਾਉਣ ਵਾਲਿਆਂ ਦੀਆਂ ਤਿੰਨ ਸ਼੍ਰੇਣੀਆਂ ਦੀ ਖ਼ਬਰ ਲਗਦੀ ਹੈ:-

(੧) ਜੋ ਬੋਲਕੇ ਗਾਂਦੇ ਹਨ, ਰਸਨਾ ਖੋਲ੍ਹ ਕੇ ਜਪ ਰਹੇ ਹਨ।

(੨) ਜੋ ਬੋਲ ਨਹੀਂ ਸਕਦੇ, ਪਰ ਸ਼ਹਾਦਤ ਦੇ ਰਹੇ ਹਨ ਕਿ ਕਰਤਾ ਹੈ, ਜਿਵੇਂ ਬਾਗ ਵਿਚ ਫੁੱਲ।

(੩) ਵਿਸ਼ੇਸ਼ ਕਰਕੇ ਤੇ ਪ੍ਰਤੱਖ। ਆਪ ਨੂੰ ਪ੍ਰਤੱਖ ਕਰਕੇ ਤਾਂ ਉਹ ਹੀ ਆਪ ਨੂੰ ਗਾਂਦੇ ਹਨ ਜੋ ਆਪ ਨੂੰ ਭਾਂਦੇ ਹਨ, ਜਿਨ੍ਹਾਂ ਨੇ ਆਪ ਨੂੰ ਜੱਫੀ ਪਾ ਲਈ ਹੈ, ਦਰ ਪ੍ਰਵਾਨ ਹੋਕੇ ਉਹ ਹੀ ਗਾ ਰਹੇ ਹਨ ਤੇ ਉਹ ਭਗਤ ਹਨ ਆਪ ਦੇ ਨਾਮ ਵਿਚ ਰੱਤੇ ਹੋਏ ਤੇ ਰਸਾਲੇ ਕਹੀਏ 'ਅਤਿ ਹੀ ਸੁੰਦਰ' ਹਨ:—

ਸੋਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨ ਬੈਹਣੇ ॥

[ਮਾਝ ਮ: ੫, ਪੰਨਾ ੧੩੨

ਰਸਾਲੇ = ਰਸ + ਆਲੇ = ਰਸ ਅਮ੍ਰਿਤ ਦੇ ਘਰ, ਜਿਨ੍ਹਾਂ ਤੋਂ ਹਰ ਵੇਲੇ ਅੰਮ੍ਰਿਤ ਹੀ ਝਰ ਰਿਹਾ ਹੈ, ਤੈਨੂੰ ਗਾ ਰਹੇ ਹਨ ।

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥

[ ਆਸਾ ਮਹਲਾ ੪, ਪੰਨਾ ੪੪੮

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕ ਕਿਆ ਵੀਚਾਰੇ ॥
ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ ॥

[ ਆਸਾ ਮਹਲਾ ੫, ਪੰਨਾ ੪੫੬

ਹੇ ਮੇਰੇ ਵਾਹਿਗੁਰੂ ਜੀ ! ਹੋਰ ਕਿਤਨੇ ਕੁ ਗਾਵਨ ਵਾਲੇ ਆਪ ਨੂੰ ਗਾ ਰਹੇ ਹਨ ਜੋ ਮੇਰੇ ਚੇਤੇ ਵਿਚ ਨਹੀਂ ਆ ਰਹੇ, ਉਨ੍ਹਾਂ ਦਾ ਕੀ ਵੀਚਾਰ ਕੀਤਾ ਜਾਵੇ ।

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥

'ਸੋਈ ਸੋਈ ਸਦਾ ਸੁਚੁ ਸਾਹਿਬ' ਪਹਿਲੇ ਥਾਂ, ਸੋਈ ਸੋਈ ਸਦਾ ਸਚੁ ਸਾਹਿਬ ਜਿਸ ਦੀ ਵਡਿਆਈ ਵਡੀ ਹੈ। ਹੈ ਭੀ, ਹੋਸੀ ਅੱਗੇ ਵੀ ਹੋਸੀ 'ਜਿਨਿ ਰਚਨਾ ਰਚਾਈ' ਉਹ ਤਾਂ ਨਾ ਜਾਏਗਾ ਪਰ ਰਚਨਾ ਚਲੀ ਜਾਸੀ:—

ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹ ਜਲੋ ॥
ਅੰਨ ਪਉਣ ਥਿਰੁ ਨ ਕੁਈ ॥ ਏਕੁ ਤੁਈ ਏਕੁ ਤੁਈ ॥

[ ਵਾਰ ਮਾਝ ਮਹਲਾ ੧, ਪੰਨਾ ੧੪੪

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ
ਜਿਨਿ ਉਪ ਈ ॥

ਇਹ ਰਚਨਾ ਕੈਸੀ ਹੈ ? 'ਰੰਗ ਰੰਗੀ ਭਾਤੀ', ਰੰਗ ਰੰਗ ਦੀ, ਤਰ੍ਹਾਂ ਤਰ੍ਹਾਂ ਦੀ, ਪਸ਼ੂ ਹੋਰ ਤਰੀਕੇ ਨਾਲ, ਪਰਿੰਦੇ ਹੋਰ ਤਰ੍ਹਾਂ, ਹਾਥੀ ਹੋਰ ਕਿਸਮ ਨਾਲ ਤੇ ਕੀੜੀ ਹੋਰ ਤਰੀਕੇ ਨਾਲ ਘੜੀ ਗਈ ਅਤੇ

ਵੱਖਰੀ ਵੱਖਰੀ ਜਿਨਸ ਦੀ ਹੈ ਫੁੱਲ ਕਿਤਨੇ ਕਿਸਮ ਦੇ ਹਨ? ਪਤਾ ਨਹੀਂ ਲੱਗ ਸਕਦਾ। ਕਰਿ=ਕਰੀ ਹੈ। ਕਰੀ ਹੈ ਉਸ ਨੇ ਕਿਸ ਤਰ੍ਹਾਂ? ਜਿਸ ਨੇ ਮਾਇਆ ਹੀ ਉਪਾਈ ਹੈ ਇਹ ਸਭ ਮਾਇਆ ਤੋਂ ਕਰ ਦਿੱਤਾ ਹੈ :—

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨ ਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੇ ਨਿਆਰਾ।

[ਬਿਹਾਗੜਾ ਮਹਲਾ ੯, ਪੰਨਾ ੫੩੭

ਅਨੰਤ ਬ੍ਰਹਮੰਡ ਜਿਸ ਨੇ ਆਪਣੀ ਮਾਇਆ ਤੋਂ ਉਤਪੰਨ ਕਰ ਦਿੱਤੇ ਹਨ!

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥

ਆਪਣਾ ਕੀਤਾ ਜਗਤ ਕਰਕੇ ਆਪ ਵੇਖਦਾ ਹੈ ਕਿਸ ਤਰ੍ਹਾਂ? ਜਿਵੇਂ ਉਸਦੀ ਵਡਿਆਈ ਭਾਵ ਇੱਛਿਆ ਹੈ, ਮਰਜ਼ੀ ਹੈ, ਜਿਵੇਂ ਉਸ ਵਾਹਿਗੁਰੂ ਦੀ ਵਡਿਆਈ ਪ੍ਰਗਟ ਹੁੰਦੀ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥

ਕਰਸੀ ਭਾਵ ਕਰੇਗਾ, ਜੋ ਤਿਸੁ ਭਾਵੈ। ਸੋ ਉਸ ਨੇ ਪਹਿਲੇ ਕੀਤਾ, ਹੁਣ ਕਰ ਰਿਹਾ ਹੈ ਤੇ ਜੋ ਉਸਨੂੰ ਭਾਸੀ ਸੋ ਅਗੇ ਕਰੇਗਾ। ਉਸ ਦੇ ਕੀਤੇ ਪਰ ਨਾ ਕਿਸੇ ਪਹਿਲੇ ਹੁਕਮ ਕੀਤਾ, ਨਾ ਕਰ ਸਕਦਾ ਹੈ, ਨਾ ਅੱਗੇ ਕਰ ਸਕੇਗਾ।

ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥

[ ਗੌਂਡ ਮਹਲਾ ੫, ਪੰਨਾ ੮੬੩

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥

ਸੋ, ਜੋ ਵਾਹਿਗੁਰੂ ਪਰਮਾਤਮਾ ਹੈ ਜਿਸ ਦੇ ਦਰ ਤੇ ਘਰ ਦਾ ਜ਼ਿਕਰ ਕੀਤਾ ਹੈ, ਉਸ ਘਰ ਵਿਚ ਵਸਣੇ ਵਾਲੇ ਜਿਸ ਦੇ ਦਰ ਤੇ ਉਪਰ ਬਿਆਨ ਕੀਤੇ, ਦੇਵੀ, ਦੇਵਤੇ, ਫਰੇਸ਼ਤੇ, ਸਭ ਕੀਰਤਨ ਕਰ ਰਹੇ ਹਨ, ਉਹ ਕੈਸਾ ਹੈ? ਉਹ ਸਭ ਸ਼ਾਹਾਂ ਤੇ ਪਾਤਸ਼ਾਹਾਂ ਦਾ

ਸਾਹਿਬ ਹੈ:—'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਉਸ ਵਾਹਿਗੁਰੂ ਦੀ ਰਜਾਈ (ਰਜ਼ਾ=ਹੁਕਮ) ਵਿਚ ਰਹਿਣਾ
ਚਾਹੀਦਾ ਹੈ:—

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

ਜਗਤ ਨੂੰ ਤਾਰਦੇ ਹੋਏ ਸਤਿਗੁਰ ਬਾਬਾ ਜੀ ਹਿਮਾਲਾ ਪਰਬਤ ਪਰ ਚਲੇ ਗਏ ਤੇ ਜਾ ਸਿਧਾਂ ਨੂੰ ਦਰਸ਼ਨ ਦਿੱਤੇ। ਸਿਧਾਂ ਨਾਲ ਗੁਰੂ ਬਾਬੇ ਦੀ ਓਥੇ ਗੋਸ਼ਟ ਹੋਈ। ਬਾਬੇ ਦੀ ਚਮਤਕਾਰੀ ਸ਼ਕਤੀ ਤੱਕ ਕੇ ਸਿਧਾਂ ਦੇ ਮਨ ਵਿਚ ਇਹ ਚਾਹ ਹੋਈ ਕਿ ਜੇ ਇਨ੍ਹਾਂ ਨੂੰ ਅਸੀਂ ਅਪਣੇ ਮੱਤ ਵਿਚ ਲੈ ਆਈਏ ਤੇ ਜੋਗੀ ਬਣਾ ਲਈਏ ਤਾਂ ਸਾਡੇ ਪੰਥ ਦਾ ਏਹ ਬੜਾ ਵਾਧਾ ਕਰਨਗੇ। ਭਾਈ ਗੁਰਦਾਸ ਜੀ ਲਿਖਦੇ ਹਨ :—

ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ ॥
ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ ॥

[ਵਾਰ ੧—੩੧

ਸਿਧ ਇਸ ਗਲ ਦੀ ਕੋਸ਼ਸ਼ ਕਰਨ ਲਗੇ ਕਿ ਗੁਰੂ ਬਾਬਾ ਜੋਗੀ ਬਨ ਜਾਵੈ। ਗੁਰੂ ਬਾਬੇ ਕਿਹਾ: ਜੋਗੀ ਤਾਂ ਅਸੀਂ ਬੀ ਹਾਂ, ਤੇ ਸਾਡਾ ਜੋਗ ਸ਼ੁਮਣੀ ਹੈ ਓਹ ਤੁਸੀਂ ਕਰੋ:—

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥

ਬਾਹਰ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥
[ਸਿਧ ਗੋਸਟਿ, ਪੰਨਾ ੯੩੬

ਸਿੱਧ ਕਹਿਣ ਲੱਗੇ: ਹੱਛਾ, ਤੁਸੀਂ ਆਪਣਾ ਜੋਗ ਵੀ ਦੱਸੋ ?
ਤਦ ਇਹ ਪਉੜੀ ਕਹੀ।

ਆਦੇਸ ਦਾ ਅਰਖ ਹੈ ਨਮਸਕਾਰ ਹੈ ਉਸਨੂੰ।
ਜੋਗੀ, ਜੰਗਮ, ਸੇਵੜਾ, ਜਤੀ, ਮਦਾਰੀ ਭੇਖ ॥
ਛੇਵਾਂ ਦਰਸ਼ਨ ਬ੍ਰਹਮ ਕਾ ਜਾਸੈ ਮੀਨ ਨ ਮੇਖ ॥

ਮਹਾਰਾਜ ਜੀ ਨੇ ਕਹਿਆ : ਜੋਗ ਦਾ ਮਤਲਬ ਹੈ 'ਯੋਗਸਚ ਚਿਤ ਬ੍ਰਿਤੀ ਨਿਰੋਧਾ' ਵਾਹਿਗੁਰੂ ਵਿਚ ਜੁੜ ਜਾਣਾ ਹੈ, ਪਰ ਸਰੀਰ ਦੀਆਂ ਬਨਾਵਟਾਂ ਬਨਾਉਣ ਵਿਚ ਤਾਂ ਬ੍ਰਿਤੀ ਖਿੰਡੀ ਰਹੇਗੀ। ਕੰਨ ਪਾੜਨੇ ਤਾਂ ਵਿਜੋਗ ਹੋ ਗਿਆ ਵਾਹਿਗੁਰੂ ਦੀ ਬਣਾਈ ਸੂਰਤ ਤੋਂ। ਜੈਸਾ ਵਾਹਿਗੁਰੂ ਨੇ ਬਣਾਇਆ ਹੈ ਐਸਾ ਹੀ ਰਹਿਣਾ ਚਾਹੀਏ।

ਘਾਲਿ ਖਾਇ ਕਿਛੁ ਹਥਹੁ ਦੇਇ ॥ [ਵਾਰ ਸਾਰੰਗ, ਪੰਨਾ ੧੨੪੫

ਹੱਥ ਤਾਂ ਲਾਉਣੇ ਸਨ ਕ੍ਰਿਤ ਵਿਚ ਨਾ ਕਿ ਭਿਖਿਆ ਮੰਗਣ ਵਿਚ। ਦਾਤਾ ਬਨਣਾ ਸੀ ਨਾ ਕਿ ਜਾਚਕ। ਅਸਾਡੀਆਂ ਮੁੰਦ੍ਰਾਂ ਸੰਤੋਖ ਹੈ ਤੇ ਮਨ ਰੂਪੀ ਕੰਨਾਂ ਵਿਚ ਪਾਈਆਂ ਹਨ, ਕਿਉਂਕਿ ਮਨ ਹਰ ਵੇਲੇ ਤ੍ਰਿਸ਼ਨਾਲ੍ਹ ਰਹਿੰਦਾ ਹੈ ਤੇ ਤ੍ਰਿਸਨਾ ਤੋਂ ਫੁਰਨੇ ਤੇ ਕੁਕਰਮ ਪੈਦਾ ਹੁੰਦੇ ਹਨ, 'ਤ੍ਰਿਸ਼ਨਾ ਜਾਂਕੇ ਚਿਤ ਮੈਂ ਵੁਹ ਹੈ ਪਰਮ ਕੰਗਾਲ'। ਸੰਤੋਖ ਹੀ ਧਰਮ ਦਾ ਆਸਰਾ ਹੈ, ਸੰਤੋਖ ਵਰਗਾ ਕੋਈ ਦੇਵਤਾ ਨਹੀਂ। ਸੰਤੋਖ ਨੇ ਹੀ ਸਰਬ ਮਰਯਾਦਾ ਨੂੰ ਥਾਪ ਰਖਿਆ ਹੈ 'ਸੰਤੋਖ ਥਾਪ ਰਖਿਆ ਜਿਨ ਸੂਤ'। ਸੂਤ ਦਾ ਅਰਥ ਮਰਿਆਦਾ। ਹੇ ਜੋਗੀਓ ! ਮੈਂ ਅਪਣੇ ਮਨ ਨੂੰ ਪਾੜ ਕੇ ਇਸ ਵਿਚ ਸੰਤੋਖ ਰੂਪੀ ਮੁੰਦ੍ਰਾਂ ਪਾਈਆਂ ਹੋਈਆਂ ਹਨ।

ਸਰਮ=ਵੈਰਾਗ, ਕੁਕਰਮਾਂ ਤੇ ਪਾਪਾਂ ਤੋਂ ਸ਼ਰਮ ਕਰਨਾ।
ਪਤਿ = ਖੱਪਰ, ਪਾਤ੍ਰ। ਵੈਰਾਗ ਤੇ ਸ਼ਰਮ ਰੂਪੀ ਮੇਰੇ ਪਾਸ

ਖੱਪਰ ਹੈ:—

ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥

[ਵਾਰ ਮਲਾਰ ਸਲੋਕ ਮਹਲਾ ੧, ਪੰਨਾ ੧੨੮੭

ਜਿਵੇਂ ਜੋਗੀ ਖੱਪਰ ਵਿਚ ਭਿਖਿਆ ਲੈਂਦਾ ਹੈ, ਜਦੋਂ ਭਰ ਜਾਂਦਾ ਹੈ ਤਾਂ ਝੋਲੀ ਵਿਚ ਪਲਟ ਲੈਂਦਾ ਹੈ। ਇਸ ਤਰ੍ਹਾਂ ਰੋਜ਼ੀ ਤੇ ਆਟੇ ਦੇ ਰੱਖਣ ਦੀਆਂ ਦੋਵੇਂ ਚੀਜ਼ਾਂ ਹਨ, ਪਰ ਸਾਡੀ ਸਰਮ ਜੋ ਹੈ ਇਹੀ ਖੱਪਰ ਤੇ ਏਹੀ ਝੋਲੀ ਹੈ ਤੇ ਸ੍ਰੀ ਵਾਹਿਗੁਰੂ ਵਿਚ ਧਿਆਨ ਲਾਉਣਾ ਏਹੀ ਬਿਭੂਤ ਹੈ। ਖਿੰਥਾ=ਗੋਦੜੀ, ਇਹ ਕਾਇਆਂ ਭਾਵ ਦੇਹੀ ਗੋਦੜੀ ਹੈ। ਦੇਹੀ ਦੋ ਪ੍ਰਕਾਰ ਦੀ ਹੈ:—

(੧) ਆਤਮਾ ਤੇ (੨) ਅਨਾਤਮਾ। ਕਾਲ ਕੀ ਕੁਆਰੀ (ਬੁਰਕੀ) ਹੈ ਇਹ ਅਸਾਡੀ ਗੋਦੜੀ।

ਸਦਾ ਰਹੈ ਕੰਚਨ ਸੀ ਕਾਇਆ ਕਾਲ ਨ ਕਬਹੂ ਬਿਆਪੈ ॥

[ਪਾ: ੧੦

ਜੋ ਕਾਇਆਂ ਭਾਵ ਆਤਮਾ ਕਾਲ ਤੋਂ ਕੁਆਰੀ ਹੈ, ਜਿਥੇ ਕਾਲ ਪਹੁੰਚ ਹੀ ਨਹੀਂ ਸਕਦਾ ਇਹ ਅਸਾਡੀ ਗੋਦੜੀ ਹੈ:—

ਨਾ ਇਹੁ ਬ੍ਰਿਧਾ ਨਾ ਇਹੁ ਬਾਲਾ ॥

ਨਾ ਇਸੁ ਦੂਖੁ ਨਹੀ ਜਮ ਜਾਲਾ ॥

[ਗੌਂਡ ਮਹਲਾ ੫, ਪੰਨਾ ੮੬੮

ਅਰ ਜੁਗਤੀ ਰੂਪੀ ਡੰਡਾ ਹੈ ਤੇ ਜੁਗਤੀ ਉਪਰ ਪਰਤੀਤ ਹੈ ਅਟੱਲ ਨੇਸ਼ਟਾ ਹੈ, ਪੱਕਾ ਭਰੋਸਾ ਹੈ।

ਹੇ ਜੋਗੀਓ ! ਜੋਗ ਦਾ ਮਤਲਬ ਹੈ ਜੁੜਨਾ, ਸੋ ਦੇਹ ਤਾਂ ਅੰਤਰ ਹੀ ਹੋਣਾ ਚਾਹੀਦਾ ਹੈ ਕਿ ਮਨ ਵਿਚ ਜੋਗ ਹੋਵੇ। ਉਹਨਾਂ ਪੁਛਿਆ, 'ਮਹਾਰਾਜ ! ਇਹ ਕਿਸ ਤਰ੍ਹਾਂ? ਮਨ ਵਿਚ ਕਿਹੜੀਆਂ ਮੁੰਦ੍ਰਾਂ ਪਾਵਾਂਗੇ ਤੇ ਬਿਭੂਤੀ ਕੇਹੜੀ ਰਮਾਵਾਂਗੇ ?'

ਮਹਾਰਾਜ ਫੁਰਮਾਇਆ : ਮਨ ਵਿਚ ਸੰਤੋਖ ਦੀਆਂ ਮੁੰਦਰਾਂ ਪਾਵੋ ਤੇ ਪਾਪਾਂ ਦੇ ਕਰਮਾਂ ਤੋਂ, ਮਹਾਂ ਪੁਰਸ਼ਾਂ ਤੋਂ ਸ਼ਰਮ ਕਰਨਾ ਜੋ ਹੈ ਇਹ ਖੱਪਰ ਮਾਤਰ ਹੈ। ਇਸ ਖੱਪਰ ਦੁਆਰਾ ਵਾਹਿਗੁਰੂ ਤੋਂ ਰੱਬ

ਦਾ ਪਿਆਰ, ਸ਼ੁਭ ਗੁਣਾਂ ਤੇ ਸਦਾਚਾਰ ਦੀ ਸਿਖਿਆ ਲਈਦੀ ਹੈ"।
ਚੁੰ ਕਿ ਖੱਪਰ ਤੋਂ ਲੈ ਕੇ ਫਿਰ ਝੋਲੀ ਵਿਚ ਭਿਖਿਆ ਪਾਂਦੇ ਹਨ
ਇਥੇ ਧਿਆਨ ਰੂਪੀ ਝੋਲੀ ਹੈ, ਕਿਉਂਕਿ ਇਕਾਗ੍ਰ ਬ੍ਰਿਤੀ ਵਿਚ
ਰਸ ਤੇ ਅੰਮ੍ਰਿਤ ਪੈਂਦਾ ਹੈ। ਝੋਲੀ ਨੂੰ ਮਹਾਂ ਪੁਰਸ਼ ਸ਼ਰਧਾ ਕੀ
ਆਖਦੇ ਹਨ। ਬਿਭੂਤੀ ਵੀ ਧਿਆਨ ਹੈ, ਜਿਵੇਂ ਸਰਬ ਸਰੀਰ
ਇਕ ਰੰਗ ਵਿਚ ਕਰ ਦੇਂਦੇ ਹਨ ਬਿਭੂਤੀ ਨਾਲ, ਇਸੇ ਤਰ੍ਹਾਂ
ਸਭ ਪਾਸਿਓਂ ਬਿਰਤੀਆਂ ਨੂੰ ਰੋਕ ਕੇ ਇਕ ਰੰਗ ਵਿਚ ਜੋੜ ਕੇ
ਧਿਆਨ ਵਿਚ ਲੈ ਆਣਾ ਬਿਭੂਤੀ ਹੈ।

ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥

[ਆਸਾ ਮਹਲਾ ਪ, ਪੰਨਾ ੬੯੭

ਇਸ ਦੇਹੀ, ਕਾਇਆਂ, ਨੂੰ ਕਾਲ ਵਰ ਲਏਗਾ:—
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥

[ਸਲੋਕ ਸੇਖ ਫਰੀਦ, ਪੰਨਾ ੧੩੭੭

ਪਰ ਅੰਦਰ ਵਾਲੀ ਕਾਇਆ (ਆਤਮਾ) ਜੋ ਕਾਲ ਤੋਂ ਰਹਿਤ ਭਾਵ ਕੁਆਰੀ ਹੈ, ਇਹੀ ਗੋਦੜੀ ਹੈ; ਕਿਉਂਕਿ ਇਹ ਅਬਿਨਾਸ਼ੀ ਗੋਦੜੀ ਹੈ, ਅਮਰ; ਇਹ ਨਾ ਫਟੇਗੀ ਤੇ ਗੁਰੂ ਦੇ ਬਚਨਾ ਵਿਚ ਪ੍ਰਤੀਤ, ਨਿਸਚਾ, ਅਹਿੱਲ ਵਿਸ਼ਵਾਸ਼ ਜੋ ਹੈ ਇਹੀ ਡੰਡਾ ਹੈ। ਜਿਸ ਪੁਰਖ ਨੂੰ ਸਤਿਗੁਰੂ ਦੇ ਬਚਨਾਂ ਤੇ ਵਿਸ਼ਵਾਸ਼ ਹੈ ਉਸ ਨੂੰ ਦੁੱਖ, ਖੇਦ, ਤੇ ਸ਼ੋਕ ਹੈ ਹੀ ਨਹੀਂ। ਇਸ ਡੰਡੇ ਦੇ ਨਾਲ ਅਨੇਕ ਸ਼ਤਰੂ ਵਿਘਨ ਤੇ ਬੁਰਿਆਈਆਂ ਦੂਰ ਹੋ ਜਾਂਦੇ ਹਨ।

ਜਿਤਨੀ ਕਿ ਸ੍ਰਿਸ਼ਟੀ ਵਿਚ ਚੇਤਨ ਸੱਤਾ ਆਈ ਹੈ ਇਹ ਸਭ ਸਾਡੀ ਜਮਾਤ ਹੈ ਕਿਉਂਕਿ ਇਹ ਸਭ ਮਾਇਆ ਤੋਂ ਬਣੀ ਹੈ ਤੇ ਵਾਹਿਗੁਰੂ ਦੀ ਚੇਤਨ ਸੱਤਾ ਤੋਂ ਪ੍ਰਗਟ ਹੋਈ ਹੈ ਤੇ ਇਨ੍ਹਾਂ ਪੰਥਾਂ ਤੇ ਦਰਸ਼ਨਾਂ ਦੀਆਂ ਛੋਟੀਆਂ ਛੋਟੀਆਂ ਹੱਦਾਂ ਵਿਚ ਤੇ ਤੇਰਾ ਦਾਇਰੇ ਵਿਚ ਨਹੀਂ ਫਸਣਾ। 'ਮਹਾਰਾਜ ਦਿਗ ਬਿਜੈ ਨਹੀਂ ਕਰਨਾ ਚਾਹੁੰਦੇ ?' ਹੁਕਮ ਕੀਤਾ: ਅਸੀਂ ਮੰਡਲੀਆਂ ਨੂੰ ਫਤਹਿ ਕਰਨ ਦੀ

ਬਾਂ ਜਗਤ ਨੂੰ ਫਤਹਿ ਕਰਨਾ ਹੈ ਜੋ ਕਿ ਮਨ ਜਿੱਤਣ ਤੇ ਆਪੇ ਹੀ ਜਿੱਤਿਆ ਜਾਂਦਾ ਹੈ। ਆਦੇਸ ਦਾ ਅਰਥ ਉਪਦੇਸ਼ ਭੀ ਹੈ ਤੇ ਨਮਸਕਾਰ ਵੀ, ਦੂਜੇ ਦਾ ਹੋ ਜਾਣਾ, ਉਸ ਅੱਗੇ ਝਿੱਗ ਪੈਣਾ। ਮਹਾਰਾਜ ਨੇ ਫ਼ਰਮਾਇਆ: 'ਅਸੀਂ ਕਿਸੇ ਮਨੁੱਖ ਦੇ ਅੱਗੇ ਅੰਗ ਝੁਕਾਉਂਦੇ ਬੰਦਨਾ ਨਹੀਂ ਕਰਦੇ। ਆਦੇਸ ਕਰਦੇ ਹਾਂ, ਉਸ ਆਦਿ ਨਾਥ ਸ੍ਰੀ ਵਾਹਿਗੁਰੂ ਨੂੰ, ਜੋ ਸਭ ਦੀ ਆਦਿ ਹੈ, ਅਨੀਲ, ਅਨਾਦਿ, ਅਨਾਹਤ ਹੈ। ਇਹ ਲਛਣ ਹਨ। ਲੱਛਣ ਦੇ ਪ੍ਰਕਾਰ ਦੇ ਹੁੰਦੇ ਹਨ:-

(੧) ਸਰੂਪ ਲਛਣ। (੨) ਤਟਸਥ ਲਛਣ। ਜੁਗ ਬਦਲਣਗੇ, ਆਦਮੀ, ਜੀਵ ਅਵਤਾਰ, ਰਾਜੇ ਸਭ ਬਦਲਣਗੇ, ਜ਼ਮੀਨ ਅਸਮਾਨ, ਚੰਨ, ਤਾਰੇ, ਸੂਰਜ ਸਭ ਬਦਲ ਜਾਣਗੇ ਪਰ ਉਹ ਇਕ ਹੀ ਵੇਸ, ਅਬਦਲ ਸਰੂਪ ਵਿਚ ਰਹੇਗਾ।

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥
ਮੇਰਵਦਿ ਬਾਦਿਸਾਹਾ ਅਫਜੂ ਖੁਦਾਇਆ ॥
ਏਕ ਤੂਹੀ ਏਕ ਤੁਹੀ ॥੧॥ [ਵਾਰ ਮਾਝ ਮਹਲਾ ੧, ਪੰਨਾ ੧੪੩

ਆਦਿ=ਸਭ ਦਾ ਆਦਿ ਹੈ। ਅਨੀਲ=(ਨੀਲ ਗਿਣਤੀ ਦਾ ਨਾਮ ਹੈ) ਭਾਵ ਗਿਣਤੀ ਤੋਂ ਪਰੇ ਹੈ। ਅਨਾਦਿ=ਉਹ ਤਾਂ ਸਭ ਦਾ ਆਦਿ ਹੈ; ਪਰ ਉਸਦਾ ਕੋਈ ਆਦਿ ਨਹੀਂ ਹੈ, ਉਸ ਦਾ ਕਰਤਾ ਨਹੀਂ ਹੈ, ਜੈਸੇ ਉਹ ਉਤਪਤੀ ਤੋਂ ਰਹਿਤ ਹੈ ਐਸੇ ਅਨਾਹਤ ਹੈ, ਉਹ ਹਤ ਤੋਂ ਰਹਿਤ ਹੈ; ਭਾਵ ਜਨਮ ਮਰਨ ਤੋਂ ਪਰੇ ਹੈ। ਦੂਜੀ ਆਦੇਸ ਕਹਿਣਾ ਪ੍ਰੇਮਿ ਵਿਚ ਹੈ ਕਿ ਮੇਰੀ ਉਸ ਅਗੇ ਆਦੇਸ ਹੈ ਜੋ ਏਹੋ ਜੇਹੇ ਲਛਣਾਂ ਦਾ ਮਾਲਕ ਹੈ। ਯਾ ਮੇਰੇ ਸਰੀਰ ਦੀ ਵੀ ਆਦੇਸ ਤੇ ਮਨ ਦੀ ਵੀ ਆਦੇਸ ਹੈ।

ਜੀਉ ਪਿੰਡੁ ਸਭ ਤਿਸ ਕੀ ਰਾਸਿ ॥

[ਗਉੜੀ ਸੁਖਮਨੀ, ਪੰਨਾ ੨੭੭

**ਭੂਲਤਿ ਗਿਆਨੁ ਦਇਆ ਭੰਡਾਰਣਿ ਘਟਿ**

ਘਟਿ ਵਾਜਹਿ ਨਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥

ਜੋਗੀਆਂ ਕਹਿਆ: "ਮਹਾਰਾਜ ਅਸਾਂ ਨੇ 'ਅੰਨ ਪੂਰਨਾ' ਦੇਵੀ ਸਿਧ ਕੀਤੀ ਹੋਈ ਹੈ, ਥੋੜਾ ਮਾਤ੍ ਅੰਨ ਦਾ ਭੰਡਾਰਾ ਕਰੀਏ ਤਾਂ ਖ਼ਤਮ ਨਹੀਂ ਹੁੰਦਾ। ਸ਼ੁਰੂ ਕਰਨੇ ਵੇਲੇ ਨਾਦ ਪੂਰਾਂਗੇ, ਨਾਰਦ ਭਗਵਾਨ ਸਹਾਇਤਾ ਲਈ ਆ ਜਾਣਗੇ। ਆਪ ਨੂੰ ਜੋਗੀਆਂ ਦਾ ਨਾਥ ਬਣਾ ਦਿਆਂਗੇ, ਰਿਧੀਆਂ ਸਿਧੀਆਂ ਅਸਾਡੇ ਵੱਸ ਹੈਨ, ਸੋ ਇਨ੍ਹਾਂ ਦੁਆਰਾ ਲੋਕਾਂ ਦੀਆਂ ਕਾਮਨਾ ਪੂਰਨ ਹੋਣਗੀਆਂ ਤੇ ਆਪ ਦਾ ਜਸ ਸਾਰੇ ਸੰਸਾਰ ਵਿਚ ਹੋਵੇਗਾ। ਮਹਾਰਾਜ ! ਚੱਲੋ ਕੁੰਭ ਦੇ ਮੇਲੇ ਤੇ ਚਲੀਏ।" ਮਹਾਰਾਜ ਨੇ ਫ਼ੁਰਮਾਇਆ: "ਜਿਸ ਤਰ੍ਹਾਂ ਜੋਗ ਵਿਚ ਤੁਸੀਂ ਸਰੀਰਕ ਕ੍ਰਿਯਾ ਵਿਚ ਭੁੱਲੇ ਰਹੇ ਹੋ, ਇਸੇ ਤਰ੍ਹਾਂ ਭੰਡਾਰੇ ਵਿਚ ਵੀ ਭੁੱਲੇ ਪਏ ਹੋ। ਇਹ ਤਾਂ ਸਿਰਫ ਜਗ ਕੀਰਤੀ ਹੈ।

ਜੇ ਤਿਸੁ ਨਦਰਿ ਨ ਆਵਈ ਤਾ ਵਾਤ ਨ ਪਛੈ ਕੇ ॥

ਜੇ ਵਾਹਿਗੁਰੂ ਦੇ ਦੁਆਰੇ ਕਬੂਲ ਨਾ ਹੋਏ ਤਾਂ ਇਸ ਜਗ ਦੇ ਜਸ ਤੇ ਕੀਰਤੀ ਦਾ ਕੀ ਫਾਇਦਾ ? ਅਸੀਂ ਤਾਂ ਵਾਹਿਗੁਰੂ ਦੀ ਭਗਤੀ ਹੀ ਕਰਾਂਗੇ।

"ਹੇ ਮਹਾਰਾਜ ! ਤੁਸੀਂ ਭੰਡਾਰੇ ਦੇ ਹੱਕ ਵਿਚ ਨਹੀਂ ਹੋ?"

ਮਹਾਰਾਜ ਹੁਕਮ ਦਿਤਾ: "ਅਸਾਡਾ ਭੰਡਾਰਾ ਹੋਰ ਹੈ, ਸੁਣੋ, ਹੇ ਜੋਗੀਓ ! ਇਹ ਗਿਆਨ ਜੋ ਹੈ ਇਹ ਭੁਗਤ ਭਾਵ ਭੋਜਨ ਹੈ,

ਭੁਸੀਂ ਜੇ ਭੋਜਨ ਲੋਕਾਂ ਨੂੰ ਛਕਾਉਂਦੇ ਹੋ ਉਹ ਫਿਰ ਭੁੱਖੇ ਹੋ ਜਾਂਦੇ ਹਨ, ਪਰ ਗਿਆਨ ਦਾ ਭੋਜਨ ਜਿਸ ਨੂੰ ਮਿਲ ਜਾਏ ਉਹ ਸਦਾ ਲਈ ਤ੍ਰਿਪਤ ਹੋ ਜਾਂਦਾ ਹੈ ਤੇ ਪ੍ਰਾਣਾਂ ਦੇ ਚਾਰ ਦਰਜੇ ਉਪਰ ਚਲਾ ਜਾਂਦਾ ਹੈ। ਅੰਨ ਵਾਲੇ ਭੋਜਨ ਤੋਂ ਰੱਜਿਆ ਫਿਰ ਭੁੱਖਾ ਹੋ ਜਾਂਦਾ ਹੈ ਪਰ ਇਹ ਰੂਹਾਨੀ ਭੋਜਨ ਹੈ ਜਿਸ ਤੋਂ ਤ੍ਰਿਪਤੀ, ਸ਼ਕਤੀ, ਬਲ, ਰਸ, ਸੁਆਦ ਅੰਮ੍ਰਿਤ ਰਸ ਸਦੈਵੀ ਪ੍ਰਾਪਤ ਹੁੰਦੇ ਹਨ ।

ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥

[ਧਨਾਸਰੀ ਮਹਲਾ ੫, ਪੰਨਾ ੬੮੪

ਇਹ ਬਲ ਹੈ ਜੋ ਜਮਾਂ ਦੇ ਡਰ, ਨਰਕਾਂ ਦੇ ਦੁਖਾਂ ਤੇ ਕਲੇਸ਼ਾਂ ਨੂੰ ਸਾੜ ਦੇਂਦਾ ਹੈ:—

ਜਿਸ ਰਸੁ ਆਇਆ ਸੋਈ ਜਾਨੈ ॥
ਪੇਖਿ ਪੇਖਿ ਮਨ ਮਹਿ ਹੈਰਾਨੈ ॥

[ਪ੍ਰਭਾਤੀ ਮਹਲਾ ੫, ਪੰਨਾ ੧੩੩੮

ਗਿਆਨ ਰੂਪੀ ਭੋਜਨ ਨੂੰ ਵੰਡਣ ਵਾਲੀ ਕੌਣ ਹੈ ? 'ਦਇਆ' । ਮਹਾਂ ਪੁਰਸ਼ ਜਦ ਲੋਕਾਂ ਨੂੰ ਵੈਰ ਵਿਰੋਧ ਵਿਚ ਸੜਦੇ ਤੇ ਨਰਕਾਂ ਨੂੰ ਜਾਂਦੇ ਦੇਖਦੇ ਹਨ ਤਾਂ ਉਨ੍ਹਾਂ ਨੂੰ ਤਰਸ ਤੇ ਦਇਆ ਆਉਂਦੀ ਹੈ:—ਬਾਬਾ ਦੇਖੇ ਧਿਆਨ ਧਰਿ

ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥ [ਵਾਰ ੧-੨੪

ਸੋ ਮਹਾਂ ਪੁਰਸ਼ ਕੋਲ ਗਿਆਨ ਦਾ ਭੋਜਨ ਹੈ ਤੇ ਜੋ ਦੁਖੀ ਉਨ੍ਹਾਂ ਪਾਸ ਜਾਂਦਾ ਹੈ ਉਸਨੂੰ ਤਰਸ ਕਰਕੇ ਇਹ ਭੋਜਨ ਬਖਸ਼ਦੇ ਹਨ।

'ਹੁਣ ਮਹਾਰਾਜ ! ਨਾਦ ਕੌਣ ਵਜਾਵੇਗਾ ?'

ਜੋਗੀਆਂ ਦਾ ਨਾਦ ਹਿਰਨ ਦੇ ਸਿੰਗਾਂ ਦਾ ਹੁੰਦਾ ਹੈ। ਮਹਾਰਾਜ ਫੁਰਮਾਇਆ:ਭਾਈ ! ਨਾਦ ਤਾਂ ਪਹਿਲੇ ਹੀ ਘਟ ਘਟ ਵਿਚ ਵਜ ਰਿਹਾ ਹੈ:—

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥

[ਸਿਰੀ ਰਾਗੁ ਮਹਲਾ ੧, ਪੰਨਾ ੬੨

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥
ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥
[ਸਿਧ ਗੋਸ਼ਟਿ-੫੬, ਪੰਨਾ ੯੪੪

ਅਤੇ ਨਾਥ ਤਾਂ ਇਕ ਸ੍ਰੀ ਵਾਹਿਗੁਰੂ ਹੀ ਹੈ, ਜੋਗੀਉ! ਜਿਤਨੇ ਬਾਕੀ ਜੀਵ ਰੂਹਾਂ ਹਨ ਸਭ ਉਸ ਦੀਆਂ ਦਾਸੀਆਂ ਹਨ, ਜੋ ਸਭ ਉਸ ਦੀਆਂ ਨੱਥੀਆਂ ਹੋਈਆਂ ਹਨ, ਉਸ ਦੇ ਹੁਕਮ ਵਿਚ ਬਧੇ ਹੋਏ ਮਨ ਅਤੇ ਬ੍ਰਹਮਾਂ ਨੰਦ ਤੇ ਆਤਮ ਰਸ ਵਿਚ ਜੋ ਰਿਧੀਆਂ ਹਨ ਇਹ ਉਸ ਸੁਆਦ ਵਿਚ ਪਰੰਦਾ ਹਨ। ਅਵਰਾ=ਅਵਰਨ= ਪਰਦਾ ਰੁਕਾਵਟ ਹਨ।

ਭਾਈ ਜਿਥੇ ਸੰਜੋਗੀ ਤੇ ਵਿਜੋਗੀ ਦੋਇ ਕਰਮ ਕਾਰ ਚਲਾ ਰਹੇ ਹਨ, ਜਦੋਂ ਸੰਜੋਗੀ ਕਰਮ ਆਉਂਦਾ ਹੈ ਆਪੇ ਹੀ ਪਦਾਰਥ ਆਉਣ ਲੱਗ ਪੈਂਦੇ ਹਨ, ਇਹ ਦੋਵੇਂ ਚੇਲੇ ਗੁਰੂ ਨਾਨਕ ਦੇ ਸਿਖ ਸਿਖਣੀ ਤੇ ਹਰ ਵਕਤ ਨਾਲ ਹਨ ਤੇ ਹਰ ਇਕ ਦੇ ਲੇਖੇ ਦੇ ਅਨੁਸਾਰ ਭਾਗ ਆ ਰਹੇ ਹਨ, ਭਾਵ ਕਰਮ ਰੂਪੀ ਹਰੇਕ ਦੇ ਪਾਸ ਛੋਟਾ ਯਾ ਵੱਡਾ ਭਾਂਡਾ ਹੈ ਤੇ ਉਹ ਉਸਦੇ ਅਨੁਸਾਰ ਭਾਗ ਯਾ ਦਾਤ ਪਾ ਰਹੇ ਹਨ।

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥
[ਵਾਰ ਮਲਾਰ ਮ: ੧, ਪੰਨਾ ੧੨੮੭

ਭੋਗੰ ਤ ਰੋਗੰ ॥ [ਸਲੋਕ ਸਹਸਕ੍ਰਿਤੀ ਮ: ਪ, ਪੰਨਾ ੧੩੫੫

ਗਿਆਨ ਦਾ ਰਸ ਮਾਨਨੀਯ ਹੈ।

ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥
[ਗਉ: ਸੁਖਮਨੀ, ਪੰਨਾ ੨੭੩

ਬ੍ਰਹਮ ਗਿਆਨ ਦੋ ਪ੍ਰਕਾਰ ਦਾ ਹੈ:—

(੧) ਪਰ ਗਿਆਨ

ਸਾਕਾਰ ਗਿਆਨ — ਨਿਰਾਕਾਰ ਗਿਆਨ

(੨) ਅਪਰ ਬ੍ਰਹਮ ਗਿਆਨ

ਪ੍ਰਤਖ ਗਿਆਨ

ਅਪ੍ਰਤਖ ਗਿਆਨ

ਹਜ਼ਾਰਾਂ ਗਿਆਨ ਭੰਡਾਰੇ ਦੇ ਲੈਣ ਦੇ ਭਿਖਜਕ ਹੋ ਗਏ। ਭਾਂਡੇ ਸਿਧੇ ਕਰਕੇ ਇਹ ਭੰਡਾਰਾ ਲਵੀਏ।

ਸਿਖ ਹੋਇਕੈ ਗੁਰੂ ਕੋ ਜਪੁਜੀ ਕੰਠ ਨ ਕੀਨ ॥
ਜਪੁ ਜਾਪੁ ਕੇ ਜਪੇ ਬਿਨ ਜੋ ਜੇਵੈਂ ਪਰਸਾਦ ॥
ਸੋ ਬਿਸਟਾ ਕਾ ਕਿਰਮ ਹੋਇ ਜਨਮ ਗਵਾਵੈ ਬਾਦ ॥

[ਰਹਿਤਨਾਮਾ

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
ਜਤ੍ਰ ਤਤ੍ਰ ਬਿਰਾਜਹੀ ਅਵਿਧੂਤ ਰੂਪ ਰਸਾਲ ॥

[ਜਾਪ ਪਾ: ੧੦

ਗਿਆਨ ਭੰਡਾਰਾ ਹੈ, ਦਇਆ ਭੰਡਾਰਨ ਹੈ। ਬਦਲ ਅਕਾਸ਼ ਵਿਚ ਵਸਦਾ ਹੈ, ਸਾਨੂੰ ਤ੍ਰਿਪਤੀ, ਠੰਢ, ਸੁਹਾਉ ਮਿਲ ਜਾਂਦਾ ਹੈ। ਸਾਡੇ ਕੋਲ ਅਰਦਾਸ ਹੈ, ਪੁਕਾਰ ਹੈ। ਦਇਆ ਗੁਰੂ ਦੇ ਹਿਰਦੇ ਵਿਚ ਵਸਦੀ ਹੈ। ਓਹ ਸਾਡੀ ਪੁਕਾਰ ਸੁਣਦੇ ਹੀ ਬਾਹੁੜਦੇ ਹਨ। ਰੂਹਾਨੀ ਆਵਾਜ਼ ਇਹ ਨਾਦ ਹੈ। ਆਪ ਹੀ ਨਾਥ ਹੈ, ਸਭ ਉਸ ਦੀ ਨੱਥੀ ਹੋਈ ਹੈ। ਰਿਧੀ ਸਿਧੀ ਪਰਦਾ ਹੈ, ਸੰਜੋਗੀ ਵਿਜੋਗੀ ਕੰਮ ਚਲਾਉਂਦੇ ਹਨ। ਜੋ ਧੁਰੋਂ ਲੇਖ ਹੈ। ਲੇਖ ਇਕ ਭਾਂਡਾ ਹੈ। ਗੜਵੀ ਵਿਚ ਘੜੇ ਦਾ ਪਾਣੀ ਨਹੀਂ ਸਮਾ ਸਕਦਾ; ਘੜੇ ਵਾਲੇ ਦੀ ਰੀਸ ਕਰਕੇ ਗੜਵੀ ਤੋਂ ਨਾ ਰਹਿ ਜਾਈਏ :

ਧਰਤੀ ਚੋਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥

[ਬਸੰਤ ਮ: ੧, ਪੰਨਾ ੧੧੯੦

ਦੀਨਨ ਕੀ ਪ੍ਰਤਿਪਾਲ ਕਰੈ
ਨਿਤ ਸੰਤ ਉਬਾਰ ਗਨੀਮਨ ਗਾਰੈ ॥ [ਸਵਯੇ ਪਾ: ੧੦

ਇਹ ਗੁਰੂ ਨਾਨਕ ਦਾ ਘਰ ਅਣਲਿਖੇ ਭੀ ਲਿਖ ਦੇਂਦਾ ਹੈ।ਭੰਡਾਰ ਘਟ ਹੈ,ਮਾਯੂਸ ਨਹੀਂ ਹੋਣਾ, ਸਤਿਗੁਰ ਦੇ ਹਿਰਦੇ ਦਇਆ ਭੰਡਾਰਨ ਹੈ। ਕਈ ਸੇਠ ਆਪਣੇ ਨੌਕਰ ਨੂੰ ਤਨਖਾਹ ਤੋਂ ਇਲਾਵਾ ਇਨਾਮ ਦੇਂਦੇ ਹਨ। 'ਪੂਰਬਿ ਲਿਖਤ ਲਿਖੇ ਗੁਰੂ ਪਾਇਆ'। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਸਚੇ ਪਾਤਸ਼ਾਹ, ਖਾਲਸਾ ਦਾ ਜਲਵਾ ਦੀਦਾਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' - ਸਿਖੀ ਜਨਮ, ਸੰਗਤ ਨਿਵਾਸ, ਨਾਮ ਬਾਣੀ ਮਿਲਿਆ ਹੈ, ਕਦੇ ਨ ਆਖੇ ਅਸੀਂ ਭਾਗ ਹੀਨ ਹਾਂ। ਸਰਬ ਦਾ ਕਰਤਾ ਹਰਤਾ ਪ੍ਰੇਰਕ ਈਸ਼ੂਰ ਹੈ:

ਆਦੇਸ ਤਿਸੈ ਆਦੇਸ ॥ ਆਦਿ ਅਨੀਲੁ ਅਨਾਦਿ
ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥
ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥

[ ਵਾਰ ਆਸਾ ਮਾ: ੧, ਪੰਨਾ ੪੬੭

ਵਿਹਾਰ, ਪਰਮਾਰਥ, ਲੋਕ ਪ੍ਰਲੋਕ ਦਾ ਗਿਆਨ ਬਖਸ਼ੇ, ਅੰਧੀ ਕੋਠੜੀ ਸਰੀਰ ਵਿਚ ਗਿਆਨ ਦਾ ਦੀਵਾ ਜਗਾ ਲਈਏ:

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ॥

[ ਸਿਰੀ ਰਾਗ਼ ਮਾ: ੪ ਛੰਤ—੧, ਪੰਨਾ ੭੮

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥

[ ਗਉ: ਸੁਖਮਨੀ, ਪੰਨਾ ੨੭੩

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ
ਪਰਵਾਣੁ ॥ ਇਕ ਸੰਸਾਰੀ ਇਕ ਭੰਡਾਰੀ ਇਕੁ
ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ
ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ
ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜਗੁ ਜੁਗੁ ਏਕੋ ਵੇਸੁ ॥੩੦॥

ਏਕਾ, ਜੋ ਸਤਿ ਹੈ, ਅਕਾਲ ਹੈ, ਪੁਰਖੁ ਹੈ, ਵਾਹਿਗੁਰੂ ਹੈ, ਲਾਸ਼ਰੀਕ ਤੇ ਵਾਹਿਦ ਹੈ, ਜੋ ਸਜਾਤੀ ਵਿਜਾਤੀ, ਸ੍ਵਗਤਿ ਭੇਦਾਂ ਤੋਂ ਰਹਿਤ ਹੈ। ਸਜਾਤੀ–ਮਨੁਖ ਜੈਸਾ ਮਨੁਖ, ਵਿਜਾਤੀ-ਦੂਸਰੀ ਜਾਤ ਵਾਲੇ, ਜਿਵੇਂ ਮਨੁਖ ਨਾਲ ਪੱਥਰ, ਹਵਾ। ਸ੍ਵਗਤਿ: ਜਾਤ ਆਪਣੀ ਹੀ ਹੋਵੇ, ਪਰ ਵਿਚ ਫਰਕ ਹੋਵੇ, ਜਿਵੇਂ ਬਿਰਖ ਹਨ, ਪਰ ਕਿਸੇ ਵਿਚ ਫਲ ਹਨ, ਕਿਸੇ ਵਿਚ ਕੰਡੇ, ਜਾਂ ਕਿਸੇ ਇਕ ਹੀ ਦਰਖਤਾਂ ਦੀਆਂ ਟਾਹਣੀਆਂ, ਕੰਡੇ, ਪੱਤੇ ਇਤਆਦਕ ਹਨ। ਪਰਮਾਤਮਾ ਦੇ ਸਾਹਮਣੇ ਦੂਸਰਾ ਪਰਮਾਤਮਾ ਨਹੀਂ ਹੋ ਸਕਦਾ।

ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ।

[ ਬਿਲਾਵਲੁ ਰਵਿਦਾਸ ਜੀ, ਪੰਨਾ, ੮੫੮

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥

[ ਆਸਾ ਮਹਲਾ ੧, ਪੰਨਾ ੩੫੦

ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ ॥

[ਆਸਾ ਮਹਲਾ ੪ ਸੋ ਪੁਰਖ, ਪੰਨਾ ੩੪੮

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

[ਵਾਰ ਜੈਤਸਰੀ ਮ: ੫-੧, ਪੰਨਾ ੭੦੫

ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥

[ਵਾਰ ਬਿਲਾਵਲ ਮਹਲਾ ੩, ਪੰਨਾ ੮੫੧

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ [ਸੁਖਮਨੀ, ਪੰਨਾ ੨੯੪

ਏਕਾ ਜੋ ਹੈ ਜਦੋਂ ਉਹ ਮਾਈ ਕਹੀਐ ਮਾਇਆ ਨਾਲ ਜੁੜਿਆ ਤਦੋਂ ਮਾਈ ਵਿਆਈ, ਭਾਵ ਪ੍ਰਸੂਤ ਹੋਈ ਅਰ ਉਸ ਤੋਂ ਤਿੰਨ ਚੇਲੇ:ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਪੈਦਾ ਹੋਏ। ਇਹ ਪ੍ਰਵਾਨ ਹਨ।

ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ ॥

[ਮਾਰੂ ਮਹਲਾ ੩, ਸੋਲਹਾ-੨੨, ਪੰਨਾ ੧੦੬੬

ਸ਼ਾਸਤ੍ਰ ਵਿਚ ਮਾਇਆ ਦਾ ਨਾਮ ਪ੍ਰਕ੍ਰਿਤੀ ਹੈ, ਵੇਦ ਵਿਚ ਇਸ ਦਾ ਨਾਮ ਅਜਾ ਹੈ, ਭਾਵ ਜੋ ਆਪ ਜੰਮੀ ਨਹੀਂ ਪਰ ਸਭ ਨੂੰ ਜਮਾਂਦੀ ਹੈ। ਇਸ ਵਿਚ ਤਿੰਨ ਗੁਣ ਹਨ ; ਸਤੋ, ਰਜੋ, ਤਮੋ। ਸਤੋ ਤੋਂ ਵਿਸ਼ਨੂੰ ਪ੍ਰਗਟ ਹੋਏ ਜੋ ਪਾਲਦਾ ਹੈ, ਰਜੋ ਤੋਂ ਬ੍ਰਹਮਾ, ਜੋ ਸੰਸਾਰ ਪੈਦਾ ਕਰਦਾ ਹੈ, ਤਮੋਂ ਤੋਂ ਸ਼ਿਵਜੀ, ਜਿਸ ਨੂੰ ਲੈ ਕਰਨ ਦਾ ਸੁਭਾਵ ਹੈ। ਇਹ ਸੁਤੰਤਰ ਨਹੀਂ ਹਨ ਜਿਵੇਂ ਸ੍ਰੀ ਵਾਹਿਗੁਰੂ ਨੂੰ ਭਾਂਵਦਾ ਹੈ ਤੇ ਜੋ ਫੁਰਮਾਨ ਹੁੰਦਾ ਹੈ ਉਸ ਤਰ੍ਹਾਂ ਕਰਦੇ ਹਨ। ਏਹ ਵਰਕਰ ਹਨ, ਪਰ ਅਸਚਰਜ ਇਹ ਹੈ ਕਿ ਉਸਦੇ ਉਤਪੰਨ ਕੀਤੇ ਹੋਏ ਹਨ, ਉਸ ਦੇ ਪੁੱਤਰ ਹਨ, ਫੇਰ ਤਿੰਨਾਂ ਨੂੰ ਦਰਸ਼ਨ ਨਹੀਂ ਹੁੰਦਾ, ਇਨ੍ਹਾਂ ਨੂੰ ਨਜ਼ਰ ਨਹੀ ਆਉਦਾ, ਕਿਉਂਕਿ ਇਨ੍ਹਾਂ ਤੇ ਮਾਇਆ ਪੈ ਗਈ ਹੈ:—

ਸਰਪਨੀ ਤੇ ਊਪਰਿ ਨਹੀ ਬਲੀਆ ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ [ਆਸਾ ਕਬੀਰ ਜੀ,ਪੰਨਾ ੪੮੦

ਕੇਵਲ ਦੇਵਤਿਆਂ ਨੂੰ ਮਾਇਆ ਨਹੀਂ ਪਈ, ਅਸਾਂ ਜੀਵਾਂ ਨੂੰ ਭੀ ਪਈ। ਜ਼ਰੂਰਤ ਵੇਲੇ ਬਜ਼ਾਰ ਜਾਣਾ ਮਾੜਾ ਨਹੀਂ ਪਰ ਬਿਅਰਥ ਘੁੰਮਣਾ ਮਾੜਾ ਹੈ। ਗੱਪਾਂ ਮਾਰਨੀਆਂ ਪਾਠ ਨਾ ਕਰਨਾ, ਅਖ਼ਬਾਰਾਂ ਪੜ੍ਹਨੀਆਂ ਪਰ ਨਿਤ ਨੇਮ ਨਾ ਕਰਨਾ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥

[ਸੂਹੀ ਮਹਲਾ ਪ, ਪੰਨਾ ੭੬੧

ਸੇ ਸੰਜੋਗ ਕਰਹੁ ਮੇਰੇ ਪਿਆਰੇ ॥
ਜਿਤੁ ਰਸਨਾ ਹਰਿ ਨਾਮ ਉਚਾਰੇ ॥

[ਸੂਹੀ ਮਹਲਾ ਪ, ਪੰਨਾ ੭੪੩

ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ॥[ਗਉੜੀ ਮਹਲਾ ੧ ਪੰਨਾ

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
[ਵਾਰ ਗੂਜਰੀ ਮਹਲਾ ੫, ਪੰਨਾ ੫੨੨

'ਬਾਣੀ ਬਿਰਲੋ ਬੀਚਾਰਸੀ' ਕੋਈ ਵਿਰਲਾ ਹੀ ਗੁਰਬਾਣੀ ਨੂੰ ਪੜ੍ਹੇਗਾ ਵਿਚਾਰੇਗਾ। ਮੋਤੀ ਦੁਰਲੱਭ ਹੈ ਉਸ ਦਾ ਵਾਪਾਰੀ ਭੀ ਦੁਰਲੱਭ ਹੈ:—

ਉਤਮ ਸਲੋਕ ਸਾਧ ਕੇ ਬਚਨ ॥
ਅਮੁਲੀਕ ਲਾਲ ਏਹਿ ਰਤਨ ॥ [ਸੁਖਮਨੀ, ਪੰਨਾ ੨੬੫

ਹੈ ਖ਼ਰੀਦਾਰੋ! ਆਖ਼ੋ: ਧੰਨ ਗੁਰੂ ਨਾਨਕ:—

ਸਾਹ ਵਾਪਾਰੀ ਦੁਆਰੈ ਆਏ ॥
ਵਖਰੁ ਕਾਢਹੁ ਸਉਦਾ ਕਰਾਏ ॥
[ਆਸਾ ਮਹਲਾ ੫, ਪੰਨਾ ੩੭੨

ਸ਼ਾਹ ਕੌਣ ਹੈ? ਧੰਨ ਗੁਰੂ ਨਾਨਕ:—

ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ ॥
ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ ॥
[ਵਾਰਾਂ ਤੇ ਵਧੀਕ ਮ: ੩, ਪੰਨਾ ੧੪੧੬

'ਆਦੇਸ ਤਿਸੈ ਆਦੇਸ' ਇਸ ਦੇ ਅਰਥ ਪਿਛੇ ਆਪ ਸੁਣ ਹੀ ਚੁਕੇ ਹੋ।

**ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸ ਤਿਸੈ ਆਦੇਸ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੭॥**

ਇਨ੍ਹਾਂ ਚਾਰ ਪਉੜੀਆਂ ਵਿਚੋਂ ਪਹਿਲੀ ਵਿਚ ਸਰੀਰਕ ਚਿੰਨ੍ਹਾਂ ਕਰਕੇ, ਫੇਰ ਭੰਡਾਰੇ ਕਰਕੇ ਜੋਗੀ ਬਣਨਾ ਤੇ ਤੀਜੀ ਵਿਚ ਇਸ਼ਟ ਤੋਂ ਚੁਕਕੇ ਕਰਤਾ ਵਲ ਪ੍ਰੇਰਿਆ ਹੈ। ਚੌਥੀ ਵਿਚ ਹੁਣ ਆਸਣ ਦੱਸਦੇ ਹਨ।

ਜੋਗੀ ਕਹਿਣ ਲਗੇ: ਜੋਗੀ ਬਣੋ, ਆਪ ਦਾ ਆਸਣ ਸ਼ਿਵ ਲੋਕ ਵਿਚ ਯਾ ਸੁਰਗ ਵਿਚ ਲਾ ਦੇਂਦੇ ਹਾਂ, ਆਪ ਦਾ ਪ੍ਰਤਾਪ ਵਧੇਗਾ, ਦੇਵਤੇ ਤੇ ਸ਼ਿਵ ਭੋਲਾ ਭੀ ਆਪ ਦਾ ਸਤਿਕਾਰ ਕਰਨਗੇ: ਮਹਾਰਾਜ ਨੇ ਹੁਕਮ ਕੀਤਾ: "ਮੈਂ ਇਕ ਦੇਸੀ ਆਸਣ ਨਹੀਂ ਚਾਹੁੰਦਾ, ਮੈਂ ਉਸ ਦਾ ਆਸ਼ਕ ਹਾਂ, ਜਿਸ ਦਾ ਆਸਣ ਸਰਬ ਲੋਕਾਂ ਵਿਚ ਹੈ, ਸੋ ਮੇਰਾ ਆਸਣ ਹਰੇਕ ਦੇਸ਼ ਵਿਖੇ ਹੈ. ਮੈਂ ਇਸ ਨੂੰ ਤਿਆਗਕੇ ਇਕ ਤੰਗ ਦਾਇਰੇ ਭਾਵ ਸੁਰਗ ਯਾ ਸ਼ਿਵ ਲੋਕ ਵਿਚ ਆਸਣ ਲਾਕੇ ਟਿਕਿਆ ਰਹਾਂ, ਇਹ ਨਹੀਂ ਹੋ ਸਕਦਾ। ਸੁਰਗ ਲੋਕ ਤੇ ਮਾਤ ਲੋਕ ਵਿਚ ਤਾਂ ਪੰਜ ਇੰਦ੍ਰੀਆਂ ਦੇ ਭੋਗ ਹਨ, ਹੋਰ ਸੁਰਗ ਵਿਚ ਕੀ ਹੈ? ਸੁਰਗ ਵਿਚ ਅੱਖੀਆਂ ਨਾਲ ਅਪੱਛਰਾਂ ਹੀ ਦੇਖਣੀਆਂ ਹਨ ਤੇ ਸ਼ਿਵ ਲੋਕ ਵਿਚ ਦੇਵੀਆਂ ਵਗੈਰਾ, ਇਹ ਸਭ ਇੰਦ੍ਰੀਆਂ ਦੇ ਭੋਗ ਹਨ। ਜੋਗੀ ਜਨੋਂ! ਇੰਦ੍ਰੀਆਂ ਦੇ ਭੋਗਾਂ ਨੂੰ ਜੋ ਭੋਗਦਾ ਹੈ, ਉਹ ਤਾਂ ਬੈਲ ਹੈ, ਚਾਰਾ ਖਾਧਾ ਤੇ ਕੰਮ ਕੀਤਾ, ਇਹ ਕੋਈ ਜ਼ਿੰਦਗੀ ਹੈ?

ਸਾਰੇ ਲੋਕਾਂ ਉਸ ਵਿਚ ਵਾਹਿਗੁਰੂ ਦਾ ਆਸਣ ਹੈ ਤੇ ਬਾਕੀ
ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ [ਮਾਰੂ ਮਹਲਾ ਪ. ਪੰਨਾ ੧੦੮੩

ਲੋਕ ਲੋਕਾਂਤਰ ਵਿਚ ਜਿਸ ਦਾ ਆਸਣ ਹੈ ਉਸੇ ਦਾ ਹੀ ਇਹ ਆਸਣ ਕਾਇਮ ਹੈ, ਬਾਕੀ ਨਾਸ਼ਵੰਤ ਹੈ।

ਇੰਦ੍ਰਪੁਰੀ ਮਹਿ ਸਰਪਰ ਮਰਣਾ ॥
ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ॥
ਸਿਵਪੁਰੀ ਕਾ ਹੋਇਗਾ ਕਾਲਾ ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥

[ਗਉੜੀ ਮਹਲਾ ੫, ਪੰਨਾ ੨੩੭

ਦੇਵ ਰਾਜ ਇੰਦਰ ਨੇ ਭੀ ਮਰ ਜਾਣਾ ਹੈ :—

ਇੰਦ੍ ਲੋਕ ਸਿਵ ਲੋਕਹਿ ਜੈਬੋ ॥
ਓਛੇ ਤਪ ਕਰਿ ਬਾਹੁਰਿ ਐਬੋ ॥

[ ਧਨਾਸਰੀ ਕਬੀਰ ਜੀ, ਪੰਨਾ ੬੯੨

ਮੰਗਲ ਨਾਥ, ਗੋਪੀ ਨਾਥ, ਭਰਥਰੀ ਨਾਥ, ਤਾਰੇ, ਸੂਰਜ ਚੰਦ੍ਰਮਾ ਸਭ ਨਸ਼ਟ ਹੋਣ ਵਾਲੇ ਹਨ। ਜੋਗੀਆਂ ਪੁਛਿਆ 'ਹੇ ਬਾਲੇ! ਆਪ ਨੇ ਕਿੱਥੇ ਆਸਣ ਲਾਇਆ ਹੈ ?'

ਕਹ ਬੈਸਹੁ ਕਹ ਰਹੀਐ ਬਾਲੇ ॥

[ਰਾਮਕਲੀ ਸਿਧ ਗੋਸਟਿ, ਪੰਨਾ ੯੩੮

ਬਾਬਾ ਜੀ ਕਹਿਆ :—

ਆਸਣਿ ਬੈਸਣਿ ਥਿਰੁ ਨਾਰਾਇਣੁ ॥

[ਆਸਾ ਮਹਲਾ ੧, ਪੰਨਾ ੯੩੮

ਹਉ ਤਿਸਦੈ ਚਉਖੰਨੀਐ ਗੁਰ ਪਰਮੇਸਰੁ ਏਕੋ ਜਾਣੈ ॥
ਹਉ ਜਿਸਦੈ ਚਉਖੰਨੀਐ ਦੂਜਾ ਭਾਉ ਨ ਅੰਦਰ ਆਣੈ ॥

[ ਭਾਈ ਗੁਰਦਾਸ ਜੀ ਵਾਰ ੧੨-੫

ਹੇ ਜੋਗੀਓ ! ਮੈਂ 'ਥਿਰੁ ਨਾਰਾਇਣੁ' ਵਿਚ ਆਸਣੁ ਲਾਕੇ ਬੈਠਾ ਹਾਂ। ਮੇਰਾ ਆਸਣ ਉਸ ਪ੍ਰਕਾਸ਼ ਰੂਪ ਵਿਚ ਹੈ। ਵਾਹਿ ਮੇਰੇ ਬਾਬਾ ! ਸਦਾ ਟਿਕੇ ਰਹੋ, ਤੁਸੀਂ ਤਾਂ ਆਪ ਹੀ ਵਾਹਿਗੁਰੂ ਹੋ।

ਗੁਰ ਗੋਵਿੰਦੁ ਗੋਵਿੰਦ ਗੁਰੂ ਹੈ ਨਾਨਕ ਭੇਦੁ ਨ ਭਾਈ ॥

[ ਆਸਾ ਛੰਤ ਮਹਲਾ ੪, ਪੰਨਾ ੪੪੨

ਸਤਿਗੁਰੁ ਦਰਸਨੁ ਦੇਖਦੋ ਪਰਮਾਤਮੁ ਦੇਖੈ ॥

[ਭਾਈ ਗੁਰਦਾਸ ਵਾਰ ੯-੧੦

ਜਿਸ ਨੂੰ ਇਹ ਦ੍ਰਿਸ਼ਟੀ ਮਿਲੀ ਹੈ ਉਸ ਦੇ ਲਈ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸੋ ਗੁਰੂ ਇਕ ਹਨ।

ਗੁਰੁ ਪਰਮੇਸਰੁ ਏਕੋ ਜਾਣ ॥

ਸੂਰਤੇ ਹੱਕ ਮੁਰਸਦੇ ਕਾਮਲ ਬਵੱਦ।
ਦੀਦਨਸ਼ ਆਰਾਮ ਜਾਨੋ ਦਿਲ ਬਵੱਦ ॥[ਭਾਈ ਨਦ ਲਾਲ

ਦਰਸ਼ਨ ਨਾਲ ਦਿਲ ਅਰ ਜਾਨ ਨੂੰ ਆਰਾਮ ਮਿਲਦਾ ਹੈ।
ਸਫਲ ਦਰਸਨੁ ਪੇਖਤ ਪੁਨੀਤ ॥
[ ਸੁਖਮਨੀ, ਪੰਨਾ ੨੮੭

ਦੀਦਾਰ ਕੀਤਾ ਨਹੀਂ, ਪਾਪ ਝੜ ਗਏ। ਸੂਰਜ ਆਇਆ, ਹਨੇਰਾ ਗਿਆ। ਬੇਆਰਾਮ ਨੂੰ ਆਰਾਮ, ਦੁਖੀ ਨੂੰ ਸੁਖੀ ਕਰ ਦੇਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਠੰਡ ਪੈ ਜਾਂਦੀ ਹੈ, ਪਾਠ ਕਰਕੇ ਦਿਲ ਠਰ ਜਾਂਦਾ ਹੈ।

ਗਰ ਹਜ਼ੂਰੀ ਅਜ਼ ਖ਼ੁਦਾ ਬਾਯਦ ਬਤੋ।
ਦਰ ਹਜ਼ੂਰੇ ਮੁਰਸ਼ਦੇ ਕਾਮਲ ਬਿਰੋ।
[ਭਾਈ ਨੰਦ ਲਾਲ

ਥਿਰ ਨਾਰਾਇਣੁ ਵਿਚ ਸਾਡਾ ਬੈਠਣਾ ਹੈ, ਸਦਾ ਟਿਕੇ ਰਹੋ, ਪਰ ਬਾਬਾ ਜੀਓ! ਸਾਧ ਸੰਗਤ ਦਾ ਵੀ ਖ਼ਸਮਾਨਾ ਆਪ ਨੂੰ ਹੈ, ਇਹ ਸਭ ਆਪ ਦੇ ਹੀ ਹਨ, ਇਹ ਸੰਨਿਆਸੀ ਤੇਰੇ ਚਰਨਾਂ ਵਿਚ ਆ ਬਹਿੰਦੇ ਹਨ। 'ਰੇ ਮਨ ਐਸੋ ਕਰ ਸਨਿਆਸਾ'। ਚਾਹੇ ਦੋ ਘੜੀਆਂ ਪਰ ਤੇਰੇ ਜੋ ਹੋਏ। ਨਿਰੰਕਾਰ ਅਟੱਲ ਗੁਰੂ ਤੁਸੀਂ ਹੀ ਅਵਤਾਰ ਧਾਰਿਆ ਹੈ; ਤੁਸੀਂ ਲੋਅ ਵਿਚ ਆਸਣ ਕੀਤਾ ਹੈ, ਤੁਸੀਂ ਤਾਂ ਨੂਰੋ ਨੂਰ ਹੋ।

ਮੁਰਸ਼ਦੇ ਪਾਕ ਨੂਰੇ ਹੱਕ ਆਮਦ।
ਜਾਂ ਸਬਬ ਦਰ ਦਿਲੇ ਸਬਕ ਆਮਦ।
[ਭਾਈ ਨੰਦ ਲਾਲ

ਰਹਿਰਾਸ, ਸੁਖਮਨੀ ਪ੍ਰਾਪਤ ਹੋਈ ਹੈ, ਗੁਰਮੰਤ੍ਰ ਮਿਲਿਆ ਹੈ, ਧੰਨੁ ਗੁਰੂ ਨਾਨਕ ਦੇਵ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਇਓ ॥
[ ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯

ਜੋਤਿ ਰੂਪ ਆਖ ਧੰਨ ਗੁਰੂ ਨਾਨਕ, ਦਾ ਪ੍ਰਕਾਸ਼ ਵਿਚ ਆਸਣ ਹੈ, ਚਾਨਣੇ ਦਾ ਹੀ ਭੰਡਾਰਾ ਖੁੱਲ੍ਹਿਆ ਹੋਇਆ ਹੈ, ਉਹ ਹਰ ਜ਼ਬਾਨ ਤੇ ਰਖ ਰਿਹਾ ਹੈ 'ਆਦਿ ਸਚੁ ਜੁਗਾਦਿ ਸਚੁ'। ਨਾਮ ਤੇ

ਗਿਆਨ ਦਾ ਭੰਡਾਰ ਦੇ ਰਹੇ ਹੋ।

ਜੋਗੀ ਨੇ ਕਿਹਾ: ਅੱਛਾ ਮਹਾਰਾਜ ! ਸਾਡੀ ਦਿਸ਼ਟੀ ਤਾਂ ਇਕ ਦੇਸ਼ੀ ਰਹੀ, ਅਸਥਾਨ ਡੇਰੇ ਬਨਾਣਾ ਅਰ ਪਹੁੰਚ ਵਾਲੇ ਲੋਕ ਸ਼ਿਵ ਪੁਰੀਆਂ ਵਿਚ ਰਹਿੰਦੇ ਹਨ। ਮਹਾਰਾਜ, ਕੁਛ ਤਾਂ ਪਹਿਚਾਣ ਕਰੋ, ਕੁਝ ਤਾਂ ਲੈ ਲਓ, ਤਾਂ ਬਾਬੇ ਕਿਹਾ: ਹੇ ਜੋਗੀ ਜਨੋ ! ਜੋ ਕੁਛ ਮੈਂ ਲੈਣਾ ਸੀ, ਉਹ ਇਕੋ ਵਾਰੀ ਹੀ ਲੈ ਲਿਆ ਹੈ, ਲੋੜ ਨਹੀਂ, ਭਰੇ ਨੂੰ ਕੀ ਭਰਣਾ, ਸਾਰੇ ਪੱਲੇ ਵਾਹਿਗੁਰੂ ਨੇ ਭਰ ਦਿਤੇ ਹਨ। ਸਰਬ ਲੋਕ ਵਿਚ ਆਸਣ, ਸਰਬ ਲੋਕ ਵਿਚ ਭੰਡਾਰਾ ਚਲ ਰਿਹਾ ਹੈ। ਇਹ ਸਿਸ਼ਟੀ ਦੇ ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਭੰਡਾਰਾ ਮਿਲਨਾਂ ਸੀ, ਸਭ ਨੂੰ ਇਕ ਵਾਰੀ ਹੀ ਮਿਲ ਗਿਆ।

ਉਹ ਕਰਤਾਰ ਪਹਿਲੇ 'ਕਰਿ' ਭਾਵ ਰਚਨਾ ਕਰਦਾ ਹੈ, ਫਿਰ ਉਸ ਦੀ 'ਕਰਿ ਵੇਖੈ', ਨਿਗਰਾਨੀ ਕਰਦਾ ਹੈ, ਭਾਵ ਪਾਲਣਾ ਕਰਦਾ ਹੈ। ਜਗਤ ਬਾਲਕਾ ਹੈ. ਇਸ ਦਾ ਮਾਲਕ ਵਾਹਿਗੁਰੂ ਹੈ; ਜੋ ਕੁਛ ਉਸ ਨੇ ਕੀਤਾ ਹੈ ਸਤਿ ਹੈ। ਸਚੇ ਦੀ ਕਾਰ ਇਹ ਸਚੀ ਹੈ 'ਆਪਿ ਸਤਿ ਕੀਆ ਸਭੁ ਸਤਿ' ਜਗਤ ਸਾਰਾ ਉਸ ਵਿਚ ਲੀਨ ਹੋ ਜਾਏਗਾ:—

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ ॥

[ਸਲੋਕ ਮਃ ੯, ਪੰਨਾ ੧੪੨੯

ਘੜਾ ਮਿੱਟੀ ਤੋਂ ਬਣਿਆ ਹੈ, ਮਿੱਟੀ ਵਿਚ ਲੀਨ ਹੋ ਜਾਂਦਾ ਹੈ। ਘੜਾ ਅਸਤਿ ਹੈ ਪਰ ਮਿੱਟੀ ਸਤਿ ਹੈ। ਪੁਰਾਣੇ ਪੁਰਾਣੇ ਮਕਾਨ ਲੱਭ ਰਹੇ ਹਨ ਜੋ ਮਿਟੀ ਦਾ ਰੂਪ ਧਾਰੀ ਬੈਠੇ ਹਨ:—

ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥

[ਧਨਾਸਰੀ ਮਹਲਾ ੫, ਪੰਨਾ ੬੭੨

ਬੀਬੀ ਕਹਿੰਦੀ ਹੈ ਵੰਙਾਂ ਬਨਵਾਣੀਆਂ ਹਨ, ਨਿਕੀਆਂ ਨਿਕੀਆਂ ਮੁੰਦਰੀਆਂ, ਛੱਲੇ ਢਾਲ ਦਿੱਤੇ; ਉਹ ਸੋਨਾ ਸੀ ਸੋਨਾ ਰੂਪ ਹੋ ਗਿਆ। ਵਾਲੀ ਤੇ ਛੱਲੇ ਤਾਂ ਨਾਂ ਰੱਖ ਲਏ ਪਰ ਸੀ ਸੋਨਾ।

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ
ਨ ਆਇਆ ॥ [ਸੋਰਠਿ ਰਵਿਦਾਸ ਜੀ, ਪੰਨਾ ੬੫੯

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ! ਇਹ ਤਾਂ ਸੂਰਜਾਂ ਦਾ ਸੂਰਜ ਹੈ । ਸਾਜਨਾ ਸਤਿ ਹੈ ਜਿਸ ਨੇ ਸਾਜੀ ਹੈ, ਇਸਥਿਤ ਤੇ ਲੀਨ ਭੀ ਉਸੇ ਵਿਚ ਹੋਵੇਗੀ:—

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥**

ਤਾਂ ਜੋਗੀਆਂ ਨੇ ਗੁਰੂ ਬਾਬੇ ਦੇ ਚਰਨਾਂ ਵਿਚ ਬੇਨਤੀ ਕੀਤੀ: ਮਹਾਰਾਜ ! ਅਸਾਡਾ ਤਾਂ ਮਤਿ ਯੋਗ ਹੈ, ਤੇ ਇਹ ਚਾਰ ਪ੍ਰਕਾਰ ਦਾ ਹੈ:—

ਮੰਤ੍ਰ ਯੋਗ, ਹਠ ਯੋਗ, ਲਯ ਯੋਗ, ਅਰ ਰਾਜ ਯੋਗ । ਤੇ ਇਨ੍ਹਾਂ ਦੇ ਜ਼ਰੀਏ ਏ ਚੱਕ੍ਰ ਭੇਦ ਕੇ ਅਸੀਂ ਪਰਮਾਤਮਾ ਤਕ ਪਹੁੰਚਣੇ ਕੀ ਕੋਸ਼ਸ਼ ਕਰਦੇ ਹਾਂ । ਮਹਾਰਾਜ ! ਆਪ ਦਾ ਮਤਿ ਕੀ ਹੈ? ਅਸਾਂ ਵਿਚਾਰ ਕਰ ਲਿਆ ਹੈ ਕਿ ਆਪ ਜਗ ਤਾਰਣ ਲਈ ਆਏ ਹੋਂ:

ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ ॥

[ਭਾ: ਗੁਰਦਾਸ, ਵਾਰ ੧-੨੯

ਸੋ ਮਹਾਰਾਜ ! ਹੁਣ ਗੁਰਮਤ ਦਾ ਸਾਧਨ ਤੇ ਉਨ੍ਹਾਂ ਦੇ ਦਰਜੇ, ਰਸਤੇ ਆਵਣਗੇ ਤੇ ਉਨ੍ਹਾਂ ਦਾ ਫਲ ਕੀ ਹੈ ? ਇਹ ਸਭ ਵਰਣਨ ਕਰੋ । ਸੋ ਅਗੇ ਪਹਿਲਾਂ ਸਾਧਨ, ਫਿਰ ਪੰਜ ਮੰਜ਼ਲਾਂ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਅਰ ਸਚਖੰਡ ਦੱਸਣਗੇ, ਕਿ ਇਨ੍ਹਾਂ ਮੰਜ਼ਲਾਂ ਤੋਂ ਹੁੰਦਿਆਂ ਵਾਹਿਗੁਰੂ ਦੇ ਦੇਸ਼ ਪਹੁੰਚ ਜਾਈਦਾ ਹੈ ।

ਹੇ ਜੋਗੀਓ ! ਮੇਰਾ ਵਾਹਿਗੁਰੂ ਸਚਖੰਡ ਵਿਚ ਰਹਿੰਦਾ ਹੈ, ਉਸ ਪਤੀ ਪ੍ਰਮਾਤਮਾ ਸ੍ਰੀ ਵਾਹਿਗੁਰੂ ਦੇ ਮਹਲ ਦੀਆਂ ਪਉੜੀਆਂ ਦਾ ਇਹ ਰਸਤਾ ਹੈ, ਕਿਹੜਾ? ਕਿ ਇਕ ਜੀਭ ਤੋਂ ਲੱਖਾਂ ਜੀਭਾਂ ਹੋ ਜਾਣ ਤੇ ਉਸ ਤੋਂ ੨੦ ਲੱਖ ਹੋ ਜਾਣ ਤੇ ਉਨ੍ਹਾਂ ਨਾਲ ਫਿਰ ਲੱਖਾਂ ਵੇਰੀ ਇਕ ਸ੍ਰੀ ਵਾਹਿਗੁਰੂ ਦਾ ਨਾਮ ਜਪੀਏ । ਇਨ੍ਹਾਂ ਪਉੜੀਆਂ ਤੇ ਜੋ ਚੜ੍ਹੇਗਾ ਉਹ ਇਕੀਸ (ਇਕ+ਈਸ) ਇਕ ਵਾਹਿਗੁਰੂ ਦਾ ਰੂਪ ਹੀ ਹੋ ਜਾਏਗਾ ।

ਦੂਜਾ ਭਾਵ:—ਇਕੀਸ=ਤੁਰੀਆ । ਭਾਵ ਤੁਰੀਆ ਪਦ ਵਿਚ ਪਹੁੰਚ ਜਾਏਗਾ । ਤਿੰਨ ਗੁਣ ਕੇਹੜੇ—

(੧) ਅਰਥ=ਮਾਇਆ, ਰਿਜ਼ਕ, ਗਊ, ਮਾੜੀਆਂ ਆਦਿ ।
(੨) ਕਾਮ=ਇਸਤ੍ਰੀ, ਪੁਤਰ, ਧੀਆਂ ।
(੩) ਧਰਮ=ਚੰਗਿਆਈਆਂ, ਨੇਕੀਆਂ ।

ਭਾਵ ਮੋਖ ਨੂੰ ਪ੍ਰਾਪਤ ਹੋਵੇਗਾ ।

ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥

[ਗਉੜੀ ਥਿਤੀ ਮਹਲਾ ੫, ਪੰਨਾ ੨੯੭

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥

[ਗਉੜੀ ਵਾਰ ਮਹਲਾ ੫, ਪੰਨਾ ੩੨੨

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥

ਸਰਬ ਸੁਖਾ ਹਰਿ ਹਰਿ ਗੁਣ ਗਾਏ ॥

[ਭੈਰਉ ਮਹਲਾ ਪ, ਪੰਨਾ ੧੧੪੭

ਜੇ ਤੂੰ ਇਨ੍ਹਾਂ ਪਉੜੀਆਂ ਤੇ ਚੜ੍ਹਦਾ ਗਿਆ ਤਾਂ ਤੂੰ ਜਗਤ ਦੇ ਈਸ ਨਾਲ ਇਕ ਮਿਕ (ਅਭੇਦ) ਹੋ ਜਾਏਂਗਾ। ਪਰ ਦੇਖੀਂ ਇਹ ਗੱਲ ਸੁਣਕੇ ਭੁਲ ਕੇ ਗੱਪਾਂ ਨਾ ਮਾਰਨ ਲੱਗ ਪਈਂ ਕਿ ਮੈਂ ਬ੍ਰਹਮ ਹੋ ਗਿਆ ਹਾਂ। ਪਰਮਾਤਮਾ ਦੇ ਦੇਸ਼ ਵਿਚ ਉਡਾਰੀਆਂ ਮਾਰਨ ਵਾਲੇ ਸੰਤਾਂ ਦੀਆਂ ਗੱਲਾਂ ਸੁਣਕੇ ਤੂੰ ਸਿਰਫ ਗੱਲਾਂ ਨਾਲ ਪਰਮਾਤਮਾ ਦਾ ਰੂਪ ਨਹੀਂ ਬਣ ਸਕਦਾ। ਜਿਵੇਂ ਹਵਾ ਵਿਚ ਉਡਣ ਵਾਲੇ ਪੰਛੀ ਨੂੰ ਵੇਖਕੇ ਕੀੜੀ ਕਹੇ ਕਿ ਮੈਂ ਵੀ ਉਡਦੀ ਹਾਂ, ਪਰ ਉਹ ਉਡ ਨਹੀਂ ਸਕਦੀ; ਭਾਵ ਘਾਲ ਤੋਂ ਬਗੈਰ ਤੂੰ ਪ੍ਰਾਪਤ ਨਹੀਂ ਕਰ ਸਕਦਾ। ਸਿਰਫ ਕਿਤਾਬਾਂ ਪੜ੍ਹਕੇ, ਲੈਕਚਰਾਰ ਬਣਕੇ ਆਪਣੇ ਆਪ ਨੂੰ ਮਹਾਤਮਾਂ ਤੇ ਮਹਾਂ ਪੁਰਸ਼ ਨਹੀਂ ਬਣਾ ਸਕੀਦਾ; ਜੋ ਘਾਲ ਕਰਦੇ ਹਨ, ਉਨ੍ਹਾਂ ਤੇ ਉਸ ਸ੍ਰੀ ਵਾਹਿਗੁਰੂ ਜੀ ਦੀ ਨਦਰ ਤੇ ਬਖਸ਼ੀਸ਼ ਹੁੰਦੀ ਹੈ। ਅਤੇ ਜੋ ਮਨੁਖ ਸਿਰਫ ਖਿਆਲੀ ਤੌਰ ਤੇ ਪੜ੍ਹ ਲਿਖ ਕੇ ਆਪਣੇ ਆਪ ਨੂੰ ਵਾਹਿਗੁਰੂ ਦਾ ਰੂਪ ਬਣਾ ਬਹਿੰਦੇ ਹਨ, ਮਹਾਰਾਜ ਉਨ੍ਹਾਂ ਬਾਬਤ ਫੁਰਮਾਂਦੇ ਹਨ ਕਿ ਇਹ ਸਭ ਕੂੜਿਆਂ ਦੀਆਂ ਕੂੜੀਆਂ (ਠੀਸਾਂ) ਗੱਪਾਂ ਹਨ।

ਪਉੜੀ ਦਾ ਭਾਵ.—

ਇਕ ਜੀਭ ਤੋਂ ਲਖ ਫਿਰ ਮਹਾਂਰਾਜ ਦਹ (੧੦) ਲੱਖ ਹੋ ਜਾਏ। ਜਿਸ ਜੀਭ ਵਿਚ ਜਪੁ ਸਾਹਿਬ ਆਏਗਾ, ਉਥੇ ਗੁਰੂ ਨਾਨਕ ਆਏਗਾ। ਸਾਧ ਸੰਗਤਿ ਗੁਰੂ ਰੂਪ ਹੈ:—

ਗੁਰ ਮੂਰਤਿ ਗੁਰ ਸ਼ਬਦੁ ਹੈ ਸਾਧ ਸੰਗਤਿ
ਸਮਸਰਿ ਪਰਵਾਣਾ ॥ [ਭਾਈ ਗੁਰਦਾਸ ਵਾਰ ੩੨-੨

ਇਕ ਦੂਜੇ ਨੂੰ ਮਾੜਾ ਆਖਣਾ ਤੇ ਬਦਨਾਮੀ ਕਰਨੀ, ਸ੍ਰੀ ਗੁਰੂ ਜੀ ਦੇ ਸਾਹਮਣੇ, ਉਹ ਸਾ ਸੰਗਤ ਨਹੀਂ।

ਸਤ ਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ।

[ਸਿਰੀ ਰਾਗ ਮਹਲਾ ੧, ਪੰਨਾ ੭੨

'ਲਾੜੇ ਬਿਨਾਂ ਜੰਞ ਕੈਸੀ?' ਗੁਰੂ ਗ੍ਰੰਥ ਸਾਹਿਬ ਨਹੀਂ, ਫਿਰ ਸਾਧ ਸੰਗਤ ਨਹੀਂ ? ਰਾਜਾ ਹੀ ਨਹੀਂ ਤਾਂ ਉਸ ਦੀ ਰਿਆਇਆ ਭੀ ਨਹੀਂ :—

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥

[ਗਉੜੀ ਮਹਲਾ ੩, ਪੰਨਾ ੧੬੦

ਜਿਥੇ ਫਿਰ ਕੀਰਤਨ ਹੈ ਇਹ ਗੁਰੂ ਬਾਬੇ ਦੀਆਂ ਕਿਰਣਾਂ ਹਨ।

ਇਕ ਮੰਦਰ ਹੈ ਪੰਜ ਮੰਜ਼ਲਾ, ਉਪਰਿ ਸ਼ਾਹਿਨਸ਼ਾਹ ਹੈ।
ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥

[ਤੁਖਾਰੀ ਮਹਲਾ ੧, ਪੰਨਾ ੧੧੧੩

ਰਾਮ ਤਾਂ ਬੈਠਾ ਉਚਾ.....ਉਚੋ ਉਚਾ ਅੰਤ ਨਾ ਅੰਤਾ..... ਪਾਠ ਬਾਣੀ ਕੀਰਤਨ ਇਹ ਤਰਲਾ ਹੈ, ਜਿਸ ਰਸਨਾ ਤੋਂ ਨਿਕਲਦਾ ਹੈ '੧ ਓ ਸਤਿਨਾਮੁ' ਉਸ ਦਾ ਸਭ ਕੁਛ ਸਫਲਾ ਹੈ। ਰਸਨਾ ਅਮੋਲਕ ਹੈ, ਵਾਹਿਗੁਰੂ ਦਾ ਕੀਰਤਨ ਕਰਦੀ ਹੈ:—

ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥

[ਆਸਾ ਕਬੀਰ ਜੀ, ਪੰਨਾ ੪੭੮

ਹਰ ਗੁਨ ਗਾਵਤ ਪਰ ਉਪਕਾਰ ਨਿਤ ਜਿਸੁ ਰਸਨਾ ਕਾ
ਮੋਲੁ ਕਿਛੁ ਨਾਹੀ ॥

[ਬਿਲਾਵਲੁ ਮਹਲਾ ੫, ਪੰਨਾ ੮੨੪

ਅਰ ਜੋ ਨਹੀਂ ਜਪਦੇ :—

ਰਸਨਾ ਜਪੈ ਨ ਨਾਮੁ ਭਿਲੁ ਭਿਲੁ ਕਰਿ ਕਟੀਐ ॥

[ਕੁਨਹੇ ਮਹਲਾ ੫, ਪੰਨਾ ੧੩੬੯

ਹਜ਼ਾਰਾਂ ਸਵਾਸ ਨਿਸ਼ਫਲ ਗਏ ਇਹ ਘਾਟਾ ਪਿਆ ਹੈ ਨਾ,

ਥੋੜਾ ਜਿਹਾ ਘਾਟਾ ਝਿਕੀ ਮੰਜੀ ਤੇ ਪਾ ਦੇਂਦਾ ਹੈ, ਜਿਸ ੨੪,੦੦੦ ਸ੍ਵਾਸ ਰੋਜ਼ ਘਟ ਜਾਣ ? ਓਹ ਕਿਉਂ ਬੇਫਿਕਰ ਹੋਵੇ ! "

ਯੋਗੀ ਰਾਜ ਜੀ ਸੁਣੋ, ਸਾਹਿਬ ਉਚਾ ਹੈ, ਸਚ ਖੰਡ ਵਿਚ ਰਹਿੰਦਾ ਹੈ:—

ਸਤਿ ਪੁਰਖੁ ਸਤਿ ਅਸਥਾਨੁ ॥
ਊਚ ਤੇ ਊਚ ਨਿਰਮਲ ਨਿਰਬਾਨੁ ॥

[ਸਾਰੰਗ ਮਃ ੫ ਅਸਟਃ, ਪੰਨਾ ੧੨੩੬

ਨਕਸ਼ਾ ਤਾਂ ਝਟ ਪਟ ਤਿਆਰ ਹੋ ਜਾਏਗਾ ਪਰ ਤਾਮੀਰ ਨਹੀਂ । ਸਾਂਈ ਦੇ ਮਿਲਣ ਲਈ ਮਹੱਲ ਦੀਆਂ ਪਉੜੀਆਂ 'ਇਕ ਦੂ ਜੀਭੌ ਲਖ ਹੋਹਿ' ਮੁਸ਼ੱਕਤ ਕਰਨੀ, ਕਰੜੀ ਮਿਹਨਤ ਕਰਨੀ। ਪੌੜੀਆਂ ਕਿਹੜੀਆਂ ? ਰਸਤਾ ਕਿਹੜਾ ? ਰਹਿਨੁਮਾਈ ਤੋਂ ਬਿਨਾਂ ਰਸਤਾ ਕੌਣ ਦਿਖਾਵੇ ? ਜਗਤ ਪਤੀ ਸਤਿਨਾਮ ਦੀਆਂ ਪਉੜੀਆਂ ਏਤ ਰਾਹ ਹੈ, ਐਹ ਮਾਰਗ ਹੈ । ਕੈਸਾ ਮਾਰਗ ਹੈ? 'ਇਕ ਦੂ ਜੀਭੌ ਲਖ ਹੋਹਿ' ਜੇ ਇਨ੍ਹਾਂ ਪਉੜੀਆਂ ਤੇ ਪਹੁੰਚ ਗਏ ਤਾਂ ਬਸ ਟਿਕਾਣੇ ਪਹੁੰਚ ਗਏ :—

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ [ਗਉੜੀ ਮਃ ੫, ਪੰਨਾ ੨੧੬

ਦੋ ਹੀ ਮਾਰਗ ਹਨ, ਰਾਜ ਅਰ ਜੋਗ । ਅਰਥ, ਕਾਮ, ਧਰਮ, ਮੋਖ, ਪਿੰਡ ਹੈਂ ਬ੍ਰਹਮੰਡ ਹੈ ।

ਪਤੀ ਜੋ ਪਰਮਾਤਮਾ ਅਕਾਲ ਪੁਰਖ ਹੈ ਉਸ ਦੇ ਮਹਲ ਦਾ ਰਸਤਾ ਇਹ ਹੈ। ਮਨੁਖ ਇਕ ਬ੍ਰਿਛ ਹੈ:--

ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥

[ ਭੈਰਉ ਕਬੀਰ ਜੀ, ਪੰਨਾ ੧੧੫੯

ਚੰਦਨ ਕਿਸੇ ਨੂੰ ਮਿਲਿਆ ਉਸ ਤੰਦੂਰ ਬਾਲਕੇ ਰੋਟੀ ਪਕਾ ਲਈ, ਇਕ ਲਕੜੀ ਬਚੀ ਓਹ ਕਿਸੇ ਸਿਆਣੇ ਵੇਖੀ ਤੇ ਮੁੱਲ ਪਾਇਆ ਤਾਂ ਪਤਾ ਲੱਗਾ ਕਿ ਕਿੰਨੀ ਮੁੱਲ ਵਾਲੀ ਸ਼ੈ ਅਜਾਈਂ

ਗੁਆ ਲਈ। ਸਿਰ ਤਾਂ ਮੁੱਢ ਹੈ, ਕੇਸ ਜੜ੍ਹਾਂ ਹਨ, ਇਸੀ ਵਾਸਤੇ ਪੰਜ ਪਿਆਰੇ, ਪੰਜ ਚੁਲੇ ਕੇਸਾਂ ਵਿਚ ਪਾਂਦੇ ਹਨ। ਵਾਹਿਗੁਰੂ ਜੀ ਵੀ ਬੈਠੇ ਹਨ:—

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥

[ਰਾਮਕਲੀ ਬੇਣੀ ਜੀ, ਪੰਨਾ ੯੭੪

ਹੱਥ, ਪੈਰ ਟਾਹਣੀਆਂ ਹਨ। ਹੱਥਾਂ ਨਾਲ ਸੇਵਾ, ਨੇਤ੍ਰਾਂ ਨਾਲ ਦਰਸ਼ਨ, ਸ਼ੁਭ ਕਰਮ, ਸਰਵੇ ਪੱਤ੍ਰ ਹਨ:—

ਕਰਮ ਪੇਡੁ ਸਾਖਾ ਹਰੀ ॥ ਬਸੰਤ ਮਹਲਾ ੧, ਪੰਨਾ ੧੧੯੮

ਵਾਹਿਗੁਰੂ ਦਾ ਪ੍ਰੇਮ ਇਹ ਪੁਸ਼ਪ ਹੈ। ਜੂਆ ਸ਼ਰਾਬ ਬੇਹਰ ਹੈ, ਕੰਡੇ ਹਨ। ਧਰਤੀ ਇਕ ਹੈ, ਪਾਣੀ ਇਕ ਹੈ, ਪਰ ਅੰਗੂਰਾਂ ਵਿਚ ਤਾਂ ਗੁਛੇ ਨਿਕਲਦੇ ਹਨ, ਤੇ ਅੱਕ ਨੂੰ ਵਿਹੁਲੀਆਂ ਕਕੜੀਆਂ। ਸ਼ੁਭ ਸੰਤਾਨ ਟਾਹਣੀਆਂ ਹਨ, ਸਾਧ ਸੰਗਤ ਜੀ! ਅਸੀਸ ਦਿਓ, ਸਭ ਦੀ ਕਿਰਤ ਵਿਚ ਬਰਕਤ ਪਵੇ ਤੇ ਸੰਤਾਨ ਸ਼ੁਭ ਹੋਵੇ; ਅਸੀਂ ਗ੍ਰਿਹਸਤੀ ਜੋ ਹੋਏ।

ਚੋਰੀ ਕੀਤਿਆਂ ਦਿਲ ਡਹਿਲਦਾ ਹੈ, ਪਰ ਦਾਨ ਦਿਤਿਆਂ ਦਿਲ ਠਰਦਾ ਹੈ। ਫਲ?

ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲੁ ਜਵੇਹਰ ਲਾਲ ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥

[ਵਾਰ ਮਾਝ ਮਃ ੧, ਪੰਨਾ ੧੪੭

ਮਨੁਖਾ ਦੇਹੀ ਸੋਨੇ ਵਰਗੀ ਹੈ ਵਿਕਾਰਾਂ ਕਰਕੇ ਖ਼ਾਕ ਦੀ ਢੇਰੀ ਬਨਾ ਰਿਹਾ ਹੈ।

ਕਾਇਆ ਹਾਂਡੀ ਕਾਠ ਕੀ ਨਾ ਓਹੁ ਚੜੈ ਬਹੋਰਿ ॥੭੦॥

[ਸ਼ਲੋਕ ਕਬੀਰ, ਪੰਨਾ ੧੩੬੯

ਜਗਤ ਦੇ ਈਸ਼ਵਰ ਵਾਹਿਗੁਰੂ ਦਾ ਨਾਂ ਜਪੋ:--

ਨਾ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋਂ ॥
ਭਜੋ ਸੁ ਏਕ ਨਾਮਜੰ ॥ ਜੁ ਕਾਮ ਸਰਬ ਠਾਮਯੰ ॥

[ਬਚਿਤ੍ਰ ਨਾਟਕ

ऐतु राहि पति पवड़ीआ चड़ीऐ होइ इकीस ॥
जिउं जिउं नाम जपेंगा तिउं तिउं चड़ेंगा

पउड़ीआं। इकीस होऐंगा 'हरि हरि जन दुइ ऐक है बिब बिचार कछु नाहि'। तुरीआ पद मिलेगा:—

मिठ रसु खाइ सु रोगि भरीजे कंद मूलि सुखु नाही ॥
नामु विसारि चलहि अनमारगि अंतकालि पछुताही ॥
[भैरउ मः १, पंना ११५३

डिठा सभु संसार सुख न नाम बिनु ॥
[गउड़ी वार महला ५, पंना ३२१

सुखु नाही बहुतै धनि खाटे ॥ [भैरउ मः ५, पंना ११४७

धन दे इकॅठा करन विचों सुख लॅभणा रेत विचों तेल ढूंडणा है:—

सुख नाही पेखे निरति नाटै ॥
सुखु नाही बहु देस कमाऐ ॥
सरब सुखा हरि हरि गुण गाऐ ॥
[भैरउ महला ५, पंना ११४७

सुखां दा बॅदल तां इह वॅस रिहा है:—

सतिगुरु सुखु साग़रु जग अंतरि होरथै सुखु नाही ॥
[सोरठि मः ३, पंना ६०३

इकीस = जिउ जल महि जलु आइ खटाना ॥
तिउ जोती संगि जोति समाना ॥ पंना २७८

आतमा प्रमातमा दा रूप हो जाऐगा, वेखीं कुॅल न जाईं, कीड़ी नूं किसे आखिआ: 'तूं उड़'। 'किवें उॅडां?'
'पंखी अैडा भारा उड पैंदा है?'
'खंभ नहीं किवें उडां?'

अकाश़ विच विचरन वालिआं. संतां दीआं गॅलां सुण के कीड़ी भी रीस करन लॅगी है। ऐह तां नदर है:

'ਆਪਿ ਜਪਾਏ ਜਪੈ ਸੋ ਨਾਉ॑ ॥ ਘਾਲ ਤੋਂ ਬਿਨਾਂ ਤਾਂ ਇੰਜ ਹੈ ਜਿਵੇਂ ਖੰਭ ਤੋਂ ਬਿਨਾਂ ਕੀੜੀ । ਇਹ ਤਾਂ ਨਦਰ ਦੀ ਚੀਜ਼ ਹੈ । ਘਾਲ ਕਰਦਾ ਹੈ, ਤਾਂ ਫਿਰ ਨਦਰ ਉਤਰਦੀ ਹੈ । ਏਹ ਰਸਤਾ ਸਟੇਜ ਬਾਈ ਸਟੇਜ (Stage by Stage) ਨਦਰ ਨਾਲ ਹੀ ਪ੍ਰਾਪਤ ਹੁੰਦਾ ਹੈ:—

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੨॥

ਆਇਓ ਸੁਨਨ ਪੜਨ ਕਉ ਬਾਣੀ ॥

[ਸਾਰਗ ਮਹਲਾ ੫, ਪੰਨਾ ੧੨੧੬

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥

[ਆਸਾ ਛੰਤ ਮਹਲਾ, ੪ ਪੰਨਾ ੪੪੨

ਬਾਣੀ ਬਿਰਲਉ ਬੀਚਾਰਸੀ ॥

[ਰਾਮ: ਦ: ਓਅੰਕਾਰ—੪੦, ਪੰਨਾ ੯੩੫

ਵਾਹ ਵਾਹੁ ਪੂਰੇ ਗੁਰ ਕੀ ਬਾਣੀ ॥ [ਸੂਹੀ ਮਹਲਾ ੩, ਪੰਨਾ ੭੫੪

ਗੁਰਮੁਖਿ ਜਨਮ ਸਕਾਰਥਾ ਗੁਰਬਾਣੀ ਪੜਿ ਸਮਝ ਸੁਣੇਹੀ ॥

[ਭਾਈ ਗੁਰਦਾਸ ਵਾਰ ੧—੩

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥
[ਕਾਨੜਾ ਮਃ ੪, ਪਨਾ ੧੩੧੦

ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ ॥੨੨॥
[ਵਾਰਾਂ ਤੇ ਵਧੀਕ ਮਃ ੫, ੧੪੨੬

ਸਾਧ ਸੰਗਤ ਜੀ ! ਪਰਮ ਬਖਸ਼ੀਸ਼ ਗਿਆਨ ਵਾਹਿਗੁਰੂ ਜੀ ਦਾ ਜਪੁਜੀ ਸਾਹਿਬ ਦੇ ਅਰਥ ਵਿਚ ਸਤਿਗੁਰ ਬਖਸ਼ ਰਹੇ ਹਨ। ਹੇ ਅਕਾਲ ਪੁਰਖ! ਮੇਰੀ ਇਕ ਜੀਭ ਤੋਂ ਲਖ, ਫਿਰ ਕਰ ਦਸ ਲਖ, ਫਿਰ ਇਕ ਇਕ ਜੀਭ ਨਾਲ ਨਾਮ ਜਪਾਂ ਲਖਾਂ ਵਾਰੀ । ਇਹ ਦਰਗਾਹ ਦੀਆਂ ਪਉੜੀਆਂ ਹਨ । ਪਰ ਹਉਮੈ ਹੈ ਜੋ ਇਨ੍ਹਾਂ ਪਉੜੀਆਂ ਤੇ ਚੜਨ ਨਹੀਂ ਦੇਂਦੀ:—

ਜਬ ਹਮ ਹੋਤੇ ਤਬ ਤੁਮ ਨਾਹੀ।।
[ਗਉੜੀ ਕਬੀਰ ਜੀ, ਪੰਨਾ ੩੩੬

ਜਦ ਬੱਦਲ ਦਰਮਿਆਨ ਹੋਵੇ ਤਾਂ ਚੰਦ੍ਰਮਾਂ ਨਹੀਂ ਦਿਸਦਾ—

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
[ਸੋਰਠਿ ਮਃ ਪ, ਪੰਨਾ ੬੨੪

ਲੋਹਾ ਤੇ ਪਾਰਸ ਭਾਵੇਂ ਇਕਠੇ ਰਹਿਣ, ਚੁਲ੍ਹੇ ਦੇ ਚੁਫੇਰੇ ਕੋਲੇ ਪਏ ਰਹਿਣ ਕਾਲੇ ਹੀ ਰਹਿਣਗੇ। ਜਦ ਅਗਨੀ ਦੀ ਛੋਹ ਲੱਗੀ ਤਾਂ ਹੀ ਸ਼ੁਅਲਾ ਹੋ ਜਾਏਗਾ, ਜਾਗਦੀ ਅਗਨੀ ਨਾਲ ਛੁਹਾਇਆ ਜਾਏ ਫਿਰ ਜਗਮਗ ਕਰ ਉਠੇਗਾ:—

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥ [ਵਾਰ ਸੋਰਠਿ ਮਃ ੩, ਪੰਨਾ ੬੫੧

ਇਸਦੀ ਜ਼ਿੰਦਗੀ ਤਬਦੀਲ ਕਰਨ ਦਾ ਇਕੋ ਉਪਾਵ ਹੈ ਜਿਸ ਨਾਲੋਂ ਵਿਛੁੜਿਆ ਹੈ ਉਸੇ ਨਾਲ ਛੁਹਾਇਆ ਜਾਏ । ਵਿੱਥ ਕੀ ਹੈ ?

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
[ਸਲੋਕ ਮਃ ੯, ਪੰਨਾ ੧੪੨੮

ਤੂੰ ਸਤਿਸੰਗ ਵਿਚ ਆਇਆ ਹੈਂ, ਆਪਣਾ ਤਾਨ ਛਡ ਦੇਹ। ਬ੍ਰਹਮਾਨੰਦ ਆਤਮਾਨੰਦ ਜ਼ੋਰ ਨਾਲ ਨਹੀਂ ਆਉਂਦਾ।

ਜੇ ਤੂੰ ਆਖੇਂ ਕਿ ਜ਼ਬਾਨ ਮੇਰੇ ਵੱਸ ਤੇ ਕੰਟਰੋਲ ਵਿਚ ਹੈ, ਇਹ ਗ਼ਲਤ ਹੈ। ਆਖਣ ਤੇ ਚੁੱਪ ਕਰਨੀ, ਮੰਗਣਾ, ਦੇਣਾ, ਜੀਵਣਾਂ ਤੇ ਮਰਣਾਂ ਵੀ ਤੇਰੇ ਜ਼ੋਰ ਵਿਚ ਨਹੀਂ। ਕਈ ਆਪਣੇ ਆਪ ਨੂੰ ਮਾਰਣ ਦੀ ਕੋਸ਼ਿਸ਼ ਕਰਦੇ ਹਨ ਪਰ ਨਹੀਂ ਮਰ ਸਕੇ:—

ਜਿਸ ਨੋ ਸਾਜਨ ਰਾਖਸੀ ਦੁਸਮਨ ਕਉਨ ਬਿਚਾਰ ॥ [ਪਾ: ੧੦

ਤੂੰ ਰਾਜ ਲੈ ਲਵੇਂ, ਦੌਲਤ ਲੈ ਲਵੇਂ, ਇਹ ਸਭ ਮਨ ਦਾ ਸ਼ੌਰ ਹੈ:-

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥

[ਸੋਰਠਿ ਮਹਲਾ ੩, ਪੰਨਾ ੬੦੪

ਸੁਰਤ, ਚਿਤ, ਬ੍ਰਿਤੀ ਵਿਚ ਵਿਚਾਰ ਗਿਆਨ ਆ ਜਾਏ, ਆਤਮਾ ਅਨਾਤਮਾ ਦਾ ਵਿਵੇਕ। ਕਿਸੇ ਵਸਤੂ ਦਾ ਪਹਿਚਾਨਣਾ; ਪ੍ਰੋਖ, ਅਪ੍ਰੋਖ ਉਹ ਹੈ, ਘਰ ਵਿਚ ਹੈ, ਉਹ ਪ੍ਰਤੱਖ ਬੈਠਾ ਹੈ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'। ਇਹ ਹਸਤੀ ਗਿਆਨ ਹੈ ਜਿਸਨੇ ਅੱਖਾਂ ਨਾਲ ਦੇਖਿਆ ਹੈ :—

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ [ਆਸ੍ਹਾ ਮਾ: ੫, ਪੰਨਾ ੩੯੭

ਜ਼ਾਹਰਾ ਜਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥ [ਜਾਪ, ਪਾ: ੧੦

ਇਹ ਅਖਤਿਆਰੀ ਚੀਜ਼ ਨਹੀਂ। ਜਿਸ ਜੁਗਤ ਨਾਲ ਸੰਸਾਰ ਛੁਟ ਜਾਏ, ਮੋਖ ਹੋ ਜਾਏ, ਇਹ ਭੀ ਜ਼ੋਰ ਨਹੀਂ। ਇਹ ਸਭ ਨਦਰੀ ਦੀਆਂ ਚੀਜ਼ਾਂ ਹਨ: 'ਨਾਨਕ ਨਦਰੀ ਨਦਰ ਨਿਹਾਲ'। ਜੋ ਕੁਛ ਕਿਸੇ ਨੂੰ ਪ੍ਰਾਪਤ ਹੈ, ਇਹ ਰਹਿਮਤ ਹੈ.—

ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥

[ਵਾਰ ਬਿਹਾਗੜਾ ਮਹਲਾ ੪, ਪੰਨਾ ੫੫੧

ਹਕੂਮਤ, ਪ੍ਰਤਾਪ, ਚੰਗਾ ਟੱਬਰ, ਲੰਮੜ ਥੋੜ ਪੂਰੀ ਹੋਣੀ ਜਾਣੀ, ਇਹ ਨਦਰ ਹੈ। ਕਿਸੇ ਹੱਥ ਜੋਰ ਹੈ ਤਾਂ ਕਰ ਦੇਖੇ, ਤਲਵਾਰ ਕਰ ਲਵੇ। ਨਾ ਕੋਈ ਆਪੂ ਉਤਮ ਹੈ, ਨਾ ਕੋਈ ਨੀਚ ਹੈ। ਜੇ

ਉੱਚਾ ਹੈ ਤਾਂ ਸ਼ੁਕਰ, ਨੀਚ ਹੈ ਤਾਂ ਅਰਦਾਸ ਕਰੇ, ਵਾਹਿਗੁਰੂ ਪੂਰੀ ਕਰਸੀ। ਇਹ ਹਉ ਪਰਦਾ ਟੁਟੇ ਤਾਂ ਹੀ ਦਰਸ਼ਨ :—

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥

[ਤਿਲੰਗ ਮਾ: ੧, ਪੰਨਾ ੭੨੨

ਜ਼ੋਰ ਤੈ ਪ੍ਰਕਾਰ ਦੇ ਹਨ—

(੧) ਆਤਮਕ, (੨) ਸਰੀਰਕ, ਤੇ (੩) ਮਾਨਸਕ।

(੧) ਆਤਮਕ-ਵਿੱਲ ਪਾਵਰ ( Will Power )—ਜਿਸ ਨੇ ਮਨ ਬਣਾਇਆ, ਸ਼ਕਤੀ ਉਸੇ ਦੀ।

(੨) ਸਰੀਰਕ ਬਲ:—

ਇਸ ਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥...[ਸੁਖਮਨੀ, ਪੰਨਾ ੨੭੭
ਸਭ ਤੇ ਆਪ ਜਾਨੈ ਬਲਵੰਤੁ ॥
ਖਿਨ ਮਹਿ ਹੋਇ ਜਾਇ ਭਸਮੰਤੁ ॥ [ਸੁਖਮਨੀ, ਪੰਨਾ ੨੭੮

(੩) ਧਨ ਬਲ—ਇਸ ਵਿਚ ਜਨ ਸ਼ਕਤੀ ਵੀ ਸ਼ਾਮਲ ਹੈ।

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥
ਪਲ ਭੀਤਰਿ ਤਾਕਾ ਹੋਇ ਬਿਨਾਸ ॥ [ਸੁਖਮਨੀ, ਪੰਨਾ ੨੭੮

ਸ੍ਰੀ ਕ੍ਰਿਸ਼ਨ ਜੀ ਦੇ ਸ਼ਿਸ਼ ਭਣਵੱਈਏ ਮਹਾਂ ਬਲੀ ਅਰਜਨ ਹੋਏ। ਸ੍ਰੀ ਕ੍ਰਿਸ਼ਨ ਜੀ ਜਦੋਂ ਪਰਲੋਕ ਗਮਨ ਕਰਨ ਲੱਗੇ ਤਾਂ ਅਰਜਨ ਨੂੰ ਕਹਿਆ ਕਿ ਮੇਰੇ ਟੱਬਰ ਨੂੰ ਹਸਤਨਾ ਪੁਰ ਲੈ ਜਾਣਾ ਤਾਂਕਿ ਮਹਿਫੂਜ਼ ਰਹਿਣ; ਪਰ ਉਸ ਕੋਲੋਂ ਰਸਤੇ ਵਿਚ ਭੀਲਾਂ ਨੇ ਸਾਰੀ ਫੈਮਲੀ ( Family ) ਖੋਹ ਲਈ ਤੇ ਅਰਜਨ ਕੁਛ ਨਾ ਕਰ ਸਕਿਆ, ਜਿਸ ਨੇ ਸ਼ਿਵਜੀ ਨੂੰ ਫਤਹਿ ਕੀਤਾ ਸੀ। ਇਸ ਤੇ ਅਰਜਨ ਰੋ ਪਿਆ ਤੇ ਆਖਿਆ—

'ਵਹੈ ਅਰਜਨ, ਵਹੈ ਧਨੁਸ਼ ਹੈ, ਵਹੈ ਅਰਜਨ ਕੇ ਹਾਥ'।

"ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥" [ਸੁਖਮਨੀ, ਪੰਨਾ ੨੭੭

ਜੋ ਆਖੇ ਮੈਂ ਬਲੀ ਹਾਂ, ਮੇ ਹੱਥ ਤਾਕਤ ਹੈ, ਉਹ ਤਾਂ ਦੇਖੋ

ਡਿੱਗ ਪਏ ਹਨ। ਪਰ ਮੰਜੀ ਲੈ ਕੇ ਬੀ ਨਹੀਂ ਪੈਣਾ ਕਿ ਸਾਡੇ ਅਧੀਨ ਕੁਛ ਨਹੀਂ। ਇਹ ਤਾਂ ਮਨ ਦੀ ਚੀਜ਼ ਹੈ। ਸ੍ਰੀ ਕਲਗੀਧਰ ਜੀ ਨੇ ਕਹਿਆ: ਜੇਹੜੇ ਭੱਜੇ ਜਾਂਦੇ ਹਨ, ਪਿਛੋਂ ਗੋਲੀ ਅਥਵਾ ਤਲਵਾਰ ਨਹੀਂ ਮਾਰਨੀ ? ਇਕ ਸਿਖ ਸ੍ਰੀ ਕਲਗੀਧਰ ਜੀ ਪਾਸ ਗਿਆ : ਮਹਾਰਾਜ ਖਾਲਸੇ ਵਿਚ ਭਾਜ ਪੈ ਗਈ ਹੈ ਬਾਹੁੜੀ ਕਰੋ। 'ਖਾਲਸਾ ਗਿਆ; ਮਹਾਰਾਜ !' ਸਤਿਗੁਰਾਂ ਨੇ ਕਿਹਾ : 'ਖਾਲਸਾ ਤਾਂ ਅਮਰ ਹੈ, ਜਿਨ੍ਹਾਂ ਬਚਨ ਨਹੀਂ ਮੰਨਿਆ ਓਹ ਜਾਣਗੇ'। ਮਹਾਰਾਜ ਪਿਛੇ ਨੂੰ ਹਟੇ ਜਾ ਰਹੇ ਹਨ, ਰੁਕ ਨਹੀਂ ਰਹੇ। ਸਿਖ ਨੇ ਨੀਲੇ ਘੋੜੇ ਨੂੰ ਵਾਸਤਾ ਪਾਇਆ—'ਹੇ ਨੀਲੇ ਘੋੜਿਆ ! ਗੁਰੂ ਨਾਨਕ ਦੀ ਦੁਹਾਈ ਤੂੰ ਲਕੀਰ ਨਾ ਟੱਪੀਂ। ਘੋੜਾ ਰੁਕ ਗਿਆ। ਮਹਾਰਾਜ ਆਏ, ਖਾਲਸਾ ਇਕਇਕ ਦਾ ਲਖ ਲਖ ਹੋ ਗਿਆ, ਸਾਹਿਬ ਜੋ ਆ ਗਏ, ਫਤਿਹ ਤਾਂ ਸਾਹਿਬ ਦੇ ਹੱਥ ਹੈ।

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ'॥

ਰਾਤ੍ਰੀ ਤਾਂ ਸੂਰਜ ਹੀ ਦੂਰ ਕਰ ਸਕਦਾ ਹੈ, ਉਸ ਦੇ ਸਾਹਮਣੇ 'ਮਿਹਰੋ ਮਾਹ ਸਿਆਹ ਅਸਤ'।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

[ਆਸਾ ਮਹਲਾ ੧, ਪੰਨਾ ੪੬੩

**ਰਾਤੀ ਰੁਤੀ ਥਿਤੀ ਵਾਰੀ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗਾ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥**

ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥

ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ ਗ਼ਰੀਬ ਨਿਵਾਜ ਨ ਦੂਸਰ ਤੋਸੋ।
ਭੂਲ ਛਿਮੋ ਹਮਰੀ ਪ੍ਰਭੁ ਆਪਨ, ਭੂਲਨਹਾਰ ਕਹੂੰ ਕੋਊ ਮੋਸੋ।
ਸੇਵ ਕਰੀ ਤੁਮਰੀ ਤਿਨਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੋ।
ਜਾ ਕਲਿ ਮੈ ਸਭ ਕਾਲਕ੍ਰਿਪਾਨ ਕੇ, ਭਾਰੀਭੁਜਾਨ ਕੋ ਭਾਰੀ ਭਰੋਸੋ।
[ਬਚਿਤ੍ਰ ਨਾਟਕ-੯੨

ਮਹਾ ਮੁਗਧ ਤੇ ਕੀਆ ਗਿਆਨੀ ॥
ਗਰ ਪਰੇ ਕੀ ਅਕਥ ਕਹਾਨੀ ॥
[ਪ੍ਰਭਾਤੀ ਮਹਲਾ ੫, ਪੰਨਾ ੧੩੩੮

ਜਿਹ ਠਾਕੁਰ ਸੁ ਪ੍ਰਸੰਨੁ ਭਯੋ ਸਤਿ ਸੰਗਤਿ ਤਿਹ ਪਿਆਰੁ ॥
ਹਰਿ ਗੁਰੁ ਨਾਨਕੁ ਜਿਨ੍ਹ ਪਰਿਓ ਤਿਨ ਸਭ ਕੁਲ ਕੀਓ ਉਧਾਰੁ ॥
[ਸਵਈਏ ਸ੍ਰੀ ਮੁਖ ਬਾਕ ਮਹਲਾ ੫, ਪੰਨਾ ੧੩੯੬

ਸਜਣੁ ਸਚਾ ਪਾਤਿਸਾਹੁ ਜਿ ਰਿ ਸਾਂਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ ॥
[ਸਲੋਕ ਮ: ੫, ਪੰਨਾ ੧੪੨੬

ਸਾਧ ਸੰਗਤ ਜੀਓ ! ਬੋਲੋ ਵਾਹਿਗੁਰੂ-ਇਹ ਪਰਮ ਮੰਤ੍ਰ ਸ੍ਰੀ ਜਪੁਜੀ ਸਾਹਿਬ ਹੈ। ਬੱਦਲ ਖੇਤੀਆਂ ਨੂੰ ਪ੍ਰਫੁੱਲਤ ਕਰਕੇ ਨਵੀਂ ਜ਼ਿੰਦਗੀ ਪਾ ਕੇ ਆਪ ਕੁਛ ਨਹੀਂ ਚਾਹੁੰਦਾ। ਜੈਸੇ ਸੂਰਜ ਸਭ ਨੂੰ ਪ੍ਰਕਾਸ਼ ਦਿੰਦਾ ਹੈ ਅਰ ਉਹ ਪ੍ਰਕਾਸ਼ ਵਾਹਿਗੁਰੂ ਤੋਂ ਲੈਂਦਾ ਹੈ, ਸੰਸਾਰ ਤੋਂ ਕੁਛ ਨਹੀਂ ਲੈਂਦਾ। ਐਸੇ ਇਹ ਦਾਤਾ ਸਾਥੋਂ ਕੁਛ ਨਹੀਂ ਚਾਹੁੰਦਾ। ਜਿਥੇ ਮੁਕਤੀ ਹੈ, ਓਥੇ ਸਚ ਖੰਡ ਹੈ ਕੌਣ ਜਾਏਗਾ? ਜੋ ਪਉੜੀਆਂ ਪਰ ਚੜ੍ਹੇ। ਸਿਖ ਸੰਤ ਭੀ ਹੈ, ਸਿਪਾਹੀ ਭੀ ਹੈ, ਸਿਰ

ਪਰ ਚਉਰ ਭੀ ਹੈ, ਪਰ ਜੂਠੇ ਭਾਂਡੇ ਭੀ ਮਾਂਜਦਾ ਹੈ, ਜੈਸੇ ਰਾਜਾ ਸ਼ਿਵਨਾਭ ਸਮੇਤ ਪਰਿਵਾਰ ਗੁਰੂ ਜੀ ਨੂੰ ਮੱਥਾ ਟੇਕ ਕੇ ਨੱਕ ਰਗੜ ਕੇ ਰਾਜ ਗੱਦੀ ਪਰ ਬੈਠਦਾ ਹੈ। ਗੋਪੀ ਚੰਦ ਗੋਰਖ ਪਾਸ ਗਏ ਉਨ੍ਹਾਂ ਕੰਨ ਵਿਚ ਮੁੰਦਰਾਂ ਪਾ ਦਿਤੀਆਂ, ਇਹੋ ਤਾਂ ਫਰਕ ਹੈ। ਗੁਰ ਨਾਨਕ ਮਤ ਵਿਚ ਰਾਜ ਭੀ ਕਾਇਮ ਹੈ, ਮੋਖ ਭੀ ਕਾਇਮ ਹੈ :—

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥

[ਰਾਮਕਲੀ ਮ: ੧ ਸਿਧ ਗੋਸਟਿ ਪੰਨਾ, ੯੩੯

ਪਰ— ਮਾਈ ਬਾਪ ਪੁਤ੍ ਸਭਿ ਹਰਿ ਕੇ ਕੀਏ ॥
ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥

[ਗੂਜਰੀ ਮਹਲਾ ੪, ਪੰਨਾ ੪੯੪

ਬਾਣੀ ਰੋਕਿਆ ਰਹੈ ਦੁਆਰ ॥
ਤਉ ਮਨੁ ਮਤਵਾਰੋ ਪੀਵਨਹਾਰ ॥

[ਗਉੜੀ ਕਬੀਰ ਜੀ, ਪੰਨਾ ੩੪੭

ਜ਼ਾਹਰ ਓ ਦਰ ਕੈਦੇ ਮੁਸ਼ਤੇ ਖ਼ਾਕ ਹਸਤ।
ਬਾਤਨੇ ਓ ਬਾ ਖ਼ੁਦਾਏ ਪਾਕ ਹਸਤ।

[ਜ਼ਿੰਦਗੀ ਨਾਮਾ

ਮੁਗਲ ਰਾਜ ਦੇ ਹਿੰਦੁਸਤਾਨ ਦਾ ਮੀਰ ਮੁਨਸ਼ੀ ਭਾਈ ਨੰਦ ਲਾਲ ਸਾਹਿਬ, ਰਾਜ ਦੇ ਸਾਰੇ ਕੰਮ ਕਰਦੇ ਹੋਏ, ਸਾਧ ਸੰਗਤ ਦੇ ਜੋੜੇ ਝਾੜਦੇ ਹਨ:—

ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ।
ਦਿਲੇ ਗੋਯਾ ਹਮੀਂ ਰਾ ਆਰਜ਼ੂ ਕਰਦ।

[ਦੀਵਾਨ ਗੋਯਾ

ਇਹ ਸਿਖ ਹੈ :—

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥ [ਸਵਈਏ ਮਹਲੇ ੧ ਕੇ, ਪੰਨਾ ੧੩੯੦

ਸੰਗਤ ਲਈ ਲੋਹਾਂ ਪਰ ਫੁਲਕੇ ਪਕਾਂਦੀ ਹੈ, ਪਰ ਪਟਰਾਣੀ ਭੀ ਹੈ:—

ਥਿਰ ਥਿਰ ਚਿਤ ਥਿਰ ਹਾਂ ॥ ਬਨੁ ਗ੍ਰਿਹੁ ਸਮਸਰਿ ਹਾਂ ॥
ਅੰਤਰਿ ਏਕ ਪਿਰ ਹਾਂ ॥ ਬਾਹਰਿ ਅਨੇਕ ਧਰਿ ਹਾਂ ॥
ਕਹੁ ਨਾਨਕ ਲੋਗ ਅਲੋਗੀ ਰੀ ਸਖੀ । [ਆਸਾ ਮਹਲਾ ੫,ਪੰਨਾ ੪੦੬

ਜ਼ਾਹਰ ਅੰਦਰ ਮਾਯਲੇ ਫਰਜ਼ੰਦੋ ਜ਼ਨ ।
ਦਰ ਹਕੀਕਤ ਬਾਖ਼ੁਦਾਏ ਖੇਸ਼ਤਨ ।
ਜ਼ਾਹਰ ਅੰਦਰ ਮਾਯਲੇ ਹਿਰਸੋ ਹਵਾ ।
ਬਾਤਨੇ ਓ ਪਾਕ ਅਜ਼ ਯਾਦੇ ਖ਼ੁਦਾ ॥

[ਜ਼ਿੰਦਗੀ ਨਾਮਾ

ਇਹ ਭਾਈ ਸਾਹਿਬ ਜੀ ਨੇ ਅਰਥ ਕੀਤਾ ਹੈ । ਪਰਵਾਰ ਵਿਚ ਰਹਿੰਦਾ ਇੰਤਜ਼ਾਮ ਕਰਦਾ, ਯਾਦ ਦੀ ਗੋਦ ਵਿਚ ਹੈ। ਅਸੀਂ ਭੁੱਲੇ ਹਾਂ, ਚੌਰਾਸੀ ਦੀ ਗੋਦ ਲੰਪਟ ਹਾਂ, ਧੀਆਂ ਪੁੱਤਰਾਂ ਵਿਚ ਹਾਂ, ਪਰ ਉਹ ਦਰ ਹਕੀਕਤ ਗੋਦ ਵਿਚ ਹੈ:—

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

[ਰਾਮਕਲੀ ਸਿਧ ਗੋਸਟਿ, ਪੰਨਾ ੯੩੮

ਸਾਰੇ ਮਤਾਂ ਤੋਂ ਉੱਤਮ ਨਿਆਮਤ ਹੈ ਇਹ ਧੰਨ ਗੁਰੂ ਨਾਨਕ ਦੀ ਸਿੱਖੀ। ਮੰਗਤਾ ਵੀ ਨਹੀਂ, ਇਸਤ੍ਰੀ ਦੌਲਤ ਦਾ ਗ਼ੁਲਾਮ ਵੀ ਨਹੀਂ ਬਣਨਾ, ਕਿਸੇ ਚੀਜ਼ ਨੂੰ ਸਪਰਸ਼ ਨਹੀਂ ਕਰਨਾ:-

ਅਨਦਿਨ ਕੀਰਤਨ ਕੇਵਲ ਬਖਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥ [ਸੁਖਮਨੀ, ਪੰਨਾ ੨੯੧

ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥

[ਸੋਰਠਿ ਮਹਲਾ ੩, ਪੰਨਾ ੬੩੯

ਸਿਖ ਸੰਤ ਦੀ ਨਿਸ਼ਾਨੀ ?

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ ॥

[ਗਉੜੀ ਵਾਰ ਮਹਲਾ ੫, ਪੰਨਾ ੩੧੬

ਦੂਜੇ ਮਤਾਂ ਦੇ ਵਿਚ ਸੰਤ ਦੇ ਅਪਣੇ ਚਿੰਨ੍ਹ ਹਨ, ਮੁੰਦ੍ਰਾ, ਸੇਲ੍ਹੀ ਆਦਿਕ। ਭਾਈ ਮਨਸੁਖ, ਸ਼ਿਵ ਨਾਭ, ਭਾਈ ਲਾਲੋ ਸਭ ਸੰਤ ਹਨ। ਭਾਰਤ ਵਰਸ਼ ਦੇ ਮਜ਼ਹਬਾਂ ਨੂੰ ਸਿਖੀ ਸਮਝਣ ਵਾਸਤੇ ਚਿਰ ਲਗੇਗਾ, ਪਹਾੜਾਂ ਵਿਚ ਹੀਰਾ ਕਿਧਰੇ ਕਿਧਰੇ ਹੈ, ਨਾਯਾਬ ਚੀਜ਼ ਹੈ, ਪਰ ਕੱਲਾ ਬਹੁਤ ਹੈ।

'ਰਾਤੀ ਰੁਤੀ ਥਿਤੀ ਵਾਰੁ' = ਭੂ ਮੰਡਲ ਦੇ ਸਿਰਜਣਹਾਰ ਪੰਜ ਤਤ। ਇਥੇ ਕੌਨ ਕੌਨ ਰਹਿੰਦੇ ਹਨ? ਅਨੰਤ ਜੀਵ, ਜੀਵ ਜੰਤ ਜੋ ਕਰਮ ਕਰ ਰਹੇ ਹਨ, ਸੰਸਕਾਰ ਬਣ ਰਹੇ ਹਨ, ਜੀਅ ਜੰਤ ਮੂਲ ਕਾਰਨਾਂ ਦਾ ਬਿਆਨ, ਦੂਜਾ ਭੂ ਮੰਡਲ ਦਾ ਬਿਆਨ, ਜੋ ਜੰਮਿਆ ਹੈ, ਕੁਝ ਨ ਕੁਝ ਕਰ ਰਿਹਾ ਹੈ। ਜੀਆਂ ਨੇ ਕਰਮ ਕਰਨੇ ਹਨ, ਸਮੁੰਦਰ ਦਾ ਹਾਥ ਪਾਇਆ ਨਹੀਂ ਜਾਂਦਾ, ਜਿਤਨਾ ਕੰਮ ਹੈ ਡੂੰਘੀ ਨਜ਼ਰ ਲਾਈ ਹੈ। ਇਸ ਪਉੜੀ ਵਿਚ ਬੇਅੰਤ ਖ਼ਜ਼ਾਨਾ ਹੈ। ਬ੍ਰਹਮਾਂ ਤੋਂ ਲੈਕੇ ਮਕੌੜੇ ਤਕ ਸਭ ਕਰਮ ਕਾਰਕ ਹਨ ਕਿਸੇ ਨਾ ਕਿਸੇ ਹਰਕਤ ਵਿਚ ਹਨ। ਛਿਨ ਹੈ ਏਕ, ਇਕ ਖਿਨ ਵਿਚ ਏਹ ਸਭ ਈਜਾਦ ਹੋਈ ਹੈ। ਬਸੰਤ ਅਰ ਪਤਝੜ ਵਿਚ ਵੀ ਇਹ ਰਚਨਾ ਲਗਾਤਾਰ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ, ਇਕ ਕਾਰਨ ਹਨ। 'ਰਾਤੀ ਰੁਤੀ ਥਿਤੀ ਵਾਰ'—ਸਮਾਂ, ਰੁਤਾਂ, ਬਸੰਤ ਪਾਵਸ ਆਦਿ, ਥਿਤਾਂ ਚੰਦ੍ਰਮਾ ਨਾਲ ਹਨੇਰਾ ਅਰ ਚਾਨਣਾ ਪੱਖ: 'ਪਵਣ ਪਾਣੀ ਅਗਨੀ ਪਾਤਾਲ' ਦਾ ਟਿਕਾਣਾ ਧਰਤੀ ਹੈ ਅਰ ਇਸ ਵਿਚ ਸਥਿਰ ਕੁਛ ਨਹੀਂ, ਇਕ ਖਿਨ ਵਿਚ ਉਤਪਤੀ ਹੈ, ਦੂਜੀ ਖਿਨ ਵਿਚ ਟਿਕਾਉ ਹੈ, ਤੀਜੀ ਖਿਨ ਵਿਚ ਨਾਸ਼ ਹੈ, ਚੌਥੀ ਖਿਨ ਵਿਚ ਜੋ ਟਿਕੇ ਸੋ ਵਾਹਿਗੁਰੂ ਹੈ:—

ਅੰਤ ਕੋ ਨਾਂਗੋ ਹੀ ਪਾਇ ਪਧਾਰੇ ॥ [ਪਾਤਸ਼ਾਹੀ ੧੦

ਚਾਰ ਪ੍ਰਕਰਣ ਇਸ ਵਿਚ ਹਨ:—

(੧) ਭੂ ਮੰਡਲ = ਪ੍ਰਿਥਵੀ, 'ਧਰਤੀ ਥਾਪ ਰਖੀ ਧਰਮਸਾਲ' ਇਸ ਦਾ ਕਰਤਾ ਕੌਣ ਹੈ? ਇਸ ਵਿਚ ਰਹਿੰਦੇ ਕੌਣ ਹਨ? ਜੀਅ ਜੰਤ। ਜੋ ਇਹ ਜੀਅ ਜੰਤ ਕਰ ਰਹੇ ਹਨ, ਉਹ ਲਿਖੇ ਜਾ ਰਹੇ ਹਨ।

ਬ੍ਰਹਮਾ ਤੋਂ ਲੈ ਕੇ ਇਕ ਮਕੌੜੇ ਤਕ ਜਿਤਨੇ ਜੀਵ ਹਨ ਸਭ ਕਰਮਾਂ ਦੇ ਅੰਦਰ ਹਨ ਤੇ ਹਰ ਖਿਨ ਵਿਚ ਤਬਦੀਲੀ ਹੋ ਰਹੀ ਹੈ। ਤਰੱਕੀ ਤੇ ਤਨੱਜ਼ਲੀ ਵਲ ਹਰ ਖਿਨ ਵਿਚ ਜਾ ਰਹੀ ਹੈ। ਰਾਤ, ਰੁਤਾਂ, ਥਿਤਾਂ ਤੇ ਵਾਰ ਇਹ ਸਭ ਕਾਲ (time) ਹੈ। ਰੁਤਾਂ=ਮੌਸਮ, ਥਿਤਾਂ= ਜੋ ਚੰਦਰਮਾਂ ਨਾਲ ਸਬੰਧ ਰਖਦੀਆਂ ਹਨ। ਪਉਣ = ਹਵਾ, ਪਾਣੀ, ਅੱਗ ਤੇ ਪਤਾਲ ਇਨ੍ਹਾਂ ਵਿਚ ਧਰਤੀ ਜੋ ਕਿ ਧਰਮ ਦਾ ਠਿਕਾਣਾ ਯਾ ਧਰਮਸਾਲ (ਸਰਾਏ) ਹੈ, ਜਿਥੇ ਕਿਸੇ ਨੂੰ ਟਿਕਣਾ ਨਹੀਂ ਮਿਲਦਾ। ਹਾਂ, ਇਹ ਮੁਸਾਫਰ ਖਾਨਾ ਹੈ:—

ਚਲਤੇ ਕਬੂਤਰ ਜਨਾਵਰ ਕੀ ਛਾਉ ॥
ਕੇਤੇ ਖ਼ਾਕ ਹੂਏ ਕੋਈ ਪੂਛੇ ਨ ਨਾਉ ॥

ਜੀਅ ਜੰਤ ਉਸਦੇ ਪੈਦਾ ਕੀਤੇ ਹਨ, ਕੋਈ ਜੇ ਇਕ ਰਸ ਕਾਇਮ ਤੇ ਸਿਥਰ ਹੈ ਤਾਂ ਸਿਰਫ ਇਕ ਹੈ—ਸ੍ਰੀ ਵਾਹਿਗੁਰੂ।

ਥਾਮਸ ਕਾਰਲਾਇਲ (Thomas Carlyle) ਜਿਨ੍ਹਾਂ ਦੀ ਲਿਖਤ ਹੀਰੋ ਵਰਸ਼ਿਪ (Hero Worship) ਹੈ, ਲੈਕਚਰ ਕਰ ਰਹੇ ਸਨ, ਉਨ੍ਹਾਂ ਸੋਤਿਆਂ ਤੋਂ ਪੁਛਿਆ 'ਸ਼ੈਕਸਪੀਅਰ (Shakespear) ਲੈਸੋ ਕਿ ਦੇਸ਼ ਦੀ ਬਾਦਸ਼ਾਹੀ ?' ਸੋਤਿਆਂ ਨੇ ਕਹਿਆ: 'ਤੁਸੀਂ ਹੀ ਦੱਸੋ'। ਤਾਂ ਕਹਿਣ ਲੱਗੇ 'ਮੈਂ ਦਸ ਬਾਦਸ਼ਾਹੀਆਂ ਸ਼ੈਕਸਪੀਅਰ ਤੋਂ ਵਾਰ ਦੇਂਦਾ ਹਾਂ। ਸ਼ੈਕਸਪੀਅਰ ਸਦਾ ਕਾਇਮ ਹੈ।' ਸਭ ਕੁਛ ਸੁੱਟ ਆਏ ਹਾਂ (ਪਾਕਸਤਾਨ ਵਿਚ) ਜਾਗੀਰਾਂ, ਕੱਪੜੇ, ਪਦਾਰਥ ਪਰ ਜਪੁ ਸਾਹਿਬ ਨਾਲ ਲਿਆਏ ਹਾਂ:—

'ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ'॥ ਜੋ ਇਸਦੇ ਲੜ ਲਗੇਗਾ ਪਰਵਾਨਗੀ ਦੇ ਦਰ ਅੱਪੜ ਜਾਏਗਾ।

ਧਰਤੀ ਧਰਮਸਾਲ = ਨੇਕੀ ਕਰਨ ਦਾ ਠਿਕਾਣਾ (ਕਿ ਇਥੇ ਨੇਕੀ ਕਰ, ਬੀਜ ਤੇ ਅੱਗੇ ਖਾਹ)। ਧਰਮਸਾਲ ਦਾ ਦੂਜਾ ਅਰਥ ਹੈ ਮੁਸਾਫਰ ਖਾਨਾ। ਇਥੇ ਜੋ ਅਨੇਕ ਕਿਸਮ ਤੇ ਅਨੰਤ ਹੀ ਰੂਪਾਂ ਤੇ ਸ਼ਕਲਾਂ ਵਾਲੇ ਤੇ ਅਨੇਕ ਕਿਸਮਾਂ ਦੇ ਨਾਵਾਂ ਵਾਲੇ ਜੋ ਜੀਵ ਵੱਸਦੇਹਨ

ਉਨ੍ਹਾਂ ਦੇ ਕਰਮਾਂ ਅਨੁਸਾਰ ਫੈਸਲਾ ਹੁੰਦਾ ਹੈ। ਉਹ ਆਪ ਸਚਾ ਹੈ ਉ ਸਚਾ ਉਸਦਾ ਦਰਬਾਰ ਹੈ। ਉਸ ਸਚੇ ਦਰਬਾਰ ਵਿਚ ਜੋ ਪੰਚ (ਸ੍ਰੇਸ਼ਟ ਪੁਰਸ਼) ਹਨ ਉਹ ਪ੍ਰਵਾਨ ਹੁੰਦੇ ਹਨ ਤੇ ਉਨ੍ਹਾਂ ਨੂੰ ਉਸਦੀ ਦਰ ਦਾ ਚਿੰਨ੍ਹ (ਨਿਸ਼ਾਨ) ਪੈ ਜਾਣਾ ਹੈ ਤੇ ਹੁਕਮ ਹੁੰਦਾ ਹੈ ਕਿ ਇਨ੍ਹਾਂ ਨੂੰ ਕੋਈ ਧਰਮ ਰਾਜਾ ਵਗੈਰਾ ਨਾ ਪੁੱਛੇ ਇਹ ਬਖਸ਼ੇ ਗਏ।

ਜੇਜੀਆ ਡੰਨੁ ਕੋ ਲਏ ਨ ਜਗਾਤਿ ॥
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ ॥
ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥

[ਆਸਾ ਮਹਲਾ ੫ ਅਸਟ: ੧, ਪੰਨਾ ੪੩੦

ਹੁਣ ਧਰਮ ਖੰਡ ਦਾ ਵੀਚਾਰ ਹੋ ਰਿਹਾ ਹੈ। ਸਚ ਖੰਡ ਨੂੰ ਜਾਣ ਵਾਲਿਆਂ ਲਈ ਇਹ ਪਉੜੀਆਂ ਹਨ, ਤਾਂ ਤੇ ਨਾਮ ਦਾ ਜਪਣਾ ਬਿਲਕੁਲ ਨਾ ਛੱਡਣਾ ਤੇ ਨਾਮ ਜਪ ਕੇ ਨਹੀਂ ਕਹਿਣਾ ਕਿ ਮੈਂ ਜਪਿਆ ਹੈ, ਕਿਉਂਕਿ ਇਹ ਹਉਮੈ ਹੈ ਤੇ ਹਉਮੈਂ ਤੁਹਾਨੂੰ ਉਥੇ ਪਹੁੰਚਣ ਨਹੀਂ ਦੇਵੇਗੀ। ਇਹ ਖਿਆਲ ਰਖ:—

ਕਿਆ ਕਿਹੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੁ।

[ਗਉੜੀ ਮਹਲਾ ੫, ਪੰਨਾ ੨੧੬

ਦੇਹੀ ਨਗਰੀ ਊਤਮ ਥਾਨਾ ॥
ਪੰਚ ਲੋਕ ਵਸਹਿ ਪਰਧਾਨਾ ॥ ਮਾਰੂ ਮਹਲਾ ੧, ਪੰਨਾ ੧੦੩੬

ਇਹ ਪੰਜ ਦੇਸ਼ ਹਨ ਜੋ ਬ੍ਰਹਮੰਡ ਵਿਚ ਵੀ ਹਨ ਤੇ ਸਰੀਰ ਵਿਚ ਵੀ। ਧਰਮ ਦੇ ਮੁਕਾਮ ਨੂੰ ਜੋ ਚੱਲੇ ਹਨ:—

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

[ਸੋਰਠਿ ਮਹਲਾ ੫, ਪੰਨਾ ੬੨੨

ਏਹ ਸ੍ਰੇਸ਼ਟ ਪੁਰਸ਼ ਹਨ ਜੋ ਬੁਰੇ ਕਰਮਾਂ ਤੋਂ ਸੰਕੋਚ ਕਰਦੇ ਹਨ ਤੇ ਸ੍ਰੇਸ਼ਟ ਕਰਮਾਂ ਵਿਚ ਲਗਦੇ ਹਨ। ਉਹ ਧਰਮ ਖੰਡੀ ਪੁਰਸ਼ ਹਨ। ਬ੍ਰਹਮੰਡ ਵਿਚ ਧਰਮ ਖੰਡ ਕਿਹੜਾ ਹੈ? ਮਹਾਰਾਜ ਦਸਦੇ ਹਨ ਕਿ ਧਰਤੀ ਜੋ ਹੈ: ਇਹ ਧਰਮ ਦਾ ਠਿਕਾਣਾ ਹੈ। ਕਿਸੇ ਵੇਲੇ

ਤੇ ਕਿਸੇ ਮੌਸਮ ਵਿਚ ਭਜਨ ਕਰੇ ਉਸ ਲਈ ਧਰਤੀ ਵਿਚ Space ਹੈ।

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਰਾਤੀ ਭਾਵੈ ਦਿਨ, ਰੁਤੀ ਭਾਵੈ ਮੌਸਮ, ੧੫ ਥਿਤਾਂ, ਸੱਤ ਵਾਰ, ਪਵਣ, ਪਾਣੀ ਅੱਗ ਤੇ ਜਲ (ਪਤਾਲ) ਇਨ੍ਹਾਂ ਦੇ ਵਿਚ ਧਰਮ ਦਾ ਠਿਕਾਣਾ ਧਰਤੀ ਸਾਜ ਕੇ ਧਰ ਦਿੱਤੀ ਹੈ। ਇਸ ਵਿਚ ਕਈ ਕਿਸਮ ਦੇ ਜੀਵ ਜੁਗਤ(ਤਰੀਕੇ)। ਕਈ ਪ੍ਰਕਾਰ ਦੀ ਉਨ੍ਹਾਂ ਦੀ ਜੁਗਤੀ ਭਾਵ ਤਰੀਕੇ ਖਾਣ ਪੀਣ ਰਹਿਣ ਸਹਿਣ ਦੇ ਹਨ, ਕਈ ਪ੍ਰਕਾਰ ਦੇ ਰੰਗ ਹਨ, ਉਨ੍ਹਾਂ ਦੇ ਰੂਪ ਚੂੰਕਿ ਅਨੇਕ ਕਿਸਮ ਦੇ ਹਨ ਤਾਂ ਤੇ ਉਨ੍ਹਾਂ ਦੇ ਨਾਮ ਵੀ ਅਨੰਤ ਹਨ,ਭਾਵ ਮੁਖਤਲਿਫ ਕਿਸਮ ਦੇ ਹਨ। ਇਸ ਧਰਤੀ ਵਿਚ ਜੈਸਾ ਓਹ ਕਰਮ ਕਰਦੇ ਹਨ, ਉਨ੍ਹਾਂ ਦੀ ਉਸੇ ਪ੍ਰਕਾਰ ਵਿਚਾਰ ਹੁੰਦੀ ਹੈ(ਕਰਮੀ=ਕਰਨੇ ਵਾਲਾ)। ਜੈਸਾ ਜੈਸਾ ਕਰਮ ਉਹ ਕਰਦਾ ਹੈ, ਉਨ੍ਹਾਂ ਜੀਵਾਂ ਦੇ ਕਰਮਾਂ ਅਨੁਸਾਰ ਵਿਚਾਰ ਹੁੰਦੀ ਤੇ ਕਰਮਾਂ ਅਨੁਸਾਰ ਫਲ ਦਿੱਤਾ ਜਾਂਦਾ ਹੈ:—

ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥

ਪ੍ਰਸ਼ਨ-ਕੀ ਉਥੇ ਕੋਈ ਸਿਫਾਰਸ਼ ਯਾ ਰਿਸ਼ਵਤ ਚੱਲਦੀ ਹੈ?

ਜਵਾਬ-ਨਹੀਂ ਭਾਈ ਉਹ ਆਪ ਸੱਚਾ ਹੈ ਤੇ ਉਸ ਦਾ ਦਰਬਾਰ ਭੀ ਸੱਚ ਹੈ, ਉਥੇ ਸ਼ਹਾਦਤ:—

ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥

[ਵਾਰ ਸਿਰੀ ਰਾਗੁ ਮਹਲਾ ੩, ਪੰਨਾ ੮੪

ਮਹਾਰਾਜ ! ਕਿਸੇ ਨੂੰ ਸਤਿਕਾਰ ਵੀ ਮਿਲਦਾ ਹੈ ? ਹਾਂ ਭਾਈ, ਜੋ ਪੈਂਚ ਹਨ, ਜਿਨਾਂ ਸੰਸਾਰ ਵਿਚ ਨਾਮ ਜਪਿਆ, ਸੰਤ ਮਹਾਂ ਪੁਰਸ਼ ਹਨ, ਉਹ ਉਥੇ ਸੋਭਾ ਪਾਂਦੇ ਹਨ:—

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥

[ਗਉੜੀ ਥਿਤੀ ਮ: ਪ, ਪੰਨਾ ੨੬੭

ਜਿਨ੍ਹਾਂ ਨਿਸਚੇ ਕਰ ਲਿਆ ਹੈ:—

ਮਾਈ ਮਾਇਆ ਛਲੁ ॥

ਓਹ 'ਪੰਚੇ ਸੋਹਹਿ ਦਰਿ ਰਾਜਾਨ' ਕਿਉਂਕਿ ਉਹ ਪ੍ਰਵਾਣ [ਟੋਡੀ ਮਹਲਾ ੫, ਪੰਨਾ ੭੧੭
ਚੁਕੇ ਹਨ, ਉਨ੍ਹਾਂ ਨੂੰ ਤਾਂ ਵਿਸ਼ਨੂੰ ਸ਼ਿਵਜੀ ਵੀ ਢੂੰਡ ਰਹੇ ਹਨ ਤੇ
ਆ ਕਰਦੇ ਹਨ:—

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ।

[ਸੁਖਮਨੀ, ਪੰਨਾ ੨੭੬

ਇਹ ਪੰਚ ਵਾਹਿਗੁਰੂ ਦੀ ਦਰਗਾਹ ਵਿਚ ਪ੍ਰਵਾਣ ਹਨ ਤੇ
ਹਨਾਂ ਨੂੰ ਉਸ ਨਦਰੀ ਸ੍ਰੀ ਵਾਹਿਗੁਰੂ ਜੀ ਦੀ ਬਖਸ਼ਿਸ਼ ਦਾ ਚਿੰਨ੍ਹ
ਮਲਦਾ ਹੈ ਤੇ ਕੱਚਿਆਂ ਦੀ ਕਚਿਆਈ ਤੇ ਪੱਕਿਆਂ ਦੀ ਪਕਿਆਈ
ਥੇ ਸਾਫ ਨਜ਼ਰ ਆ ਜਾਂਦੀ ਹੈ । ਭਾਵ ਪਾਪੀਆਂ ਦੇ ਪਾਪ ਤੇ
ਰਮੁਖਾਂ ਦੇ ਸ਼ੁਭ ਕਰਮ ਉਥੇ ਉਘੜਦੇ ਹਨ:—

ਨਾਨਕ ਗਇਆ ਜਾਪੈ ਜਾਇ ॥

ਜਿਸ ਵਕਤ ਤੂੰ ਉਥੇ ਗਿਆ ਸਭ ਪ੍ਰਗਟ ਹੋ ਜਾਏਗਾ:—

ਨਾਨਕ ਗਇਆ ਜਾਪੈ ਜਾਇ ॥

ਜਿਸ ਵਕਤ ਉਥੇ ਗਿਆ, ਪਹੁੰਚਿਆ ਤੇ ਇਹ ਕੁਝ ਜਾਪੈ
ਾਵ ਜਾਣਿਆ ਜਾਏਗਾ ਤਾਂ ਕੋਈ ਲਿਹਾਜ਼ ਨਹੀਂ ਕਰੇਗਾ; ਪਾਪ
ਨ ਸਾਫ ਸਾਫ ਪ੍ਰਗਟ ਹੋ ਜਾਣਗੇ । ਜਿਵੇਂ ਐਕਸਰੇ (X-RAY)
ਾਫ ਸਾਫ ਜੋ ਹਡੀਆਂ ਦੇ ਜੋੜ ਯਾ ਟੁੱਟੇ ਫੁੱਟੇ ਹਿੱਸੇ ਨੂੰ, ਜੇਹੀ
ਕਲ ਵਿਚ ਉਹ ਹੁੰਦਾ ਹੈ ਉਹੋ ਜੇਹੀ ਦੱਸਦਾ ਹੈ। ਉਸ ਜਗਾ ਦੀ
ਾਸੀਅਤ ਹੈ ਕਿ ਜਦੋਂ ਉਥੇ ਗਿਆ ਮਨ ਦਾ ਫੋਟੋ ਸਾਹਮਣੇ ਹੋ
ਾਏਗਾ ।ਕੰਡੇ ਰਾਖਸ਼ ਦਾ ਸ਼ੀਸ਼ਾ ਜੋ ਇਨਸਾਨ ਦੇ ਮਨ ਦਾ ਅਕਸ
ਦਾ ਸੀ, ਮਨ ਦੇ ਪ੍ਰਭਾਵ ਦਾ ਅਕਸ ਦੇਂਦਾ ਸੀ।

ਮਹਾਰਾਜ ਨੇ ਪਹਿਲਾ ਖੰਡ ਧਰਮ ਦਾ ਦੱਸਿਆ। ਸਿਖ ਨੂੰ
ਖਾ ਕਿ ਪਹਿਲੇ ਧਰਮ ਪ੍ਰਵੇਸ਼ ਕਰ, ਜੇ ਧਰਮ ਨਹੀਂ ਆਇਆ ਤਾਂ

ਉਹ ਅਗੇ ਨਹੀਂ ਵਧ ਸਕਦਾ, ਉਸ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਹੁਣ ਗਿਆਨ ਖੰਡ ਵਿਚ ਪ੍ਰਵੇਸ਼ ਕਰਨਗੇ.—

**ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥**

ਧਰਮ ਖੰਡ ਦਾ ਇਹੋ ਧਰਮ ਯਾ ਵਰਤਾਰਾ ਹੈ ਜੋ ਪਿਛੇ ਬਿਆਨ ਕੀਤਾ ਹੈ। ਉਥੇ ਦਾ ਜੋ ਦਰਬਾਰ ਹੈ, ਜੋ ਕਰਮ ਫਲ ਹੈ, ਉਥੇ ਜਿਨ੍ਹਾਂ ਨੂੰ ਸੋਭਾ ਮਿਲਦੀ ਹੈ, ਉਹ ਦੱਸ ਚੁਕੇ ਹਾਂ। ਗਿਆਨ ਖੰਡ ਦਾ ਜੋ ਸਿਲਸਲਾ ਯਾ ਵਰਤਾਰਾ ਹੈ ਉਹ ਹੁਣ ਸੁਣੋ। ਹੁਣ ਗਿਆਨ ਖੰਡ ਦੀ ਕਥਾ, ਬ੍ਰਿਤਾਂਤ ਵਖਿਆਨ ਕਰਦੇ ਹਾਂ। ਬ੍ਰਹਮੰਡ ਵਿਚ ਤਾਂ ਇਕ ਸੂਰਜ, ਚੰਦ੍ਰਮਾ ਇਕ ਸ਼ਿਵਜੀ ਤੇ ਬ੍ਰਹਮਾ ਵਗੈਰਾ ਹਨ ਪਰ ਉਥੇ ਤਾਂ ਅਨੇਕ ਹਨ।

ਅਗਮ ਅਗਾਧਿ ਸੁਨਹੁ ਜਨ ਕਥਾ ॥
ਪਾਰਬ੍ਰਹਮ ਕੀ ਅਚਰਜ ਸਭਾ ॥

[ਸਾਰੰਗ ਮਹਲਾ ੫, ਪੰਨਾ ੧੨੩੫

ਅਕਾਲ ਪੁਰਖ ਕੀ ਦੇਹ ਮੋ ਕੋਟਿਕ ਬਿਸਨ ਮਹੇਸ ॥
ਕੋਟ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕੋਟ ਜਲੇਸ ॥

[ਪਾ: ੧੦

ਉਥੇ ਕਿਤਨੇ ਹੀ ਪਵਨ ਦੇਵਤੇ, ਪਾਣੀ ਦੇਵਤੇ, ਬੈਸੰਤਰ ਦੇਵਤੇ, ਕਿਤਨੇ ਹੀ ਕ੍ਰਿਸ਼ਨ ਭਗਵਾਨ ਤੇ ਕਿਤਨੇ ਹੀ ਮਹੇਸ਼ (ਸ਼ਿਵਜੀ) ਹਨ। ਕਿਤਨੇ ਹੀ ਬ੍ਰਹਮੇ ਤੇ ਉਸਦੀ ਰਚਨਾਂ ਅਨਿਕ ਪ੍ਰਕਾਰ ਦੀ ਤੇ ਬ੍ਰਹਮੇ ਵੀ ਕਿਤਨੇ ਹੀ ਰੂਪ, ਰੰਗ ਤੇ ਕਈ ਵੇਸਾਂ ਦੇ; ਅਨੇਕ ਰੂਪਾਂ, ਅਨੇਕਾਂ ਰੰਗਾਂ ਦੇ ਹਨ, ਯਾ ਜੋ ਉਹ ਬ੍ਰਹਮੇ ਘਾੜਤ ਘੜਦੇ ਰਹਿੰਦੇ ਹਨ ਉਹ ਅਨਿਕ ਰੂਪ ਰੰਗ ਤੇ ਵੇਸਾਂ ਦੀ ਹੈ। ਦੇਵਤੇ ਹੋਰ ਤਰ੍ਹਾਂ ਨਾਲ ਬਣਾਏ ਗਏ, ਇਸੇ ਤਰ੍ਹਾਂ ਮਨੁਖ, ਪੰਖੀ, ਪਸੂ ਅਨੇਕ ਪ੍ਰਕਾਰ ਕਰਕੇ।

ਕਰਮ ਭੂਮੀ ਪ੍ਰਿਥਵੀ = ਧਰਤੀ। ਕਿਉਂਕਿ ਇਥੋਂ ਦਾ ਕਰਮ ਕੀਤਾ ਹੋਇਆ ਹੀ ਅਗੇ ਫਲਦਾ ਹੈ ਯਾ ਭੋਗਣਾ ਪੈਂਦਾ ਹੈ।

ਉਹ ਅਨੇਕ ਹੀ ਧਰਤੀਆਂ ਤੇ ਸੁਮੇਰ ਪਰਬਤ, ਕਿਤਨੇ ਹੀ ਧ੍ਰੁ ਭਗਤ ਤੇ ਕਿਤਨੇ ਹੀ ਧ੍ਰੁ ਭਗਤ ਨੂੰ ਉਪਦੇਸ ਦੇਣ ਵਾਲੇ ਨਾਰਦ ਭਗਵਾਨ ਹਨ। ਕਿਤਨੇ ਹੀ ਓਥੇ ਇੰਦ੍ਰ (ਦੇਵਤਿਆਂ ਦਾ ਬਾਦਸ਼ਾਹ) ਚੰਦ੍ਰਮੇ ਤੇ ਕੇਤੇ ਸੂਰਜ ਤੇ ਕੇਤੇ ਹੀ ਓਥੇ ਮੰਡਲ (੧੦੦ ਕੋਸ ਦਾ ਇਕ ਮੰਡਲ) ਤੇ ਦੇਸ (੧੦੦ ਮੰਡਲ ਦਾ ਇਕ ਦੇਸ)। ਭਾਵ ਕਿਤਨੇ ਹੀ ਛੋਟੇ ਰਾਜੇ ਤੇ ਕਿਤਨੇ ਹੀ ਵਡੇ ਮਹਾਰਾਜੇ ਹਨ, ਕਿਤਨੇ ਹੀ ਸਿਧ (ਸਾਂਡਕ ਸਿਧ, ਕਪਲ ਆਦਿ) ਹਨ।

ਕਿਤਨੇ ਹੀ ਉਥੇ ਬੁਧ ਹਨ (ਬੁਧ ਆਦਕ ਗ੍ਰਹ ਹਨ) ਯਾ ਜੋ ਬੁਧੀਮਾਨ (ਰੋਸ਼ਨ ਜ਼ਮੀਰ) ਹਨ। ਕਿਤਨੇ ਹੀ ਨਾਥ (ਜੋਗੀਆਂ ਦੇ ਨਾਥ ਪਦਵੀ ਵਾਲੇ) ਹਨ; ਸਿਰਫ ਨੌ ਨਾਥ ਨਹੀਂ ਭਾਈ ਕਿਤਨੇ

ਹੀ ਦੇਵਆਂ ਦੇ ਸਰੂਪ ਹਨ।

ਦੇਵੀਆਂ ਦੋ ਕਿਸਮ ਦੀਆਂ ਹਨ:—

(੧) ਜੋ ਪਹਿਲੇ ਵਾਹਿਗੁਰੂ ਦੇ ਨੂਰ ਤੋਂ ਬਣੀਆਂ।

(੨) ਜੋ ਤਰੱਕੀ ਕਰਕੇ ਦੇਵੀਆਂ ਬਣ ਗਈਆਂ।

ਕਿਤਨੇ ਹੀ ਦੇਵਤੇ, ਦਾਨਵ, ਮੁਨਿ, ਕਿਤਨੇ ਹੀ ਰਤਨ ਤੇ ਸਮੁੰਦਰ ਹਨ। ਓਥੇ ਚਾਰ ਹੀ ਖਾਣੀਆਂ ਨਹੀਂ ਬਲਕਿ ਅਨੰਤ ਹੀ ਹਨ। ਕਿਤਨੇ ਹੀ ਕਿਸਮ ਦੀਆਂ ਬਾਣੀਆਂ ਹਨ।

ਇਹ ਬਾਣੀ ਚਾਰ ਕਿਸਮ ਦੀ ਹੁੰਦੀ ਹੈ –

(੧) ਪਰਾ, (੨) ਪਸਯੰਤੀ, (੩) ਮਧਮਾ, (੪) ਬੈਖਰੀ।

(੧) ਪਰਾ--ਨਾਭੀ ਵਿਚ, ਧੁੰਨੀ ਵਿਚ, ਕਿਉਂਕਿ ਪਉਣ ਧੁੰਨੀ ਵਿਚ ਰਹਿੰਦੀ ਹੈ।

(੨) ਪਸਯੰਤੀ--ਜਦੋਂ ਨਾਭੀ ਵਿਚੋਂ ਉਠਕੇ ਹਿਰਦੇ ਵਿਚ ਪਉਣ ਪਹੁੰਚਦੀ ਹੈ ਤਾਂ ਖਿਆਲ ਪੈਦਾ ਹੁੰਦਾ ਹੈ।

(੩) ਮਧਮਾ--ਗਲੇ ਵਿਚ ਜਦੋਂ ਪਹੁੰਚੀ ਹੈ, ਮਧਮਾ ਬਨ ਗਈ।

(੪) ਬੈਖਰੀ--ਰਸਨਾ ਤੋਂ ਆ ਗਈ।

ਉਥੇ ਇਹ ਚਾਰ ਬਾਣੀਆਂ ਹੀ ਸਿਰਫ ਨਹੀਂ ਹਨ ਬਲਕਿ ਅਨੰਤ ਹੀ ਹਨ ਤੇ ਕਈ 'ਪਾਤ ਨਰਿੰਦ' (ਰਾਜਿਆਂ ਦੇ ਰਾਜੇ ਹਨ) ਹਨ। ਪਾਤ = ਪਾਤਸਾਹ। ਕਈ ਪਾਤਾਲਾਂ ਤੇ ਅਕਾਸ਼ਾਂ ਦੇ ਰਾਜੇ ਭਾਵ ਨਰਿੰਦ ਪ੍ਰਾਣੀ ਮਾਤ੍ਰਾਂ ਦੇ ਜੋ ਸ਼ਾਹਿਨਸ਼ਾਹ ਹਨ ਉਹ ਪਾਤਸ਼ਾਹ ਕਈ ਹਨ।

ਕਿਤਨੀਆਂ ਸੁਰਤੀਆਂ (ਬੇਦ ਤੇ ਉਪਨਿਸ਼ਧ) ਤੇ ਉਨ੍ਹਾਂ ਦੇ ਸੇਵਕ ਉਪਾਸ਼ਨਾ ਕਰਨ ਵਾਲੇ ਅਨੇਕ ਹਨ: 'ਨਾਨਕ ਅੰਤੁ ਨ ਅੰਤੁ' ਉਨ੍ਹਾਂ ਦਾ ਅੰਤੁ ਹੈ ਵੀ ਤੇ ਨਹੀਂ ਵੀ ਹੈ। ਅੰਤ ਹੈ ਕਿ ਇਹਦੇ ਵਿਚ ਵਾਹਿਗੁਰੂ ਹੈ। ਨਹੀਂ ਅੰਤ ਕਿ ਅਸੀਂ ਨਹੀਂ ਜਾਣਦੇ ਕਿ ਕਿਤਨੇ ਕੁ ਹਨ। ਅਸੀਂ ਤਾਂ ਆਪਣੇ ਸਰੀਰ ਦਾ ਵੀ ਭੇਦ ਨਹੀਂ

ਜਾਣ ਸਕਦੇ ਯਾ ਇਹ ਜੋ ਗਿਆਨ ਖੰਡ ਦੀ ਕਥਾ ਹੈ ਇਸਦਾ ਕੋਈ ਅੰਤ ਨਹੀਂ। ਪਰ ਜੇ ਕੋਈ ਅੰਤ ਲੈਣਾ ਚਾਹੇ ਤਾਂ ਉਸਦਾ ਅੰਤ ਹੋ ਜਾਏਗਾ, ਉਹ ਆਪ ਖ਼ਤਮ ਹੋ ਜਾਏਗਾ:—

ਦੇਹੀ ਨਗਰੀ ਊਤਮ ਥਾਨਾ ॥
ਪੰਚ ਲੋਕ ਵਸਹਿ ਪਰਧਾਨਾ ॥

[ਮਾਰੂ ਮਹਲਾ ੧, ਪੰਨਾ ੧੦੩੯

**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥**

ਪਰਚੰਡੁ=ਤੇਜ, ਪ੍ਰਕਾਸ਼।

ਮਹਾਰਾਜ ਫੁਰਮਾਂਦੇ ਹਨ ਕਿ ਗਿਆਨ ਦਾ ਦੇਸ਼ (ਖੰਡ) ਬਹੁਤ ਤੇਜਮਯ ਹੈ ਤੇ ਉਥੇ ਬਹੁਤ ਹੀ ਪ੍ਰਕਾਸ਼ ਹੈ, ਪਰ ਇਹ ਤੇਜ ਸੁਖ ਮਯ ਹੈ, ਵਸਲ ਦਾ ਅਨੰਦ ਹੈ, ਨਾਦ ਦਾ, ਬਿਨੋਦ ਦਾ ਅਨੰਦ ਹੈ। ਕਿਸੇ ਦੇ ਗਲੇ ਦੀ ਆਵਾਜ਼ ਮੋਹਤ ਕਰ ਲੈਂਦੀ ਹੈ; ਉਥੇ ਕਰੋੜਾਂ ਹੀ ਐਸੀਆਂ ਹਨ ਅਰ ਇਸ ਤੋਂ ਭੀ ਉੱਤਮ ਸੁੰਦਰ ਹਨ। ਜਿਨ੍ਹਾਂ ਨੇ ਰਾਗ ਨਾਦ ਨੂੰ ਥੀਏਟਰਾਂ ਵਿਚ ਵਰਤਿਆ ਹੈ, ਉਨ੍ਹਾਂ ਗੰਗਾ ਜਲ ਨਾਲੀ ਵਿਚ ਵਰਤਿਆ ਹੈ।

ਨਾਦ-ਅਚਰਜ ਰਾਗ, ਅਚਰਜ ਬਾਜੇ, ਅਚਰਜ

ਬਜਾਵਨ ਵਾਲੇ।

ਬਿਨੋਦ-ਦਰਸ਼ਨ=ਕੌਤਕ, ਅਚਰਜ ਨਜ਼ਾਰੇ, ਝਾਕੀਆਂ।

ਕੋਡ—ਦੂਜਾ ਭਾਵ, ਪ੍ਰਕਾਰ ਭਾਵ। ਤਿੰਨੋਂ ਚੀਜ਼ਾਂ ਅਨਿਕ ਪ੍ਰਕਾਰ ਦੀਆਂ ਹਨ=ਨਾਦਿ, ਬਿਨੋਦਿ, ਆਨੰਦੁ;—

ਚੰਚਲੁ ਚੀਤੁ ਨ ਜਾਇ ਤਮਾਸੇ ॥
ਮੇਰੇ ਮੋਹਨ ਸੂਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥

[ਬਿਲਾਵਲ ਮਹਲਾ ੫, ਪੰਨਾ ੮੨੦

ਉਸ ਗਲੀ ਹੀ ਨਾ ਲੰਘੀਏ, ਜਿਥੇ ਰਾਗ ਵਾਜੇ ਖੋਟੇ ਖਿਆਲ ਉਤਪੰਨ ਕਰਦੇ ਹਨ:—

ਏਹ ਸੂਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥

[ ਅਨੰਦ, ਪੰਨਾ ੯੨੨

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥

[ਬਿਲਾਵਲੁ ਮਹਲਾ ੫, ਪੰਨਾ ੮੨

ਜੋਗੀਆਂ ਨੂੰ ਹਿਮਾਲੇ ਵਿਚ ਪਹੁੰਚ ਕੇ ਸਤਿ ਵਿਚ ਲੈ ਜਾਣਾ, ਕਥਾ ਕੀਰਤਨ ਸੂਵਨ ਕਰਨਾ, ਇਹ ਤੁਸਾਂ ਦੇ ਚੋਜ ਹਨ।

ਮੋਦ-ਦਰਸ਼ਨਾਨੰਦ=ਜਿਸ ਦੇ ਦੇਖਣੇ ਤੇ ਅਨੰਦ ਪ੍ਰਸੰਨਤਾ ਮਿਲੇ।

ਪ੍ਰਮੋਦ-ਪ੍ਰਾਪਤਾਨੰਦ=ਜਦੋਂ ਉਹ ਚੀਜ਼ ਮਿਲ ਜਾਏ ਤੇ ਬਹੁਤ ਪ੍ਰਸੰਨਤਾ ਹੋਵੇ।

ਅਨੰਦ-ਮੇਲਾਨੰਦ=ਜਦੋਂ ਮਿਲੀ ਚੀਜ਼ ਨੂੰ ਭੋਗਦੇ ਹਨ ਤਾਂ ਆਖਦੇ ਹਨ ਬੜਾ ਅਨੰਦ ਆਇਆ ਹੈ।

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥

[ਗਉੜੀ ਮਹਲਾ ੫, ਪੰਨਾ ੧੮੬

ਜੋ ਗਿਆਨ ਦਾ ਦੇਸ਼ ਹੈ ਉਥੇ ਬੜਾ ਪ੍ਰਕਾਸ਼ ਹੈ।

(੧) ਸਰਮ=ਸ਼ਰਮ=ਕੁਕਰਮਾਂ ਤੋਂ ਸ਼ਰਮ ਕਰਨੀ ਲੱਜਿਆ

ਆਵਣੀ। ਸ਼ਰਮ ਧਰਮ ਨੂੰ ਸੰਭਾਲ ਕੇ ਰਖਣਾ।
(੨) ਵੈਰਾਗ = ਵੈਰਾਗ ਧਾਰ ਕੇ ਭਗਤੀ ਕਰਨੀ।
(੩) ਘਾਲ = ਮਿਹਨਤ।

ਜਿਵੇਂ ਬ੍ਰਹਮੰਡ ਵਿਚ ਪੰਜ ਖੰਡ ਹਨ ਇਸੇ ਤਰ੍ਹਾਂ ਸਰੀਰ ਵਿਚ ਵੀ ਹਨ। ਇਸੇ ਤਰ੍ਹਾਂ ਸਰਮ ਖੰਡ ਅੰਦਰ ਵੀ ਹੈ। ਤੁਸੀਂ ਚੁਪ ਕਰਕੇ ਅੰਦਰ ਝਾਤੀ ਮਾਰੋ। 'ਵਾਹਿਗੁਰੂ' 'ਵਾਹਿਗੁਰੂ' ਕਰੋ, ਤੁਹਾਨੂੰ ਵਾਹਿਗੁਰੂ ਹੁੰਦਾ ਬੋਲਦਾ ਨਜ਼ਰ ਆਵੇਗਾ। ਪਰ ਬੋਲਣ ਵਾਲਾ 'ਮਨ' ਨਹੀਂ ਦਿੱਸੇਗਾ। ਇਸ ਖੰਡ ਵਿਚ ਪੰਜ ਦਰਜੇ ਹਨ, ਇਸ ਦੇਸ ਵਿਚ ਸੁਰਤ, ਮਨ, ਬੁਧੀ, ਮਤਿ ਜਿਥੇ ਸਿਧ, ਰਿਸ਼ੀ, ਮੁਨੀ ਅੰਦਰ ਪਹੁੰਚਦੇ ਹਨ; ਇਹ ਚੀਜ਼ਾਂ ਇਥੇ ਘੜੀਦੀਆਂ ਹਨ।

(੨) ਸੁਰਤਿ=ਸੁਰਤ ਕੀ ਹੈ? ਇਸ ਜਗਾ ਦੀ ਜੋ ਬਾਣੀ, ਆਵਾਜ਼ ਹੈ ਉਹ ਬਹੁਤ ਸੁੰਦਰ ਤੇ ਖ਼ੂਬਸੂਰਤ ਹੈ, ਜਿਨ੍ਹਾਂ ਸੁਣੀ ਹੈ ਉਹ ਪੈਗੰਬਰ ਤੇ ਅਵਤਾਰ ਬਣ ਗਏ। ਇਹ ਇਤਨੀ ਮੋਹਨੀ ਤੇ ਸੁਹਾਈ ਵਾਲੀ ਬਾਣੀ ਹੈ ਕਿ ਸੁੱਕੇ ਫੁਲ ਖਿੜਾ ਦੇਂਦੀ ਹੈ, ਤਮਾਮ ਰੋਗ ਮਿਟਾ ਦੇਂਦੀ ਹੈ, ਇਸ ਨੂੰ ਤਾਂ ਦੇਵਤੇ, ਅਵਤਾਰ ਵਗ਼ੈਰਾ ਸਭ ਤਰਸ ਰਹੇ ਹਨ। ਇਥੇ ਘਾੜਤ ਜੋ ਘੜੀਂਦੀ ਹੈ, ਸੋ ਬੇਮਿਸਾਲ ਹੈ, ਜਿਸ ਦੀ ਉਪਮਾ ਨਹੀਂ ਕੀਤੀ ਜਾ ਸਕਦੀ। ਉਥੋਂ ਦੀਆਂ ਗਲਾਂ, ਜੋ ਉਥੇ ਹੋ ਰਹੀਆਂ ਹਨ, ਉਹ ਜ਼ਬਾਨ ਨਾਲ ਕਥਨ ਨਹੀਂ ਹੋ ਸਕਦੀਆਂ, ਉਹ ਤਾਂ ਅਨੁਭਵ ਹੀ ਹੋ ਸਕਦੀਆਂ ਹਨ। ਉਹ ਭਾਵ ਅਨੁਭਵ ਲਖਸ਼ ਪਦਾਰਥ ਹਨ।

ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ ॥
ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ ॥
[ਆਸਾ ਮਹਲਾ ੫, ਪੰਨਾ ੪੫੮

ਨਾਨਕ ਗੁਰਿ ਖੋਏ ਭ੍ਰਮ ਭੰਗਾ ॥
ਹਮ ਓਇ ਮਿਲਿ ਹੋਏ ਇਕ ਰੰਗਾ ॥
[ਆਸਾ ਮਹਲਾ ੫, ਪੰਨਾ ੩੯੧

ਮਨਮ ਤੋ ਦਰ ਗ਼ੈਰ ਕਸ ਨੈਸਤ ॥

[ਭਾਈ ਨੰਦ ਲਾਲ ਸਾਹਿਬ

ਜੋ ਕੋਈ ਕਹੇ ਕਿ ਮੈਂ ਕਥਨ ਕਰ ਸਕਦਾ ਹਾਂ ਉਹ ਪਛੁਤਾਵੇਗਾ ਕਿਉਂਕਿ ਓਹ ਕਥਨ ਨਹੀਂ ਕਰ ਸਕੇਗਾ। ਦੂਜਾ ਭਾਵ:--ਜੋ ਕੋਈ ਕਥਨ ਕਰੇਗਾ, ਦੱਸੇਗਾ, ਉਹ ਪਛੁਤਾਵੇਗਾ, ਕਿਉਂਕਿ ਮਾਰਗ ਰੁਕ ਜਾਏਗਾ।

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥

[ਸਲੋਕ ਫਰੀਦ, ਪੰਨਾ ੧੩੮੪

ਅਗਰ ਕਹੇਗਾ ਤਾਂ ਉਸ ਦਾ ਅਰਸ਼ੀ ਤਅੱਲੁਕ ਟੁੱਟ ਜਾਏਗਾ, ਉਥੇ ਜ਼ਿੰਦਗੀ ਦਾ ਅਸਲੀ ਮਰਕਜ਼ ਜੋ ਹੈ ਉਹ ਸੁਰਤ ਹੈ, ਜ਼ਿੰਦਗੀ ਦਾ ਅਰਸ਼ੀ ਤਅੱਲੁਕ ਸੁਰਤ ਹੈ ਇਹ ਇਥੇ ਘੜੀਂਦੀ ਹੈ। ਜਿਵੇਂ ਸੁੱਕੀਆਂ ਸ਼ਾਖਾ ਵਿਚ ਬਸੰਤ ਵਿਚ ਹਰਿਆਵਲ ਆ ਜਾਂਦੀ ਹੈ, ਏਹੀ ਜ਼ਿੰਦਗੀ ਤੇ ਸੁਰਤ ਹੈ। 'ਸੁਰਤ' ਅਗੇ ਵਧਕੇ 'ਮਤਿ' ਬਣ ਜਾਂਦੀ ਹੈ। 'ਮਤਿ' ਤੋਂ 'ਮਨ' ਤੇ 'ਮਨ' ਤੋਂ 'ਬੁਧਿ' ਬਣ ਜਾਂਦੀ ਹੈ;

ਮਹਾ ਮੁਗਧ ਤੇ ਕੀਆ ਗਿਆਨੀ ॥
ਗੁਰ ਪੂਰੇ ਕੀ ਅਕਥ ਕਹਾਨੀ ॥

[ਪ੍ਰਭਾਤੀ ਮਹਲਾ ੫, ਪੰਨਾ ੧੩੩੮

ਮੂਕ ਉਚਰੈ ਸਾਸਤ੍ਰ ਖਟ ਪਿੰਗ ਗਿਰਨ ਚਢ ਜਾਇ ॥
ਅੰਧ ਲਖੈ ਬਧਰੋ ਸੁਣੈ ਜੇ ਕਾਲ ਕ੍ਰਿਪਾ ਕਰਾਇ ॥

[ਪਾਤਸ਼ਾਹੀ ੧੦

ਸੁਰਤ ਖੇਤਾਂ ਵਿਚ ਹੈ ਪਰ ਮਤ ਵਗੈਰਾ ਨਹੀਂ। ਸੁਰਤ, ਮਤ, ਮਨ ਪਸ਼ੂਆਂ ਵਿਚ ਹੈ, ਪਰ ਬੁੱਧੀ ਨਹੀਂ। ਇਸ ਤੋਂ ਅਗੇ ਇਨਸਾਨ ਹੈ, ਜਿਸ ਵਿਚ ਬੁਧੀ ਵੀ ਹੈ:—

ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

[ਆਸਾ ਮਹਲਾ ੫, ਪੰਨਾ ੩੭੪

ਹੇ ਮਨੁੱਸ਼! ਤੇਰੇ ਵਿਚ ਵਾਹਿਗੁਰੂ ਜੀ ਨੇ ਸੁਰਤਿ, ਮਤਿ, ਮਨਿ, ਬੁਧਿ ਬਖਸ਼ੀ ਹੈ:—

ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥
[ਗੋਂਡ ਮਹਲਾ ੫, ਪੰਨਾ ੮੬੮

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥

ਜੋ ਵਾਹਿਗੁਰੂ ਦਾ ਭਜਨ ਕਰੇਗਾ ਮਨੁੱਖ ਜਨਮ ਪਾ ਕੇ ਉਹ ਮਨੁੱਖ ਤੋਂ ਦੇਵਤਾ ਤੇ ਫਰੇਸ਼ਤਾ ਬਣ ਜਾਏਗਾ, ਜੀਂਵਦਿਆਂ ਜੀ ਹੀ: ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥
[ਗੋਂਡ ਨਾਮਦੇਉ ਜੀ, ਪੰਨਾ ੮੭੪

ਓਥੇ ਘੜੀਂਦੀ ਹੈ ਸੁਰਤਿ, ਮਤਿ, ਮਨਿ, ਬੁਧਿ, ਅਤੇ ਸੁਧਿ (ਸੋਝੀ) ਆਉਂਦੀ ਹੈ ਕਿ ਜੀਵਦਿਆਂ ਹੀ ਕਿਸਤਰ੍ਹਾਂ ਦੇਵਤੇ ਤੇ ਦੇਵਤਿਆਂ ਤੋਂ ਉਚੇ ਮੰਡਲਾਂ ਦੀ ਸਟੇਜ ਮਹਾਂ ਪੁਰਸ਼ ਪਾਂਦੇ ਹਨ:—

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
[ਸੁਖਮਨੀ, ਪੰਨਾ ੨੬੩

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਜੈਸੇ ਬ੍ਰਹਮੰਡ ਵਿਚ ਇਹ ਖੰਡ, ਐਸੇ ਸਰੀਰ ਵਿਚ ਭੀ। ਮਨ ਕਰਮ ਕਰਦਾ ਦਿਸਦਾ ਨਹੀਂ, ਫੁਰਨੇ ਦਿਸਦੇ ਹਨ। ਬ੍ਰਹਮੰਡ ਵਿਚ ਵੈਰਾਟ ਸਰੂਪ ਗਿਆਨ ਖੰਡ ਹੈ। ਵਾਹਿਗੁਰੂ ਜਪਿਆ ਇਹ ਤਾਂ ਦਿੱਸਿਆ, ਪਰ ਮਨ ਨਹੀਂ ਦਿਸਿਆ, ਇਹ ਦੇਸ ਹੈ। 'ਤਿਥੇ ਘੜੀਐ ਸੁਰਤਿ ਮਤਿ ਮਨਿ ਬੁਧਿ'। ਸੁਪਨੇ ਵਿਚ ਅੱਖਾਂ ਨਹੀਂ ਪਰ ਦਿਸਦਾ ਹੈ, ਕੰਨ ਨਹੀਂ ਪਰ ਸੁਣਦਾ ਹੈ। ਅੰਦਰਲੇ ਸੰਸਕਾਰ ਮਨ ਵਿਚ ਰਹਿੰਦੇ ਹਨ। ਸਮਝਣ ਦੀ ਕੋਸ਼ਸ਼ ਅਰ ਫਿਰ ਪਹੁੰਚ ਨਹੀਂ। ਸੋ ਮੰਗ ਕਰਨੀ ਹੈ: ਮਹਾਰਾਜ! ਹੁਣ ਪਹੁੰਚਾਓ ਭੀ। ਸ਼ਬਦ ਮਿਲਿਆ ਹੈ ਤੇ ਪ੍ਰਾਪਤੀ ਭੀ ਮਿਲੇ। ਜੇ ਨਾਮ ਮਿਲਿਆ ਹੈ ਨਾਮੀ ਭੀ ਮਿਲੇ। ਸੁਰਤਿ, ਮਤਿ, ਮਨਿ, ਬੁਧਿ, ਸੁਧਿ ਪੰਜ ਦਰਜੇ ਉਥੇ ਘੜੀਦੇ ਹਨ, ਇਹ ਸਭ ਕੁਝ ਸਰਮ ਖੰਡ ਵਿਚ ਹੋ ਰਿਹਾ ਹੈ।

ਸੁਰਤ ਕੀ ਹੈ ? ਅਸਮਾਨੀ ਆਵਾਜ਼ ਜਿਸ ਸੁਣੀ ਹੈ, ਉਥੇ ਹੀ ਬਹਿ ਜਾਂਦਾ ਹੈ, ਐਸੀ ਖੂਬਸੂਰਤ ਹੈ, ਜਨਮ ਮਰਨ ਨਵਿਰਤ ਕਰਦੀ ਹੈ, ਇਹ ਪੰਜ ਚੀਜ਼ਾਂ ਓਥੇ ਘੜੀਂਦੀਆਂ ਹਨ ।

ਸਰਮ ਖੰਡ ਕੀ ਬਾਣੀ, ਓਥੈ ਘਾੜਤ ਬੇਮਿਸਾਲ ਘੜੀਂਦੀ ਹੈ । ਉਸ ਦੇ ਬਿਲ ਮੁਕਾਬਲ ਨਹੀਂ, ਓਥੋਂ ਦੀਆਂ ਗੱਲਾਂ ਕਥਨ ਨਹੀਂ ਹੋ ਸਕਦੀਆਂ, ਸ੍ਵਾਦ ਤਾਂ ਉਹ ਲੈ ਸਕਦਾ ਹੈ ਜਿਸਨੇ ਸੁਪਨੇ ਵਿਚ ਦਰਸ਼ਨ ਕੀਤਾ ਹੈ, ਉਹ ਕਿਵੇਂ ਬਿਆਨ ਕਰੇ ਸੁਪਨੇ ਵਿਚ ਡਿੱਠਾ ਪ੍ਰੀਤਮ ਦਾ ਦਰਸ਼ਨ:—

ਕਬ ਦੇਖਉ ਪਭੁ ਆਪਨਾ ਆਤਮ ਕੈ ਰੰਗਿ ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥

[ਬਿਲਾਵਲੁ ਮਹਲਾ ਪ, ਪੰਨਾ ੮੧੬

ਦੇਖਣਹਾਰ ਭੀ ਬੇਵਸ । ਅਨੁਭਵ ਤਾਂ ਹੈ ਪਰ ਬਿਆਨ ਨਹੀਂ । ਜੇ ਕੋਈ ਕਹੇ ਕਿ ਮੈਂ ਬਿਆਨ ਕਰ ਸਕਦਾ ਹਾਂ ਤਾਂ ਉਹ ਪਛੁਤਾਏਗਾ:—

ਇਕਤ ਨੁਕਤੇ ਹੋਇ ਜਾਇ ਮਹਰਮੁ ਮੁਜਰਮੁ ਖੈਰ ਖੁਆਰੀ ॥
ਗਲ ਨਾ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ ॥...

[ਭਾ: ਗੁਰਦਾਸ ਵਾਰ ੧੧-੨

ਘੜੀਂਦੀ ਹੈ ਜੀਵਨ ਸ਼ਕਤੀ, ਲਾਈਫ (Life) ।

ਸਾਹੈ ਕੈ ਫੁਰਮਾਇਅੜੇ ਜੀ ਦੇਹੀ ਵਿਚਿ ਜੀਉ ਆਇ ਪਇਆ ॥

[ਮਾਰੂ ਅੰਜੁਲੀ ਮਹਲਾ ਪ, ਪੰਨਾ ੧੦੦੭

ਕੱਟੀਆਂ ਹੋਈਆਂ ਸ਼ਾਖਾਂ ਲਾਈਆਂ ਹਨ, ਉਹ ਫੁਟ ਖਲੋਤੀਆਂ ਹਨ । ਸੁਰਤਿ ਤੇ ਮਤਿ ਤੋਂ ਮਨਿ, ਮਨਿ ਤੇ ਬੁਧੀ । ਪਸੂ ਅਪਣੇ ਬੱਚੇ ਸਿਞਾਣ ਲੈਂਦੇ ਹਨ ਘਰ ਆ ਜਾਂਦੇ ਹਨ ।

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ [ਆਸਾ ਮ: ਪ, ਪੰਨਾ ੩੭੪

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ ॥

[ਭਾਈ ਗੁਰਦਾਸ ਵਾਰ ੧-੩

ਜਿਨ੍ਹਾਂ ਗਊਆਂ ਬਕਰੀਆਂ ਖੇਤ ਖਾਧਾ, ਉਹਨਾਂ ਵਿਚ ਸੁਰਤਿ, ਮਤਿ, ਮਨ ਭੀ ਸੀ ਪਰ ਬੁਧੀ ਨਹੀਂ ਸੀ। ਜਿਸ ਮਨੁੱਖ ਨੂੰ ਬੁਧਿ ਆ ਗਈ, ਜਿਸ ਮਨੁੱਖ ਦੀ ਉਂਗਲ ਲੜਾਈ ਵਿਚ ਕਟ ਗਈ; ਉਹ ਮੁੜ ਹੱਥ ਨ ਆਈ, ਇਸ ਲਈ ਮਨੁੱਖ ਉੱਤਮ ਹੈ। ਹੇ ਪੁਰਸ਼, ਸੁਰਤਿ ਭੀ ਤੇਰੇ ਵਿਚ, ਮਨਿ ਭੀ, ਮਤਿ ਭੀ, ਬੁਧੀ ਭੀ ਹੈ। ਤਿੰਨ ਪ੍ਰਕਾਰ ਦੀ ਕ੍ਰਿਜਾ ਹੈ, ਤਿੰਨ ਹੀ ਦੇਸ਼ ਦਸੋਂ (੧੦) ਇੰਦਰੀਆਂ, ਤੇ ਸਾਰੇ ਪ੍ਰਾਣ ਇਸ ਆਤਮ ਦੇਵ ਦੇ ਅਧੀਨ, ਇਹ ਪਾਤਸ਼ਾਹ ਹੈ।

ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥

[ਗੌਂਡ ਮਹਲਾ ੫, ਪੰਨਾ ੮੬੮

ਇਹ ਆਤਮਾ ਰਾਮ, ਜਿਸ ਖੋਜਿਆ ਹੈ, ਉਹ ਕਿੱਥੇ ਜਾਏਗਾ ? ਅਗਰ ਉਹ ਇਨਸਾਨ ਹੈ ਤਾਂ ਫਰੇਸ਼ਤਾ ਬਣ ਜਾਏਗਾ। ਹੇ ਗੁਰੁ ਨਾਨਕ ! ਮੈਂ ਸਦਕੇ ਹਾਂ, ਜਿਸ ਨੇ ਹੈਵਾਨ ਤੋਂ ਮਨੁਖ ਬਣਾਇਆ ਹੈ, ਅਰ ਫਿਰ ਦੇਵਤਾ, ਮਰਕੇ ਦੇਵਤਾ ਨਹੀਂ,

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

[ਵਾਰ ਆਸਾ ਮਹਲਾ ੧, ਪੰਨਾ ੪੬੨

ਓਥੇ ਘੜੀਂਦੀ ਹੈ ਸੁਰਤਿ, ਮਤਿ, ਮਨ, ਬੁਧੀ। ਮਨੁੱਖਾ ਦੇਹ ਵਿਚ ਬੈਠਾ ਹੋਇਆ ਦੇਵਤਾ, ਪੈਗੰਬਰ, ਅਵਤਾਰ ਦੇਵਤਿਆਂ ਤੇ, ਸਿਧਾਂ ਦੀ ਸੋਝੀ ਪਾ ਸਕਦਾ ਹੈ।

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾਕੇ ਰੂਪ ਨ ਕਥਨੇ

ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੇ ਤਿਵੇ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ ੩੭ ॥

ਕਰਮ ਖੰਡ, ਜਿਸ ਵਿਚ ਬਖਸ਼ਿਸ਼, ਫ਼ਜ਼ਲ ਮਿਲਦਾ ਹੈ, ਘਾਲ ਕਰਨ ਹਾਰਿਆਂ ਨੂੰ; ਇਸ ਕਰਮ ਖੰਡ ਦੇ ਅੰਤਰਗਤ ਹੀ ਹੈ ਸਚ ਖੰਡ। ਬਖਸ਼ਿਸ਼ ਤੋਂ ਬਗੈਰ ਪਾਰ ਨਹੀਂ ਹੋ ਸਕੀਦਾ, ਬਖਸ਼ਿਸ਼ ਦੀ ਅੜਿ ਲੋੜ ਹੈ। ਕਰਮ ਖੰਡ ਬਖਸ਼ੀਸ਼ ਦਾ ਟਿਕਾਣਾ ਹੈ। ਇਸ ਜਗਾ ਦੀ ਬਾਣੀ ਬੜੀ ਬਲਵਾਨ ਹੈ, ਇਕ ਖਿਨ ਵਿਚ ਕਰੋੜਾਂ ਪਾਪ ਸਾਫ਼ ਦੇਂਦੀ ਹੈ, ਪਰ ਜੇ ਕੋਈ ਕਹੇ ਕਿ ਮੈਂ ਅਉਗਣ ਕਰਕੇ ਬਖਸ਼ਿਆ ਜਾਵਾਂਗਾ, ਇਹ ਗ਼ਲਤ ਹੈ। ਜੇ ਕੋਈ ਪਹਿਲਾਂ ਧਰਮ ਖੰਡ ਤੋਂ ਹੁੰਦਾ ਗਿਆਨ ਖੰਡ, ਸਰਮ ਖੰਡ ਤੋਂ ਚਲੇਗਾ ਤਾਂ ਬਖਸ਼ਿਸ਼ ਦਾ ਹੱਕਦਾਰ ਹੈ। ਕਰਮ ਖੰਡ ਵਿਚ ਉਹ ਪਹੁੰਚੇਗਾ ਜੋ ਪਹਿਲੇ ਤਿੰਨਾਂ ਖੰਡਾਂ ਵਿਚੋਂ ਹੋਕੇ ਗੁਜ਼ਰੇਗਾ। ਓਥੇ ਇਤਨੀ ਤਾਕਤ ਵਾਲਾ ਹੁਕਮ ਹੈ ਕਿ:—

ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥

[ਗਉੜੀ ਮ: ੫, ਪੰਨਾ ੨੦੬

ਉਥੇ ਹੋਰ ਕੋਈ ਨਹੀਂ ਆ ਸਕਦਾ ਜਮਦੂਤ, ਵਿਕਾਰ ਕਲੇਸ਼; ਯਾ ਕੋਈ ਹੋਰ ਭਾਵ, ਕੋਈ ਹੋਰ ਰੁਕਾਵਟ ਨਹੀਂ ਆ ਸਕਦੀ, ਓਥੇ ਮਹਾਂ ਸੂਰਮੇ ਜੋ ਧਰਮ ਯੁਧਾਂ ਵਿਚ ਸਨਮੁਖ ਹੋ ਕੇ ਸ਼ਹੀਦ ਹੁੰਦੇ ਹਨ ਉਹ ਓਥੇ ਪਹੁੰਚਦੇ ਹਨ। ਬਾਬਾ ਫਤਹਿ ਸਿੰਘ ਜੀ ਨੇ ਸ਼ਹੀਦੀ ਦਾ ਸਭ ਤੋਂ ਉੱਚਾ ਨਮੂਨਾ ਪੇਸ਼ ਕੀਤਾ ਕਿ ਸਿਰ ਤੇ ਤਲਵਾਰ ਹੈ, ਕੰਧ ਵਿਚ ਚਿਣੇ ਜਾ ਰਹੇ ਹਨ, ਪਰ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਹਨ ਅਤੇ ਭੋਗ ਪਾਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਗਜਾ ਕੇ ਜੋਤੀ ਵਿਚ ਲੀਨ ਹੋ ਜਾਂਦੇ ਹਨ। ਇਸ ਖੰਡ ਵਿਚ ਦੂਵੇਂ ਕਿਸਮ ਦੇ ਯੋਧੇ ਹਨ, ਦੂਜੇ: ਜੈਸੇ ਬਾਬਾ ਅਜੀਤ ਸਿੰਘ ਜੀ,ਜੋ ਪੰਜ ਸਿੰਘਾਂ ਨਾਲ ਦਹ ਲਖ ਦਾ ਮੁਕਾਬਲਾ ਕਰਕੇ ਸ਼ਹੀਦ ਹੋਏ।

ਜਿਨ੍ਹਾਂ ਨੇ ਸਰੀਰ, ਇੰਦਰੇ ਤੇ ਮਨ ਨੂੰ ਵਿਕਾਰਾਂ ਤੋਂ ਰੋਕ ਨੇ ਕਾਬੂ ਕਰ ਲਿਆ, ਉਹ ਜੋਧੇ, ਮਹਾਂ ਬਲੀ ਤੇ ਸੂਰਮੇ ਹਨ। ਬੁਰੀ ਸੋਸਾਇਟੀ, ਵਿਕਾਰਾਂ ਦੇ ਹਿਮਾਲੀਆ ਪਹਾੜ ਨੂੰ ਸਹਾਰ ਕੇ ਆਪਣੇ ਆਪ ਨੂੰ ਜਿਨ੍ਹਾਂ ਨੇ ਵਿਕਾਰਾਂ ਤੋਂ ਬਚਾ ਕੇ ਰਖਿਆ ਉਹ 'ਜੋਧ ਮਹਾਬਲ ਸੂਰਾ'।

ਇਸ ਪਉੜੀ ਵਿਚ ਦੋਵੇਂ ਖੰਡ ਹਨ, ਕਰਮ ਖੰਡ ਤੇ ਸੁਚ ਖੰਡ। ਜਿਥੇ ਕਰਮ ਖੰਡ ਵਾਲੇ ਪਹੁੰਚੇ ਹਨ ਉਥੇ ਹੋਰ ਕੋਈ ਨਹੀਂ ਪਹੁੰਚ ਸਕਦਾ ਬਗ਼ੈਰ ਸ੍ਰੀ ਵਾਹਿਗੁਰੂ ਜੀ ਦੀ ਆਗਿਆ ਦੇ; ਯਾ ਜਿਸ ਪਦ ਤੇ ਇਹ ਮਹਾਂ ਪੁਰਸ਼ ਪਹੁੰਚੇ ਹਨ,ਉਥੇ ਹੋਰ ਨਹੀਂ ਪਹੁੰਚ ਸਕਦੇ, ਕਿਉਂਕਿ ਉਨ੍ਹਾਂ ਘਾਲ ਇਤਨੀ ਨਹੀਂ ਕੀਤੀ। ਉਨ੍ਹਾਂ ਕਰਮ ਖੰਡ ਵਾਸੀਆਂ ਵਿਚ ਰਾਮ ਭਰਪੂਰ ਹੈ, ਉਥੇ ਦ੍ਵੈਤ ਨਹੀਂ ਹੈ।

'ਰਾਮ' ਸ਼ਬਦ ਦੇ ਕਈ ਅਰਥ ਹਨ। ਸ੍ਰੀ ਰਾਮਚੰਦਰ ਜੀ ਤੇ ਪਰਸ ਰਾਮ ਆਦਿ, ਪਰ ਇਥੇ ਰਾਮ ਦਾ ਭਾਵ ਹੈ 'ਰਮੰਤੀ ਇਤੀ ਰਾਮਾ' ਜੋ ਜਲ ਥਲ ਵਿਚ ਰਵਿਆ ਹੋਇਆ ਹੈ, ਵਾਹਿਗੁਰੂ।

ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥

[ਬਿਲਾਵਲੁ ਵਾਰ ਮਹਲਾ ੩, ਪੰਨਾ ੮੫੧

ਹੁਣ ਜਿਥੈ ਰਾਮ ਹੈ ਓਥੇ ਸੀਤਾ ਭੀ ਹੈ । ਸ਼੍ਰੀ ਰਾਮ ਚੰਦਰ ਜੀ ਦੇ ਨਾਲ ਉਨ੍ਹਾਂ ਦੀ ਪਤੀਬ੍ਰਤ ਧਰਮ ਵਾਲੀ ਸੀਤਾ ਜੀ ਸੇ, ਇਥੇ ਰਾਮ ਦੇ ਨਾਲ ਸੀਤਾ ਕਿਹੜੀ ਹੋਈ ? ਮਹਾਰਾਜ ਫ਼ੁਰਮਾਂਦੇ ਹਨ ਕਿ ਉਥੇ ਪਰਮਾਤਮਾ ਦੀ ਜੋ ਮਹਿਮਾ ਹੈ ਇਹ ਸੀਤਾ ਹੈ, ਤੇ ਇਸ ਮਹਿਮਾ ਦੇ ਵਿਚ ਉਨ੍ਹਾਂ ਮਹਾਂ ਪੁਰਸ਼ਾਂ ਦਾ ਆਤਮਾ 'ਸੀਤ' ਸੀਤਾ ਹੋਇਆ ਹੈ ਭਾਵ ਹਰ ਵਕਤ, ਲਗਾਤਾਰ ਉਨ੍ਹਾਂ ਦੇ ਹਿਰਦੇ ਅੰਦਰ ਸ੍ਰੀ ਰਾਮ ਦਾ ਕੀਰਤਨ ਤੇ ਮਹਿਮਾ ਹੋ ਰਹੀ ਹੈ:—

ਤਹ ਭਉ ਭਰਮਾ ਸੋਗੁ ਨ ਚਿੰਤਾ ॥
ਆਵਣੁ ਜਾਵਣੁ ਮਿਰਤੁ ਨ ਹੋਤਾ ॥

[ਗਉੜੀ ਮ : ੫, ਪੰਨਾ ੨੩੭

ਓਥੇ ਜੋ ਰੂਹਾਂ ਵਾਸ ਕਰਦੀਆਂ ਹਨ ਉਨ੍ਹਾ ਦੇ ਰੂਪ ਦਾ ਝਲਕਾ ਜਿਸ ਅਭਿਆਸੀ ਨੂੰ ਲਗ ਜਾਵੇ,ਉਹਦਾ ਮਨ ਹੀ ਠਗਿਆ ਜਾਂਦਾ ਹੈ।

ਨਾ ਓਹਿ ਮਰਹਿ ਨ ਠਾਗੇ ਜਾਹਿ ॥

ਨਾ ਉਹ ਮਰਦੇ ਹਨ ਨਾ ਜੰਮਦੇ ਹਨ :—

ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਸੁਖਮਨੀ, ਪੰਨਾ ੨੭੮

ਜਿਥੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਾਇਆ ਵਗੈਰਾ ਉਨ੍ਹਾਂ ਨੂੰ ਠੱਗ ਨਹੀਂ ਸਕਦੇ, ਦੁਨੀਆਂ ਦੀਆਂ ਖ਼ੂਬਸੂਰਤੀਆਂ, ਜੋਬਨ,ਰਾਜ ਭਾਗ ਠੱਗ ਨਹੀਂ ਸਕਦੇ। ਕਿਸ ਨੂੰ ਠੱਗ ਨਹੀਂ ਸਕਦੇ? 'ਜਿਨ ਕੈ ਰਾਮੁ ਵਸੈ ਮਨ ਮਾਹਿ' ਜਿਸ ਦੇ ਮਨ ਵਿਚ ਰਾਮ ਦਾ ਨਾਮ ਵਸ ਗਿਆ ਹੈ।

ਸੂਚਨਾ-ਇਹ ਮਰਨ ਤੋਂ ਬਾਦ ਨਹੀਂ, ਬਲਕਿ ਜੀਉਂਦਿਆਂ ਜੀ ਹੀ ਇਹ ਪਦਵੀ ਆਦਮੀ ਪਾ ਸਕਦਾ ਹੈ। ਇਹ ਭੁੱਲ ਨਹੀਂ ਕਰਨੀ ਕਿ ਮਰਨ ਤੋਂ ਬਾਦ ਇਹ ਅਵਸਥਾ ਪ੍ਰਾਪਤ ਹੁੰਦੀ ਹੈ।

ਮਹਾਰਾਜ ! ਇਹੋ ਜੇਹੇ ਕਿਤਨੇ ਹੋਣਗੇ? 'ਤਿਥੈ ਭਗਤਿ ਵਸਹਿ

ਕੇ ਲੋਅ' ਭਗਤਾਂ ਦੇ ਕਿਤਨੇ ਲੋਕ ਵੱਸ ਰਹੇ ਹਨ ? ਭਾਵ ਅਨੇਕ
ਜੀ ਹਨ ਤੇ ਉਹ ਅਨੰਦ ਹੀ ਅਨੰਦ ਮਾਣਦੇ ਹਨ ।

ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥

[ਬਿਲਾਵਲੁ ਮਹਲਾ ੫, ਪੰਨਾ ੮੦੨

ਤੇ ਉਨ੍ਹਾਂ ਦੇ ਮਨ ਵਿਚ ਆਪ ਵਸ ਰਿਹਾ ਹੈ 'ਸ੍ਰੀ ਵਾਹਿਗੁਰੂ'। ਮਹਾਰਾਜ ਜ ਫੁਰਮਾਉਂਦੇ ਹਨ ਕਿ ਆਪ ਸ੍ਰੀ ਵਾਹਿਗੁਰੂ ਜੀ 'ਨਿਰਾਕਾਰ' ਸਚ ਖੰਡ ਵਿਚ ਵਸਦੇ ਹਨ ਤੇ ਸ੍ਰਿਸ਼ਟੀਆਂ ਨੂੰ ਉਤਪੰਨ ਕਰਕੇ ਵੇਖ ਰਹੇ ਹਨ। ਨਿਗਰਾਨੀ ਕਰ ਰਹੇ ਹਨ ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਨਿਹਾਲ ਕਰਦੇ ਹਨ । ਓਥੇ ਅਨੰਤ ਹੀ ਸ੍ਰਿਸ਼ਟੀਆਂ ਹਨ । ਜਿਵੇਂ ਬੋਹੜ ਦੇ ਬੀਜ ਵਿਚ ਬੋਹੜ ਦਾ ਏਡਾ ਵਡਾ ਦਰਖਤ ਹੈ ਜੇ ਕੋਈ ਕਹੇ ਕਿ ਮੈਂ ਅੰਤ ਲੈ ਸਕਾਂਗਾ ਉਹ ਨਹੀਂ ਲੈ ਸਕਦਾ ਬਲਕਿ ਕਥਨ ਕਰਦਿਆਂ ਕਰਦਿਆਂ ਉਸਦਾ ਆਪਣਾ ਅੰਤ ਹੋ ਜਾਏਗਾ । ਉਥੇ ਨੂਰ ਹੀ ਨੂਰ ਦੇ ਆਕਾਰ ਹਨ । ਜਿਵੇਂ ਉਸਦਾ ਹੁਕਮ ਹੁੰਦਾ ਹੈ ਉਹ ਉਹੋ ਕਾਰ(ਕੰਮ) ਕਰਦੇ ਹਨ, ਉਹ ਸਾਰਿਆਂ ਨੂੰ ਵੇਖਦਾ ਤੇ ਵਿਗਸਦਾ ਹੈ ।

ਓਥੋਂ ਦੀ ਕਥਾ ਕਰਨੀ ਔਖੀ ਹੈ, ਬਿਆਨ ਤੋਂ ਬਾਹਰ ਹੈ, ਜਿਵੇਂ ਕਿ ਲੋਹੇ ਯਾ ਸੋਨੇ ਨੂੰ ਚੱਬਣਾ (ਖਾਣਾ) ਹੈ।

ਹੁਣ ਸੰਗਤ ਪੁਛਦੀ ਹੈ ਕਿ ਮਹਾਰਾਜ ! ਜਿਵੇਂ ਲੋਹੇ ਯਾ ਸੋਨੇ ਦਾ ਚੱਬਣਾ ਔਖਾ ਹੈ ਤੇ ਵਾਹਿਗੁਰੂ ਦੀ ਕਥਾ ਕਰਨੀ ਅਉਖੀ ਹੈ, ਤਾਂ ਮਹਾਰਾਜ ! ਫਿਰ ਉਸ ਦੀ ਕਥਾ ਕਿਵੇਂ ਕੀਤੀ ਜਾਵੇ? ਮਹਾਰਾਜ ਫੁਰਮਾਉਂਦੇ ਹਨ ਕਿ ਜਿਵੇਂ ਸੋਨੇ ਨੂੰ ਢਾਲ ਕੇ ਵੱਖੋ ਵੱਖ ਰੂਪਾਂ ਵਿਚ ਸੁਨਾਰ ਬਦਲ ਕੇ ਗਹਿਣੇ ਭੂਖਣ ਬਣਾ ਦੇਂਦਾ ਹੈ, ਇਸ ਤਰ੍ਹਾਂ ਉਸ ਦੀ ਨਦਰ (ਬਖਸ਼ਿਸ਼) ਨਾਲ ਜੇਕਰ ਅਗਲੀ ਪਉੜੀ ਵਿਚ ਲਿਖੇ ਅਨੁਸਾਰ ਉਸ ਸ਼ਬਦ ਰੂਪੀ ਸੋਨੇ ਨੂੰ ਟਕਸਾਲ ਵਿਚ ਘੜ ਲਈਏ ਤਾਂ ਉਸ ਦੀ ਕਥਾ ਹੋ ਸਕਦੀ ਹੈ ।

ਸੱਚੀ ਟਕਸਾਲ ਕਿਹੜੀ ਹੈ ? ਸਤਿਸੰਗ, ਭਾਵ ਸਤਿਸੰਗ

ਵਿਚ ਸ਼ਬਦ ਰੂਪੀ ਸੋਨਾ ਘੜਿਆ ਜਾਂਦਾ ਹੈ,ਪਰ ਇਹ ਕਾਰ ਉਸ ਨੂੰ ਮਿਲਦੀ ਹੈ ਜਿਸਤੇ ਉਸ ਵਾਹਿਗੁਰੂ ਦੀ ਬਖਸ਼ਿਸ਼ ਦੀ ਨਦਰ ਹੋ ਜਾਂਦੀ ਹੈ। ਜਿਸ ਤੇ ਬਖਸ਼ਿਸ਼ ਦੀ ਨਦਰ ਹੋ ਜਾਂਦੀ ਹੈ ਉਹ ਜਨ ਚੱਸਦੇ ਹਨ ਕਿ ਕਿਸਤਰ੍ਹਾਂ ਇਸ ਧਾਤ ਨੂੰ ਸਾਧਣਾ ਹੈ।

ਪਾਹਾਰਾ—ਜਿਸ ਵਿਚ ਸੁਨਿਆਰ ਅੱਗ ਰਖਦਾ ਹੈ । ਭੱਠੀ।

(੧) ਧਰਮ ਖੰਡ ਜਿਥੇ ਮਾਨੁਖ ਮਾਨਸ ਦਾ ਅਸਲੀ ਰੂਪ ਧਾਰਦਾ ਹੈ।

(੨) ਗਿਆਨ ਖੰਡ—ਜਿਥੇ ਜਗਿਆਸੂ ਵਾਹਿਗੁਰੂ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਲਗ ਪੈਂਦਾ ਹੈ।

(੩) ਸਰਮ ਖੰਡ—ਜਿਥੇ ਵਾਹਿਗੁਰੂ ਦੇ ਪਿਆਰ ਵਿਚ ਲੀਨ ਹੋ ਜਾਂਦਾ ਹੈ।

(੪) ਕਰਮ ਖੰਡ—ਜਿਥੇ ਵਾਹਿਗੁਰੂ ਉਸ ਨੂੰ ਜੱਫੀ ਪਾ ਲੈਂਦਾ ਹੈ।

ਸੋਈ ਸੰਤੁ ਜਿ ਭਾਵੈ ਰਾਮ ॥
ਸੰਤ ਗੋਬਿੰਦ ਕੈ ਏਕੈ ਕਾਮ ॥ [ਗੌਂਡ ਮਹਲਾ ੫, ਪੰਨਾ ੮੬੭

(੫) ਸਚ ਖੰਡ—ਜਿਥੇ ਆਪ ਨਿਰੰਕਾਰ ਹੀ ਨਿਰੰਕਾਰ ਹੈ।

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥**

ਰੁਪ ਸਿੱਕੇ ਨੂੰ ਬਨਾਉਣ ਲਈ ਸੁਨਿਆਰਾ ਆਪ ਬੈਠਦਾ

ਇਥੇ ਪਾਹਾਰਾ ਹੈ ਜਤ ਤੇ ਸੁਨਿਆਰ ਹੈ ਧੀਰਜ।

ਅਹਰਣਿ=ਜਿਸ ਤੇ ਹਥੌੜਾ ਮਾਰ ਕੇ ਸੁਨਿਆਰ ਚੀਜ਼ਾਂ ਘੜਦਾ ਹੈ। ਇਹ ਜ਼ਿਮੀਂ ਵਿਚ ਭੀ ਗਡੀ ਹੋਈ ਹੁੰਦੀ ਹੈ। ਇਥੇ ਅਹਰਣਿ ਹੈ ਮਤਿ ਤੇ ਹਥਿਆਰ ਕਿਹੜਾ ਹੈ? ਵੇਦ।

ਵੇਦ ਦਾ ਭਾਵ. ਚਾਰ ਵੇਦ।

(੨) ਗੁਰੂ ਦੇ ਮੁਖ ਵਿਚੋਂ ਜੋ ਬਚਨ ਨਿਕਲੇ:—

ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥

[ਕਾਨੜਾ ਮਹਲਾ ੫, ਪੰਨਾ ੧੩੦੦

ਪੋਥੀ ਪਰਮੇਸਰ ਕਾ ਥਾਨ ॥

ਸਾਧ ਸੰਗਿ ਗਾਵਹਿ ਗੁਣ ਗੋਬਿੰਦ

ਪੂਰਨ ਬ੍ਰਹਮ ਗਿਆਨੁ ॥ [ਸਾਰਗ ਮਹਲਾ ੫, ਪੰਨਾ ੧੨੨੬

ਮਤ ਅੰਹਰਣਿ ਕਿਉਂ, ਤੇ ਵੇਦ ਪਾਹਾਰਾ ਕਿਉਂ ਹੈ, ਤੇ ਧੀਰਜ ਸੁਨਿਆਰ ਕਿਉਂ ਹੈ ? ਵਾਹਿਗੁਰੂ ਦਾ ਜੋ ਭਉ ਹੈ ਇਹ ਢਕਣੀ ਹੈ।

(੧) ਸੁਨਿਆਰ, (੨) ਪਾਹਾਰਾ, (੩) ਅਹਰਣਿ, ੪) ਹਥਿਆਰ, (੫) ਫੂਕਣੀ, (੬) ਅੱਗ, (੭) ਭਾਂਡਾ (ਕੁਠਾਲੀ) ਸਾਰਾ ਸੁਨਿਆਰੇ ਦਾ ਉਪਮਾਨ ਬੱਧਾ ਹੈ।

ਤਪ ਤਾਉ=ਤੱਪਸ਼, ਸੇਕ।

ਇਥੇ ਤਪ ਰੂਪੀ ਅਗਨਿ ਵਿਚ ਵੀ ਚਾਉ ਰੂਪੀ ਤੱਪਸ਼ ਹੈ।

ਭਾਉ—ਪ੍ਰੇਮ। ਅੰਮ੍ਰਿਤ ਰੂਪੀ ਸ਼ਬਦ ਜੋ ਸੋਨਾ ਹੈ ਇਸਨੂੰ ਭਾਵ ਰੂਪੀ ਭਾਂਡੇ (ਕੁਠਾਲੀ) ਵਿਚ ਢਾਲਣਾ ਹੈ।

ਇਹ ਸੱਤ ਮਾਨੋ ਸਾਧਨ ਹਨ ਅਤੇ ਜੋ ਇਨ੍ਹਾਂ ਸੱਤਾਂ ਸਾਧਨਾਂ ਦੁਆਰਾ (ਕਰਣੀ ਕਰਕੇ) ਨਾਮ ਜਪਦਾ ਹੈ ਉਹ ਪ੍ਰਵਾਣ ਹੋ ਜਾਂਦਾ ਹੈ। ਮਹਾਰਾਜ! ਉਹ ਵੱਡੀ ਟਕਸਾਲ ਕਿਹੜੀ ਹੈ ਜਿਥੇ ਕਿ ਸੱਚੇ ਵਿਚ ਸਿੱਕੇ ਘੜੇ ਜਾਂਦੇ ਹਨ ਤੇ ਜੋ ਸਿੱਕੇ ਵਾਹਿਗੁਰੂ ਦੇ ਸੱਚੇ ਦਰਬਾਰ ਵਿਚ ਪ੍ਰਵਾਣ ਹੋ ਜਾਂਦੇ ਹਨ :—

ਘੜੀਐ ਸਬਦੁ ਸਚੀ ਟਕਸਾਲ ॥

ਸਤਿਸੰਗਤ ਰੂਪੀ ਸੱਚੀ ਟਕਸਾਲ ਵਿਚ । ਸੋ, ਸਾਧ ਸੰਗਤ ਜੀ ! ਇਸ ਸਮੱਗਰੀ ਸਹਿਤ ਸ਼ਬਦ ਜਪਣਾ ਹੈ।

ਜਤ ਤਾਂ ਪਹਾਰਾ ਹੈ । ਕਿ ਪਹਾਰਾ ਹੀ ਸਿਰਫ ਅਗਨੀ ਦੇ ਤੇਜ ਅਤੇ ਪ੍ਰਕਾਸ਼ ਨੂੰ ਸਹਾਰ ਸਕਦਾ ਹੈ ਤਪ ਤੇ ਘਾਲ ਵਗੈਰਾ ਜਤ ਤੋਂ ਬਗੈਰ ਨਹੀਂ ਹੋ ਸਕਦਾ । ਜਤ ਜੋ ਹੈ ਇਹ ਸ਼ਕਤੀ ਹੈ, ਤਾਕਤ ਹੈ । ਗ੍ਰਿਹਸਤੀ ਦੇ ਪਾਸ ਜੋ ਜਤ ਹੈ ਉਹ ਹੈ ਕਿ ਪਰ ਇਸਤ੍ਰੀ ਨਾਲ ਵਿਕਾਰ ਨਹੀਂ ਕਰਨਾ ।

ਸਾਖੀ: ਮਾਂਡਵ ਰਿਖੀ ਨੂੰ ਕਿਸੇ ਕਾਰਨ ਸੂਲੀ ਚਾੜਨ ਦਾ ਦੰਡ ਮਿਲਿਆ ਤੇ ਫੈਸਲਾ ਕੀਤਾ ਗਿਆ ਕਿ ਜਦ ਸੂਰਜ ਚੜੇਗਾ ਸੂਲੀ ਦਿੱਤੀ ਜਾਏਗੀ । ਉਸ ਦੀ ਪਤਿਬ੍ਰਤਾ ਇਸਤ੍ਰੀ ਨੇ ਕਹਿਆ ਕਿ ਜੇ ਮੈਂ ਪਤਿਬ੍ਰਿਤ ਇਸਤ੍ਰੀ ਹਾਂ ਤਾਂ ਸੂਰਜ ਹੀ ਨਹੀਂ ਚੜ੍ਹੇਗਾ । ਕਥਾ ਹੈ ਕਿ ਸੂਰਜ ਕਿਤਨੇ ਹੀ ਦਿਨ ਨਾ ਚੜਿਆ । ਇਸ ਜਤ ਵਿਚ ਇਤਨਾ ਬਲ ਹੈ; ਇਸ ਲਈ ਪ੍ਰਿਥਮ ਜਤ ਚਾਹੀਏ ।

ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੇ ॥
ਵੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ ॥

[ ਭਾਈ ਗੁਰਦਾਸ ਜੀ

ਸਾਡੇ ਮਤ ਵਿਚ ਤਪ ਕੀ ਹੈ ?

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥

[ ਆਸਾ ਮਹਲਾ ੩, ਪੰਨਾ ੪੨੩

ਗੁਰ ਕੀ ਸੇਵਾ ਜੋ ਹੈ ਇਹ ਹੀ ਤਪ ਹੈ:—

ਗੁਰ ਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ ॥

[ ਭਾਈ ਗੁਰਦਾਸ

ਅਹਰਣਿ ਮਤ-ਜੋ ਅਡੋਲ ਰਹਵੇ ਭਾਵੇਂ ਕੁਛ ਵੀ ਹੋ ਜਾਵੇ । ਅਡੋਲ ਮਤ=ਭਰੋਸਾ ।

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥

ਮਨੁ ਤਨੁ ਆਗੈ ਰਾਖਿਕੈ ਉਭੀ ਸੇਵ ਕਰੇਇ ॥

[ਵਾਰ ਸੋਰਠਿ ਮਹਲਾ ੩, ਪੰਨਾ ੬੪੮

ਸਾਧ ਸੰਗਤ ਜੀਓ ! ਸ੍ਰੀ ਜਪੁਜੀ ਸਾਹਿਬ ਰਾਜ ਮੰਡ੍ ਆਤਮ ਗਿਆਨ ਅਕਾਲ ਪੁਰਖ ਦੀ ਜੋਤੀ ਤੋਂ ਪ੍ਰਗਟ ਹੋਇਆ ਹੈ।

ਮਨ ਓਇ ਦਿਨਸ ਧੰਨਿ ਪਰਵਾਨਾਂ ॥ ਸਫਲ ਤੇ ਘਰੀ
ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥

[ਸਾਰਗ ਮਹਲਾ ੫, ਪੰਨਾ ੧੨੧੩

ਹੇ ਮੇਰੇ ਮਨ ! ਉਹ ਦਿਨ ਪ੍ਰਵਾਨ ਹੈ,ਵਾਹਿਗੁਰੂ ਜੀ ਆਖਣਗੇ, 'ਬੱਚਾ ਪ੍ਰਵਾਣ ਹੈ ਅਜ ਦਾ ਦਿਨ, ਜਿਸ ਦਿਨ ਤੂੰ ਜਪੁਜੀ ਦਾ ਪਾਠ ਕੀਤਾ ਹੈ'। ਨਾਲੇ ਸੰਗਤਿ ਹੈ,ਨਾਲੇ ਗਿਆਨ,ਇਹ ਆਤਮ ਜੀਵਣ ਹੈ। ਇਸ ਦੇ ਵਿਚ ਪ੍ਰਕਾਸ਼ ਹੈ, ਸੂਰਜ ਜਿਹਾ ਨਾ, ਚੰਦਰਮਾਂ ਜਿਹਾ ਨਾ, ਪਰ ਆਤਮ ਪ੍ਰਕਾਸ਼ ਹੈ। ਜਿਸ ਤੋਂ ਸੂਰਜ ਚੰਦਰਮਾਂ ਪ੍ਰਕਾਸ਼ ਪਾਉਂਦੇ ਹਨ। ਇਹ ਅਰਸ਼ੀ ਵਿਦਿਆ ਹੈ, ਕੌਣ ਬਿਆਨ ਕਰੇ ? ਰੱਬ ਦੀ ਦਰਗਾਹ ਵਿਚ ਮਨਜ਼ੂਰ ਹੋ ਗਿਆ ਹੈ, ਸੰਜੋਗ ਸੁਹਾਵਾ ਹੈ 'ਗੁਰਬਾਣੀ ਗੁਰ ਅਨੁਭਵ ਰੂਪ' ਗੁਰੂ ਕਾ ਅਨੁਭਵ ਸਰੂਪ ਹੈ:—

ਮਨ ਜਾਗੇ ਕੀ ਏਹੁ ਨੀਸਾਨੀ ।
ਪ੍ਰਿਅ ਲਾਗੇ ਉਰ ਸਤਿਗੁਰ ਬਾਨੀ। [ਸ੍ਰੀ: ਪ੍:

ਬਾਣੀ ਨੂੰ ਪ੍ਰੇਮ ਨਾਲ ਗਾਇਨ ਕਰਨਹਾਰ ਬਾਣੀ ਨਹੀਂ ਪੀਂਦਾ, ਪਰ ਅੰਮ੍ਰਿਤ ਰਸ ਪੀਂਦਾ ਹੈ:—

ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥

[ਸੂਹੀ ਮਹਲਾ ੫, ਪੰਨਾ ੭੪੪

ਜੋ ਉਚਾਰਨ ਕਰੇਗਾ ਸੋ ਅੰਮ੍ਰਿਤ ਪੀਵੇਗਾ । ਜੈਸੇ ਬਦਲ ਸਾਂਝਾ ਹੈ, ਗੁਰਬਾਣੀ ਸਾਂਝੀ ਹੈ। ਮਨਹੁ ਸੁਚੇਤ ਹੋਇਆ ਹੈ, ਜਦ ਬਾਣੀ ਮਿੱਠੀ ਲੱਗੇ, ਪੜ੍ਹੇ। ਸਮਾਂ, ਆਯੂ, ਸਰੀਰ, ਪਰਵਾਰ ਜੋ ਬੀ ਬਾਣੀ ਪਾਠ ਵਿਚ ਲੱਗ ਰਹੇ ਹਨ, ਸਭ ਸਫਲ ਹਨ ।

ਪਿਛੇ ਮਹਾਰਾਜ ਨੇ ਦਸਿਆ ਸੀ ਮਹਿਲ ਪਰ ਚੜਨ ਲਈ ਪਉੜੀਆਂ, 'ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ' ਪਤੀ ਪਰਮਾਤਮਾ ਦੇ ਰਸਤੇ ਦੀਆਂ ਇਹ ਪਉੜੀਆਂ ਹਨ: ਹੇ ਵਾਹਿਗੁਰੂ ਜੀ ! ਇਹ ਜੀਭ ਲਖ ਹੋਇ, ਫਿਰ ੨੦ ਲਖ ਹੋਇ ਫਿਰ ਹੋਰ, ਫਿਰ ਨਾਮ ਜਪਾਂ:—'ਵਾਹਿਗੁਰੂ' ।

'ਸਗਲ ਮਤਾਂਤ ਕੇਵਲ ਹਰਿ ਨਾਮ ॥
ਗੋਬਿੰਦ ਭਗਤ ਕੈ ਮਨਿ ਬਿਸਰਾਮ ॥ [ਸੁਖਮਨੀ, ਪੰਨਾ ੨੯੬

'ਮਹਾਰਾਜ ! ਸਚ ਖੰਡ ਦੀ ਹੋਰ ਕਥਾ ਸੁਣਾਓ !' ਮਹਾਰਾਜ ਫੁਰਮਾਉਂਦੇ ਹਨ:'ਭਾਈ ਸਚ ਖੰਡ ਦਾ ਕਥਨ ਕਰਨਾ ਇਤਨਾ ਔਖਾ ਹੈ ਜਿਤਨਾ ਸੋਨੇ ਦਾ ਚਿਥ ਕੇ ਖਾਣਾ ਯਾ ਹਜ਼ਮ ਕਰਨਾ । ਪਰ ਜੇ ਇਸ ਸੋਨੇ ਨੂੰ ਢਾਲ ਕੇ ਟਕਸਾਲ ਵਿਚ ਸਿੱਕਾ ਬਣਾਕੇ ਪਾਤਸ਼ਾਹ ਦੇ ਪੇਸ਼ ਕਰੀਏ ਤਾਂ ਪਾਤਸ਼ਾਹ ਪ੍ਰਵਾਣ ਕਰ ਲੈਂਦਾ ਹੈ । ਇਸੇ ਤਰ੍ਹਾਂ ਜੇ ਸਤਿਸੰਗ ਰੂਪੀ ਸੱਚੀ ਟਕਸਾਲ ਵਿਚ ਸ਼ਬਦ ਰੂਪੀ ਸੋਨੇ ਨੂੰ ਘੜਕੇ ਜੇ ਉਸ ਦੀ ਹਜ਼ੂਰੀ ਵਿਚ ਪੇਸ਼ ਕਰੀਏ ਤਾਂ ਪ੍ਰਵਾਣ ਹੋ ਜਾਂਦਾ ਹੈ ਫਿਰ ਉਸ ਦੀ ਪਤ ਹੁੰਦੀ ਹੈ । ਇਸੀ ਪ੍ਰਕਾਰ ਸੋਨੇ ਵਤ ਹੈ ਜੋ ਸਚ ਖੰਡ ਵਿਚ ਪ੍ਰਵਾਣੁ ਹੈ ਆਗਮਨ ਧੁਰ ਦਰਗਾਹ ਤੋਂ ਹੈ । ਸ਼ਬਦ ਦਾ ਜਤ ਇਥੇ ਪਾਹਾਰਾ ਹੈ, ਧੀਰਜ ਸੁਨਿਆਰ ਹੈ, ਮਤਿ, ਬੁਧੀ ਅਚਲ ਬੁੱਧੀ ਹੈ, ਨਿੱਗਰ ਬੁੱਧੀ ।

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥
[ਵਾਰ ਬਿਹਾਗੜਾ ਮਹਲਾ ੩, ਪੰਨਾ ੫੪੮

ਗੁਰਮੁਖ ਨਾਦੰ ਗੁਰਮੁਖ ਵੇਦੰ ॥

ਇਹ ਹਥਿਆਰ ਹੈ ।

ਅਹਰਣਿ—ਇਸਥਿਤ ਤੇ ਅਚਲ ਬੁਧੀ ਜੋ ਡਰ, ਭੈ ਤੇ ਲਾਲਚ ਵਿਚ ਨਾ ਦਬ ਸਕੇ ।

ਵੇਦ—ਗੁਰਬਾਣੀ, ਇਹ ਹਥਿਆਰ ਯਾ ਹਥੌੜਾ ਹੈ । ਭਾਵ ਰੂਪੀ ਭਾਂਡੇ ਵਿਚ ਅੰਮ੍ਰਤ ਸ਼ਬਦ ਨੂੰ ਪਾਇਆ ਤੇ ਉਕਤ ਸਮਗਰੀ ਨਾਲ

ਇਹ ਢਲ ਗਿਆ । ਇਹ ਸੋਨਾ ਢਲ ਕੇ ਸਾਫ ਤੇ ਸ਼ੁਧ ਹੋ ਗਿਆ ।

ਵਾਹਿਗੁਰੂ ਦਾ ਭਉ ਜੋ ਹੈ ਉਹ ਖੱਲ ਹੈ, ਧਉਕਣੀ ਹੈ। ਤਪ ਦਾ ਤਪਣਾ ਜੋ ਹੈ, ਇਹ ਅਗਨਿ ਹੈ ਜਿਸ ਨਾਲ ਇਹ ਸੋਨਾ ਪੰਘਰ ਜਾਣਾ ਹੈ। ਭਾਵ ਪ੍ਰੇਮ ਜੋ ਹੈ ਇਹ ਕੁਠਾਲੀ ਹੈ । ਅੰਮ੍ਰਤ ਪਾਇਆ ਇਸ ਸਮਗ੍ਰੀ ਵਿਚ ਤੇ ਫਿਰ ਘੜਿਆ ਟਕਸਾਲ ਵਿਚ । ਜਦ ਘੜਿਆ ਗਿਆ ਉਹ ਪ੍ਰਵਾਣ ਹੋ ਗਿਆ :—

ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥
ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥

[ ਸਾਰਗ ਮਹਲਾ ੫, ਪੰਨਾ ੧੨੦੩

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥

[ਬਿਰਾਗੜ ਵਾਰ ਮਹਲਾ ੩, ਪੰਨਾ ੫੪੮

ਗੁਰ ਸਿਖ ਦੀ ਮਤਿ ਅਨੰਤ ਦੁਖ ਸਹਾਰਦੀ ਵੀ ਅਡੋਲ ਹੈ ਜੈਸੇ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਮਤੀਦਾਸ ਪਰ ਜਪੁ ਸਾਹਿਬ ਦੀ ਧੁਨੀ ਨਾਲ ਹੈ । ਮਹਾਨ ਤੋਂ ਮਹਾਨ ਕਲੇਸ਼ ਆ ਜਾਏ ਬੁੱਧੀ ਅਚਲ ਰਹੇ ।

ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ ॥
ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥

[ਆਸਾ ਮਹਲਾ ੫, ਪੰਨਾ ੪੦੦

ਸਿਫਤ ਸਲਾਹ ਦਾ ਰਸ ਰਸੀਆ ਹੀ ਜਾਣਦਾ ਹੈ । ਉਚਾ ਹੈ, ਨਿਰਮਲ ਨਿਰੋਲ ਰਸ ਹੈ ।

ਸੋ ਜਾਨੈ ਜਿਨਿ ਚਾਖਿਆ ਹਰਿਨਾਮੁ ਅਮੋਲਾ ॥

[ਬਿਲਾਵਲ ਮਹਲਾ ੫, ਪੰਨਾ ੮੦੮

ਸੰਸਾਰੀ ਰਸ ਤਾਂ :—

...ਭੋਗੰ ਤ ਰੋਗੰ ॥ ਊਚੰ ਤ ਨੀਚੰ ਨਾਨ੍ਹਾ ਸੁਮੂਚੰ ॥
ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥

[ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੫

ਸੰਸਾਰੀ ਰਸਾਂ ਨਾਲ ਗੁਰਬਾਣੀ ਦੇ ਰਸ ਦਾ ਵੱਟਾ ਨਾ ਕਰੋ,

ਹੋਰ ਰਸ ਤੁੱਛ ਹੈਨ।

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥

[ਭੈਰਉ ਮਹਲਾ ਪ, ਪੰਨਾ ੧੧੪੭

ਇਹ ਜੋ ਰਸ ਹੈ, ਇਸ ਨੂੰ ਬਿਆਨ ਕਰਨਾ ਤੇ ਫਿਰ ਉਸ ਦੇ ਨਾਲ ਵਸਲ ਹੋ ਜਾਣਾ, ਇਹ ਤਿੰਨੇ ਜਿਸ ਇਨਸਾਨ ਨੇ ਦੇਖੇ ਹੋਣ ਉਹ ਧੰਨ ਹੈ ਤੇ ਧੰਨ ਸਿਖੀ ਹੈ। ਭਰਥਰੀ ਨੇ ਤਾਂ ਕਿਹਾ ਸੀ ਪਰ ਖਾਲਸੇ ਨੇ ਕਮਾਇਆ ਹੈ, ਖਾਲਸੇ ਦੇ ਬੱਚੇ ਬੱਚੀਆਂ ਨੇ ਕਮਾਇਆ ਹੈ। ਇਹ ਅਹਰਣਿ ਮਤਿ ਹੈ।

ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨ ਦੀਓ ਹੈ ਢਾਰਿ ॥

[ਛੇਵ ਗੰਧਾਰੀ ਮਹਲਾ ੪, ਪੰਨਾ ੫੨੮

ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥

[ਸੁਹੀ ਮਹਲਾ ੪, ਪੰਨਾ ੭੫੭

ਭਰਥਰੀ ਦੇ ਕਥਨ ਤੇ ਸਿਖ ਫੁਲ ਚੜ੍ਹਾ ਰਹੇ ਹਨ। ਅਪਣੇ ਸਿਧਾਂਤ ਤੇ ਅਡੋਲ ਬੈਠਾ ਹੈ ਸਿਖ ਮਹਾਂ ਪੁਰਸ਼। ਖਾਲਸਾ ! ਬੁਧੀ ਅਰ ਮਨ ਦੋਨੋਂ ਟਿਕਾ ਦੇਣਾ। ਇਥੇ ਸੰਸਾਰਕ ਰਸ ਫਿਸਲਾਨ ਵਾਲੀ ਵਿਦਿਆ ਹੈ; ਪਰ ਸਿਖ ਨਾ ਨਿੰਦਿਆ ਸੁਣਕੇ ਗਿਰਦਾ ਹੈ ਨਾ ਉਸਤੁਤੀ ਸੁਣਕੇ ਫਿਸਲਦਾ ਹੈ।

ਖੁਦ ਪਰਸਤੀ ਕਾਰ ਨਾਦਾਂਅ ਆਮਦਹ।
ਹਕ ਪ੍ਰਸਤੀ ਕਾਰ ਈਮਾਂ ਆਮਦਹ।

[ਭਾਈ ਨੰਦ ਲਾਲ

ਖਾਲਸਾ ! ਖੁਦ ਪਰਸਤੀ ਖ਼ਤਾ ਹੈ, ਕਿਉਂਕਿ ਤੂੰ ਨਾਪਾਕ ਹੈਂ। ਖਾਹਿਸ਼ ਕਰਨੀ ਤੇ ਉਸਤੁਤਿ ਸੁਣਕੇ ਖੁਸ਼ ਹੋਣਾ ਇਹ ਬੇਵਕੂਫੀ ਦਾ ਕੰਮ ਹੈ, ਈਮਾਨਦਾਰ ਦਾ ਕੰਮ ਹੱਕ ਪ੍ਰਸਤੀ=ਗੁਰੂ ਕੀ ਸਿਫਤ ਸਲਾਹ, ਗੁਰੂ ਬਾਬਾ ਜੀ ਦੀ ਪੂਜਾ ਹੈ।

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥

[ਵਾਰਾਂ ਤੇ ਵਧੀਕ, ਪੰਨਾ ੧੪੨੨

ਖੇਹੂ ਖੇਹ ਰਲਾਈਐ ਤਾਂ ਜੀਉ ਕੇਹਾ ਹੋਇ ॥

[ਸਿਰੀ ਰਾਗੁ ਮਹਲਾ ੧, ਪੰਨਾ ੧੭

ਇਹ ਲੰਕਾਂ ਦੇ ਮੱਥੇ ਟੇਕੇ ਤੇ 'ਮਹਾਰਾਜ' 'ਮਹਾਰਾਜ' ਕਹਿਕੇ ਦਿਤੇ ਸਤਿਕਾਰ ਨੂੰ ਕੀਹ ਕਰਸੀ, ਜਦ ਖੇਹ ਵਿਚ ਰਲ ਜਾਣਾ ਹੈ ਮਨਨੀਵਾਂ ਮਤਿ ਉਚੀ, ਮਤਿ ਪਤਿ ਕਾ ਰਾਖਾ ਵਾਹਿਗੁਰੂ । ਮਤਿ ਤਾਂ ਰਾਇ ਦੇ ਦਿੰਦੀ ਹੈ, ਪਰ ਮਨ ਮੰਨਦਾ ਨਹੀਂ । ਮਨ ਨੀਵਾਂ ਰਹੇ ਮਤ ਭੀ ਤਦ ਹੀ ਅਹਰਣਿ ਬਣੇਗੀ । ਜਿਸ ਦੀ ਰਾਖੀ ਗੁਰੂ ਅਕਾਲ ਪੁਰਖ ਕਰਨਗੇ । ਦੇਖੋ: ਪ੍ਰਹਿਲਾਦ ਦੀ ਮਤਿ ਦਾ ਰਾਖਾ ਹੈ ਨਾ ਵਾਹਿਗੁਰੂ ! ਤਲਵਾਰ ਦਾ ਭੈ ਨਹੀਂ, ਅਚਲ ਮਤ ਹੈ ਕਿਉਂਕਿ ਉਸ ਦਾ ਰਾਖਾ ਆਪ ਖਲੋਤਾ ਹੈ ਸ੍ਰੀ ਵਾਹਿਗੁਰੂ । ਸ਼ਹਬਾਜ਼ ਸਿੰਘ ਸੁਬੇਗ ਸਿੰਘ ਅਡੋਲ ਖਲੋਤੇ ਹਨ । ਸਰਬ ਸੰਗਤ ਦੀ ਬੁੱਧੀ ਗੁਰੂ ਅਡੋਲ ਰਖੇ ! ਹੇ ਸਤਿਗੁਰੂ ਜੀ, ਤੁਸੀਂ ਆਪ ਰਾਖੇ ਹੋ ! ਨਹੀਂ ਤਾਂ:—

ਇਸੁ ਲੋਭੀ ਕਾ ਜੀਉ ਟਲਪਲੈ ॥

[ਸਿਰੀ ਰਾਗੁ ਮਹਲਾ ੧-੩੩, ਪੰਨਾ ੨੫

ਤੁਹਾਡੀ ਰਖਵਾਲੀ ਵਿਚ ਹੀ ਮਤਿ ਦਾ ਬਗੀਚਾ ਫਲੇਗਾ:--

ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ॥
ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ ॥

[ਗਉੜੀ ਮਾਲਾ ਮਹਲਾ ਪ, ਪੰਨਾ ੨੧੬

ਸਤਿਗੁਰ ਜੀ ! ਤੁਸੀਂ ਹੀ ਬਚਾਓ, ਮਨ ਤਾਂ ਛਾਲਾਂ ਮਾਰਦਾ ਹੈ:

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥

[ਆਸਾ ਮਹਲਾ ਪ, ਪੰਨਾ ੩੮੩

ਪਾਤਸ਼ਾਹ ਇਹ ਤੁਸੀਂ ਹੀ ਬਨਾਇਆ ਹੈ ਨਾ ਸਭ ਕੁਝ !

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

[ਗਉੜੀ ਬੈਰਾਗਣਿ ਮਹਲਾ ਪ, ਪੰਨਾ ੧੬੭

ਇਹ ਕੀਹ ਸੀ ? ਆਪ ਨੇ ਹੀ ਬਾਦਸ਼ਾਹ ਥਾਪੇ ਹਨ । ਧਨ,

ਮਨ, ਤਨ, ਜਨ ਸ਼ਕਤੀਆਂ ਚਾਹੀਦੀਆਂ ਹਨ। ਤੱਕੋ ਇਤਿਹਾਸ ਅਪਣਾ: ਜਥੇਦਾਰ ਦੇ ਸਾਹਮਣੇ ਅਦਬ ਸਹਿਤ ਖੜੋਣਾ, ਇਕ ਵਾਕ ਵਿਚ ਬਾਬਾ ਜਸਾ ਸਿੰਘ ਸਾਹਿਬ ਜਥੇਦਾਰ ਤੇ ਸ: ਕਪੂਰ ਸਿੰਘ ਸਾਹਿਬ ਨਵਾਬ ਬਣ ਗਏ ।

ਰਹਿਮਤੇ ਗੁਰੂ ਨਾਨਕ ਬਫ਼ਜ਼ਲੇ ਅਕਾਲ ॥
ਪੰਜਾਬ ਕਾ ਬਾਦਸ਼ਾਹ ਜਸਾ ਸਿੰਘ ਕਲਾਲ ॥

ਪੰਜਾਬ ਦਾ ਬਾਦਸ਼ਾਹ ਤੁਸੀਂ ਬਣਾਇਆ ਹੈ ? ਨਹੀਂ । ਇਹ ਕਦੀ ਨਾ ਭੁੱਲੋ ਕਿ ਵਡਿਆਉਣ ਵਾਲਾ ਕੋਈ ਹੋਰ ਹੈ । ਸਤਿਕਾਰ, ਮਹਿਮਾ, ਇਹ ਨਹੀਂ ਸੁਣਨਾ, ਇਨ੍ਹਾਂ ਵਿਚ ਨਹੀਂ ਫਸਣਾ:—

ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥
ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥

[ਵਾਰ ਬਿਹਾਗੜਾ ਮਹਲਾ ੩, ਪੰਨਾ ੫੫੧

ਸ੍ਰੀ ਗੁਰੂ ਬਾਬਾ ਜੀ ਸੰਗਲਾਦੀਪ ਸਾਢੇ ਤਿੰਨ ਸਾਲ ਟਿਕੇ ਸ਼ਿਵਨਾਭ ਰਾਜੇ ਨੂੰ ਸਿਖਾਇਆ 'ਰਾਜ ਜੋਗ' । ਚਲਣ ਵੇਲੇ ਰਾਜਾ ਨੇ ਕਿਹਾ:—

'ਰਾਜ ਕਿਸੇ ਹੋਰ ਨੂੰ ਸਪੁਰਦ ਕਰ ਮੈਂ ਨਾਲ ਚਲਣਾ ਹੈ।'

'ਫੁਲ ਨੂੰ ਭੌਰਾ ਤੋੜਦਾ ਨਹੀਂ ਖੁਸ਼ਬੋ ਹੀ ਲੈਂਦਾ ਹੈ ।'

ਪਾਤਸ਼ਾਹ ! ਮੈਂ ਦਰਸ਼ਨ ਬਿਨਾ ਜੀ ਨਹੀਂ ਸਕਦਾ, ਜਿਥੇ ਆਪ ਟਿਕੋਗੇ,ਨੀਚ ਮੈਂ ਭੀ ਲੇਟ ਜਾਸਾਂ, ਪੱਖਾ ਝੱਲਸਾਂ, ਜਲ ਭਰਸਾਂ। ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥

[ਸੁਹੀ ਮਹਲਾ ੪, ਪੰਨਾ ੭੪੯

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥
ਗੁਰ ਕੇ ਚਰਣ ਧੋਇ ਧੋਇ ਪੀਵਾ ॥.....
ਤਿਸ ਗੁਰ ਕਉ ਝੂਲਾਵਉ ਪਾਖਾ ॥
ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥

ਤਿਸ ਗੁਰ ਕੈ ਗ੍ਰਿਹਿ ਢੋਵਉ ਪਾਣੀ ॥

[ਗਉੜੀ ਮਹਲਾ ੫, ਪੰਨਾ ੨੩੯

ਹੇ ਰਾਜਾ ! ਇਹ ਰਾਜ ਤੇਰਾ ਹੈ; ਪਰਜਾ ਦੀ ਸੇਵਾ ਕਰਤਾਰ ਨੇ ਤੇਰੇ ਸਪੁਰਦ ਕੀਤੀ ਹੈ । ਪਰਜਾ ਦਾ ਸੇਵਕ ਹੋਕੇ ਰਾਜ ਕਰ ।

ਐ ਗੁਰੂ ਜੀ ! ਇਕ ਵਾਰੀ ਕਹਿ ਦਿਓ 'ਤੂੰ ਮੇਰਾ ਹੈਂ !'

ਇਹ ਕਰਮ ਖੰਡ ਵਿਚੋਂ ਲੰਘ ਗਿਆ ਹੈ । 'ਹੇ ਰਾਜਨ ! ਤੇਰਾ ਰਾਜ ਮੇਰਾ ਰਾਜ ਹੈ । ਤੂੰ ਛਡ ਪੁਰਿਓਂ ਤਾਂ ਮੇਰਾ ਰਾਜ ਪਿਛੋਂ ਖ਼ਰਾਬ ਹੋ ਜਾਏਗਾ । ਹੁਣ ਮੈਂ ਤੈਨੂੰ ਹੀ ਸਥਾਪਨ ਕਰਦਾ ਹਾਂ, ਇਹ ਸਮਝ ਮੇਰਾ ਹੀ ਰਾਜ ਹੈ, ਜਿਸ ਵੇਲੇ ਯਾਦ ਕਰੇਂਗਾ, ਮੈਂ ਸਨਮੁਖ ਦਰਸ਼ਨ ਦੇਸਾਂ । ਕੜਾਹ ਪ੍ਰਸ਼ਾਦ ਅਰਦਾਸ ਕਰੇਂਗਾ,ਮੁਸ਼ਕਲ ਹੱਲ ਹੋ ਜਾਸੀ। ਸਤ ਰਿਆਸਤਾਂ ਤੇਰੇ ਅਧੀਨ ਹੋਣਗੀਆਂ ਤੂੰ ਪ੍ਰਤੱਖ ਰਾਜਾ ਹੋਇਓਂ, ਗੁਰੂ ਬਾਬੇ ਦੇ ਬਚਨ ਨਾਲ ਇਕ ਰਾਜ ਹੋਇਆ । ਜਦ ਸਭ ਇਕਠੇ ਹੁੰਦੇ ਸਨ ਵੀਹ ਮਣ ਲੂਣ ਸੰਗਤ ਲੰਗਰ ਵਿਚ ਰੋਜ਼ ਲਗਦਾ ਸੀ ਐਸੀ ਮਹਿਮਾ ਸੀ ।

ਵਿਪਤੀ, ਸੰਪਤੀ, ਹਰਖ, ਸੋਗ ਵਿਚ ਅਡੋਲ ਰਹੇ ।

ਭਾਈ ਮੰਝ ਜੀ ਦੇ ਦਰਸ਼ਨ ਕਰੋ । ਭਾਈ, ਓਹ ਗਲਾ ਕਟਾ ਦੇਵੇ, ਅਮਰ ਕਰ ਦੇਵੇ,ਮੌਤ ਤੋਂ,ਜ਼ਿੰਦਗੀ ਤੋਂ,ਤੂੰ ਨਾ ਹੱਲੀਂ,ਅਡੋਲ ਰਹੀਂ।

ਪਿਆਰੀ ਸਾਧ ਸੰਗਤ ਜੀ ! ਇਹ ਪਰਮ ਰਾਜ ਮੰਤ੍ਰ ਸ੍ਰੀ ਜਪੁਜੀ ਸਾਹਿਬ ਪਾਰਜਾਤ=ਕਾਮਨਾਂ ਦਾ ਪੂਰਨ ਕਰਤਾ, ਭਾਵਨਾ ਦਾ ਪੂਰਨਹਾਰ, ਕਾਮਧੇਨ ਹੈ, ਬ੍ਰਹਮ ਗਿਆਨ ਹੈ । ਸਚ ਖੰਡ, ਬ੍ਰਹਮੰਡ, ਪਿੰਡ ਅਰ ਖੰਡਾਂ ਦਾ ਜੋ ਬਿਆਨ ਕਰਿਆ ਹੈ ਉਹ ਆਤਮਾ ਸੁਰਤਿ ਅਨੁਭਵ ਕਰਦੀ ਹੈ । ਇਹ ਖਿਆਲ ਮਾਤ੍ ਨਹੀਂ ਹੈ ਅਰ ਇਸ ਦੀਆਂ ਪਉੜੀਆਂ ਹਨ 'ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖਵੀਸ' ਫਿਰ ਸਾਧਨ ਸਤ (੭) ਦੱਸੇ ਹਨ । ਸਭ ਕਿਛ ਇਸੇ ਵਿਚ ਹੈ । ਜਿਸ ਨੇ ਕਰਮ ਖੰਡ ਵਿਚ ਪਹੁੰਚਣਾ ਹੈ ਇਹੀ ਸਾਧਨ ਹੈ।

ਸਤ ਤਾਂ ਸਾਧਨ ਹਨ ਅਰ ਦੋ ਬਖ਼ਸ਼ੀਸ਼ ਖਿਲਅੱਤ ਹਨ,ਜੈਸੇ ਬਾਦ-
ਸ਼ਾਹ ਇਨਾਮ ਅਰ ਸਿਰੋਪਾਉ ਦਿੰਦਾ ਹੈ। ਇਹ ਕੰਮ ਉੱਤਮ ਪੁਰਸ਼ਾਂ
ਨੂੰ ਮਿਲਦਾ ਹੈ, ਉਹਨਾਂ ਪਰ ਮਿਹਰਬਾਨੀ ਹੁੰਦੀ ਹੈ। ਫਿਰ:—

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ
ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ
ਸਰਬ ਰਹਿਆ ਭਰਪੂਰੇ ॥ [ਸੂਹੀ ਮਹਲਾ ੪ ਪੰਨਾ ੭੭੩

ਵਿਆਪਕਤਾ ਦਾ ਦਰਜਾ ਪ੍ਰਾਪਤ ਹੁੰਦਾ ਹੈ। ਜਿਸ ਪਾਸ
ਨਿਰਮਲ ਭਉ ਹੈ ਅੰਮ੍ਰਿਤ ਸ਼ਬਦ ਢਾਲ ਦਾ ਹੈ। ਪੂਰਨ ਸਮਗਰੀ ਤੇ
ਸ਼ਬਦ ਨਾਲ ਹੀ ਦ੍ਰਵਨਾ ਆ ਜਾਂਦੀ ਹੈ।

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਸੁਖਮਨੀ, ਪੰਨਾ ੨੭੮

ਸ਼ਬਦ ਦਾ ਪ੍ਰੇਮ ਅਤੁ ਅਭਿਆਸ ਕਰਨ ਨਾਲ ਹੀ ਸਭ ਕੁਛ
ਪ੍ਰਾਪਤ ਹੁੰਦਾ ਹੈ। ਸ਼ਬਦ ਰੂਪੀ ਸ੍ਵਰਨ ਜੋ ਪਿਘਲ ਚੁਕਾ ਹੈ ਫਿਰ ਸੱਚੀ
ਟਕਸਾਲ(ਸਾਧ ਸੰਗਤਿ)ਵਿਚ ਘੜੀਂਦਾ ਹੈ, ਜਿਸ ਉਪਰ ਬਖਸ਼ਿਸ਼
ਦੀ ਨਦਰ ਹੋ ਜਾਏ ਉਹਨਾਂ ਨੂੰ ਇਹ ਕਾਰ ਪ੍ਰਾਪਤ ਹੋਈ ਹੈ।

ਵਿਕਾਰਾਂ ਤੋਂ ਇੰਦਰੀਆਂ ਨੂੰ ਵਾਸ਼ਨਾਂ ਤੋਂ ਰੋਕਣਾ ਇਹ ਤਪ ਹੈ।

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥

[ਆਸਾ ਮਹਲਾ ੩, ਪੰਨਾ ੪੨੩

ਮਨ ਨੂੰ ਜੋੜਨਾ ਤਪ ਹੈ, ਜਿਨ੍ਹਾਂ ਤੋਂ ਇਹ ਕਾਰ ਬਣ ਆਈ
ਹੈ, ਓਹ ਜੁੜੇ ਹੋਏ ਹਨ, ਨਦਰ ਕੁਨਿੰਦਾ ਅਕਾਲ ਪੁਰਖ ਵਾਹਿਗੁਰੂ
ਨਾਲ; ਓਹ ਨਦਰ ਨਾਲ ਨਿਹਾਲ ਹੋ ਗਏ, ਮਾਲਕ ਦੀ ਖ਼ੁਸ਼ੀ
ਨਾਲ ਨਿਹਾਲ:—

ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥

[ਗਉੜੀ ਕੀ ਵਾਰ ਮਹਲਾ ੫, ਪੰਨਾ ੩੨੨

**ਸਲੋਕ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ**

ਦਾਇਆ ਖੇਲੈ ਸਗਲ ਜਗਤੁ ॥ ਚੰਗਿਆ-
ਈਆ ਬੁਰਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੇ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ
ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ
ਨਾਲਿ ॥੭॥

ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥
ਨਾਨਕ ਨਿਬਹੀ ਖੇਪ ਹਮਾਰੀ ॥
[ ਸੁਖਮਨੀ, ਪੰਨਾ ੨੯੫

ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ ॥
ਨੇਮ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ ।
[ਆਸਾ ਮਹਲਾ ੫, ਪੰਨਾ ੩੯੬

ਪਵਣੁ (ਹਵਾ) ਦੇ ਆਸਰੇ ਹੀ ਸਾਰੀ ਗਲ ਸੁਣੀਦੀ ਹੈ, ਸਭ ਸ਼ੈ ਦਾ ਆਰੰਭ ਵਾਯੂ ਤੋਂ ਹੈ, ਸਭ ਕਿਛ ਸਿਖਿਆ ਪਵਣੁ ਦੁਆਰੇ ਹੀ ਹੈ। ਪਵਣੁ ਸ਼ਬਦ ਹੈ, ਗੁਰੂ ਹੈ। ਪਾਣੀ ਪਿਤਾ ਹੈ ਜਗਤ ਕਾ, ਸਭ ਬੀਜ ਇਸਤੋਂ ਉਤਪੰਨ ਹੋਏ ਹਨ। ਮਾਤਾ ਧਰਤੀ ਹੈ, ਸਭ ਇਸ ਦੀ ਗੋਦ ਵਿਚ ਖੇਲ ਰਹੇ ਹਨ, ਇਸੇ ਵਿਚ ਜੰਮੇ ਇਸੇ ਵਿਚ ਖੇਲੇ, ਪਲੇ, ਫਿਰ ਇਸੇ ਵਿਚ ਲੀਨ। ਮਹਤ=ਆਸਮਾਨ ਛਾਇਆ ਦੇਣੇ ਵਾਲਾ ਹੈ। ਰਾਤ ਦਾਈ ਹੈ, ਦਿਨ ਦਾਇਆ ਹੈ, ਇਹ ਖਿਡਾਉਂਦੇ ਹਨ ਜਗਤ ਰੂਪੀ ਬੱਚੀ ਬੱਚੇ ਨੂੰ, ਸਾਰਾ ਜਗਤ ਖੇਲਦਾ ਹੈ। ਚੰਗਿਆਈਆਂ, ਨੇਕੀਆਂ, ਬੁਰਿਆਈਆਂ ਧਰਮ ਰਾਜ ਦੀ ਹਜ਼ੂਰੀ ਵਿਚ 'ਲਿਖਿ ਲਿਖਿ ਧਰਮੁ ਵੀਚਾਰੇ' ਚਿਤ੍ ਗੁਪਤ ਦੇ ਲਿਖੇ ਪਾਪੀਆਂ ਦੇ ਪਾਪ, ਪੁੰਨੀਆਂ ਦੇ ਪੁੰਨ ਸਭ ਵਾਚੇ ਜਾਣਗੇ, ਧਰਮ ਖੰਡ ਦਾ ਦੁਬਾਰਾ ਦਰਸ਼ਨ 'ਕਰਮੀ

ਕਰਮੀ ਹੋਇ ਵੀਚਾਰੁ'।'ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ'ਆਪੋ ਆਪਣੇ ਕਰਮਾਂ ਅਨੁਸਾਰ ਕੱਚਿਆਂ ਦੀ ਕਚਿਆਈ, ਪੱਕਿਆਂ ਦੀ ਪਕਿਆਈ ਸਭ ਪਰਖੀ ਜਾਂਦੀ ਹੈ। ਨਿਕੀ ਨਿਕੀ ਬਾਤ ਪਰ ਜੋ ਧਰਮ ਹਾਰ ਦਿੰਦੇ ਹਨ, ਉਹ ਕੱਚੇ ਹਨ, ਉਥੇ ਸ਼ਹਾਦਤ ਦੀ ਲੋੜ ਨਹੀਂ। ਕੋਈ ਕੋਈ ਨੇੜੇ ਕੋਈ ਦੂਰ। ਅਥਵਾ ਕੋਈ ਧਰਮ ਖੰਡ ਵਿਚ, ਕੋਈ ਸਰਮ ਖੰਡ ਵਿਚ ਤੇ ਕਈ ਕਲੇਸ਼ਾਂ ਵਿਚ ਦੂਰ ਹੈਨ।

ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥

[ਵਾਰ ਮਾਝ ਮਹਲਾ ੧, ਪੰਨਾ ੧੪੩

ਸੰਸਾਰ ਨੂੰ ਬਾਲਕ ਥਾਪ ਕੇ ਉਸ ਦਾ ਸਭ ਸਾਮਾਨ ਕ੍ਰੀੜਾ ਦਾ ਦੱਸਿਆ। ਫਿਰ ਕਰਮ, ਜਜਮੈਂਟ (Judgement) ਕਰਨ ਵਾਲਾ ਧਰਮਰਾਜ ਦੱਸੇ। ਉਹ ਮਾਣ ਪਾਏਗਾ ਜਿਨ੍ਹਾਂ ਸ਼ੁਮਣੀ ਕਰਮ 'ਨਾਮ' ਜਪਿਆ ਹੈ।

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥

[ਸਲੋਕ ਵਾਰਾਂ ਤੇ ਵਧੀਕ ਮਹਲਾ ੫, ਪੰਨਾ ੧੪੨੫

ਚਰਨਾਂਮ੍ਰਿਤ ਲਏਗਾ, ਪੂਜਨ ਕਰੇਗਾ, ਉਹ ਭੀ ਤਾਂ ਇਥੇ ਧਰਤੀ ਤੇ ਹੀ ਜੰਮੇ ਹਨ :—

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਉਹ ਸੰਸਾਰ ਵਿਚ ਆਏ, ਮੁਸ਼ੱਕਤ ਘਾਲ ਕੇ ਗਏ, ਭਾਈ! ਮਿਹਨਤ ਕਰਕੇ ਗਏ, ਫਤਹ ਪਾਕੇ ਗਏ, ਐਸੀ ਘਾਲ ਘਾਲੀ ਹੈ ਜਿਨ੍ਹਾਂ ਨਾਮ ਜਪਿਆ, ਕਰੜੀ ਮਿਹਨਤ ਕੀਤੀ, ਉਹਨਾਂ ਨਾਮ ਦੇ ਸੇਵਕਾਂ ਦੇ ਮੁਖ ਉੱਜਲੇ ਹਨ। ਉਹਨਾਂ ਦੇ ਸਾਹਮਣੇ ਤਾਂ ਚੰਦ੍ਰਮਾਂ ਮੈਲਾ ਹੈ। ਇਥੇ ਭੀ ਮੁਖ ਉੱਜਲ ਹੈ ਅਗੇ ਭੀ :—

ਜੇ ਕੋ ਜੀਉ ਕਹੈ ਓਨ੍ਹਾ ਕਉ ਜਮ ਕੀ ਤਲਬ ਨ ਹੋਈ ॥

[ਪ੍ਰਭਾਤੀ ਮਹਲਾ ੧, ਪੰਨਾ ੧੩੨੮

ਸੰਤਨ ਕੀ ਮਹਿਮਾ ਕਵਨ ਵਖਾਨਉ ॥
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥
[ਗਉੜੀ ਗੁਆਰੇਰੀ ਮਹਲਾ ੫, ਪੰਨਾ ੧੯੧

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥
[ਵਾਰ ਗਉੜੀ ਮਹਲਾ ੫, ਪੰਨਾ ੩੧੬

ਰੈਣ ਦਿਨਸੁ ਰਹੈ ਇਕ ਰੰਗਾ ॥
ਪ੍ਰਭ ਕਉ ਜਾਣੈ ਸਦ ਹੀ ਸੰਗਾ ।
ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥
ਧੂਰਿ ਸੰਤਨ ਕੀ ਨਾਨਕ ਦੀਜੈ ॥
[ਗਉੜੀ ਮਹਲਾ ੫, ਪੰਨਾ ੧੯੧

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥
ਗੁਰ ਸਿਖਾ ਕੀ ਭੁਖ ਸਭ ਗਾਈ ਤਿਨੁ ਪਿਛੈ ਹੋਰ ਖਾਇ ਘਨੇਰੀ ॥ ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥
[ਆਸਾ ਮਹਲਾ ੪, ਪੰਨਾ ੪੫੧

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥
ਜਿਨ ਦੇਖੇ ਸਭ ਉਤਰਹਿ ਕਲਮਲ ॥
[ਮਾਝ ਮਹਲਾ ੫, ਪੰਨਾ ੧੦੯

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
[ਸਲੋਕ ਮਹਲਾ ੪, ਪੰਨਾ ੧੪੨੨

ਪੀਰਾਨ ਪੀਰ ਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਇਹ ਆਪ ਜੀ ਦੀ ਭੇਂਟ ਹੈ ।

ਤੁਫੈਲ ਅਸਤ ਦੁ ਆਲਮ ਬਵੱਦ ਕਾਮਯਾਬ ॥

ਇਕ ਸੰਤ ਮਜ਼ੂਰੀ ਕਰਕੇ ਭੋਜਨ ਖਾਂਦੇ ਸਨ । ਜਿਸ ਤਰ੍ਹਾਂ ਸੂਰਜ ਦੇ ਨਾਲ ਪ੍ਰਕਾਸ਼ ਮਿਲਿਆ ਹੋਇਆ ਹੈ ਇਸੇ ਤਰ੍ਹਾਂ ਜਪੁ

ਸਾਹਿਬ ਨਾਲ ਓਹ ਸੰਤ ਮਿਲੇ ਹੋਏ ਸਨ । ਸ਼ਾਮਾਂ ਵੇਲੇ ਮੁਨਸ਼ੀ ਨ
ਜਦੋਂ ਮਜ਼ੂਰੀ ਦੇਣੀ ਤਦੋਂ ਪਰੇ ਚੁੱਪ ਕਰਕੇ ਪਾਠ ਕਰਦੇ ਰਹਿਣ
ਮੁਨਸ਼ੀ ਹੈਰਾਨ ਹੋਇਆ ਕਿ ਇਹ ਤਨਖਾਹ ਲਈ ਭੱਜਦੇ ਨਹੀ
ਪੈਸੇ ਲੈਣ ਵਲੇ ਚੁਪ ਰਹਿੰਦੇ ਹਨ, ਕੰਮ ਭੀ ਬਹੁਤ ਕਰਦੇ ਹਨ
ਇਹ ਵੇਖਕੇ ਮੁਨਸ਼ੀ ਅਤਿ ਹੀ ਸਤਿਕਾਰ ਕਰੇ ਤੇ ਜਿਸ ਵੇ
ਬੁਲਾਵੇ 'ਜੀ' ਕਰਕੇ ਬੁਲਾਵੇ। ਕੁਛ ਸਮੇਂ ਬਾਦ ਉਸ ਮੁਨਸ਼ੀ ਨ
ਅੰਤ ਹੋ ਗਿਆ । ਧਰਮ ਰਾਜ ਪਾਸ ਜਮਦੂਤ ਲੈ ਗਏ ।

ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥

[ਰਾਮਕਲੀ ਵਾਰ ਸਤਾ ਬਲਵੰਡਿ, ਪੰਨਾ ੯੬

ਜਿਸ ਵੇਲੇ ਹਿਸਾਬ ਹੋਇਆ ਤਾਂ ਇਹ ਲਿਖਿਆ ਮਿਲਿ
ਕਿ ਇਹ ਗੁਰਮੁਖ ਨੂੰ 'ਜੀ' ਕਰਕੇ ਸਦਦਾ ਸੀ, ਉਹ ਗੁਰਮੁਖ,
ਗੁਰੂ ਨਾਨਕ ਦਾ ਸਿਖ ਸੀ । ਸੋ, ਧਰਮਰਾਜ ਨੇ ਕਿਹਾ ਕਿ ਬਾ
ਕਹਿੰਦੀ ਹੈ :

ਜੇਕੋ ਜੀਉ ਕਹੈ ਓਨ੍ਹਾ ਕਉ ਜਮ ਕੀ ਤਲਬ ਨ ਹੋਈ ॥

[ਪ੍ਰਭਾਤੀ ਮਹਲਾ ੧, ਪੰਨਾ ੧੩

ਸੋ ਇਸ ਨੂੰ ਬਾਬੇ ਪਾਸ ਪਹੁੰਚਾ ਆਉ । ਇਕ ਸੰਤ ਨੂੰ ਜ
'ਜੀ' ਕਹਿਕੇ ਤਲਬ ਦੇਂਦਾ ਸੀ ਇਸ ਲਈ ਇਹ ਮੁਕਤ ਹੈ।

ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ ॥

[ਆਸਾ ਮਹਲਾ ੫, ਪੰਨਾ ੪

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥
ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ।

[ਸੋਰਠਿ ਮਹਲਾ ੫, ਪੰਨਾ ੬੦

## ਛਪ ਚੁਕੀਆਂ ਪੁਸਤਕਾਂ

1. ਸਰਲ ਅਤੇ ਅਨਭਵੀ ਅਰਥ ਸ੍ਰੀ ਜਪੁਜੀ ਸਾਹਿਬ (ਦੂਜੀ ਵਾਰ ਛਪ ਚੁਕੀ ਹੈ)
2. ਸਰਲ ਅਤੇ ਅਨਭਵੀ ਅਰਥ ਸ੍ਰੀ ਜਾਪ ਸਾਹਿਬ ਜੀ ਅਤੇ ਸੁਧਾ ਸਵਯੇ (ਦੂਜੀ ਵਾਰ ਛਪ ਚੁਕੀ ਹੈ)
3. ਸਰਲ ਅਤੇ ਅਨਭਵੀ ਅਰਥ ਸ੍ਰੀ ਸਵਯੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੰਨਾ ੧੩੯੫ ਤੋਂ ੧੪੦੯ ਤਕ) (ਛਪ ਚੁਕੀ ਹੈ)
4. ਕਥਾ ਸ੍ਰੀ ਜਪੁਜੀ ਸਾਹਿਬ (ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਆਪਣੀ ਰਸਨਾ ਤੋਂ) (ਦੂਜੀ ਵਾਰ ਛਪ ਚੁਕੀ ਹੈ)
5. ਕਥੜੀਆ-ਸੰਤਾਹ (ਜੀਵਨ-ਕਥਾ ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ) ਭਾਗ ਪਹਿਲਾ (ਛਪ ਚੁਕੀ ਹੈ)
6. ਸਰਲ ਅਰਥ ਸ੍ਰੀ ਸੁਖਮਨੀ ਸਾਹਿਬ ਜੀ (ਛਪ ਚੁਕੀ ਹੈ)

## ਛਪਣ ਵਾਲੀਆਂ ਪੁਸਤਕਾਂ

1. ਸੋਦਰ ਰਹਿਰਾਸ ਸਾਹਿਬ, ਚਉਪਈ ਸਾਹਿਬ, ਸ੍ਰੀ ਅਨੰਦ ਸਾਹਿਬ, ਸ੍ਰੀ ਆਸਾ ਦੀ ਵਾਰ, ਸਹਸਕ੍ਰਿਤੀ ਅਤੇ ਮੁਸ਼ਕਲ ਸ਼ਬਦਾਂ ਦੇ ਸੁਗਮ ਅਰਥ (ਜੋ ਸ੍ਰੀ ਮਾਨ ਸੰਤ ਜੀ ਮਹਾਰਾਜ ਕਮਾਲੀਏ ਵਾਲਿਆਂ ਨੇ ਪਟਿਆਲੇ ਸੰਗਤਾਂ ਵਿਚ ਕੀਤੇ ਸਨ)
2. ਟਕਸਾਲੀ ਸੰਪ੍ਰਦਾਇਕ ਅਰਥਾਂ ਦਾ ਸੰਚਯ (ਭਾਈ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਦੇ ਸਮੇਂ ਤਕ)
3. ਗੁਰਮਤ ਵਿਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਸਾਧਨ।
4. ਪਰਮਾਰਥਕ ਘਾਲ ਭਾਈ ਸਾਹਿਬ ਭਾਈ ਵੀਰ ਸਿੰਘ ਜੀ।
5. ਅਮੋਲਕ ਬਚਨਾਂ ਦਾ ਸੰਚਯ . (ਭਾਈ ਸਾਹਿਬ ਭਾਈ ਵੀਰ ਸਿੰਘ ਜੀ)
6. ਕਾਨਫ੍ਰੰਸਾਂ ਅਤੇ ਦੀਵਾਨਾਂ ਤੇ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਦੇ ਭਾਸ਼ਣ।

ਪੁਸਤਕਾਂ ਮਿਲਣ ਦਾ ਪਤਾ :

ਭਾਈ ਪ੍ਰਕਾਸ਼ ਸਿੰਘ
76-B, ਮਾਡਲ ਟਾਊਨ,
ਪਟਿਆਲਾ-147001